# LADOO MATRIMONIAL

ਰਿਸ਼ਤੇ ਹੀ ਰਿਸ਼ਤੇ RISTHE HI RISTHE

We Provide Worldwide Services



Jetander Sapra

212-470-7175, 516-309-0236

ladoomatrimonial@gmail.com

jetandersapra@gmail.com

217 Bethpage Rd, #20,

Hicksville, NY 11801

www.ladoomatrimonial.com





ਬੌਬੀ ਸਿੰਘ

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ

(ਸੈਲ): 718-757-7809

ਫੋਨ (ਦਫਤਰ): 718-262-9700

(ਫੈਕਸ): 516-439-5418

ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ

ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।

120-20 101 Avenue S. Richmond Hill, NY 11419



**Singh Accounting & Tax Services**

Niagara Falls Grand Island, NY

All kinds of accounting work.

*Book keeping *Payroll *Sales Tax

*New business set up *E-file tax return

Go to App store to load our free App

**Ph: 716-425-7126**

Fax: 716-284-0025

Email: singhtaxservice@yahoo.com

Website: singhtaxservice.com



Sarbjit Singh Khakh (Sabhi) *Accountant*



Twentieth Year of Publication

ਨਿਊ ਯਾਰਕ ਐਡੀਸ਼ਨ

Price 50¢

Email:punjabtimes1@gmail.com

www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 20, Issue 32, August 10, 2019 20451 N. Plum Grove Rd., Palatine, IL 60074 Ph:847-359-0746, Fax:847-705-9388


# ਆਰ. ਐਸ. ਐਸ. ਦਾ 'ਮਿਸ਼ਨ ਕਸ਼ਮੀਰ' ਫਤਿਹ

## ਕੇਂਦਰ ਦੀ ਤਾਨਾਸ਼ਾਹੀ ਖਿਲਾਫ ਰੋਹ ਭੜਕਣਾ ਸ਼ੁਰੂ

**ਨਵੀਂ ਦਿੱਲੀ:** ਨਰਿੰਦਰ ਮੋਦੀ ਸਰਕਾਰ ਨੇ ਜੰਮੂ ਕਸ਼ਮੀਰ ਨੂੰ ਵਿਸ਼ੇਸ਼ ਰਾਜ ਦਾ ਦਰਜਾ ਦੇਣ ਵਾਲੀ ਸੰਵਿਧਾਨ ਦੀ ਧਾਰਾ 370 ਨੂੰ ਖਤਮ ਕਰ ਦਿੱਤਾ ਹੈ ਅਤੇ ਸੰਸਦ ਵਿਚ ਜੰਮੂ ਕਸ਼ਮੀਰ ਪੁਨਰਗਠਨ ਬਿੱਲ ਵੀ ਪਾਸ ਕਰਵਾ ਲਿਆ ਹੈ। ਇਸ ਮੁਤਾਬਕ ਜੰਮੂ ਤੇ ਕਸ਼ਮੀਰ ਅਤੇ ਲੱਦਾਖ ਨੂੰ ਦੋ ਕੇਂਦਰ ਸ਼ਾਸਤ ਰਾਜ ਬਣਾ ਦਿੱਤਾ ਗਿਆ ਹੈ। ਕੇਂਦਰ ਸਰਕਾਰ ਦੇ ਇਸ ਇਕਪਾਸੜ ਅਤੇ ਤਾਨਾਸ਼ਾਹ ਫੈਸਲੇ ਖਿਲਾਫ ਵੱਖ-ਵੱਖ ਧਿਰਾਂ ਵਲੋਂ ਰੋਹ ਅਤੇ ਰੋਸ ਦਾ ਪ੍ਰਗਟਾਵਾ ਕੀਤਾ ਗਿਆ ਹੈ। ਸਭ ਤੋਂ ਵਧੇਰੇ ਰੋਸ ਵਿਖਾਵੇ ਪੰਜਾਬ ਵਿਚ ਦੇਖਣ ਨੂੰ ਮਿਲੇ ਹਨ ਜੋ ਰਾਜਾਂ ਲਈ ਵੱਧ ਹੱਕਾਂ ਦਾ ਸਦਾ ਹਮਾਇਤੀ ਰਿਹਾ ਹੈ।




ਬਿੱਲ ਮੁਤਾਬਕ ਜੰਮੂ ਕਸ਼ਮੀਰ ਹੁਣ ਵਿਧਾਨ ਸਭਾ ਵਾਲਾ ਕੇਂਦਰ ਸ਼ਾਸਤ ਪ੍ਰਦੇਸ਼ ਹੋਵੇਗਾ, ਭਾਵ ਜੰਮੂ ਕਸ਼ਮੀਰ ਦਾ ਵਿਧਾਨਿਕ ਦਰਜਾ ਦਿੱਲੀ ਤੇ ਪੁੱਡੂਚੇਰੀ ਵਾਂਗ ਹੋਵੇਗਾ ਜਿਥੇ ਸੀਮਤ ਅਧਿਕਾਰਾਂ ਨਾਲ ਚੁਣੀ ਹੋਈ ਸਰਕਾਰ ਹੋਵੇਗੀ ਪਰ ਸਰਕਾਰ ਤੋਂ ਵੱਧ ਅਧਿਕਾਰ ਉਪ ਰਾਜਪਾਲ ਕੋਲ ਹੋਣਗੇ। ਦੂਜੇ ਕੇਂਦਰ ਸ਼ਾਸਤ ਪ੍ਰਦੇਸ਼ ਲੱਦਾਖ ਦੀ ਸਥਿਤੀ ਚੰਡੀਗੜ੍ਹ ਵਰਗੀ ਹੋਵੇਗੀ ਜਿਥੇ ਵਿਧਾਨ ਸਭਾ ਨਹੀਂ ਹੋਵੇਗੀ। ਸਰਕਾਰ ਦੇ ਇਸ ਫੈਸਲੇ ਤੋਂ ਬਾਅਦ ਜਿਥੇ ਵਾਦੀ ਵਿਚ ਹਾਲਾਤ ਹੋਰ ਵਿਗੜਨ ਦਾ ਖਦਸ਼ਾ ਪੈਦਾ ਹੋ ਗਿਆ ਹੈ, ਉਸੇ ਸਥਾਨਕ ਸਿਆਸੀ ਧਿਰਾਂ ਨੂੰ ਭਰੋਸੇ ਵਿਚ ਨਾ ਲੈਣ ਕਾਰਨ ਸਿਆਸੀ ਸੰਕਟ ਵੀ ਖੜ੍ਹਾ ਹੋ ਗਿਆ ਹੈ। ਹੁਣ ਸਵਾਲ ਉਠ ਰਹੇ ਹਨ ਕਿ ਅੰਦਰੂਨੀ ਅਤੇ ਬਾਹਰੀ ਚੁਣੌਤੀ ਦਾ ਸਾਹਮਣਾ ਕਰ ਰਹੇ ਇਸ ਸੂਬੇ ਨਾਲ ਇੰਨਾ ਵੱਡਾ ਧੱਕਾ ਕਿਉਂ ਕੀਤਾ ਗਿਆ? ਇਸ ਬਾਰੇ ਭਾਜਪਾ ਕੋਲ ਕੋਈ ਢੁਕਵਾਂ ਜਵਾਬ ਤਾਂ ਨਹੀਂ ਪਰ ਸਰਕਾਰ ਇਹੀ ਦਾਅਵਾ ਕਰ ਰਹੀ ਹੈ ਕਿ ਸੂਬੇ ਨੂੰ ਵਿਕਾਸ ਦੀਆਂ ਲੀਹਾਂ 'ਤੇ ਪਾਉਣ ਲਈ ਇਹ ਜ਼ਰੂਰੀ ਸੀ।

ਭਾਜਪਾ ਦੇ ਇਸ ਜਵਾਬ ਉਤੇ ਸਵਾਲ ਉਠ ਰਹੇ ਹਨ ਕਿ ਦੇਸ਼ ਵਿਚ ਇਕੱਲਾ ਜੰਮੂ ਕਸ਼ਮੀਰ ਹੀ ਨਹੀਂ ਜਿਸ ਨੂੰ ਵੱਧ ਅਧਿਕਾਰ ਦਿੱਤੇ ਗਏ ਸਨ। ਆਰਟੀਕਲ 371-1 ਮੁਤਾਬਕ ਨਾਗਾਲੈਂਡ, 371-6 ਤਹਿਤ ਸਿੱਕਮ, 371-7 ਤਹਿਤ ਮਿਜ਼ੋਰਮ ਅਤੇ 371 ਤਹਿਤ ਹਿਮਾਚਲ ਪ੍ਰਦੇਸ਼ ਨੂੰ ਅਜਿਹੇ ਹੀ ਕੁਝ ਅਧਿਕਾਰ ਮਿਲੇ ਹੋਏ ਹਨ। ਮੋਦੀ ਸਰਕਾਰ ਨੇ ਕਦੇ ਇਨ੍ਹਾਂ ਦੇ 'ਵਿਕਾਸ' ਬਾਰੇ ਕਿਉਂ ਨਹੀਂ ਸੋਚਿਆ? ਦਰਅਸਲ, ਸੰਵਿਧਾਨ ਦੀ ਧਾਰਾ 370 ਦਾ ਖਾਤਮਾ, ਰਾਮ ਮੰਦਰ ਦਾ ਨਿਰਮਾਣ ਅਤੇ ਇਕਸਾਰ ਸਿਵਲ ਕੋਡ ਨੂੰ ਲਾਗੂ ਕਰਨਾ ਕਈ ਦਹਾਕਿਆਂ ਤੋਂ ਭਾਰਤੀ ਜਨਤਾ ਪਾਰਟੀ ਦੇ ਸਿਆਸੀ ਏਜੰਡੇ ਅਤੇ ਚੋਣ ਮਨੋਰਥ ਪੱਤਰਾਂ ਦੇ ਬੁਨਿਆਦੀ ਨੁਕਤੇ ਰਹੇ ਹਨ। ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐਸ.ਐਸ.), ਇਸ ਦੇ ਸਹਿਯੋਗੀ ਸੰਗਠਨਾਂ ਤੇ ਭਾਰਤੀ ਜਨਤਾ ਪਾਰਟੀ ਦੀ ਸਭ ਤੋਂ ਪੁਰਾਣੀ ਵਿਚਾਰਧਾਰਕ ਦਲੀਲ ਸੰਵਿਧਾਨ ਦੀ ਧਾਰਾ 370 ਨੂੰ ਖਤਮ ਕਰਨ ਬਾਰੇ ਰਹੀ ਹੈ ਜਿਸ ਨਾਲ ਜੰਮੂ ਕਸ਼ਮੀਰ ਨੂੰ ਖਾਸ ਦਰਜਾ ਮਿਲਿਆ ਹੋਇਆ ਸੀ। ਜਨਸੰਘ ਦੇ ਬਾਨੀ ਸ਼ਿਆਮਾ ਪ੍ਰਸਾਦ ਮੁਖਰਜੀ ਨੇ 1950 ਵਿਚ ਜਵਾਹਰ ਲਾਲ ਨਹਿਰੂ ਦੀ ਵਜ਼ਾਰਤ ਇਸੇ ਮੁੱਦੇ ਉਤੇ ਛੱਡੀ ਸੀ।

ਪਿਛਲੀ ਵਾਰ ਕੇਂਦਰ ਵਿਚ ਭਾਜਪਾ ਦੀ ਸਰਕਾਰ ਬਣਨ ਨਾਲ ਇਸ ਗੱਲ ਦੀ ਕਾਫੀ ਸੰਭਾਵਨਾ ਬਣ ਗਈ ਸੀ ਪਰ ਮੋਦੀ ਸਰਕਾਰ ਨੇ ਆਪਣੇ ਪਹਿਲੇ ਪੰਜ ਸਾਲਾਂ ਦੇ ਕਾਰਜਕਾਲ ਵਿਚ ਅਜਿਹਾ ਕੋਈ ਕਦਮ ਉਠਾਉਣ ਦੀ ਜੁਰਅਤ ਨਹੀਂ ਕੀਤੀ, ਇਸ ਦੀ ਬਜਾਏ ਭਾਜਪਾ ਨੇ ਜੰਮੂ ਕਸ਼ਮੀਰ ਵਿਚ ਮਹਿਬੂਬਾ ਮੁਫਤੀ ਦੀ ਪੀਪਲਜ਼ ਡੈਮੋਕ੍ਰੇਟਿਕ ਪਾਰਟੀ ਨਾਲ ਰਲ ਕੇ ਸਰਕਾਰ ਬਣਾਈ ਜੋ ਅਤਿਵਾਦੀ ਕਾਰਵਾਈਆਂ ਜਾਰੀ ਰਹਿਣ ਅਤੇ ਇਸ


*(ਸਫਾ ਇਕ ਦੀ ਬਾਕੀ)*


## ਪੁਨਰਗਠਨ ਨਾਲ ਬਦਲ ਜਾਵੇਗਾ ਕਸ਼ਮੀਰ ਦਾ ਨਕਸ਼ਾ

ਜੰਮੂ ਕਸ਼ਮੀਰ ਦੇ ਪੁਨਰਗਠਨ ਤੋਂ ਬਾਅਦ ਇਸ ਸਰਹੱਦੀ ਸੂਬੇ ਦਾ ਨਕਸ਼ਾ ਵੀ ਬਦਲ ਜਾਵੇਗਾ। ਦੋ ਕੇਂਦਰ ਸ਼ਾਸਤ ਰਾਜਾਂ ਵਿਚ ਵੰਡੇ ਜਾਣ ਤੋਂ ਬਾਅਦ ਜੰਮੂ ਵਿਚ 20 ਅਤੇ ਲੱਦਾਖ ਵਿਚ 2 ਜ਼ਿਲ੍ਹੇ ਹੋਣਗੇ। ਲੇਹ ਅਤੇ ਕਾਰਗਿਲ ਲੱਦਾਖ ਦਾ ਹਿੱਸਾ ਹੋਣਗੇ ਜਦਕਿ ਅਨੰਤਨਾਗ, ਬਾਂਦੀਪੋਰਾ, ਬਾਰਾਮੂਲਾ, ਬਡਗਾਮ, ਡੋਡਾ, ਗਾਂਦਰਬਲ, ਜੰਮੂ, ਕਠੂਆ, ਕਿਸ਼ਤਵਾੜ, ਕੁਲਗਾਮ, ਪੁਣਛ, ਕੁਪਵਾੜਾ, ਪੁਲਵਾਮਾ, ਰਾਮਬਨ, ਰਸਾਈ, ਰਾਜੌਰੀ, ਸਾਂਬਾ, ਸ਼ੋਪੀਆਂ, ਸ੍ਰੀਨਗਰ ਅਤੇ ਊਧਮਪੁਰ ਸਮੇਤ 20 ਜ਼ਿਲ੍ਹੇ ਜੰਮੂ ਕਸ਼ਮੀਰ 'ਚ ਰਹਿਣਗੇ।

## ਕਸ਼ਮੀਰੀਆਂ ਦੀ ਸੁਤੰਤਰਤਾ 'ਤੇ ਡਾਕਾ


**ਸ੍ਰੀਨਗਰ:** ਧਾਰਾ 370 ਤਹਿਤ ਜੰਮੂ ਕਸ਼ਮੀਰ ਨੂੰ ਵੱਖਰਾ ਸੰਵਿਧਾਨ, ਵੱਖਰੇ ਝੰਡੇ ਤੇ ਵਿਦੇਸ਼, ਰੱਖਿਆ ਤੇ ਸੰਚਾਰ ਆਦਿ ਵਿਸ਼ਿਆਂ ਤੋਂ ਇਲਾਵਾ ਹੋਰ ਬਹੁਤੇ ਮਸਲਿਆਂ ਵਿਚ ਸੁਤੰਤਰਤਾ ਦਿੱਤੀ ਗਈ ਸੀ। 26 ਅਕਤੂਬਰ 1947 ਨੂੰ ਜੰਮੂ ਕਸ਼ਮੀਰ ਦੇ ਰਾਜਾ ਹਰੀ ਸਿੰਘ ਵਲੋਂ ਭਾਰਤ ਨਾਲ ਕੀਤੇ ਸਮਝੌਤੇ ਦੇ ਸਮੇਂ ਤੋਂ ਹੀ ਧਾਰਾ 370 ਵੀ ਹੋਂਦ ਵਿਚ ਆਈ ਸੀ। ਸਮਝੌਤੇ ਤਹਿਤ ਕੇਂਦਰ ਨੂੰ ਸਿਰਫ ਵਿਦੇਸ਼ ਰੱਖਿਆ ਤੇ ਸੰਚਾਰ ਮਾਮਲਿਆਂ ਵਿਚ ਦਖਲ ਦਾ ਅਧਿਕਾਰ ਮਿਲਿਆ ਸੀ। 17 ਅਕਤੂਬਰ, 1949 ਨੂੰ ਧਾਰਾ 370 ਨੂੰ ਸੰਵਿਧਾਨ ਵਿਚ ਸ਼ਾਮਲ ਕੀਤਾ ਗਿਆ ਸੀ।

ਧਾਰਾ 35ਏ ਤਹਿਤ ਰਾਜ ਸਰਕਾਰ ਨੂੰ ਸਥਾਨਕ ਨਾਗਰਿਕਾਂ ਦੀ ਪਰਿਭਾਸ਼ਾ ਤੈਅ ਕਰਨ ਦਾ ਅਧਿਕਾਰ ਹੈ, ਜਿਸ ਮੁਤਾਬਕ ਰਾਜ ਦੇ ਸਥਾਈ ਨਾਗਰਿਕ ਹੀ ਸੂਬਾਈ ਨੌਕਰੀਆਂ, ਵਜ਼ੀਫੇ ਅਤੇ ਉਥੇ ਜਾਇਦਾਦ ਖਰੀਦਣ ਦੇ ਹੱਕਦਾਰ ਹਨ ਪਰ ਧਾਰਾ 370 ਤਹਿਤ ਸੂਬੇ ਨੂੰ ਦਿੱਤੇ ਵਿਸ਼ੇਸ਼ ਅਧਿਕਾਰਾਂ 'ਚ ਹੀ ਧਾਰਾ 35ਏ ਵੀ ਸ਼ਾਮਲ ਹੈ ਜਿਸ ਮੁਤਾਬਕ ਧਾਰਾ 370 ਦੇ ਰੱਦ ਹੋਣ 'ਤੇ ਧਾਰਾ 35ਏ ਵੀ ਰੱਦ ਮੰਨੀ ਜਾਵੇਗੀ।

1956 ਵਿਚ ਜੰਮੂ ਕਸ਼ਮੀਰ ਸੰਵਿਧਾਨ ਸਵੀਕਾਰ ਕਰ ਲਿਆ ਗਿਆ। ਇਸ ਅਨੁਸਾਰ ਇਥੇ ਰਾਜ ਤੋਂ ਬਾਹਰਲੇ ਵਿਅਕਤੀ ਲਈ ਜਾਇਦਾਦ ਖਰੀਦਣ ਤੇ ਸਰਕਾਰੀ ਨੌਕਰੀ ਪ੍ਰਾਪਤ ਕਰਨ 'ਤੇ ਪਾਬੰਦੀ ਲੱਗ ਗਈ ਅਤੇ ਵਿਧਾਨ ਸਭਾ ਦੀਆਂ ਚੋਣਾਂ ਵਿਚ ਵੋਟ ਦਾ ਅਧਿਕਾਰ ਸਿਰਫ ਰਾਜ ਦੇ ਨਾਗਰਿਕਾਂ ਲਈ ਹੀ ਰਾਖਵਾਂ ਰੱਖਿਆ ਗਿਆ। ਉਸ ਸਮੇਂ ਰਾਜ ਵਿਚ ਰਹਿ ਰਹੇ ਲੋਕਾਂ ਨੂੰ ਜਾਂ 10 ਸਾਲ ਪਹਿਲਾਂ ਜਿਨ੍ਹਾਂ ਨੇ ਉਥੇ ਜਾਇਦਾਦ ਖਰੀਦੀ ਸੀ, ਨੂੰ ਨਾਗਰਿਕ ਬਣਨ ਦਾ ਅਧਿਕਾਰ ਮਿਲਿਆ ਸੀ। ਇਥੋਂ ਤੱਕ ਕਿ ਜੇ ਇਸ ਰਾਜ ਦੀ ਕੋਈ ਲੜਕੀ ਬਾਹਰਲੇ ਕਿਸੇ ਰਾਜ ਦੇ ਵਿਅਕਤੀ ਨਾਲ ਵਿਆਹ ਕਰਵਾ ਲੈਂਦੀ ਹੈ ਤਾਂ ਉਸ ਨੂੰ ਵੀ ਰਾਜ ਦੇ ਨਾਗਰਿਕਾਂ ਨੂੰ ਪ੍ਰਾਪਤ ਵਿਸ਼ੇਸ਼ ਅਧਿਕਾਰਾਂ ਤੋਂ ਅਲੱਗ ਕਰ ਦਿੱਤਾ ਜਾਂਦਾ ਹੈ।

ਇਸ ਰਾਜ ਤੋਂ ਕੋਈ ਬਾਹਰਲਾ ਵਿਅਕਤੀ ਪੱਕੇ ਤੌਰ 'ਤੇ ਇਥੇ ਦਾ ਸਥਾਈ ਨਾਗਰਿਕ ਨਹੀਂ ਬਣ ਸਕਦਾ। 1956 ਵਿਚ ਬਣਾਏ ਗਏ ਇਸ ਰਾਜ ਲਈ ਵਿਸ਼ੇਸ਼ ਸੰਵਿਧਾਨ ਅਨੁਸਾਰ ਸਥਾਈ ਨਾਗਰਿਕ ਉਹੀ ਹੈ ਜੋ 14 ਨਵੰਬਰ, 1954 ਨੂੰ ਇਥੇ ਦਾ ਨਾਗਰਿਕ ਰਿਹਾ ਹੋਵੇ ਜਾਂ ਉਸ ਤੋਂ 10 ਪਹਿਲਾਂ ਤੋਂ ਇਥੇ ਰਹਿ ਰਿਹਾ ਹੋਵੇ ਅਤੇ ਉਸ ਨੇ ਇਥੇ ਆਪਣੀ ਜਾਇਦਾਦ ਬਣਾਈ ਹੋਵੇ ਪਰ ਹੁਣ ਇਸ ਧਾਰਾ ਦੇ ਰੱਦ ਹੋਣ ਤੋਂ ਬਾਅਦ ਇਥੇ ਕੋਈ ਵੀ ਜ਼ਮੀਨ ਖਰੀਦ ਸਕੇਗਾ।


**Tanya`s Beauty Salon**



*Threading/Waxing

*Facial (Men & Women)

*Anti-Aging Facial-Bleach

*Hair Cut-Color and Style

We Specialize in Bridal & Henna

85-03 Roosevelt Ave., Jackson Heights, NY 11373

Ph: 718-205-7832






AVAILABLE AT SELECT INDIAN STORES NEAR YOU

CONTACT: SINGH & SINGH DISTRIBUTORS @ +1 (908) 279-6056



**Nankana Sahib YATRA 2019**

Nov 7 - 16, 2019

To Join, Please Contact us

518-631-2467

NankanaSahibYatra.Com

Limited Seats

# ਸਿਮਰਨਜੀਤ ਤੇ ਸਪੋਰਟਸ ਅਕੈਡਮੀ ਚਕਰ ਦੀਆਂ ਜਿੱਤਾਂ

## ਖੇਡ ਸੰਸਾਰ

**ਪ੍ਰਿੰ. ਸਰਵਣ ਸਿੰਘ ਚਕਰ**

ਕੌਣ ਕਹਿੰਦਾ ਹੈ, ਕੁੜੀਆਂ ਕਮਜ਼ੋਰ ਹਨ? ਉਨ੍ਹਾਂ ਨੂੰ ਸਹੀ ਸੇਧ ਮਿਲੇ ਤਾਂ ਉਹ ਕੁਝ ਦਾ ਕੁਝ ਕਰ ਕੇ ਵਿਖਾ ਸਕਦੀਆਂ ਹਨ। ਚਕਰ ਦੀਆਂ ਧੀਆਂ ਦੀ ਮਿਸਾਲ ਸਭ ਦੇ ਸਾਹਮਣੇ ਹੈ। ਮੁੱਕੇਬਾਜ਼ੀ ਵਰਗੀ ਜੁਝਾਰੂ ਖੇਡ ਵਿਚ ਚਕਰ ਦੀਆਂ ਕੁੜੀਆਂ ਨੇ ਪੰਜਾਬ, ਭਾਰਤ ਤੇ ਕੌਮਾਂਤਰੀ ਪੱਧਰ 'ਤੇ ਦਰਜਨਾਂ ਮੈਡਲ ਜਿੱਤੇ ਹਨ। ਚਕਰ ਅਕੈਡਮੀ ਦੀ ਪਹਿਲੀ ਮੁੱਕੇਬਾਜ਼ ਸ਼ਵਿੰਦਰ ਕੌਰ 2012 ਦੀ ਜੂਨੀਅਰ ਨੈਸ਼ਨਲ ਬੌਕਸਿੰਗ ਚੈਂਪੀਅਨ ਬਣੀ, ਜੋ ਭਾਰਤ ਦੀ ਸਰਵੋਤਮ ਮੁੱਕੇਬਾਜ਼ ਐਲਾਨੀ ਗਈ। ਉਹ ਭਾਰਤੀ ਟੀਮ ਦੀ ਮੈਂਬਰ ਬਣ ਕੇ ਸ੍ਰੀਲੰਕਾ ਦਾ ਬੌਕਸਿੰਗ ਕੱਪ ਖੇਡੀ।

ਮਨਦੀਪ ਸੰਧੂ ਏਸ਼ੀਆ ਦੀ ਬੈਸਟ ਜੂਨੀਅਰ ਬੌਕਸਰ ਐਲਾਨੀ ਗਈ। ਚਕਰ ਅਕੈਡਮੀ ਦੀ ਇਹ ਲੜਕੀ 24 ਮਈ 2015 ਨੂੰ ਤੈਪਈ (ਚੀਨ) ਵਿਚ ਮੁੱਕੇਬਾਜ਼ੀ ਦੀ ਜੂਨੀਅਰ ਵਿਸ਼ਵ ਚੈਂਪੀਅਨ ਬਣੀ। ਉਥੇ 46 ਮੁਲਕਾਂ ਦੀਆਂ 441 ਮੁੱਕੇਬਾਜ਼ਾਂ ਨੇ ਹਿੱਸਾ ਲਿਆ ਸੀ। ਸੱਤ ਅਰਬ ਤੋਂ ਵੱਧ ਦੀ ਆਬਾਦੀ ਵਾਲੀ ਦੁਨੀਆਂ 'ਚੋਂ ਕਿਸੇ ਜੁਝਾਰੂ ਖੇਡ ਦੀ ਵਰਲਡ ਚੈਂਪੀਅਨ ਬਣਨਾ ਪੰਜਾਬ ਦੀ ਪੇਂਡੂ ਕੁੜੀ ਦੀ ਵੱਡੀ ਪ੍ਰਾਪਤੀ ਸੀ। ਉਸ ਨੇ ਇੰਗਲੈਂਡ, ਹੰਗਰੀ, ਫਰਾਂਸ ਤੇ ਆਇਰਲੈਂਡ ਦੀਆਂ ਚੈਂਪੀਅਨ ਮੁੱਕੇਬਾਜ਼ਾਂ ਨੂੰ ਹਰਾ ਕੇ ਗੁਰਜ ਜਿੱਤੀ ਸੀ।

ਸੁਖਦੀਪ ਚਕਰੀਆ ਭਾਰਤ ਦਾ ਨੈਸ਼ਨਲ ਬੌਕਸਿੰਗ ਚੈਂਪੀਅਨ ਬਣਿਆ, ਜੋ ਦੇਸ਼ ਦਾ ਸਰਬੋਤਮ ਮੁੱਕੇਬਾਜ਼ ਐਲਾਨਿਆ ਗਿਆ। ਉਹ ਭਾਰਤ ਵੱਲੋਂ ਕੌਮਾਂਤਰੀ ਮੁਕਾਬਲੇ ਲੜਦਾ ਰਿਹਾ ਅਤੇ ਹੁਣ ਕੈਨੇਡਾ ਵਿਚ ਪ੍ਰੋਫੈਸ਼ਨਲ ਮੁੱਕੇਬਾਜ਼ੀ ਕਰ ਰਿਹੈ। ਉਸ ਦੀ ਭੈਣ ਪਰਮਿੰਦਰ ਕੌਰ ਇੰਟਰਵਰਸਿਟੀ ਚੈਂਪੀਅਨ ਬਣੀ, ਜੋ ਕੌਮੀ ਪੱਧਰ 'ਤੇ ਮੈਡਲ ਜਿੱਤ ਰਹੀ ਹੈ। ਅਮਨਦੀਪ ਕੌਰ ਪੰਜਾਬ ਦੀ ਚੈਂਪੀਅਨ ਬਣੀ ਤੇ ਸੀਨੀਅਰ ਨੈਸ਼ਨਲ ਵਿਚ ਜਿੱਤ ਮੰਚ 'ਤੇ ਚੜ੍ਹੀ। ਅਮਨਦੀਪ ਦੀ ਛੋਟੀ ਭੈਣ ਸਿਮਰਨਜੀਤ ਕੌਰ ਨੈਸ਼ਨਲ ਚੈਂਪੀਅਨ ਬਣਨ ਪਿਛੋਂ ਸਾਲ 2013 ਵਿਚ 'ਦੂਜੀ ਗੋਲਡਨ ਗਲਵ ਇੰਟਰਨੈਸ਼ਨਲ ਯੂਥ ਬੌਕਸਿੰਗ ਚੈਂਪੀਅਨਸ਼ਿਪ' ਖੇਡਣ ਸਰਬੀਆ ਗਈ। ਫਿਰ ਸਤੰਬਰ 2013 ਵਿਚ ਉਸ ਨੇ ਬੁਲਗਾਰੀਆ ਵਿਚ ਹੋਈ 'ਯੂਥ ਵਿਸ਼ਵ ਬੌਕਸਿੰਗ ਚੈਂਪੀਅਨਸ਼ਿਪ' ਵਿਚੋਂ ਬਰਾਂਜ ਮੈਡਲ ਜਿੱਤਿਆ। ਉਥੇ 33 ਦੇਸ਼ਾਂ ਦੀਆਂ



ਸਿਮਰਨਜੀਤ

ਮੁੱਕੇਬਾਜ਼ ਪਹੁੰਚੀਆਂ ਸਨ। ਭਾਰਤ ਦੇ ਦੋ ਮੈਡਲਾਂ ਵਿਚੋਂ ਇਕ ਮੈਡਲ ਚਕਰ ਅਕੈਡਮੀ ਯਾਨਿ ਪੰਜਾਬ ਦਾ ਸੀ। 2016 ਵਿਚ ਹਰਦੁਆਰ ਦੀ ਸੀਨੀਅਰ ਨੈਸ਼ਨਲ ਚੈਂਪੀਅਨਸ਼ਿਪ ਵਿਚੋਂ ਉਸ ਨੇ ਕਾਂਸੀ ਦਾ ਤਮਗਾ ਜਿੱਤਿਆ। 2017 ਵਿਚ ਆਇਰਲੈਂਡ ਤੋਂ ਚਾਂਦੀ ਦਾ ਤਮਗਾ, ਕਜ਼ਾਖਿਸਤਾਨ ਤੋਂ ਬਰਾਂਜ਼ ਮੈਡਲ, ਜੂਨ 17 ਵਿਚ ਓਪਨ ਨੈਸ਼ਨਲ ਨਵੀਂ ਦਿੱਲੀ ਵਿਚੋਂ ਤਾਂਬੇ ਦਾ ਤਮਗਾ, ਸਤੰਬਰ ਨੈਸ਼ਨਲ ਰੋਹਤਕ ਤੋਂ ਚਾਂਦੀ ਦਾ ਅਤੇ ਸਤੰਬਰ 2018 ਵਿਚ ਤੁਰਕੀ ਤੋਂ ਗੋਲਡ ਮੈਡਲ ਜਿੱਤਿਆ। ਨਵੰਬਰ 2018 ਵਿਚ ਹੋਈ ਦਿੱਲੀ ਦੀ ਵਿਸ਼ਵ ਬੌਕਸਿੰਗ ਚੈਂਪੀਅਨਸ਼ਿਪ ਵਿਚੋਂ ਉਸ ਨੇ ਬਰਾਂਜ਼ ਮੈਡਲ ਜਿੱਤਿਆ।

ਸਿਮਰਨਜੀਤ ਦਾ ਪਿਤਾ ਕਮਲਜੀਤ ਸਿੰਘ ਕਿਰਸਾਣੀ ਤੇ ਹੋਰ ਕਈ ਕੰਮਾਂ 'ਚ ਘਾਟਾ ਖਾ ਕੇ ਠੇਕੇ ਦਾ ਕਾਰਿੰਦਾ ਰਿਹਾ, ਜੋ ਅਧਖੜ ਉਮਰੇ ਜੁਲਾਈ 2018 ਵਿਚ ਚਲਾਣਾ ਕਰ ਗਿਆ। ਵਿਧਵਾ ਰਾਜਪਾਲ ਕੌਰ ਦੋ ਕਮਰਿਆਂ ਦੇ ਨਿੱਕੇ ਘਰ ਵਿਚ, ਘਰ ਦੇ ਤੇ ਬਾਹਰ ਦੇ ਨਿੱਕੇ ਮੋਟੇ ਕੰਮ ਕਰਦੀ, ਆਪਣੇ ਚਾਰਾਂ ਬੱਚਿਆਂ ਨੂੰ ਪਾਲ ਰਹੀ ਤੇ ਪਿੰਡ ਦੀ ਅਕੈਡਮੀ ਵਿਚ ਮੁੱਕੇਬਾਜ਼ੀ ਕਰਵਾਉਂਦੀ ਰਹੀ। ਉਸ ਦੀਆਂ ਦੋਵੇਂ ਲੜਕੀਆਂ-ਅਮਨਦੀਪ ਤੇ ਸਿਮਰਨਜੀਤ ਅਤੇ ਦੋਵੇਂ ਲੜਕੇ-ਅਰਸ਼ਦੀਪ ਤੇ ਕੰਵਲਪ੍ਰੀਤ ਬੌਕਸਰ ਹਨ।

ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਵਿਸ਼ਵ ਚੈਂਪੀਅਨਸ਼ਿਪ 'ਚੋਂ ਮੈਡਲ ਜਿੱਤਣ ਅਤੇ ਓਲੰਪਿਕ ਖੇਡਾਂ 'ਚੋਂ ਮੈਡਲ ਜਿੱਤਣ ਦੀ ਸੰਭਾਵਨਾ ਰੱਖਣ ਵਾਲੀ ਗਰੀਬ ਘਰ ਦੀ ਲੜਕੀ ਨੂੰ ਚੱਜ ਦੀ ਨੌਕਰੀ ਦੇ ਕੇ ਪੰਜਾਬ ਵਿਚ ਰੱਖ ਲੈਣ, ਨਹੀਂ ਤਾਂ ਹਰਿਆਣੇ ਵਾਲੇ ਜਾਂ ਕਿਸੇ ਹੋਰ ਸੂਬੇ ਵਾਲੇ ਲੈ ਜਾਣਗੇ। ਪੰਜਾਬ ਸਰਕਾਰ ਨੂੰ ਸਿਮਰਨਜੀਤ ਕੌਰ ਦਾ ਉਚੇਚਾ ਸਨਮਾਨ ਵੀ ਕਰਨਾ ਚਾਹੀਦੈ ਅਤੇ ਸ਼ੇਰੇ ਪੰਜਾਬ ਅਕੈਡਮੀ ਚਕਰ ਵੀ ਮਾਣ ਸਨਮਾਨ ਦੀ ਹੱਕਦਾਰ ਹੈ।

ਚਕਰ ਅਕੈਡਮੀ ਦਾ ਪ੍ਰੋਗਰਾਮ ਰੋਜ਼ਾਨਾ ਦੋ ਸੌ ਤੋਂ ਵੱਧ ਬੱਚਿਆਂ ਨੂੰ ਕਸਰਤਾਂ ਕਰਾਉਣਾ ਤੇ ਤਿੰਨ ਖੇਡਾਂ-ਮੁੱਕੇਬਾਜ਼ੀ, ਫੁੱਟਬਾਲ ਤੇ ਕਬੱਡੀ ਦੀ ਟ੍ਰੇਨਿੰਗ ਦੇਣਾ ਹੈ। ਖੇਡਾਂ ਦਾ ਸਮਾਨ, ਟ੍ਰੈਕ ਸੂਟ, ਰਨਿੰਗ ਸ਼ੂਅ, ਲੋੜੀਂਦੀ ਰਿਫਰੈਸ਼ਮੈਂਟ, ਕੋਚਿੰਗ ਤੇ ਖੇਡ ਮੁਕਾਬਲਿਆਂ ਲਈ ਲਿਜਾਣ-ਲਿਆਉਣ ਦੇ ਪ੍ਰਬੰਧ ਅਕੈਡਮੀ ਵੱਲੋਂ ਕੀਤੇ ਜਾਂਦੇ ਹਨ। ਵਿਸ਼ੇਸ਼ ਗੱਲ ਇਹ ਕਿ ਕੁੜੀਆਂ ਵੀ ਮੁੰਡਿਆਂ ਵਾਂਗ ਹੀ ਖੇਡਾਂ ਵਿਚ ਹਿੱਸਾ ਲੈਂਦੀਆਂ ਹਨ।

ਨੈਸ਼ਨਲ ਤੇ ਇੰਟਰਨੈਸ਼ਨਲ ਪੱਧਰ 'ਤੇ ਮੈਡਲ ਜਿੱਤਣ ਵਾਲੀਆਂ ਚਕਰ ਦੀਆਂ ਧੀਆਂ-ਸਿਮਰਨਜੀਤ, ਮਨਦੀਪ, ਸ਼ਵਿੰਦਰ, ਪ੍ਰਮਿੰਦਰ, ਅਮਨਦੀਪ, ਮਨਪ੍ਰੀਤ, ਮੁਸਕਾਨ ਤੇ ਹਰਪ੍ਰੀਤ ਬੜੀਆਂ ਹੋਣਹਾਰ ਮੁੱਕੇਬਾਜ਼ ਹਨ, ਜਿਨ੍ਹਾਂ ਤੋਂ ਵੱਡੀਆਂ ਆਸਾਂ ਹਨ। ਉਹ ਤੀਜੀ ਚੌਥੀ ਜਮਾਤ 'ਚ ਪੜ੍ਹਦਿਆਂ ਹੀ ਸ਼ੇਰੇ ਪੰਜਾਬ ਅਕੈਡਮੀ ਵਿਚ ਟ੍ਰੇਨਿੰਗ ਲੈਣ ਲੱਗ ਪਈਆਂ ਸਨ।

ਚਕਰ ਦੀ ਸ਼ੇਰੇ ਪੰਜਾਬ ਅਕੈਡਮੀ ਹੋਰਨਾਂ ਖੇਡ ਅਕੈਡਮੀਆਂ ਲਈ ਮਾਡਲ ਕਹੀ ਜਾ ਸਕਦੀ ਹੈ। ਐਨ. ਆਰ. ਆਈ. ਖੇਡ ਪ੍ਰੋਮੋਟਰਾਂ ਨੂੰ ਚਾਹੀਦਾ ਹੈ ਕਿ ਉਹ ਨਿਰੇ ਕਬੱਡੀ ਟੂਰਨਾਮੈਂਟ ਕਰਾਈ ਜਾਣ ਦੀ ਥਾਂ ਅਜਿਹੀਆਂ ਅਕੈਡਮੀਆਂ ਚਲਾਉਣ। ਪੰਜਾਬ ਸਰਕਾਰ ਨੂੰ ਵੀ ਐਸੀਆਂ ਅਕੈਡਮੀਆਂ ਦਾ ਸਾਥ ਦੇਣਾ ਚਾਹੀਦੈ। ਨਾਲੇ ਕੌਮਾਂਤਰੀ ਪੱਧਰ 'ਤੇ ਮੈਡਲ ਜਿੱਤਣ ਵਾਲੇ ਪੰਜਾਬ ਦੇ ਖਿਡਾਰੀਆਂ ਦਾ ਉਵੇਂ ਹੀ ਮਾਣ ਸਨਮਾਨ ਕਰਨਾ ਚਾਹੀਦੈ, ਜਿਵੇਂ ਹਰਿਆਣੇ ਦੇ ਖਿਡਾਰੀਆਂ ਦਾ ਕੀਤਾ ਜਾ ਰਿਹੈ।

ਚਕਰ ਅਕੈਡਮੀ ਦੇ ਸਰਪ੍ਰਸਤ ਸਿੱਧੂ ਭਰਾਵਾਂ ਨੇ ਐਲਾਨ ਕੀਤਾ ਹੋਇਐ ਕਿ ਇਸ ਅਕੈਡਮੀ ਦਾ ਕੋਈ ਖਿਡਾਰੀ/ਖਿਡਾਰਨ ਓਲੰਪਿਕਸ ਖੇਡਾਂ ਦਾ ਗੋਲਡ ਮੈਡਲ ਜਿੱਤੇ ਤਾਂ 50 ਲੱਖ ਰੁਪਏ, ਸਿਲਵਰ ਜਿੱਤੇ ਤਾਂ 30 ਲੱਖ, ਬਰਾਂਜ਼ ਜਿੱਤੇ ਤਾਂ 20 ਲੱਖ ਅਤੇ ਜੇ ਓਲੰਪਿਕਸ ਖੇਡਾਂ ਲਈ ਚੁਣਿਆ ਹੀ ਜਾਵੇ ਤਾਂ 10 ਲੱਖ ਰੁਪਏ ਦੇ ਇਨਾਮ ਦੇਣਗੇ। ਸੀਨੀਅਰ ਵਿਸ਼ਵ ਚੈਂਪੀਅਨਸ਼ਿਪ ਦੇ ਇਨਾਮ 10 ਲੱਖ, 5 ਲੱਖ, 3 ਲੱਖ ਰੁਪਏ; ਯੂਥ ਵਿਸ਼ਵ ਚੈਂਪੀਅਨਸ਼ਿਪ ਦੇ 5 ਲੱਖ, 3 ਲੱਖ, 2 ਲੱਖ ਅਤੇ ਜੂਨੀਅਰ ਵਿਸ਼ਵ ਚੈਂਪੀਅਨਸ਼ਿਪ ਦੇ 2.5 ਲੱਖ, 2 ਲੱਖ ਤੇ ਇੱਕ ਲੱਖ ਰੁਪਏ ਦੇ ਹਨ। ਨੈਸ਼ਨਲ, ਸਟੇਟ ਇੰਟਰਵਰਸਿਟੀ ਅਤੇ ਸਟੇਟ ਤੇ ਕੌਮੀ ਸਕੂਲ ਖੇਡਾਂ ਦੇ ਇਨਾਮ ਵੀ ਰੱਖੇ ਗਏ ਹਨ।

ਮੈਰਾਥਨ ਦਾ ਮਹਾਂਰਥੀ ਬਾਬਾ ਫੌਜਾ ਸਿੰਘ ਇਕ ਵਾਰ ਚਕਰ ਆਇਆ ਤਾਂ ਉਸ ਨੇ ਖੇਡ ਅਕੈਡਮੀ ਵੇਖਣ ਪਿੱਛੋਂ ਕਿਸ਼ਤੀ ਉਤੇ ਝੀਲ ਦੀ ਸੈਰ ਵੀ ਕੀਤੀ। ਉਸ ਦਾ ਕਹਿਣਾ ਸੀ, "ਚਕਰ ਨੂੰ ਦੇਖ ਕੇ ਯਕੀਨ ਹੋ ਗਿਆ ਕਿ ਪੰਜਾਬ ਮਰਨ ਵਾਲਾ ਨਹੀਂ। ਚਕਰ 'ਚ ਜੋ ਮਾਹੌਲ ਦੇਖਿਆ, ਇਹ ਮੈਨੂੰ ਕਦੇ ਨਹੀਂ ਭੁੱਲ ਸਕਦਾ। ਚਕਰ ਦੇ ਖਿਡਾਰੀ, ਚਕਰ ਦੀਆਂ ਝੀਲਾਂ ਦੇ ਕੁਦਰਤੀ ਨਜ਼ਾਰੇ ਤੇ ਮੇਰੀ ਉਮਰ ਦੇ ਨੇੜੇ ਪਹੁੰਚੇ ਸਾਥੀਆਂ ਦਾ ਗਰਮਜੋਸ਼ੀ ਨਾਲ ਮਿਲਣਾ ਮੇਰੇ ਜੀਵਨ ਦੀਆਂ ਅਭੁੱਲ ਯਾਦਾਂ ਬਣ ਗਈਆਂ ਹਨ।"

## ਬੰਗਲੌਰ ਬਣਿਆ ਪਾੜ੍ਹਿਆਂ ਲਈ ਸਰਵੋਤਮ ਸ਼ਹਿਰ

**ਲੰਡਨ:** ਬਰਤਾਨੀਆ ਦੀ ਰਾਜਧਾਨੀ ਲੰਡਨ ਨੇ ਟੋਕੀਓ ਤੇ ਮੈਲਬਰਨ ਜਿਹੇ ਕੌਮਾਂਤਰੀ ਸ਼ਹਿਰਾਂ ਨੂੰ ਪਛਾੜਦਿਆਂ ਦੁਨੀਆ ਵਿਚ ਵਿਦਿਆਰਥੀਆਂ ਲਈ ਲਗਾਤਾਰ ਦੂਜੇ ਸਾਲ ਸਰਵੋਤਮ ਸ਼ਹਿਰ ਦਾ ਖਿਤਾਬ ਹਾਸਲ ਕੀਤਾ ਹੈ। ਭਾਰਤ ਵਿਚ ਬੰਗਲੌਰ (81) ਨੂੰ ਵਿਦਿਆਰਥੀਆਂ ਲਈ ਸਭ ਤੋਂ ਵਧੀਆ ਸ਼ਹਿਰ ਦਾ ਸਨਮਾਨ ਮਿਲਿਆ ਹੈ।

ਇਸ ਤੋਂ ਬਾਅਦ ਮੁੰਬਈ (85), ਦਿੱਲੀ (113) ਤੇ ਚੇਨੱਈ (115) ਦਾ ਨੰਬਰ ਹੈ। ਇਹ ਨਵੀਂ ਕੌਮਾਂਤਰੀ ਦਰਜਾਬੰਦੀ ਸਿੱਖਿਆ ਕੰਸਲਟੈਂਸੀ 'ਕਿਊਐਸ ਕਵਾਕਿਊਰੇਲੀ ਸਾਇਮੰਡਜ਼' ਨੇ ਜਾਰੀ ਕੀਤੀ ਹੈ। 'ਕਿਊਐਸ ਬੈਸਟ ਸਟੂਡੈਂਟ ਸਿਟੀਜ਼' ਤਹਿਤ ਹਰ ਸ਼ਹਿਰ ਨੂੰ 6 ਵਰਗਾਂ ਵਿਚ ਰੱਖ ਕੇ ਦਰਜਾਬੰਦੀ ਤਿਆਰ ਕੀਤੀ ਗਈ ਹੈ। ਇਸ ਵਿਚ ਸਿਖਰਲੀਆਂ ਯੂਨੀਵਰਸਿਟੀਆਂ ਦੀ ਗਿਣਤੀ, ਜੀਵਨ ਦੀ ਗੁਣਵੱਤਾ, ਗ੍ਰੈਜੂਏਟ ਹੋਣ ਤੋਂ ਬਾਅਦ ਨੌਕਰੀਆਂ ਦੇ ਮੌਕੇ, ਖਰਚਿਆਂ ਤੇ ਵਿਦਿਆਰਥੀਆਂ ਦੀ ਪ੍ਰਤੀਕਿਰਿਆ ਨੂੰ ਸ਼ਾਮਲ ਕੀਤਾ ਗਿਆ ਹੈ। ਇਸ ਸੂਚੀ ਵਿਚ 120 ਸ਼ਹਿਰਾਂ ਦੀ ਰੈਂਕਿੰਗ ਕੀਤੀ ਗਈ ਹੈ। ਸੂਚੀ ਵਿਚ ਲੰਡਨ ਤੋਂ ਬਾਅਦ ਜਾਪਾਨ ਦਾ ਟੋਕੀਓ ਦੂਜੇ ਤੇ ਆਸਟਰੇਲੀਆ ਦਾ ਮੈਲਬਰਨ ਤੀਜੇ ਸਥਾਨ 'ਤੇ ਕਾਬਜ਼ ਹੈ।ਲੰਡਨ ਵਿਚ ਪੜ੍ਹਾਈ ਲਈ ਭਾਰਤ ਤੋਂ ਆਉਣ ਵਾਲੇ ਵਿਦਿਆਰਥੀਆਂ ਦੀ ਗਿਣਤੀ 2017-18 ਵਿਚ 20 ਫੀਸਦ ਵਧੀ ਸੀ। 2016-17 ਵਿਚ ਗਿਣਤੀ 4545 ਸੀ ਤੇ 2017-18 ਵਿਚ ਵਧ ਕੇ 5455 ਹੋ ਗਈ।


ਭਾਈ ਸੱਜਣ ਸਿੰਘ ਜੀ ਦੀ ਰਹਿਨੁਮਾਈ ਹੇਠ

ਸ੍ਰੀ ਗੁਰੂ ਰਾਮਦਾਸ ਇੰਟਰਨੈਸ਼ਨਲ ਨਿਸ਼ਕਾਮ ਸੇਵਾ ਸੁਸਾਇਟੀ ਵਲੋਂ
ਸ੍ਰੀ ਅੰਮ੍ਰਿਤਸਰ ਸਾਹਿਬ 'ਚ 50 ਕਮਰਿਆਂ ਦੀ ਇਮਾਰਤ ਉਸਾਰੀ ਅਧੀਨ!



ਭਾਈ ਸੱਜਣ ਸਿੰਘ ਜੀ

ਮਕਸਦ

* ਗਰੀਬ ਪਰਿਵਾਰਾਂ ਦੇ ਬੱਚਿਆਂ ਨੂੰ ਮੁਫਤ ਰਿਹਾਇਸ਼ ਦਿੱਤੀ ਜਾਵੇਗੀ।
* ਇਨ੍ਹਾਂ ਬੱਚਿਆਂ ਨੂੰ 12ਵੀਂ ਤੱਕ ਦੀ ਵਿੱਦਿਆ ਮੁਫਤ ਦਿੱਤੀ ਜਾਵੇਗੀ।
* ਇਨ੍ਹਾਂ ਬੱਚਿਆਂ ਨੂੰ ਧਾਰਮਿਕ ਵਿੱਦਿਆ ਪ੍ਰਦਾਨ ਕੀਤੀ ਜਾਵੇਗੀ।
* ਪੰਗਤ ਵਿਚ ਸੰਗਤ ਦੇ ਸਿਧਾਂਤ ਅਨੁਸਾਰ ਲੰਗਰ ਉਪਲਬਧ ਹੋਵੇਗਾ।
* ਇਸ ਇਮਾਰਤ ਦੇ ਅੰਦਰ ਗੁਰਦੁਆਰਾ ਸਾਹਿਬ ਵੀ ਸੁਸ਼ੋਭਿਤ ਹੋਵੇਗਾ।





ਗੁਰੂ ਪਿਆਰੀ ਸਾਧ ਸੰਗਤ ਜੀ,

ਅੱਜ ਦੇ ਇਸ ਪਦਾਰਥਵਾਦੀ ਯੁੱਗ ਵਿਚ ਹਰ ਕਿਸੇ ਨੇ ਆਪੋਧਾਪ ਪਈ ਹੋਈ ਹੈ, ਪਰ ਗੁਰੂ ਸਾਹਿਬਾਨ ਦੇ ਸਿਧਾਂਤ ਤੇ ਕੋਈ ਵਿਰਲਾ ਹੀ ਪਹਿਰਾ ਦੇ ਰਿਹਾ ਹੈ। ਗਰੀਬ ਪਰਿਵਾਰਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣਾ ਅਤੇ ਉਨ੍ਹਾਂ ਨੂੰ ਸਮੇਂ ਦੇ ਨਾਲ ਤੋਰਨ ਦੀ ਕਿਸੇ ਕੋਲ ਵਿਹਲ ਨਹੀਂ।ਅਸੀਂ ਆਪ ਸਭ ਦੇ ਸਹਿਯੋਗ ਨਾਲ ਇਕ ਇਹੋ ਜਿਹਾ ਓਟ ਆਸਰਾ ਬਣਾਉਣ ਜਾ ਰਹੇ ਹਾਂ ਜਿੱਥੋਂ ਗਰੀਬ ਗੁਰਬਿਆਂ ਨੂੰ ਆਪਣੇ ਪੈਰਾਂ ਤੇ ਖੜ੍ਹੇ ਹੋਣ ਲਈ ਹਰ ਤਰ੍ਹਾਂ ਦਾ ਸਹਿਯੋਗ ਮਿਲੇਗਾ।ਇਹ ਜੀਵਨ ਨਾਸ਼ਵਾਨ ਹੈ, ਇਸ ਲਈ ਗੁਰੂ ਦੀ ਬਖਸ਼ੀ ਮਾਇਆ ਵਿਚੋਂ ਜੇਕਰ ਅਸੀਂ ਦੂਜਿਆਂ ਦੇ ਜੀਵਨ ਨੂੰ ਸੁਧਾਰਨ ਵਿਚ ਦਾਨ ਕਰਦੇ ਹਾਂ ਤਾਂ ਬਿਨਾਂ ਸ਼ੱਕ ਪ੍ਰਮਾਤਮਾ ਉਸ ਦਾਨ ਦੇ ਬਦਲੇ ਤੁਹਾਨੂੰ ਸੰਤੁਸ਼ਟੀ ਜ਼ਰੂਰ ਬਖਸ਼ੇਗਾ। ਸੋ ਮੇਰੀ ਆਪ ਸਭ ਸਾਧ ਸੰਗਤ ਜੀ ਨੂੰ ਬੇਨਤੀ ਹੈ ਕਿ ਆਪ ਜੀ ਇਸ ਪ੍ਰੋਜੈਕਟ ਵਿਚ ਆਪਣਾ ਹਿੱਸਾ ਪਾਓ ਅਤੇ ਗਰੀਬ ਗੁਰਬਿਆਂ ਦੇ ਜੀਵਨ ਨੂੰ ਉੱਚਾ ਚੁੱਕਣ ਵਿਚ ਸਹਿਯੋਗ ਕਰਨ ਦਾ ਮਾਣ ਹਾਸਲ ਕਰੋ।

– ਭਾਈ ਸੱਜਣ ਸਿੰਘ



ਦਾਨੀ ਸੱਜਣ ਹੇਠ ਲਿਖੇ ਅਕਾਊਂਟ ਵਿਚ ਦਾਨ ਭੇਜ ਸਕਦੇ ਹਨ

Account Name : SHRI GURU RAMDAS GURMAT SOCIETY INC.
Bank : CAPITAL ONE
Routing Number : 0 2 1 4 0 7 9 1 2
Account number : 7 5 2 8 8 9 9 3 4 6

ਸਥਾਨ

ਟੈਂਪਲ ਕਲੋਨੀ, ਸ੍ਰੀ ਅੰਮ੍ਰਿਤਸਰ ਸਾਹਿਬ,
ਤਾਰਾਂ ਵਾਲਾ ਪੁਲ ਦੇ ਕੋਲ

# ਚੋਣਾਂ ਤੋਂ ਪਹਿਲਾਂ ਕੇਜਰੀਵਾਲ ਸਰਕਾਰ ਵੱਲੋਂ ਮੁਫਤ ਬਿਜਲੀ ਦਾ ਤੋਹਫਾ

**ਨਵੀਂ ਦਿੱਲੀ:** ਦਿੱਲੀ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਦਿੱਲੀ ਸਰਕਾਰ ਨੇ ਬਿਜਲੀ ਖਪਤਕਾਰਾਂ ਨੂੰ 200 ਯੂਨਿਟ ਤੱਕ ਬਿਜਲੀ ਮੁਫਤ ਦੇਣ ਦਾ ਐਲਾਨ ਕੀਤਾ ਹੈ ਤੇ ਇਸ ਹੱਦ ਤੋਂ ਜ਼ਿਆਦਾ ਬਿਜਲੀ ਫੂਕਣ ਵਾਲਿਆਂ ਨੂੰ ਰਿਆਇਤਾਂ ਦਿੱਤੀਆਂ ਹਨ ਜੋ ਲਾਗੂ ਕਰ ਦਿੱਤੀਆਂ ਗਈਆਂ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਪ੍ਰੈੱਸ ਕਾਨਫਰੰਸ 'ਚ ਦੱਸਿਆ ਕਿ ਹਰ ਮਹੀਨੇ 200 ਯੂਨਿਟ ਬਿਜਲੀ ਦਾ ਕੋਈ ਬਿੱਲ ਨਹੀਂ ਦੇਣਾ ਪਵੇਗਾ।



ਮੁੱਖ ਮੰਤਰੀ ਨੇ ਦੱਸਿਆ ਕਿ 201 ਤੋਂ 400 ਯੂਨਿਟ ਤਕ ਬਿਜਲੀ ਖਪਤ ਕਰਨਗੇ ਉਨ੍ਹਾਂ ਨੂੰ ਕਰੀਬ 50 ਫੀਸਦੀ ਬਿਜਲੀ ਬਿੱਲ ਦੇਣਾ ਹੋਵੇਗਾ। ਉਨ੍ਹਾਂ ਦੱਸਿਆ ਕਿ 2013 ਵਿਚ 200 ਯੂਨਿਟ ਖਪਤ ਕਰਨ ਵਾਲੇ ਖਪਤਕਾਰਾਂ ਨੂੰ 928 ਰੁਪਏ ਬਿੱਲ ਦੇਣਾ ਪੈਂਦਾ ਸੀ। ਉਨ੍ਹਾਂ ਦੱਸਿਆ ਕਿ ਜੋ ਲੋਕ 200 ਯੂਨਿਟ ਦੇ 622 ਰੁਪਏ ਦਿੰਦੇ ਸਨ ਉਨ੍ਹਾਂ ਦੀ ਬਿਜਲੀ ਮੁਫਤ ਹੋਵੇਗੀ। 250 ਯੂਨਿਟ ਬਿਜਲੀ ਖਪਤ ਕਰਨ ਵਾਲੇ ਲੋਕ ਕਰੀਬ 800 ਰੁਪਏ ਦਿੰਦੇ ਸਨ ਉਨ੍ਹਾਂ ਨੂੰ ਹੁਣ 252 ਰੁਪਏ ਦੇਣੇ ਹੋਣਗੇ। 300 ਯੂਨਿਟ ਇਸਤੇਮਾਲ ਕਰਨ ਵਾਲਿਆਂ ਨੂੰ ਪਹਿਲਾਂ 971 ਰੁਪਏ ਦੇਣੇ ਪੈਂਦੇ ਸਨ ਹੁਣ 526 ਰੁਪਏ ਦੇਣੇ ਹੋਣਗੇ, ਜਿਨ੍ਹਾਂ ਨੂੰ 400 ਯੂਨਿਟ ਬਦਲੇ 1320 ਰੁਪਏ ਦੇਣੇ ਪੈਂਦੇ ਸਨ ਉਨ੍ਹਾਂ ਨੂੰ 1075 ਦੇਣੇ ਹੋਣਗੇ। ਉਨ੍ਹਾਂ ਕਿਹਾ ਕਿ ਗ਼ਰੀਬਾਂ ਲਈ 200 ਯੂਨਿਟ ਬਿਜਲੀ ਦੇਣ ਨਾਲ ਉਹ ਘਰਾਂ ਅੰਦਰ ਰੈਫਰੀਜਿਰੇਟਰ, ਇਕ ਟੀਵੀ, ਇਕ ਪੱਖਾ ਅਤੇ ਦੋ ਬੱਲਬ ਜਗਾ ਸਕਣਗੇ। ਉਨ੍ਹਾਂ ਕਿਹਾ ਕਿ ਜੋ ਸਬਸਿਡੀ ਦਿੱਲੀ ਵਿਚ ਜਾ ਰਹੀ ਉਹ ਪਹਿਲਾਂ ਵਾਲੀ ਰਕਮ 1800-2000 ਕਰੋੜ ਤਕ ਹੀ ਰਹਿਣ ਦੀ ਉਮੀਦ ਹੈ।

## ਖੇਡ ਯੂਨੀਵਰਸਿਟੀ ਦੇ ਨਾਮ 'ਤੇ ਇਤਰਾਜ਼

**ਮਾਨਸਾ:** ਪੰਜਾਬ ਵਿਚ ਬਣ ਰਹੀ ਖੇਡ ਯੂਨੀਵਰਸਿਟੀ ਦਾ ਨਾਮ ਮਹਾਰਾਜਾ ਭੁਪਿੰਦਰ ਸਿੰਘ ਰੱਖਣ 'ਤੇ ਪੰਜਾਬ ਕਿਸਾਨ ਯੂਨੀਅਨ ਨੇ ਇਤਰਾਜ਼ ਪ੍ਰਗਟਾਇਆ ਹੈ। ਜਥੇਬੰਦੀ ਦੇ ਸੂਬਾ ਪ੍ਰਧਾਨ ਰੁਲਦੂ ਸਿੰਘ ਨੇ ਕਿਹਾ ਕਿ ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550 ਸਾਲਾ ਦਿਹਾੜਾ ਮਨਾਇਆ ਜਾ ਰਿਹਾ ਤਾਂ ਇਸ ਯੂਨੀਵਰਸਿਟੀ ਦਾ ਨਾਂ ਸ੍ਰੀ ਗੁਰੂ ਨਾਨਕ ਦੇਵ ਜੀ ਰੱਖ ਕੇ ਉਨ੍ਹਾਂ ਨੂੰ ਸਮਰਪਿਤ ਕੀਤੀ ਜਾਣੀ ਚਾਹੀਦੀ ਹੈ।

## ਚੰਦਰਯਾਨ-2 ਨੇ ਭੇਜੀਆਂ ਧਰਤੀ ਦੀਆਂ ਤਸਵੀਰਾਂ

**ਨਵੀਂ ਦਿੱਲੀ:** ਪੁਲਾੜ ਏਜੰਸੀ ਇਸਰੋ ਨੇ ਚੰਦਰਯਾਨ-2 ਵੱਲੋਂ ਧਰਤੀ ਦੀਆਂ ਖਿੱਚੀਆਂ ਗਈਆਂ ਤਸਵੀਰਾਂ ਦਾ ਪਹਿਲਾ ਸੈੱਟ ਜਾਰੀ ਕੀਤਾ ਹੈ। ਇਹ ਤਸਵੀਰਾਂ ਐੱਲ 14 ਕੈਮਰੇ ਤੋਂ ਖਿੱਚੀਆਂ ਗਈਆਂ ਹਨ ਅਤੇ ਇਸ 'ਚ ਧਰਤੀ ਦੇ ਵੱਖ-ਵੱਖ ਰੰਗ ਦਿਖਾਏ ਗਏ ਹਨ। ਭਾਰਤੀ ਪੁਲਾੜ ਖੋਜ ਸੰਸਥਾ (ਇਸਰੋ) ਨੇ ਤਸਵੀਰਾਂ ਦੇ ਨਾਲ ਇਸ ਸਬੰਧੀ ਟਵੀਟ ਕੀਤਾ ਹੈ।

ਚੰਦਰਯਾਨ-2 ਦਾਗੇ ਜਾਣ ਮਗਰੋਂ ਕਈ ਤਸਵੀਰਾਂ ਸਾਹਮਣੇ ਆਈਆਂ ਸਨ ਜਿਨ੍ਹਾਂ ਬਾਰੇ ਦਾਅਵਾ ਕੀਤਾ ਗਿਆ ਸੀ ਕਿ ਇਹ ਚੰਦਰਯਾਨ ਨੇ ਖਿੱਚੀਆਂ ਹਨ। ਉਂਜ ਪੁਲਾੜ ਏਜੰਸੀ ਨੇ ਕਿਹਾ ਸੀ ਕਿ ਇਹ ਤਸਵੀਰਾਂ ਚੰਦਰਯਾਨ-2 ਨੇ ਨਹੀਂ ਲਈਆਂ ਸਨ। ਭਾਰਤ ਦੇ ਦੂਜੇ ਚੰਦਰਯਾਨ ਮਿਸ਼ਨ ਨੂੰ 22 ਜੁਲਾਈ ਨੂੰ ਲਾਂਚ ਕੀਤਾ ਗਿਆ ਸੀ। ਚੰਦਰਯਾਨ-2 ਇਸਰੋ ਵੱਲੋਂ ਸਫ਼ਲਤਾਪੂਰਬਕ ਦਾਗੇ ਗਏ ਚੰਦਰਯਾਨ-1 ਦੇ 11 ਸਾਲਾਂ ਪਿਛੋਂ ਲਾਂਚ ਹੋਇਆ ਹੈ ਜਿਸ ਨੇ ਚੰਦ ਦੇ 3400 ਤੋਂ ਵੱਧ ਚੱਕਰ ਲਾ ਕੇ ਇਤਿਹਾਸ ਸਿਰਜਿਆ ਸੀ ਤੇ ਇਹ 29 ਅਗਸਤ 2009 ਤੱਕ 312 ਦਿਨਾਂ ਲਈ ਕੰਮ ਕਰਦਾ ਰਿਹਾ ਸੀ। ਚੰਦਰਯਾਨ-2 ਦੇ ਚੰਦ 'ਤੇ ਸਤੰਬਰ ਦੇ ਪਹਿਲੇ ਹਫਤੇ ਉਤਰਨ ਦੀ ਸੰਭਾਵਨਾ ਹੈ।

## ਕਾਲਜ ਸਹਿਪਾਠਣ ਨੂੰ ਜਿਊਂਦਾ ਸਾੜਨ ਵਾਲੇ ਨੂੰ ਮੌਤ ਦੀ ਸਜ਼ਾ

**ਗੁਹਾਟੀ:** ਆਪਣੀ ਕਾਲਜ ਸਹਿਪਾਠਣ ਨੂੰ ਜਿਊਂਦਾ ਸਾੜਨ ਵਾਲੇ ਵਿਅਕਤੀ ਨੂੰ ਇਥੋਂ ਦੀ ਇਕ ਅਦਾਲਤ ਨੇ ਮੌਤ ਦੀ ਸਜ਼ਾ ਸੁਣਾਈ ਹੈ। ਇਸ ਵਿਅਕਤੀ ਨੇ 2017 ਵਿਚ ਆਪਣੀ ਕਾਲਜ ਸਹਿਪਾਠੀ ਸ਼ਵੇਤਾ ਅਗਰਵਾਲ ਨੂੰ ਅੱਗ ਲਾ ਕੇ ਸਾੜ ਦਿੱਤਾ ਸੀ। ਕਾਮਰੂਪ ਦੀ ਫਾਸਟ ਟਰੈਕ ਅਦਾਲਤ ਨੇ ਇਸ ਮਾਮਲੇ ਵਿਚ ਦੋਸ਼ੀ ਦੀ ਮਾਤਾ ਅਤੇ ਭੈਣ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਉਨ੍ਹਾਂ 'ਤੇ ਸਬੂਤਾਂ ਨਾਲ ਛੇੜਛਾੜ ਕਰਨ ਅਤੇ ਸਾਜਿਸ਼ ਘੜਨ ਦੇ ਦੋਸ਼ ਸਾਬਤ ਹੋਏ ਹਨ।

ਸੈਸ਼ਨਜ਼ ਜੱਜ ਅਪਰੇਸ਼ ਚੱਕਰਬਰਤੀ ਨੇ ਗੋਵਿੰਦ ਸਿੰਗਲ, ਉਸ ਦੀ ਮਾਤਾ ਕਮਲਾ ਦੇਵੀ ਅਤੇ ਭੈਣ ਭਿਵਾਨੀ ਨੂੰ ਬੀਤੀ 30 ਜੁਲਾਈ ਨੂੰ ਸ਼ਵੇਤਾ ਦੀ ਹੱਤਿਆ ਕਰਨ ਦੇ ਮਾਮਲੇ ਵਿਚ ਦੋਸ਼ੀ ਠਹਿਰਾ ਕੇ ਸਜ਼ਾ ਸੁਣਾਈ ਹੈ। ਦੱਸਣਯੋਗ ਹੈ ਕਿ ਸ਼ਵੇਤਾ ਅਗਰਵਾਲ ਨੇ 2015 ਵਿਚ 12ਵੀਂ ਜਮਾਤ ਦੇ ਕਾਮਰਸ ਗਰੁੱਪ ਵਿਚੋਂ ਸੂਬੇ ਭਰ ਵਿਚੋਂ ਟੌਪ ਕੀਤਾ ਸੀ। ਗੁਹਾਟੀ ਦੇ ਭਾਰਲਮੁਖ ਖੇਤਰ ਸਥਿਤ ਗੋਵਿੰਦ ਸਿੰਗਲ ਦੇ ਘਰ ਵਿਚਲੇ ਬਾਥਰੂਮ ਵਿਚੋਂ ਸ਼ਵੇਤਾ ਦੀ ਅੱਗ ਨਾਲ ਝੁਲਸੀ ਦੇਹ ਮਿਲੀ ਸੀ। ਸਿੰਗਲ ਅਤੇ ਸ਼ਵੇਤਾ ਜਮਾਤੀ ਸਨ ਅਤੇ ਉਹ ਪ੍ਰੀਖਿਆ ਤੋਂ ਬਾਅਦ ਉਸ ਨੂੰ ਆਪਣੇ ਘਰ ਲੈ ਕੇ ਆਇਆ ਸੀ। ਅਗਰਵਾਲ ਪਰਿਵਾਰ ਦੇ ਵਕੀਲ ਅਨੁਸਾਰ ਪੋਸਟਮਾਰਟਮ ਰਿਪੋਰਟ ਵਿਚ ਖੁਲਾਸਾ ਹੋਇਆ ਸੀ ਕਿ ਸ਼ਵੇਤਾ ਦੇ ਸਰੀਰ 'ਤੇ ਸੱਟਾਂ ਦੇ 13 ਨਿਸ਼ਾਨ ਸਨ। ਇਸ ਘਟਨਾ ਨੂੰ ਅੰਜਾਮ ਦੇਣ ਵਿਚ ਸਿੰਗਲ ਦੀ ਮਾਤਾ ਅਤੇ ਭੈਣ ਨੇ ਵੀ ਉਸ ਦੀ ਮਦਦ ਕੀਤੀ ਸੀ।

ਵਕੀਲ ਅਨੁਸਾਰ ਸ਼ਵੇਤਾ ਵਲੋਂ ਸਿੰਗਲ ਨੂੰ ਪ੍ਰੇਮ ਸਬੰਧਾਂ ਲਈ ਕੀਤੀ ਗਈ ਨਾਂਹ ਕਾਰਨ ਉਸ ਨੇ ਇਸ ਘਿਣਾਉਣੇ ਕਾਰੇ ਨੂੰ ਅੰਜਾਮ ਦਿੱਤਾ ਸੀ। ਫੈਸਲੇ ਤੋਂ ਬਾਅਦ ਸ਼ਵੇਤਾ ਦੇ ਪਿਤਾ ਨੇ ਕਿਹਾ ਕਿ ਉਸ ਦੀ ਧੀ ਨੂੰ ਇਨਸਾਫ ਮਿਲ ਗਿਆ ਹੈ। ਉਨ੍ਹਾਂ ਫੈਸਲੇ ਲਈ ਅਦਾਲਤ ਦਾ ਧੰਨਵਾਦ ਕੀਤਾ।


## Matrimonials

### ਲੜਕੀ ਦੀ ਲੋੜ ਹੈ

Looking for a suitable girl for Ramgarhia Sikh boy 31 yrs, 5'-10", working at a very reputed IT company in San Jose, California. Caste no bar. Pl contact: psingh03850@gmail.com or Ph: 512-806-4053

ਸੈਣੀ ਸਿੱਖ ਉਮਰ 33 ਸਾਲ, ਕੱਦ 5'-9", ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਾ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ, ਫੋਨ: 319-670-8892 29-32

### ਲੜਕੇ ਦੀ ਲੋੜ ਹੈ

Wanted suitable match for Sikh Ramgarhia girl, 31 yrs, 5'-3", working as Radiation Oncology Physicist in USA. Email Bio-data & photo: quest4singh@gmail.com 32-

Wanted suitable match from USA or Canada for a Canadian citizen Kamboj Chandi girl 26 yrs, 5'-2", B Tech. net working as senior consultant. Father vet doctor (retired), Mother retired colonel from defense. Pl respond with photo and bio-data at email: chandi.avtar@yahoo.com or Ph: 780-200-8082 32-33



## ਰੈਸਟੋਰੈਂਟ ਸਟਾਫ ਦੀ ਲੋੜ ਹੈ

ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ ਤਜਰਬੇਕਾਰ ਸਟਾਫ ਦੀ ਲੋੜ ਹੈ

ਚੰਗੀ ਤਨਖਾਹ, ਖਾਣਾ ਤੇ ਰਿਹਾਇਸ਼ ਮੁਫਤ

*ਸੰਪਰਕ ਕਰੋ: ਮਿਸਟਰ ਸਿੰਘ*

ਫੋਨ: 515-291-1961

32-33



## ਤੰਦੂਰੀਏ, ਵੇਟਰ ਅਤੇ ਹੈਲਪਰ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ ਵਿਚ ਭਾਰਤੀ ਰੈਸਟੋਰੈਂਟ 'ਢਾਬਾ' ਲਈ ਤੰਦੂਰੀਏ, ਵੇਟਰ ਅਤੇ ਹੈਲਪਰ ਦੀ ਲੋੜ ਹੈ।



ਮੁਫਤ ਖਾਣਾ ਤੇ ਹੋਰ ਸਹੂਲਤਾਂ

*ਸੰਪਰਕ ਕਰੋ: ਮਿਸਟਰ ਸਿੰਘ*

ਫੋਨ: 608-886-2500

32-34



## ਰੈਸਟੋਰੈਂਟ ਸਟਾਫ ਦੀ ਲੋੜ ਹੈ

ਹਿਊਸਟਨ (ਟੈਕਸਸ) ਵਿਚ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲੇ ਕਾਰੀਗਰ (ਹਲਵਾਈ), ਤੰਦੂਰੀਏ ਤੇ ਵੈਜੀਟੇਰੀਅਨ ਬਫੇ (ਨਾਰਥ ਐਂਡ ਸਾਊਥ ਇੰਡੀਅਨ) ਬਣਾਉਣ ਵਾਲੇ ਸ਼ੈਫ ਦੀ ਲੋੜ ਹੈ।

*ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ*

*ਸੰਪਰਕ ਕਰੋ*

ਮੁਖਤਿਆਰ ਸਿੰਘ, ਫੋਨ: 713-884-9547

ਸੁਖਦੇਵ ਸਿੰਘ, ਫੋਨ: 832-724-1635

22+



## ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

**Gurdip Singh Sandhu**

Homeopathic Practitioner/Consultant Since 1973

DHMS-Gold Medalist, BAMS, MDEh.- India


**Well Experienced as:**

Director, Principal, Professor and Chief Medical Officer in Medical Colleges and Hospitals of Punjab (India)

Practice Under State of California Act SB 577

**EX Member:** The California Homeopathic Society

National Center For Homeopathy- USA



*Gurdip Singh Sandhu*

***Live on Jas TV***

Saturday 9:30AM and Sunday 4PM (Pacific Time)

7021 Village Park Way, Dublin, CA 94568

Email: Homeomedicine@yahoo.com



## Michigan Truck Driving School

6405 Middlebelt Road, Romulus, MI 48174

ਖੁਸ਼ਖਬਰੀ! ਖੁਸ਼ਖਬਰੀ!! ਖੁਸ਼ਖਬਰੀ!!!

ਹੁਣ 48 ਸਟੇਟਾਂ ਵਿਚ ਮਨਜ਼ੂਰਸ਼ੁਦਾ




*ਆਪਣੀ ਸਟੇਟ ਤੋਂ ਲਰਨਿੰਗ ਪਰਮਿਟ ਲੈ ਕੇ ਆਓ ਤੇ ਉਸੇ ਸਟੇਟ ਦਾ ਡਰਾਈਵਿੰਗ ਲਾਇਸੈਂਸ ਲਓ

*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

Raj Jamarai Cell:734-644-1010 Office:734-747-4298

# ਮੋਦੀ ਸਰਕਾਰ ਨੇ ਦੋ ਹਿੱਸਿਆਂ 'ਚ ਵੰਡਿਆ ਕਸ਼ਮੀਰ, 370 ਕੀਤੀ ਖਤਮ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ ਜੰਮੂ ਤੇ ਕਸ਼ਮੀਰ ਨੂੰ ਵਿਸ਼ੇਸ਼ ਦਰਜਾ ਦਿੰਦੀ ਧਾਰਾ 370 ਫੌਰੀ ਮਨਸੂਖ ਕਰ ਦਿੱਤੀ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਰਾਜ ਸਭਾ ਵਿਚ ਜੰਮੂ ਕਸ਼ਮੀਰ ਪੁਨਰਗਠਨ ਬਿਲ ਪੇਸ਼ ਕਰਦਿਆਂ ਜੰਮੂ ਤੇ ਕਸ਼ਮੀਰ ਨੂੰ ਦੋ ਕੇਂਦਰੀ ਸ਼ਾਸਿਤ ਪ੍ਰਦੇਸ਼ਾਂ (ਜੰਮੂ ਤੇ ਕਸ਼ਮੀਰ ਡਿਵੀਜ਼ਨ ਅਤੇ ਲਦਾਖ) ਵਿਚ ਵੰਡਣ ਦੀ ਤਜਵੀਜ਼ ਰੱਖੀ, ਜਿਸ ਨੂੰ ਸਦਨ ਨੇ ਦੇਰ ਸ਼ਾਮ ਲੰਮੀ ਬਹਿਸ ਮਗਰੋਂ ਪਾਸ ਕਰ ਦਿੱਤਾ।




ਬਿੱਲ ਦੇ ਹੱਕ ਵਿਚ 125 ਤੇ ਵਿਰੋਧ ਵਿੱਚ 61 ਵੋਟਾਂ ਪਈਆਂ। ਬਿੱਲ ਮੁਤਾਬਕ ਜੰਮੂ ਤੇ ਕਸ਼ਮੀਰ ਅਤੇ ਲਦਾਖ ਕੇਂਦਰ ਸ਼ਾਸਿਤ ਪ੍ਰਦੇਸ਼ ਬਣਨ ਕਰਕੇ ਸਿੱਧੇ ਕੇਂਦਰ ਸਰਕਾਰ ਅਧੀਨ ਆ ਜਾਣਗੇ। ਹਾਲਾਂਕਿ ਯੂਟੀ ਬਣਨ ਦੇ ਬਾਵਜੂਦ ਜੰਮੂ ਤੇ ਕਸ਼ਮੀਰ ਦੀ ਆਪਣੀ ਵਿਧਾਨ ਸਭਾ ਹੋਵੇਗੀ। ਧਾਰਾ 370 ਮਨਸੂਖ ਕੀਤੇ ਜਾਣ ਨਾਲ ਜੰਮੂ ਕਸ਼ਮੀਰ ਦਾ ਹੁਣ ਕੋਈ ਵੱਖਰਾ ਝੰਡਾ ਜਾਂ ਸੰਵਿਧਾਨ ਨਹੀਂ ਹੋਵੇਗਾ ਅਤੇ ਵਿਧਾਨ ਸਭਾ ਦੀ ਮਿਆਦ ਵੀ ਹੋਰ ਸੂਬਿਆਂ ਅਤੇ ਦੋ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦਿੱਲੀ ਤੇ ਪੁੱਡੂਚੇਰੀ ਵਾਂਗ ਪੰਜ ਸਾਲਾਂ ਦੀ ਹੋਵੇਗੀ। ਪਹਿਲਾਂ ਜੰਮੂ ਕਸ਼ਮੀਰ ਵਿਧਾਨ ਸਭਾ ਦੀ ਮਿਆਦ ਛੇ ਸਾਲਾਂ ਦੀ ਹੁੰਦੀ ਸੀ। ਅਧਿਕਾਰੀਆਂ ਮੁਤਾਬਕ ਨਵੇਂ ਕੇਂਦਰ ਸ਼ਾਸਤ ਪ੍ਰਦੇਸ਼ ਜੰਮੂ ਕਸ਼ਮੀਰ ਲਈ ਲੈਫਟੀਨੈਂਟ ਗਵਰਨਰ ਲਾਇਆ ਜਾਵੇਗਾ ਅਤੇ ਵਿਧਾਨ ਸਭਾ ਦੇ 107 ਹਲਕੇ ਹੋਣਗੇ ਜਦਕਿ ਹੱਦਬੰਦੀ ਮਗਰੋਂ ਹਲਕਿਆਂ ਦੀ ਗਿਣਤੀ ਵਧਾ ਕੇ 114 ਕੀਤੀ ਜਾਵੇਗੀ। ਧਾਰਾ 35-ਏ ਰੱਦ ਹੋਣ ਨਾਲ ਹੋਰ ਸੂਬਿਆਂ ਦੇ ਲੋਕ ਜੰਮੂ ਕਸ਼ਮੀਰ 'ਚ ਜ਼ਮੀਨ ਅਤੇ ਜਾਇਦਾਦ ਖਰੀਦਣ ਦੇ ਯੋਗ ਹੋਣਗੇ ਅਤੇ ਇਥੇ ਸੂਚਨਾ ਅਧਿਕਾਰ ਐਕਟ ਵੀ ਲਾਗੂ ਹੋਵੇਗਾ। ਸੂਬੇ 'ਚ ਅਪਰਾਧਕ ਮਾਮਲਿਆਂ ਨਾਲ ਨਜਿੱਠਣ ਲਈ ਰਣਬੀਰ ਪੀਨਲ ਕੋਡ ਦੀ ਥਾਂ ਉਤੇ ਇੰਡੀਅਨ ਪੀਨਲ ਕੋਡ ਹੋਂਦ 'ਚ ਆ ਜਾਵੇਗਾ ਅਤੇ ਕਿਸੇ ਵੀ ਸੂਬੇ ਵਿਚ ਰਾਸ਼ਟਰਪਤੀ ਰਾਜ ਲਾਗੂ ਕਰਨ ਵਾਲੀ ਧਾਰਾ 356 ਜੰਮੂ ਕਸ਼ਮੀਰ ਅਤੇ ਲਦਾਖ 'ਚ ਵੀ ਲਾਗੂ ਕੀਤੀ ਜਾ ਸਕੇਗੀ। ਹੁਣ ਤੱਕ ਸੂਬਾ ਸਰਕਾਰ ਦੇ ਨਾਕਾਮ ਰਹਿਣ 'ਤੇ ਜੰਮੂ ਕਸ਼ਮੀਰ ਦੇ ਸੰਵਿਧਾਨ ਦੀ ਧਾਰਾ 92 ਤਹਿਤ ਰਾਜਪਾਲ ਸ਼ਾਸਨ ਛੇ ਮਹੀਨਿਆਂ ਲਈ ਲਾਇਆ ਜਾਂਦਾ ਸੀ ਅਤੇ ਫਿਰ ਰਾਸ਼ਟਰਪਤੀ ਰਾਜ ਲਾਗੂ ਕਰਕੇ ਉਸ ਦੀ ਮਿਆਦ ਵਧਾਈ ਜਾਂਦੀ ਸੀ। ਸਰਕਾਰ ਦੋ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿਚ ਲੋੜ ਪੈਣ 'ਤੇ ਵਿੱਤੀ ਐਮਰਜੈਂਸੀ ਐਲਾਨਣ ਲਈ ਧਾਰਾ 360 ਵੀ ਲਾਗੂ ਕਰ ਸਕਦੀ ਹੈ। ਅਧਿਕਾਰੀਆਂ ਮੁਤਾਬਕ ਚੋਣ ਕਮਿਸ਼ਨ ਵੱਲੋਂ ਹਲਕਿਆਂ ਦੀ ਨਵੇਂ ਸਿਰੇ ਤੋਂ ਨਿਸ਼ਾਨਦੇਹੀ ਕੀਤੀ ਜਾਵੇਗੀ ਅਤੇ ਮਕਬੂਜ਼ਾ ਕਸ਼ਮੀਰ ਦੀਆਂ 24 ਸੀਟਾਂ ਖਾਲੀ ਰਹਿਣਗੀਆਂ। ਵਿਧਾਨ ਸਭਾ 'ਚ ਮੌਜੂਦਾ ਸਮੇਂ 'ਚ 87 ਸੀਟਾਂ ਹਨ। ਲਦਾਖ ਦੇ ਵੱਖਰਾ ਯੂਟੀ ਬਣਨ ਕਾਰਨ ਚਾਰ ਸੀਟਾਂ ਉਸ 'ਚੋਂ ਮਨਫ਼ੀ ਹੋ ਜਾਣਗੀਆਂ। ਲਦਾਖ 'ਚ ਕਾਰਗਿਲ ਅਤੇ ਲੇਹ ਜ਼ਿਲ੍ਹੇ ਵੀ ਸ਼ਾਮਲ ਹੋਣਗੇ।

ਉਧਰ, ਵਿਰੋਧੀ ਧਿਰ ਨੇ ਸਰਕਾਰ ਵੱਲੋਂ ਕਾਹਲੀ ਨਾਲ ਪੇਸ਼ ਕੀਤੇ ਬਿੱਲ ਨੂੰ ਗ਼ੈਰਜਮਹੂਰੀ ਕਰਾਰ ਦਿੰਦਿਆਂ ਇਸ ਦਾ ਜ਼ੋਰਦਾਰ ਵਿਰੋਧ ਕੀਤਾ। ਇਸ ਤੋਂ ਪਹਿਲਾਂ ਅਮਿਤ ਸ਼ਾਹ ਨੇ ਰਾਜ ਸਭਾ ਵਿਚ ਰਾਸ਼ਟਰਪਤੀ ਦੇ ਨਵੇਂ ਫਰਮਾਨ ਦੇ ਹਵਾਲੇ ਨਾਲ ਮਤਾ ਰੱਖਦਿਆਂ ਕਿਹਾ ਕਿ ਜੰਮੂ ਤੇ ਕਸ਼ਮੀਰ ਨੂੰ ਧਾਰਾ 370 ਤਹਿਤ ਮਿਲਿਆ ਵਿਸ਼ੇਸ਼ ਦਰਜਾ ਹੁਣ ਅਮਲ ਵਿਚ ਨਹੀਂ ਰਹੇਗਾ। ਮਤੇ ਮੁਤਾਬਕ, 'ਰਾਸ਼ਟਰਪਤੀ ਨੇ ਸੰਸਦ ਦੀ ਸਿਫਾਰਸ਼ ਉਤੇ 5 ਅਗਸਤ 2019 ਤੋਂ ਧਾਰਾ 370 ਦੀਆਂ ਉਪ ਧਾਰਾਵਾਂ ਨੂੰ ਮਨਸੂਖ ਕਰ ਦਿੱਤਾ ਹੈ।' ਸ੍ਰੀ ਸ਼ਾਹ ਨੇ ਜੰਮੂ ਤੇ ਕਸ਼ਮੀਰ ਨੂੰ ਦੋ ਕੇਂਦਰ ਸ਼ਾਸਿਤ ਪ੍ਰਦੇਸ਼ਾਂ- ਜੰਮੂ ਤੇ ਕਸ਼ਮੀਰ ਡਿਵੀਜ਼ਨ ਅਤੇ ਲਦਾਖ ਵਿਚ ਵੰਡਣ ਸਬੰਧੀ ਬਿੱਲ ਦੀ ਤਜਵੀਜ਼ ਵੀ ਰੱਖੀ। ਸ੍ਰੀ ਸ਼ਾਹ ਨੇ ਜੰਮੂ ਤੇ ਕਸ਼ਮੀਰ ਪੁਨਰਗਠਨ ਬਿੱਲ ਪੇਸ਼ ਕਰਦਿਆਂ ਕਿਹਾ ਕਿ ਲਦਾਖ, ਚੰਡੀਗੜ੍ਹ ਦੀ ਤਰਜ਼ 'ਤੇ ਕੇਂਦਰ ਸ਼ਾਸਤ ਪ੍ਰਦੇਸ਼ ਬਣੇਗਾ ਜਦੋਂਕਿ ਜੰਮੂ ਤੇ ਕਸ਼ਮੀਰ ਵਿਚ ਦਿੱਲੀ ਤੇ ਪੁੱਡੂਚੇਰੀ ਵਾਂਗ ਵਿਧਾਨ ਸਭਾ ਹੋਵੇਗੀ। ਬਿੱਲ ਉਤੇ ਹੋਈ ਬਹਿਸ ਵਿਚ ਸ਼ਾਮਲ ਹੁੰਦਿਆਂ ਰਾਜ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਗ਼ੁਲਾਮ ਨਬੀ ਆਜ਼ਾਦ ਨੇ ਧਾਰਾ 370 ਨੂੰ ਰੱਦ ਕਰਨ ਤੇ ਸੂਬੇ ਨੂੰ ਦੋ ਹਿੱਸਿਆਂ 'ਚ ਵੰਡਣ ਦਾ ਵਿਰੋਧ ਕੀਤਾ। ਉਨ੍ਹਾਂ ਕਿਹਾ ਕਿ ਜੰਮੂ ਤੇ ਕਸ਼ਮੀਰ ਜਿਸ ਨੂੰ ਭਾਰਤ ਦਾ ਤਾਜ ਮੰਨਿਆ ਜਾਂਦਾ ਹੈ, ਦਾ ਅੱਜ ਸਿਰ ਕਲਮ ਕਰਦਿਆਂ ਉਹਦੀ ਪਛਾਣ ਖੋਹ ਲਈ ਗਈ ਹੈ।

ਉਨ੍ਹਾਂ ਜੰਮੂ ਤੇ ਕਸ਼ਮੀਰ ਪੁਨਰਗਠਨ ਬਿੱਲ ਦਾ ਵਿਰੋਧ ਕਰਦਿਆਂ ਕਿਹਾ, 'ਮੇਰੀ ਸਿਆਸੀ ਜ਼ਿੰਦਗੀ ਦੌਰਾਨ ਮੈਂ ਕਦੇ ਵੀ ਇਹ ਨਹੀਂ ਸੀ ਸੋਚਿਆ ਕਿ ਜਿਹੜਾ ਰਾਜ ਭਾਰਤ ਦਾ ਤਾਜ ਹੈ, ਇਕ ਦਿਨ ਉਹਦਾ ਸਿਰ ਹੀ ਕਲਮ ਕਰ ਦਿੱਤਾ ਜਾਵੇਗਾ।' ਉਨ੍ਹਾਂ ਕਿਹਾ, 'ਤੁਸੀਂ ਜੰਮੂ-ਕਸ਼ਮੀਰ ਰਾਜ ਦਾ ਮੌਜੂ ਬਣਾ ਕੇ ਰੱਖ ਦਿੱਤਾ ਹੈ। ਬੜੇ ਸ਼ਰਮ ਦੀ ਗੱਲ ਹੈ ਕਿ ਕੇਂਦਰ ਨੇ ਰਾਜ ਦਾ ਦਰਜਾ ਘਟਾਉਂਦਿਆਂ ਇਸ ਦੀ ਕਮਾਨ ਉਪ ਰਾਜਪਾਲ ਹੱਥ ਫੜਾ ਦਿੱਤੀ ਹੈ।' ਉਨ੍ਹਾਂ ਕਿਹਾ ਕਿ ਅੱਜ ਜਦੋਂ ਗ੍ਰਹਿ ਮੰਤਰੀ ਸਦਨ ਵਿਚ ਆਏ ਤਾਂ ਇੰਜ ਲੱਗਿਆ ਜਿਵੇਂ ਕਿਤੇ ਐਟਮ ਬੰਬ ਦਾ ਧਮਾਕਾ ਹੋਇਆ ਹੋਵੇ। ਉਨ੍ਹਾਂ ਸਰਕਾਰ ਨੂੰ ਸਵਾਲ ਕੀਤਾ ਕਿ 'ਕੀ ਤੁਸੀਂ ਨਵੇਂ ਭਾਰਤ ਦੇ ਨਿਰਮਾਣ ਲਈ ਪੁਰਾਣੇ ਨੂੰ ਪੈਰਾਂ 'ਚ ਰੋਲ ਦਿਓਗੇ। ਉਨ੍ਹਾਂ ਕਿਹਾ ਕਿ 1947 ਦੀ ਵੰਡ ਮੌਕੇ ਕਸ਼ਮੀਰ ਦੇ ਲੋਕਾਂ ਨੇ ਇਕੋ ਮਜ਼ਹਬ ਹੋਣ ਦੇ ਬਾਵਜੂਦ ਪਾਕਿਸਤਾਨ ਨਾਲ ਜਾਣ ਦੀ ਥਾਂ ਭਾਰਤ ਦੀ ਧਰਮ-ਨਿਰਪੱਖਤਾ ਨੂੰ ਚੁਣਿਆ ਤੇ ਪੂਰਾ ਰਾਜ ਮੁਲਕ ਦੇ ਸਲਾਮਤੀ ਦਸਤਿਆਂ ਨਾਲ ਖੜ੍ਹਿਆ। ਉਨ੍ਹਾਂ ਸਰਕਾਰ ਨੂੰ ਲਲਕਾਰਦਿਆਂ ਕਿਹਾ ਕਿ ਜੇਕਰ ਹਿੰਮਤ ਹੈ ਤਾਂ ਗੁਜਰਾਤ ਨੂੰ ਕੇਂਦਰ ਸ਼ਾਸਤ ਪ੍ਰਦੇਸ਼ ਬਣਾਉਣ ਲਈ ਬਿੱਲ ਲਿਆਂਦਾ ਜਾਵੇ।

## ਭਾਰਤ-ਪਾਕਿਸਤਾਨ ਨੂੰ ਸੰਜਮ ਦੀ ਅਪੀਲ

**ਸੰਯੁਕਤ ਰਾਸ਼ਟਰ:** ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਐਂਟੋਨੀਓ ਗੁਟੇਰੇਜ਼ ਨੇ ਭਾਰਤ ਅਤੇ ਪਾਕਿਸਤਾਨ ਨੂੰ ਅਪੀਲ ਕੀਤੀ ਹੈ ਕਿ ਉਹ ਵੱਧ ਤੋਂ ਵੱਧ ਸੰਜਮ ਵਰਤਣ ਤਾਂ ਜੋ ਹਾਲਾਤ ਹੋਰ ਨਾ ਵਿਗੜਨ। ਦੋਵੇਂ ਗੁਆਂਢੀ ਮੁਲਕਾਂ ਵਿਚਕਾਰ ਅਚਾਨਕ ਤਣਾਅ ਵਧਣ ਨੂੰ ਦੇਖਦਿਆਂ ਇਹ ਅਪੀਲ ਕੀਤੀ ਗਈ ਹੈ। ਸ੍ਰੀ ਗੁਟੇਰੇਜ਼ ਦੇ ਤਰਜਮਾਨ ਸਟੀਫਨ ਡੁਜਾਰਿਕ ਵੱਲੋਂ ਜਾਰੀ ਬਿਆਨ ਮੁਤਾਬਕ ਭਾਰਤ ਅਤੇ ਪਾਕਿਸਤਾਨ 'ਚ ਸੰਯੁਕਤ ਰਾਸ਼ਟਰ ਫੌਜੀ ਨਿਗਰਾਨ ਗਰੁੱਪ ਨੇ ਦੱਸਿਆ ਹੈ ਕਿ ਪਿਛਲੇ ਕੁਝ ਦਿਨਾਂ ਤੋਂ ਕੰਟਰੋਲ ਰੇਖਾ 'ਤੇ ਫੌਜ ਦੀ ਸਰਗਰਮੀ ਵਧ ਗਈ ਹੈ। 'ਸੰਯੁਕਤ ਰਾਸ਼ਟਰ ਦੋਵੇਂ ਮੁਲਕਾਂ ਨੂੰ ਅਪੀਲ ਕਰਦਾ ਹੈ ਕਿ ਉਹ ਸੰਜਮ ਵਰਤਣ ਤਾਂ ਜੋ ਹਾਲਾਤ ਹੋਰ ਨਾ ਵਿਗੜਨ।'

## ਪੰਜ ਸਥਾਈ ਮੁਲਕਾਂ ਨੂੰ ਦਿੱਤੀ ਜਾਣਕਾਰੀ

**ਨਵੀਂ ਦਿੱਲੀ:** ਜੰਮੂ ਕਸ਼ਮੀਰ ਨੂੰ ਦੋ ਹਿੱਸਿਆਂ 'ਚ ਵੰਡਣ ਅਤੇ ਧਾਰਾ 370 ਹਟਾਉਣ ਦੇ ਫੈਸਲੇ ਬਾਰੇ ਭਾਰਤ ਨੇ ਸੰਯੁਕਤ ਰਾਸ਼ਟਰ ਸਲਾਮਤੀ ਪ੍ਰੀਸ਼ਦ ਦੇ ਪੰਜ ਸਥਾਈ ਮੈਂਬਰਾਂ ਦੇ ਸਫੀਰਾਂ ਨੂੰ ਜਾਣਕਾਰੀ ਦਿੱਤੀ। ਸਰਕਾਰੀ ਸੂਤਰਾਂ ਨੇ ਕਿਹਾ ਕਿ ਵਿਦੇਸ਼ ਮੰਤਰਾਲੇ ਦੇ ਸੀਨੀਅਰ ਅਧਿਕਾਰੀਆਂ ਨੇ ਹੋਰ ਕਈ ਮੁਲਕਾਂ ਦੇ ਸਫੀਰਾਂ ਨੂੰ ਵੀ ਜੰਮੂ ਕਸ਼ਮੀਰ ਬਾਬਤ ਫੈਸਲੇ ਦੀ ਜਾਣਕਾਰੀ ਦਿੱਤੀ। ਕੂਟਨੀਤਕ ਭਾਈਚਾਰੇ ਦੇ ਮੈਂਬਰਾਂ ਵੱਲੋਂ ਦਿਲਚਸਪੀ ਦਿਖਾਏ ਜਾਣ ਮਗਰੋਂ ਵਿਦੇਸ਼ ਮੰਤਰਾਲੇ ਦੇ ਅਧਿਕਾਰੀਆਂ ਨੇ ਸੰਯੁਕਤ ਰਾਸ਼ਟਰ ਦੇ ਪੰਜ ਸਥਾਈ ਮੁਲਕਾਂ ਸਮੇਤ ਹੋਰ ਕਈ ਮੁਲਕਾਂ ਨੂੰ ਇਸ ਬਾਰੇ ਦੱਸਿਆ।

# ਇੰਜ ਸਿਰੇ ਚੜ੍ਹਿਆ ਮੋਦੀ ਦਾ ਮਿਸ਼ਨ ਕਸ਼ਮੀਰ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਧਾਰਾ 370 ਨੂੰ ਖਤਮ ਕਰਨ ਅਤੇ ਜੰਮੂ ਤੇ ਕਸ਼ਮੀਰ ਦੀ ਵੰਡ ਦੀ ਉਲਟੀ ਗਿਣਤੀ ਜੂਨ ਦੇ ਤੀਜੇ ਮਹੀਨੇ ਹੀ ਉਦੋਂ ਸ਼ੁਰੂ ਹੋ ਗਈ ਸੀ ਜਦੋਂ ਛੱਤੀਸਗੜ੍ਹ ਕੇਡਰ ਦੇ 1987 ਬੈਚ ਦੇ ਆਈ.ਏ.ਐਸ. ਅਫਸਰ ਬੀ.ਵੀ.ਆਰ. ਸੁਬਰਾਮਨੀਅਮ ਨੂੰ ਜੰਮੂ ਕਸ਼ਮੀਰ ਦਾ ਨਵਾਂ ਮੁੱਖ ਸਕੱਤਰ ਲਾਇਆ ਗਿਆ ਸੀ। ਸੁਬਰਾਮਨੀਅਮ ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਦਫਤਰ ਵਿਚ ਜੁਆਇੰਟ ਸਕੱਤਰ ਰਹਿ ਚੁੱਕੇ ਸਨ। ਉਹ ਮੋਦੀ ਦੇ ਮਿਸ਼ਨ ਕਸ਼ਮੀਰ ਦੇ ਮੁੱਖ ਅਧਿਕਾਰੀਆਂ ਵਿਚ ਸ਼ਾਮਲ ਸਨ।

ਮਿਸ਼ਨ ਕਸ਼ਮੀਰ ਦੀ ਸਾਰੀ ਜ਼ਿੰਮੇਵਾਰੀ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਸੌਂਪੀ ਗਈ ਸੀ। ਸ਼ਾਹ ਕਾਨੂੰਨ ਮੰਤਰੀ ਰਵੀ ਸ਼ੰਕਰ ਪ੍ਰਸਾਦ ਨਾਲ ਕਾਨੂੰਨੀ ਅੜਿੱਕਿਆਂ ਬਾਰੇ ਕੋਰ ਟੀਮ ਨਾਲ ਵਿਚਾਰ ਵਟਾਂਦਰਾ ਕਰ ਰਹੇ ਸਨ। ਕੋਰ ਟੀਮ ਵਿਚ ਕਾਨੂੰਨ ਅਤੇ ਨਿਆਂ ਸਕੱਤਰ ਆਲੋਕ ਸ੍ਰੀਵਾਸਤਵ, ਵਧੀਕ ਸਕੱਤਰ ਕਾਨੂੰਨ(ਗ੍ਰਹਿ) ਆਰ ਐਸ ਵਰਮਾ, ਅਟਾਰਨੀ ਜਨਰਲ ਕੇ ਕੇ ਵੇਣੂਗੋਪਾਲ, ਕੇਂਦਰੀ ਗ੍ਰਹਿ ਸਕੱਤਰ ਰਾਜੀਵ ਗਾਬਾ ਅਤੇ ਕਸ਼ਮੀਰ ਡਿਵੀਜ਼ਨ ਦੀ ਚੋਣਵੀਂ ਟੀਮ ਸ਼ਾਮਲ ਸੀ। ਬਜਟ ਸੈਸ਼ਨ ਦੀ ਸ਼ੁਰੂਆਤ ਤੋਂ ਪਹਿਲਾਂ ਅਮਿਤ ਸ਼ਾਹ ਨੇ ਆਰ.ਐਸ.ਐਸ. ਮੁਖੀ ਮੋਹਨ ਭਾਗਵਤ ਅਤੇ ਉਨ੍ਹਾਂ ਦੇ ਸਾਥੀ (ਜਨਰਲ ਸਕੱਤਰ) ਭਈਆਜੀ ਜੋਸ਼ੀ ਨੂੰ ਧਾਰਾ 370 ਹਟਾਉਣ ਅਤੇ ਜੰਮੂ ਕਸ਼ਮੀਰ ਨੂੰ ਦੋ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿਚ ਵੰਡਣ ਬਾਰੇ ਕੇਂਦਰ ਦੀ ਵਚਨਬੱਧਤਾ ਬਾਰੇ ਦੱਸਿਆ ਸੀ। ਕਾਨੂੰਨੀ ਸਲਾਹ ਮਸ਼ਵਰੇ ਤੋਂ ਬਾਅਦ ਸ਼ਾਹ ਨੇ ਧਾਰਾ 370 ਹਟਾਉਣ ਦੀਆਂ ਪੇਚੀਦਗੀਆਂ ਨਾਲ ਵਾਦੀ ਵਿਚ ਕਾਨੂੰਨ ਵਿਵਸਥਾ ਦੀ ਸਥਿਤੀ 'ਤੇ ਪੈਣ ਵਾਲੇ ਅਸਰ ਉਤੇ ਧਿਆਨ ਕੇਂਦਰਿਤ ਕੀਤਾ।

ਸੂਤਰਾਂ ਅਨੁਸਾਰ ਸ਼ਾਹ ਨੇ ਪ੍ਰਧਾਨ ਮੰਤਰੀ ਦੀ ਸਲਾਹ ਉਤੇ ਕੇਂਦਰੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਨਾਲ ਕਈ ਮੀਟਿੰਗਾਂ ਕੀਤੀਆਂ। ਸ਼ਾਹ ਵੱਲੋਂ ਖੁਦ ਕਸ਼ਮੀਰ ਦੇ ਹਾਲਾਤ ਦਾ ਜਾਇਜ਼ਾ ਲੈਣ ਬਾਅਦ ਡੋਵਾਲ ਨੂੰ ਕਸ਼ਮੀਰ ਵਿਚ ਸੁਰੱਖਿਆ ਦਾ ਜਾਇਜ਼ਾ ਲੈਣ ਭੇਜਿਆ ਗਿਆ। ਡੋਵਾਲ ਉਥੇ ਤਿੰਨ ਦਿਨ ਰਹੇ। ਉਸ ਤੋਂ ਬਾਅਦ 26 ਜੁਲਾਈ ਨੂੰ ਅਮਰਨਾਥ ਯਾਤਰਾ ਖਤਮ ਕਰਨ ਦਾ ਫੈਸਲਾ ਕੀਤਾ ਗਿਆ। ਇਸ ਮਗਰੋਂ ਸੈਲਾਨੀਆਂ ਨੂੰ ਵੀ ਵਾਦੀ 'ਚੋਂ ਵਾਪਸ ਬੁਲਾਉਣ ਦਾ ਸੁਝਾਅ ਦਿੱਤਾ ਗਿਆ। ਇਸ ਦੇ ਨਾਲ ਹੀ ਨੀਮ ਫੌਜੀ ਬਲਾਂ ਦੀਆਂ 100 ਕੰਪਨੀਆਂ ਕਸ਼ਮੀਰ ਭੇਜ ਦਿੱਤੀਆਂ ਗਈਆਂ। ਜੰਮੂ ਕਸ਼ਮੀਰ ਦੇ ਮੁੱਖ ਸਕੱਤਰ ਸੁਬਰਾਮਨੀਅਮ ਜੋ ਪ੍ਰਧਾਨ ਮੰਤਰੀ ਦਫਤਰ ਅਤੇ ਗ੍ਰਹਿ ਵਿਭਾਗ ਦੇ ਸੰਪਰਕ ਵਿਚ ਸਨ, ਨੂੰ ਸੁਰੱਖਿਆ ਦੇ ਮੱਦੇਨਜ਼ਰ ਜ਼ਮੀਨੀ ਪੱਧਰ ਉਤੇ ਕੀਤੇ ਜਾਣ ਵਾਲੇ ਕੰਮਾਂ ਦਾ ਬਲੂ ਪ੍ਰਿੰਟ ਸੌਂਪਿਆ ਗਿਆ। ਫੌਜ ਮੁਖੀ, ਸੁਰੱਖਿਆ ਏਜੰਸੀਆਂ ਅਤੇ ਕੇਂਦਰੀ ਨੀਮ ਫੌਜੀ ਬਲਾਂ ਦੇ ਮੁਖੀ 24 ਘੰਟੇ ਕੇਂਦਰੀ ਗ੍ਰਹਿ ਸਕੱਤਰ ਅਤੇ ਮੁੱਖ ਸਕੱਤਰ ਨਾਲ ਸਹਿਯੋਗ ਕਰ ਰਹੇ ਸਨ। ਚਾਰ ਅਗਸਤ ਦੀ ਰਾਤ ਮੁੱਖ ਸਕੱਤਰ ਨੇ ਜੰਮੂ ਕਸ਼ਮੀਰ ਪੁਲਿਸ ਦੇ ਡੀ.ਜੀ.ਪੀ. ਦਿਲਬਾਗ ਸਿੰਘ ਨੂੰ ਕਈ ਸੁਧਾਰਵਾਦੀ ਕਦਮ ਚੁੱਕਣ ਦੀ ਹਦਾਇਤ ਕੀਤੀ, ਜਿਨ੍ਹਾਂ ਵਿਚ ਅਹਿਮ ਸਿਆਸੀ ਆਗੂਆਂ ਨੂੰ ਘਰ ਵਿਚ ਨਜ਼ਰਬੰਦ ਕਰਨਾ, ਮੋਬਾਈਲ ਅਤੇ ਲੈਂਡਲਾਈਨ ਫੋਨ ਸੇਵਾਵਾਂ ਬੰਦ ਕਰਨਾ, ਧਾਰਾ 144 ਲਗਵਾਉਣਾ ਅਤੇ ਵਾਦੀ ਵਿਚ ਕਰਫਿਊ ਦੀ ਤਿਆਰੀ ਲਈ ਮਸ਼ਕ ਸ਼ਾਮਲ ਸੀ।

## 'ਦੋ ਨਿਸ਼ਾਨ, ਦੋ ਸੰਵਿਧਾਨ' ਨਹੀਂ ਰਹਿਣਗੇ: ਅਮਿਤ ਸ਼ਾਹ

**ਨਵੀਂ ਦਿੱਲੀ:** ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ ਧਾਰਾ 370 ਮਨਸੂਖ ਕਰਨ ਨਾਲ ਜੰਮੂ ਕਸ਼ਮੀਰ 'ਚ 'ਦੋ ਨਿਸ਼ਾਨ, ਦੋ ਸੰਵਿਧਾਨ' ਨਹੀਂ ਰਹਿਣਗੇ। ਉਨ੍ਹਾਂ ਟਵਿੱਟਰ 'ਤੇ ਕਿਹਾ ਕਿ ਕਸ਼ਮੀਰ ਭਾਰਤ ਦਾ ਅਟੁੱਟ ਹਿੱਸਾ ਹੈ ਅਤੇ ਧਾਰਾ 370 ਰੱਦ ਕਰਨ ਦਾ ਫੈਸਲਾ ਉਨ੍ਹਾਂ ਦੇਸ਼ ਭਗਤਾਂ ਨੂੰ ਸ਼ਰਧਾਂਜਲੀ ਹੈ ਜਿਨ੍ਹਾਂ ਸਾਂਝੇ ਭਾਰਤ ਲਈ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ।

## ਕਸ਼ਮੀਰ ਮਾਮਲੇ ਤੋਂ ਪੰਜਾਬ ਵਿਚ ਚੌਕਸੀ ਵਧਾਈ

**ਅੰਮ੍ਰਿਤਸਰ:** ਕੇਂਦਰ ਸਰਕਾਰ ਵੱਲੋਂ ਜੰਮੂ ਕਸ਼ਮੀਰ ਸੂਬੇ ਨੂੰ ਵਿਸ਼ੇਸ਼ ਹੱਕ ਦਿੰਦੀ ਸੰਵਿਧਾਨ ਦੀ ਧਾਰਾ 370 ਨੂੰ ਖਤਮ ਕਰਨ ਤੋਂ ਬਾਅਦ ਇਥੇ ਪਾਕਿਸਤਾਨ ਨਾਲ ਲੱਗਦੀ ਭਾਰਤੀ ਸਰਹੱਦ ਉਤੇ ਚੌਕਸੀ ਵਧਾ ਦਿੱਤੀ ਗਈ ਹੈ। ਇਸ ਦੌਰਾਨ ਭਾਜਪਾ ਵੱਲੋਂ ਇਥੇ ਇਸ ਕਾਰਵਾਈ ਦੇ ਹੱਕ 'ਚ ਖੁਸ਼ੀ ਵਿਚ ਲੱਡੂ ਵੰਡੇ ਗਏ ਤੇ ਆਤਿਸ਼ਬਾਜ਼ੀ ਕੀਤੀ ਗਈ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਚੰਡੀਗੜ੍ਹ ਵਿਚ ਇਸ ਸਬੰਧੀ ਉਚ ਪੱਧਰੀ ਮੀਟਿੰਗ ਸੱਦੀ। ਉਨ੍ਹਾਂ ਸ਼ੱਕ ਪ੍ਰਗਟਾਇਆ ਕਿ ਅਜਿਹੀ ਸਥਿਤੀ ਵਿਚ ਪਾਕਿਸਤਾਨ ਸੂਬੇ ਦੀ ਅਮਨ ਸ਼ਾਂਤੀ ਨੂੰ ਭੰਗ ਕਰਨ ਲਈ ਕਾਰਵਾਈ ਕਰ ਸਕਦਾ ਹੈ। ਮੁੱਖ ਮੰਤਰੀ ਨੇ ਪੁਲਿਸ ਨੂੰ ਚੌਕਸੀ ਰੱਖਣ ਦੇ ਆਦੇਸ਼ ਦਿੱਤੇ ਹਨ।

# ਕੇਂਦਰ ਦਾ ਫੈਸਲਾ ਜਮਹੂਰੀਅਤ ਲਈ ਕਾਲਾ ਦਿਨ: ਕੈਪਟਨ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰ ਸਰਕਾਰ ਵੱਲੋਂ ਜੰਮੂ-ਕਸ਼ਮੀਰ 'ਚੋਂ ਧਾਰਾ 370 ਹਟਾਉਣ ਅਤੇ ਸੂਬੇ ਨੂੰ ਦੋ ਹਿੱਸਿਆਂ ਵਿਚ ਵੰਡੇ ਜਾਣ ਦੇ ਫੈਸਲੇ ਦੀ ਸਖ਼ਤ ਆਲੋਚਨਾ ਕਰਦਿਆਂ ਇਸ ਨੂੰ ਗੈਰ-ਸੰਵਿਧਾਨਕ ਅਤੇ ਭਾਰਤੀ ਜਮਹੂਰੀਅਤ ਲਈ ਕਾਲਾ ਦਿਨ ਦੱਸਿਆ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਮੁਲਕ ਦੇ ਜਮਹੂਰੀ ਢਾਂਚੇ ਦਾ ਮਲੀਆਮੇਟ ਕਰਨ ਦੇ ਨਾਲ ਸੰਵਿਧਾਨਕ ਨੇਮਾਂ ਦੀਆਂ ਧੱਜੀਆਂ ਵੀ ਉਡਾ ਦਿੱਤੀਆਂ ਹਨ। ਉਧਰ, ਸੰਘੀ ਢਾਂਚੇ ਦੇ ਹਮਾਇਤੀ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਅਤੇ ਰਾਜ ਸਭਾ ਮੈਂਬਰ ਬਲਵਿੰਦਰ ਸਿੰਘ ਭੂੰਦੜ ਨੇ ਇਸ ਮੁੱਦੇ 'ਤੇ ਰੱਖਿਆਤਮਕ ਪਹੁੰਚ ਅਪਣਾਉਂਦਿਆਂ ਕਿਹਾ ਹੈ ਕਿ ਅਕਾਲੀ ਦਲ ਦੇਸ਼ ਦੀ ਏਕਤਾ ਨੂੰ ਮਜ਼ਬੂਤ ਬਣਾਉਣ ਅਤੇ ਘੱਟ ਗਿਣਤੀਆਂ ਦੇ ਹੱਕਾਂ ਦੀ ਰਾਖੀ ਦੇ ਹੱਕ ਵਿਚ ਹੈ ਅਤੇ ਕੇਂਦਰੀ ਗ੍ਰਹਿ ਮੰਤਰੀ ਨੂੰ ਇਸ ਬਾਰੇ ਜ਼ਰੂਰ ਭਰੋਸਾ ਦੇਣਾ ਚਾਹੀਦਾ ਹੈ। ਉਨ੍ਹਾਂ ਸੰਵਿਧਾਨਕ ਹੱਕਾਂ ਨੂੰ ਕੁਚਲੇ ਜਾਣ ਬਾਰੇ ਕੁਝ ਨਹੀਂ ਕਿਹਾ।

# ਕਸ਼ਮੀਰੀ ਪੰਡਤਾਂ ਨੇ ਮੋਦੀ ਦੇ ਫੈਸਲੇ 'ਤੇ ਪ੍ਰਗਟਾਈ ਤਸੱਲੀ

**ਨਵੀਂ ਦਿੱਲੀ:** ਸਾਲ 1990 ਵਿਚ ਕਸ਼ਮੀਰ ਵਾਦੀ ਵਿਚੋਂ ਘਰੋਂ ਬੇਘਰ ਕੀਤੇ ਕਸ਼ਮੀਰੀ ਪੰਡਿਤਾਂ ਨੇ ਸੂਬੇ 'ਚੋਂ ਧਾਰਾ 370 ਨੂੰ ਮਨਸੂਖ ਕੀਤੇ ਜਾਣ ਦੇ ਫੈਸਲੇ ਦਾ ਸਵਾਗਤ ਕਰਦਿਆਂ ਆਸ ਜਤਾਈ ਕਿ ਸਰਕਾਰ ਦੀ ਇਸ ਇਤਿਹਾਸਕ ਫੈਸਲੇ ਨਾਲ ਖਿੱਤੇ ਵਿਚ ਅਮਨ ਦਾ ਪਸਾਰਾ ਹੋਵੇਗਾ ਤੇ ਉਨ੍ਹਾਂ ਦੀ ਪੂਰੇ ਮਾਣ ਸਨਮਾਨ ਨਾਲ ਘਰਾਂ ਨੂੰ ਵਾਪਸੀ ਲਈ ਰਾਹ ਪੱਧਰਾ ਹੋਵੇਗਾ। ਕੁਲ ਆਲਮ ਵਿਚ ਭਾਈਚਾਰੇ ਦੀ ਨੁਮਾਇੰਦਗੀ ਕਰਦੀ ਜਥੇਬੰਦੀ ਗਲੋਬਲ ਕਸ਼ਮੀਰੀ ਪੰਡਿਤ ਡਾਇਸਪੋਰਾ (ਜੀ. ਕੇ. ਪੀ.ਡੀ.) ਨੇ ਕਿਹਾ ਕਿ ਕੇਂਦਰ ਦੇ ਇਸ ਫੈਸਲੇ ਨੇ ਸਾਂਝੇ ਭਾਰਤ ਦੀ ਖੇਤਰੀ, ਸਿਆਸੀ ਤੇ ਸਭਿਆਚਾਰਕ ਏਕਤਾ ਨੂੰ ਪੱਕਿਆਂ ਕੀਤਾ ਹੈ।



ਜਥੇਬੰਦੀ ਨੇ ਇਕ ਬਿਆਨ ਵਿਚ ਕਿਹਾ, '5 ਅਗਸਤ 2019 ਦੇ ਦਿਨ ਨੂੰ ਇਤਿਹਾਸ ਵਿਚ ਸੰਸਦ ਦੀ ਸਾਂਝੇ ਭਾਰਤ 'ਤੇ ਪ੍ਰਭੂਸੱਤਾ ਦੀ ਮੋਹਰ ਵਜੋਂ ਵੇਖਿਆ ਜਾਵੇਗਾ।' ਬਿਆਨ ਮੁਤਾਬਕ ਇਹ ਪਹਿਲੀ ਵਾਰ ਹੈ ਜਦੋਂ ਇਥੋਂ ਕੱਢੇ ਕਸ਼ਮੀਰੀ ਪੰਡਿਤਾਂ ਨੇ ਇਸ ਗੱਲੋਂ ਰਾਹਤ ਦਾ ਸਾਹ ਲਿਆ ਹੈ ਕਿ ਉਨ੍ਹਾਂ ਦੀ ਪਛਾਣ, ਸਭਿਆਚਾਰ ਤੇ ਵਿਰਾਸਤ ਦੀਆਂ ਨਿਸ਼ਾਨੀਆਂ ਨੂੰ ਚਿਰ ਸਥਾਈ ਬਣਾਉਣ ਲਈ ਕੇਂਦਰ ਸ਼ਾਸਤ ਪ੍ਰਬੰਧ ਅਧੀਨ ਪੂਰੀ ਸੁਰੱਖਿਆ ਮਿਲੇਗੀ। ਜੰਮੂ ਤੇ ਕਸ਼ਮੀਰ ਵਿਚਾਰ ਮੰਚ ਦੇ ਪ੍ਰਧਾਨ ਮਨੋਜ ਭਾਨ ਨੇ ਕਿਹਾ ਕਿ ਭਾਈਚਾਰੇ ਨੂੰ ਆਸ ਹੈ ਕਿ ਮੋਦੀ ਸਰਕਾਰ ਵਾਦੀ ਵਿਚ ਉਨ੍ਹਾਂ ਦੀ ਵਾਪਸੀ ਲਈ ਜਲਦੀ ਹੀ ਕੋਈ ਰੂਪ-ਰੇਖਾ ਉਲੀਕੇਗੀ। ਉਨ੍ਹਾਂ ਕਿਹਾ ਕਿ ਕਸ਼ਮੀਰੀ ਪੰਡਿਤਾਂ ਲਈ ਵਾਦੀ ਵਿਚ ਰੈਣ ਬਸੇਰੇ ਲਈ ਵੱਖਰਾ ਬੰਦੋਬਸਤ ਚਾਹੁੰਦੇ ਹਨ, ਜਿਥੇ ਵਾਦੀ ਵਿਚੋਂ ਜਬਰੀ ਕੱਢੇ ਭਾਈਚਾਰੇ ਦੇ ਲੋਕ ਇਕੱਠਿਆਂ ਰਹਿ ਸਕਣ।

## ਸਤੰਬਰ 2020 ਤੱਕ ਤਿਆਰ ਹੋਵੇਗਾ ਭਾਰਤ ਦਾ ਨਾਗਰਿਕ ਰਜਿਸਟਰ

**ਨਵੀਂ ਦਿੱਲੀ :** ਸਰਕਾਰ ਨੇ ਸਤੰਬਰ 2020 ਤੱਕ ਕੌਮੀ ਕੌਮੀ ਵਸੋਂ ਰਜਿਸਟਰ ਤਿਆਰ ਕਰਨ ਦਾ ਫੈਸਲਾ ਕੀਤਾ ਹੈ। ਇਸ ਦੇ ਨਾਲ ਦੇਸ਼ ਭਰ ਵਿਚ ਸਿਟੀਜ਼ਨ ਰਜਿਸਟਰ ਦੀ ਸ਼ੁਰੂਆਤ ਹੋ ਜਾਵੇਗੀ। ਨੈਸ਼ਨਲ ਪਾਪੂਲੇਸ਼ਨ ਰਜਿਸਟਰ ਇਕ ਤਰ੍ਹਾਂ ਦੇ ਨਾਲ ਦੇਸ਼ ਦੇ ਨਾਗਰਿਕਾਂ ਦੀ ਸੂਚੀ ਹੋਵੇਗੀ। ਇਹ ਜਾਣਕਾਰੀ ਭਾਰਤੀ ਗ੍ਰਹਿ ਵਿਭਾਗ ਦੇ ਇਕ ਅਧਿਕਾਰੀ ਨੇ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਇਕ ਵਾਰ ਕੌਮੀ ਰਜਿਸਟਰ ਤਿਆਰ ਹੋਣ ਬਾਅਦ ਇਹ ਨੈਸ਼ਨਲ ਰਜਿਸਟਰ ਆਫ ਇੰਡੀਅਨ ਸਿਟੀਜ਼ਨ ਵਿਚ ਤਬਦੀਲ ਹੋ ਜਾਵੇਗਾ।

# ਨਗਰ ਕੀਰਤਨ ਨੇ ਭਾਰਤ-ਪਾਕਿਸਤਾਨ 'ਚ ਸਿਰਜਿਆ ਖਾਲਸਾਈ ਮਾਹੌਲ

## ਕੌਮਾਂਤਰੀ ਨਗਰ ਕੀਰਤਨ ਦਾ ਵੱਖ-ਵੱਖ ਥਾਂਈਂ ਭਰਵਾਂ ਸਵਾਗਤ

**ਨਨਕਾਣਾ ਸਾਹਿਬ:** ਗੁਰੂ ਨਾਨਕ ਦੇਵ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਨਗਰ ਕੀਰਤਨ ਪਾਕਿਸਤਾਨ ਸਥਿਤ ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਤੋਂ ਆਰੰਭ ਹੋਇਆ ਜੋ ਵਾਹਗਾ-ਅਟਾਰੀ ਸਰਹੱਦ ਰਸਤੇ ਭਾਰਤ ਵਿਚ ਦਾਖਲ ਹੋਇਆ। ਅੰਤਰਰਾਸ਼ਟਰੀ ਨਗਰ ਕੀਰਤਨ ਨੇ ਪਾਕਿਸਤਾਨ ਅਤੇ ਭਾਰਤ ਦੋਵੇਂ ਪਾਸੇ ਖਾਲਸਾਈ ਮਾਹੌਲ ਸਿਰਜ ਦਿੱਤਾ। ਨਗਰ ਕੀਰਤਨ ਪੰਥਕ ਰਵਾਇਤਾਂ ਅਨੁਸਾਰ ਖਾਲਸਾਈ ਜਾਹੋ-ਜਲਾਲ ਨਾਲ ਆਰੰਭ ਹੋਇਆ, ਜਿਸ ਨੂੰ ਪਾਕਿਸਤਾਨ ਦੀਆਂ ਸਿੱਖ ਸੰਗਤਾਂ ਨੇ ਵਾਹਗਾ ਸਰਹੱਦ ਤੱਕ ਛੱਡਿਆ। ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਵਿਚ ਅਖੰਡ ਪਾਠ ਦੇ ਭੋਗ ਮਗਰੋਂ ਰਾਗੀ ਜਥਿਆਂ ਨੇ ਰਸ-ਭਿੰਨਾ ਕੀਰਤਨ ਕੀਤਾ। ਸ਼੍ਰੋਮਣੀ ਕਮੇਟੀ ਅਤੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨੁਮਾਇੰਦਿਆਂ ਸਮੇਤ ਦੋਹਾਂ ਦੇਸ਼ਾਂ ਦੀ ਸਿੱਖ ਸੰਗਤ ਨੇ ਇਸ 'ਚ ਭਰਵੀਂ ਸ਼ਮੂਲੀਅਤ ਕੀਤੀ।

ਦੇਸ਼ ਦੀ ਵੰਡ ਮਗਰੋਂ 72 ਸਾਲਾਂ 'ਚ ਇਹ ਪਹਿਲਾ ਮੌਕਾ ਸੀ ਜਦੋਂ ਨਨਕਾਣਾ ਸਾਹਿਬ ਤੋਂ ਨਗਰ ਕੀਰਤਨ ਆਰੰਭ ਹੋ ਕੇ ਭਾਰਤ ਪੁੱਜਾ ਹੈ। ਪਾਕਿਸਤਾਨ ਦੇ ਸਿੱਖ ਨੌਜਵਾਨਾਂ ਨੇ ਗਤਕੇ ਦੇ ਜੌਹਰ ਦਿਖਾਏ ਅਤੇ ਹੋਰ ਬੱਚੇ ਖਾਲਸਾਈ ਬਾਣੇ ਵਿਚ ਤਿਆਰ ਸਨ। ਪਾਕਿਸਤਾਨੀ ਪੁਲਿਸ ਦੇ ਬੈਂਡ ਵੱਲੋਂ ਗੁਰਬਾਣੀ ਦੀਆਂ ਧੁਨਾਂ ਦਾ ਗਾਇਨ ਕੀਤਾ ਗਿਆ ਅਤੇ ਸਲਾਮੀ ਦਿੱਤੀ। ਔਕਾਫ ਬੋਰਡ ਦੇ ਸਕੱਤਰ ਤਾਰਿਕ ਵਜ਼ੀਰ ਖਾਂ ਤੇ ਇਮਰਾਨ ਗੋਂਦਲ, ਪੀ.ਜੀ.ਪੀ.ਸੀ. ਦੇ ਪ੍ਰਧਾਨ ਸਤਵੰਤ ਸਿੰਘ ਅਤੇ ਹੋਰ ਸਿੱਖ ਆਗੂਆਂ ਨੇ ਨਗਰ ਕੀਰਤਨ ਵਿਚ ਸ਼ਮੂਲੀਅਤ ਕੀਤੀ। ਨਗਰ ਕੀਰਤਨ ਦਾ ਵੱਡਾ ਕਾਫਲਾ ਜਦੋਂ ਰਵਾਨਾ ਹੋਇਆ ਤਾਂ ਸਥਾਨਕ ਲੋਕ ਵੀ ਨਤਮਸਤਕ ਹੋਏ। ਸਾਰੇ ਰਸਤੇ ਵਿਚ ਗੁਲਾਬ ਦੇ ਫੁੱਲਾਂ ਦੀ ਵਰਖਾ ਕੀਤੀ ਗਈ। ਨਗਰ ਕੀਰਤਨ ਦੇ ਸਮੁੱਚੇ ਰਸਤੇ ਵਿਚ ਪਾਕਿਸਤਾਨ ਸਰਕਾਰ ਵੱਲੋਂ ਸੁਰੱਖਿਆ ਦੇ ਪੁਖਤਾ ਪ੍ਰਬੰਧ ਕੀਤੇ ਗਏ ਸਨ। ਸੁਰੱਖਿਆ ਵਾਹਨ ਕਾਫਲੇ ਦੇ ਨਾਲ ਨਾਲ ਸਰਹੱਦ ਤੱਕ ਆਏ।

ਇਹ ਨਗਰ ਕੀਰਤਨ ਪੰਜ ਤਖਤ ਸਾਹਿਬਾਨ ਦੀ ਯਾਤਰਾ ਕਰਦਾ ਹੋਇਆ ਗੁਰੂ ਜੀ ਦੇ ਪ੍ਰਕਾਸ਼ ਉਤਸਵ ਸਮੇਂ ਸੁਲਤਾਨਪੁਰ ਲੋਧੀ ਪੁੱਜੇਗਾ। ਸੁਲਤਾਨਪੁਰ ਲੋਧੀ ਉਹ ਅਸਥਾਨ ਹੈ ਜਿਥੇ ਗੁਰੂ ਨਾਨਕ ਦੇਵ ਜੀ ਨੇ ਕਾਫੀ ਵਰ੍ਹੇ ਬਿਤਾਏ। ਇਸ ਅਸਥਾਨ ਤੋਂ ਹੀ ਉਨ੍ਹਾਂ ਦੇ ਮਨ ਵਿਚ ਰੌਸ਼ਨੀ ਪੈਦਾ ਹੋਈ ਸੀ, ਜਿਸ ਨੂੰ ਜਗਤ ਤਾਰਨ ਵਾਲੀ ਕਿਹਾ ਜਾਂਦਾ ਹੈ। ਆਪਣੀ ਹਯਾਤੀ ਦੇ ਅਗਲੇ ਸਾਰੇ ਵਰ੍ਹੇ ਇਸ ਮਹਾਨ ਸ਼ਖਸੀਅਤ ਵੱਲੋਂ ਇਕ ਉੱਜਵਲ ਭਾਵਨਾ ਨਾਲ ਦੇਸ਼/ਦਿਸ਼ਾਂਤਰਾਂ ਦਾ ਦੌਰਾ ਕਰਕੇ ਪਿਆਰ ਸਦਭਾਵਨਾ ਅਤੇ ਬਰਾਬਰਤਾ ਦਾ ਸੰਦੇਸ਼ ਲੋਕਾਈ ਨੂੰ ਦੇਣ ਦਾ ਯਤਨ ਕੀਤਾ। ਇਹ ਨਗਰ ਕੀਰਤਨ ਪਹਿਲੀ ਅਗਸਤ ਨੂੰ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਤੋਂ ਆਰੰਭ ਹੋਇਆ ਅਤੇ ਭਾਰਤ ਵਿਚ ਦਾਖਲ ਹੋ ਕੇ ਇਹ ਦੇਸ਼ ਦੇ 17 ਸੂਬਿਆਂ ਵਿਚੋਂ ਲੰਘਦਾ ਹੋਇਆ ਲਗਭਗ 65 ਸ਼ਹਿਰਾਂ ਵਿਚ ਜਾਵੇਗਾ ਅਤੇ ਉਨ੍ਹਾਂ ਗੁਰਧਾਮਾਂ ਤੋਂ ਹੋ ਕੇ ਅਗਾਂਹ ਲੰਘੇਗਾ, ਜਿਥੇ ਗੁਰੂ ਨਾਨਕ ਦੇਵ ਨੇ ਆਪਣੀਆਂ ਉਦਾਸੀਆਂ ਦੌਰਾਨ ਯਾਤਰਾ ਕੀਤੀ ਸੀ। ਇਸ ਨਗਰ ਕੀਰਤਨ ਨੂੰ ਭਾਰਤ ਵਿਚ ਦਾਖਲ ਹੋਣ ਮਗਰੋਂ ਸੰਗਤ ਦਾ ਸੈਲਾਬ ਦਰਸ਼ਨਾਂ ਲਈ ਉਮੜ ਆਇਆ ਹੈ, ਜਿਸ ਕਾਰਨ ਇਹ ਨਗਰ ਕੀਰਤਨ ਇਕ ਪੜਾਅ ਤੋਂ ਦੂਜੇ ਪੜਾਅ ਤੱਕ ਪੁੱਜਣ ਵਿੱਚ ਦੇਰ ਹੋ ਰਹੀ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਦੱਸਿਆ ਕਿ ਸੰਗਤ ਦੇ ਵੱਡੇ ਉਤਸ਼ਾਹ ਨੂੰ ਦੇਖਦਿਆਂ ਅਤੇ ਨਗਰ ਕੀਰਤਨ ਦੀ ਰਫਤਾਰ ਘੱਟ ਹੋਣ ਕਾਰਨ ਸ਼੍ਰੋਮਣੀ ਕਮੇਟੀ ਵੱਲੋਂ ਪ੍ਰਬੰਧਕੀ ਅਮਲੇ ਦੀ ਗਿਣਤੀ ਵਿੱਚ ਵਾਧਾ ਕਰ ਦਿੱਤਾ ਗਿਆ ਹੈ। ਹੁਣ ਨਗਰ ਕੀਰਤਨ ਨਾਲ ਅਧਿਕਾਰੀ ਤੇ ਕਰਮਚਾਰੀ ਦੋ ਸ਼ਿਫਟਾਂ ਵਿਚ ਡਿਊਟੀ ਨਿਭਾਅ ਰਹੇ ਹਨ।

ਨਗਰ ਕੀਰਤਨ ਵਿਚ ਸ਼ਾਮਲ ਪਾਵਨ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ, ਗੁਰੂਆਂ ਦੇ ਸ਼ਸਤਰ ਤੇ ਵਸਤਰਾਂ ਵਾਲੀ ਬੱਸ ਵਿਸ਼ੇਸ਼ ਖਿੱਚ ਦਾ ਕੇਂਦਰ ਬਣੀ ਹੋਈ ਹੈ। ਸੰਗਤ ਥਾਂ-ਥਾਂ ਨਗਰ ਕੀਰਤਨ ਦਾ ਸਵਾਗਤ ਕਰ ਰਹੀਆਂ ਸਨ। ਨਗਰ ਕੀਰਤਨ ਦੀ ਅਗਲੇ ਪੜਾਅ ਲਈ ਰਵਾਨਗੀ ਮੌਕੇ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ ਨੇ ਪਾਵਨ ਸਰੂਪ ਨੂੰ ਸੁੰਦਰ ਫੁੱਲਾਂ ਨਾਲ ਸਜੀ ਪਾਲਕੀ ਵਿਚ ਸੁਸ਼ੋਭਿਤ ਕੀਤਾ। ਇਸ ਮੌਕੇ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ, ਅਕਾਲ ਤਖਤ ਦੇ ਹੈੱਡ ਗ੍ਰੰਥੀ ਗਿਆਨੀ ਮਲਕੀਤ ਸਿੰਘ, ਗਿਆਨੀ ਗੁਰਮੁਖ ਸਿੰਘ ਸਣੇ ਵੱਡੀ ਗਿਣਤੀ ਵਿਚ ਸ਼੍ਰੋਮਣੀ ਕਮੇਟੀ ਮੈਂਬਰ ਅਤੇ ਸੰਗਤ ਹਾਜ਼ਰ ਸੀ। ਨਗਰ ਕੀਰਤਨ ਨੂੰ ਹਰਿਮੰਦਰ ਸਾਹਿਬ ਪ੍ਰਵੇਸ਼ ਦੁਆਰ ਪਲਾਜ਼ਾ ਤੋਂ ਜੈਕਾਰਿਆਂ ਦੀ ਗੂੰਜ ਅਤੇ ਫੁੱਲਾਂ ਦੀ ਵਰਖਾ ਨਾਲ ਅਗਲੇ ਪੜਾਅ ਲਈ ਰਵਾਨਾ ਕੀਤਾ ਗਿਆ।




### ਗੋਪਾਲ ਚਾਵਲਾ ਨੇ ਸਿੱਖ ਆਗੂਆਂ ਨਾਲ ਮੰਚ ਸਾਂਝਾ ਕੀਤਾ

**ਨਨਕਾਣਾ ਸਾਹਿਬ:** ਖਾਲਿਸਤਾਨੀ ਸਮਰਥਕ ਤੇ ਸਿੱਖ ਆਗੂ ਗੋਪਾਲ ਸਿੰਘ ਚਾਵਲਾ ਨੇ ਗੁਰਦੁਆਰਾ ਨਨਕਾਣਾ ਸਾਹਿਬ ਵਿਖੇ ਨਗਰ ਕੀਰਤਨ ਸਬੰਧੀ ਸਮਾਗਮ ਦੌਰਾਨ ਸਿੱਖ ਆਗੂਆਂ ਨਾਲ ਮੰਚ ਸਾਂਝਾ ਕੀਤਾ। ਸਮਾਗਮ ਦੌਰਾਨ ਕਈ ਸਿੱਖ ਆਗੂਆਂ ਵੱਲੋਂ ਕੀਤੇ ਸੰਬੋਧਨ ਦੌਰਾਨ ਉਹ ਮੰਚ 'ਤੇ ਉਨ੍ਹਾਂ ਨਾਲ ਹੀ ਖੜ੍ਹੇ ਸਨ। ਬੀਤੇ ਦਿਨ ਉਹ ਉਸ ਵੇਲੇ ਚਰਚਾ ਵਿਚ ਆਏ ਸਨ, ਜਦੋਂ ਉਨ੍ਹਾਂ ਦਿੱਲੀ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੂੰ ਮਿਲਣ ਦਾ ਯਤਨ ਕੀਤਾ। ਇਸ ਸਬੰਧੀ ਉਨ੍ਹਾਂ ਦੀ ਇਕ ਫੋਟੋ ਸੋਸ਼ਲ ਮੀਡੀਆ 'ਤੇ ਵੀ ਵਾਇਰਲ ਹੋਈ। ਸਿਰਸਾ ਨੇ ਆਖਿਆ ਕਿ ਚਾਵਲਾ ਉਨ੍ਹਾਂ ਨੂੰ ਮਿਲਣ ਆਏ ਸਨ ਪਰ ਉਨ੍ਹਾਂ ਮੁਲਾਕਾਤ ਕਰਨ ਤੋਂ ਨਾਂਹ ਕਰ ਦਿੱਤੀ ਪਰ ਇਸ ਦੌਰਾਨ ਉਸ ਨੇ ਫੋਟੋ ਖਿਚਵਾ ਲਈ। ਭਾਰਤ ਸਰਕਾਰ ਨੇ ਵੀ ਇਸ ਖਾਲਿਸਤਾਨੀ ਸਮਰਥਕ ਸਿੱਖ ਆਗੂ ਖਿਲਾਫ ਪਾਕਿਸਤਾਨ ਸਰਕਾਰ ਕੋਲ ਰੋਸ ਜਤਾਇਆ ਸੀ। ਉਹ ਪਹਿਲਾਂ ਪੀ.ਜੀ.ਪੀ.ਸੀ. ਦੇ ਅਹੁਦੇਦਾਰ ਵੀ ਸਨ ਅਤੇ ਕਰਤਾਰਪੁਰ ਲਾਂਘੇ ਸਬੰਧੀ ਬਣਾਈ ਕਮੇਟੀ ਵਿਚ ਉਨ੍ਹਾਂ ਨੂੰ ਸ਼ਾਮਲ ਕੀਤਾ ਗਿਆ ਸੀ ਪਰ ਭਾਰਤ ਸਰਕਾਰ ਵੱਲੋਂ ਪ੍ਰਗਟਾਏ ਵਿਰੋਧ ਮਗਰੋਂ ਉਸ ਨੂੰ ਇਸ ਕਮੇਟੀ ਵਿਚੋਂ ਬਾਹਰ ਕਰ ਦਿੱਤਾ ਗਿਆ ਸੀ।

# ਪੰਜਾਬੀਆਂ ਦਾ ਲਾਹੌਰ ਨਾਲ ਮੋਹ: ਪਾਕਿਸਤਾਨ ਦੇ ਡਾਕ ਘਰਾਂ 'ਚ ਪਿਆਰ ਭਰੀਆਂ ਚਿੱਠੀਆਂ ਦਾ ਹੜ੍ਹ

**ਚੰਡੀਗੜ੍ਹ:** ਪੰਜਾਬੀਆਂ ਵੱਲੋਂ ਇਕ ਕਮਾਲ ਦੀ ਮੁਹਿੰਮ ਸ਼ੁਰੂ ਕੀਤੀ ਗਈ ਹੈ। ਬਹੁਤ ਸਾਰੇ ਪੰਜਾਬੀ ਪਾਕਿਸਤਾਨ ਵਿਚ ਲਾਹੌਰ ਡਾਕਘਰ ਦੇ ਪਤੇ ਉਤੇ ਪਿਆਰ ਭਰੇ ਅਤੇ ਦਿੱਲੀ ਖਿੱਚ ਨਾਲ ਲਬਰੇਜ਼ ਚਿੱਠੀਆਂ ਪਾ ਰਹੇ ਹਨ। ਇਨ੍ਹਾਂ ਵਿਚ ਪਿਆਰ ਅਤੇ ਅਮਨ ਦਾ ਸੰਦੇਸ਼ ਦਿੱਤਾ ਜਾ ਰਿਹਾ ਹੈ।

'ਲਾਹੌਰ ਨੂੰ ਪਿਆਰ ਭਰੀ ਡਾਕ' ਸਿਰਲੇਖ ਤਹਿਤ ਆਰੰਭੀ ਮੁਹਿੰਮ ਦਾ ਸਿਹਰਾ ਚੰਡੀਗੜ੍ਹ ਦੀ ਕਵਿੱਤਰੀ ਅਤੇ ਅਧਿਆਪਕਾ ਐਮੀ ਸਿੰਘ ਨੂੰ ਜਾਂਦਾ ਹੈ। ਉਹ ਪਿਛਲੇ ਤਿੰਨ ਸਾਲ ਤੋਂ ਆਪਣੇ ਪੱਧਰ ਉਤੇ ਹੀ ਲਾਹੌਰ ਡਾਕਘਰ ਦੇ ਪਤੇ ਉਤੇ ਪਿਆਰ ਦੀਆਂ ਭਾਵਨਾਵਾਂ ਵਾਲੇ ਪੱਤਰ ਲਿਖ ਰਹੀ ਹੈ। ਇਹ ਮੁਹਿੰਮ ਪਿਛਲੇ ਤਿੰਨ ਦਿਨ ਤੋਂ ਉਦੋਂ ਜ਼ੋਰ ਫੜ ਗਈ ਜਦੋਂ ਹੈ ਉਸ ਨੇ ਲੋਕਾਂ ਨੂੰ ਸੋਸ਼ਲ ਮੀਡੀਆ ਉਤੇ ਸੁਨੇਹਾ ਦਿੱਤਾ ਕਿ ਉਹ ਆਪਣੇ ਦਿਲਾਂ ਵਿਚ ਅਤਿ ਦੇ ਪਿਆਰ ਪੁਜਾਰੀ ਬਣਨ ਨਾ ਕਿ ਹਿੰਸਾ ਦੇ ਸ਼ਿਕਾਰੀ।




ਐਮੀ ਸਿੰਘ ਨੇ ਦੱਸਿਆ ਕਿ ਉਸ ਦਾ ਲਾਹੌਰ ਦੇ ਨਾਲ ਕੋਈ ਸਿੱਧਾ ਸਬੰਧ ਨਹੀਂ ਹੈ ਪਰ ਉਹ ਆਪਣੀਆਂ ਭਾਵਨਾਵਾਂ ਅਤੇ ਵੱਖ ਵੱਖ ਹੋਏ ਪ੍ਰਦੇਸ਼ਾਂ ਦੀਆਂ ਭਾਵਨਾਵਾਂ ਦਾ ਪ੍ਰਗਟਾਵਾ ਕਰਨਾ ਚਾਹੁੰਦੀ ਸੀ, ਇਸ ਦੇ ਲਈ ਉਸ ਨੇ ਲਾਹੌਰ ਡਾਕਘਰ ਦੇ ਪਤੇ ਉੱਤੇ ਪੱਤਰ ਪਾਉਣ ਦਾ ਰਸਤਾ ਚੁਣਿਆ। ਉਸ ਨੇ ਕਿਹਾ ਕਿ ਭਾਵੇਂ ਕਿ ਉਸ ਦੇ ਕਿਸੇ ਪੱਤਰ ਦਾ ਜਵਾਬ ਨਹੀਂ ਆਇਆ ਪਰ ਇਹ ਲਹਿਰ ਉਦੋਂ ਜ਼ੋਰ ਫੜ ਗਈ ਜਦੋਂ ਉਸ ਨੇ ਇੰਟਰਨੈੱਟ ਉੱਤੇ ਪੱਤਰ ਪੋਸਟ ਕਰਕੇ ਦੂਜਿਆਂ ਨੂੰ ਵੀ ਅਜਿਹਾ ਕਰਨ ਦਾ ਸੱਦਾ ਦਿੱਤਾ। ਉਸ ਨੂੰ ਪਾਕਿਸਤਾਨ ਤੋਂ ਥੋੜ੍ਹੇ ਸਮੇਂ ਵਿਚ ਹੀ ਜਵਾਬ ਆ ਗਿਆ ਕਿ ਉਹ ਡਾਕਘਰ ਤੋਂ ਪੱਤਰ ਹਾਸਲ ਕਰਕੇ ਜਵਾਬ ਘੱਲਣਗੇ। ਇਸ ਦੇ ਨਾਲ ਹੀ ਹਰਿਆਣਾ ਅਤੇ ਪੰਜਾਬ ਵਿਚੋਂ ਅਨੇਕਾਂ ਲੋਕਾਂ ਨੇ ਉਸ ਦੇ ਸੱਦੇ ਨੂੰ ਕਬੂਲਿਆ ਅਤੇ ਲਾਹੌਰ ਡਾਕਘਰ ਦੇ ਪਤੇ ਉਤੇ ਪੱਤਰ ਭੇਜਣੇ ਸ਼ੁਰੂ ਕਰ ਦਿੱਤੇ ਅਤੇ ਇਨ੍ਹਾਂ ਨੂੰ ਇੰਟਰਨੈੱਟ ਉਤੇ ਵੀ ਸ਼ੇਅਰ ਕੀਤਾ। ਇਥੇ ਹੀ ਨਹੀਂ ਅੰਬਾਲਾ ਦੇ ਪੀਕੇਆਰ ਜੈਨ ਸਕੂਲ, ਜਿਸ ਦੇ ਪ੍ਰਿੰਸੀਪਲ ਸ੍ਰੀਮਤੀ ਉਮਾ ਸ਼ਰਮਾ ਹਨ, ਨੇ ਵਾਅਦਾ ਕੀਤਾ ਕਿ ਆਪਣੇ ਦੋ ਹਜ਼ਾਰ ਬੱਚਿਆਂ ਤੋਂ ਪੱਤਰ ਲਿਖਾਉਣਗੇ। ਟੋਹਾਣਾ ਤੋਂ ਇਕ ਵਿਕਰਮ ਨਾਂ ਦੇ ਨੌਜਵਾਨ ਨੇ ਲਾਹੌਰ ਡਾਕਘਰ ਨੂੰ ਪੱਤਰ ਪਾ ਕੇ ਉਸ ਨੂੰ ਇਕ ਕਾਪੀ ਵੀ ਭੇਜ ਦਿੱਤੀ। ਹੈਰਾਨੀ ਦੀ ਗੱਲ ਇਹ ਹੈ ਕਿ ਬਹੁਤ ਸਾਰੇ ਨੌਜਵਾਨ ਜਿਨ੍ਹਾਂ ਨੂੰ ਦੇਸ਼ ਵੰਡ ਦੇ ਦਰਦ ਦਾ ਅਹਿਸਾਸ ਵੀ ਨਹੀਂ ਅਤੇ ਨਾ ਹੀ ਉਹ ਲਾਹੌਰ ਬਾਰੇ ਕੁਝ ਜਾਣਦੇ ਹਨ, ਨੇ ਪੱਤਰ ਲਿਖੇ ਅਤੇ ਜਾਂ ਫਿਰ ਇਸ ਮੁਹਿੰਮ ਦਾ ਪ੍ਰਸ਼ੰਸਾ ਕੀਤੀ। ਐਮੀ ਦੇ ਅਨੁਸਾਰ ਉਸ ਨੇ ਆਪਣੀ ਦਾਦੀ ਕੋਲੋਂ ਲਾਹੌਰ ਦੀ ਸੁੰਦਰਤਾ, ਪਿਆਰ ਅਤੇ ਤਹਿਜ਼ੀਬ ਭਰੇ ਸਭਿਆਚਾਰ ਦੀਆਂ ਅਨੇਕਾਂ ਕਹਾਣੀਆਂ ਸੁਣੀਆਂ ਸਨ।

ਉਸ ਨੇ ਦੱਸਿਆ ਕਿ ਉਹ ਕਦੇ ਲਾਹੌਰ ਨਹੀਂ ਗਈ, ਪਰ ਤਿੰਨ ਸਾਲ ਪਹਿਲਾਂ ਉਸ ਨੂੰ ਉਦੋਂ ਲਾਹੌਰ ਦੇ ਨਾਲ ਖਿੱਚ ਮਹਿਸੂਸ ਹੋਈ ਜਦੋਂ ਇਕ ਪ੍ਰਸਿੱਧ ਰੈਸਟੋਰੈਂਟ ਨੇ ਇਕ ਫੂਡ ਪਾਰਕ ਦਾ ਨਾਂ ਲਾਹੌਰ ਚੌਕ ਤੋਂ ਬਦਲ ਕੇ ਕਿਸੇ ਇਸ ਨੂੰ ਕਿਸੇ ਹੋਰ ਸ਼ਹਿਰ ਦਾ ਨਾਂ ਦੇ ਦਿੱਤਾ। ਇਸ ਦੌਰਾਨ ਉਸ ਨੇ ਲਾਹੌਰ ਪ੍ਰਤੀ ਆਪਣੀ ਸਿੱਕ ਨੂੰ ਮਹਿਸੂਸ ਕਰਦਿਆਂ ਪਹਿਲਾ ਪੱਤਰ ਲਿਖਿਆ।

# ਦਮਦਮੀ ਟਕਸਾਲ ਤੇ ਨਿਹੰਗ ਸਿੰਘਾਂ 'ਚ ਖੂਨੀ ਟਕਰਾਅ

**ਰਈਆ:** ਦਮਦਮੀ ਟਕਸਾਲ ਜਥਾ ਭਿੰਡਰਾਂ ਮਹਿਤਾ ਦੀਆਂ ਪੈਲੀਆਂ 'ਚ ਜਬਰਦਸਤੀ ਗਊਆਂ ਵਾੜਨ ਨੂੰ ਲੈ ਕੇ ਨਿਹੰਗ ਸਿੰਘ ਜਥਾ (ਗਾਵਾਂ ਵਾਲੇ) ਦੇ ਸੇਵਾਦਾਰਾਂ ਅਤੇ ਦਮਦਮੀ ਟਕਸਾਲ ਦੇ ਸਿੰਘਾਂ 'ਚ ਟਕਰਾਅ ਹੋ ਗਿਆ। ਝੜਪ ਦੌਰਾਨ ਦੋਵੇਂ ਧੜਿਆਂ ਦੇ ਕਈ ਵਿਅਕਤੀ ਜ਼ਖਮੀ ਹੋਏ ਹਨ।

ਬਾਬਾ ਭਰਥ ਸਿੰਘ ਦੀ ਅਗਵਾਈ ਮਹਿਤਾ ਪੁੱਜਾ ਹਜ਼ਾਰਾਂ ਗਊਆਂ ਦਾ ਵੱਡਾ ਕਾਫਲਾ ਦਮਦਮੀ ਟਕਸਾਲ ਦੀ ਪੈਲੀਆਂ 'ਚ ਵੜ ਗਿਆ ਤੇ ਝੋਨੇ ਦੀ ਫਸਲ ਨੂੰ ਚਰਨ ਲੱਗ ਗਿਆ। ਨੁਕਸਾਨ ਹੁੰਦਾ ਦੇਖ ਕੇ ਦਮਦਮੀ ਟਕਸਾਲ ਦੇ ਸਿੰਘਾਂ ਨੇ ਗਾਈਆਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ, ਜਿਸ ਨੂੰ ਲੈ ਕੇ ਝੁੰਡ ਨਾਲ ਆਏ ਸੇਵਾਦਾਰਾਂ ਦੀ ਸਿੰਘਾਂ ਨਾਲ ਤਕਰਾਰ ਹੋ ਗਈ ਜੋ ਦੇਖਦੇ ਹੀ ਦੇਖਦੇ ਖੂਨੀ ਝੜਪ ਦਾ ਰੂਪ ਧਾਰਨ ਕਰ ਗਈ। ਦੋਵੇਂ ਧਿਰਾਂ 'ਚ ਇੱਟਾਂ-ਰੋੜੇ ਤੇ ਡਾਂਗ ਸੋਟਾ ਵੀ ਚੱਲਿਆ। ਪੁਲਿਸ ਦੇ ਉੱਚ ਅਧਿਕਾਰੀ ਮੌਕੇ 'ਤੇ ਪਹੁੰਚ ਕੇ ਦੋਵਾਂ ਧਿਰਾਂ ਨੂੰ ਸ਼ਾਂਤ ਕੀਤਾ।

# ਪਾਕਿਸਤਾਨੀ ਸਿੱਖਾਂ ਵੱਲੋਂ ਮੂਲ ਨਾਨਕਸ਼ਾਹੀ ਕੈਲੰਡਰ ਲਾਗੂ ਕਰਨ ਦੀ ਮੰਗ

**ਨਨਕਾਣਾ ਸਾਹਿਬ:** ਗੁਰਦੁਆਰਾ ਨਨਕਾਣਾ ਸਾਹਿਬ ਵਿਖੇ ਅੰਤਰਰਾਸ਼ਟਰੀ ਨਗਰ ਕੀਰਤਨ ਦੀ ਸ਼ੁਰੂਆਤ ਮੌਕੇ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਮੁੜ ਲਾਗੂ ਕਰਨ ਦਾ ਮੁੱਦਾ ਉੱਭਰਿਆ। ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂਆਂ ਨੇ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਅਪੀਲ ਕੀਤੀ ਕਿ ਇਸ ਕੈਲੰਡਰ ਨੂੰ ਮੁੜ ਲਾਗੂ ਕੀਤਾ ਜਾਵੇ ਤਾਂ ਜੋ ਗੁਰਪੁਰਬ ਦੀਆਂ ਤਰੀਕਾਂ ਸਬੰਧੀ ਵਿਵਾਦ ਖਤਮ ਹੋ ਸਕੇ। ਗਿਆਨੀ ਹਰਪ੍ਰੀਤ ਸਿੰਘ ਨੇ ਪਾਕਿਸਤਾਨੀ ਸਿੱਖ ਸੰਗਤ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਦੀਆਂ ਸਮੱਸਿਆਵਾਂ ਹੱਲ ਕਰਨ ਲਈ ਜਲਦੀ ਠੋਸ ਉਪਰਾਲੇ ਹੋਣਗੇ। ਉਨ੍ਹਾਂ ਐਲਾਨ ਕੀਤਾ ਕਿ ਅਗਲੇ ਵਰ੍ਹੇ ਗੁਰੂ ਅਰਜਨ ਦੇਵ ਦਾ ਸ਼ਹੀਦੀ ਦਿਹਾੜਾ ਲਾਹੌਰ ਸਥਿਤ ਗੁਰਦੁਆਰਾ ਡੇਰਾ ਸਾਹਿਬ ਵਿਖੇ ਭਾਰਤ ਅਤੇ ਪਾਕਿਸਤਾਨ ਦੀਆਂ ਸਿੱਖ ਸੰਗਤਾਂ ਇਕੱਠਿਆਂ ਮਨਾਉਣਗੀਆਂ।

ਨਗਰ ਕੀਰਤਨ ਦੀ ਸ਼ੁਰੂਆਤ ਵੇਲੇ ਕੀਤੇ ਸਮਾਗਮ ਦੌਰਾਨ ਪਾਕਿਸਤਾਨ ਕਮੇਟੀ ਦੇ ਸਕੱਤਰ ਜਨਰਲ ਅਮੀਰ ਸਿੰਘ ਅਤੇ ਮੈਂਬਰ ਡਾ. ਮਹੀਪਾਲ ਸਿੰਘ ਨੇ ਇਹ ਮਾਮਲਾ ਸਮੁੱਚੀ ਸੰਗਤ ਦੀ ਹਾਜ਼ਰੀ ਵਿਚ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ ਧਿਆਨ ਵਿਚ ਲਿਆਂਦਾ। ਦੋਵਾਂ ਆਗੂਆਂ ਨੇ ਆਖਿਆ ਕਿ ਕੈਲੰਡਰ ਸਬੰਧੀ ਮਤਭੇਦ ਕਾਰਨ ਕਈ ਗੁਰਪੁਰਬ ਇਕੱਠੇ ਨਹੀਂ ਮਨਾਏ ਜਾ ਸਕੇ।

ਡਾ. ਮਹੀਪਾਲ ਸਿੰਘ ਨੇ ਆਖਿਆ ਕਿ ਉਨ੍ਹਾਂ ਨੇ ਪਾਕਿਸਤਾਨ ਸਰਕਾਰ ਕੋਲ ਇਹ ਮਾਮਲਾ ਰੱਖਿਆ ਹੈ ਕਿ ਗੁਰੂ ਨਾਨਕ ਦੇਵ ਦੇ ਪ੍ਰਕਾਸ਼ ਪੁਰਬ ਮੌਕੇ ਸਰਕਾਰੀ ਛੁੱਟੀ ਕੀਤੀ ਜਾਵੇ। ਸਰਕਾਰ ਨੇ ਇਸ ਸਬੰਧੀ ਤਰੀਕ ਦੱਸਣ ਦੀ ਮੰਗ ਕੀਤੀ ਹੈ ਪਰ ਪਾਕਿਸਤਾਨੀ ਸਿੱਖਾਂ ਕੋਲ ਗੁਰਪੁਰਬ ਸਬੰਧੀ ਕੋਈ ਪੱਕੀ ਤਰੀਕ ਨਹੀਂ ਹੈ। ਉਨ੍ਹਾਂ ਅਪੀਲ ਕੀਤੀ ਕਿ ਗੁਰਪੁਰਬਾਂ ਦੀਆਂ ਪੱਕੀਆਂ ਤਰੀਕਾਂ ਨਿਰਧਾਰਤ ਕੀਤੀਆਂ ਜਾਣ।

## ਗੁਰਦੁਆਰਾ ਚੋਆ ਸਾਹਿਬ ਸੰਗਤ ਲਈ ਖੋਲ੍ਹਿਆ

**ਅੰਮ੍ਰਿਤਸਰ:** ਪਾਕਿਸਤਾਨ ਦੇ ਜ਼ਿਲ੍ਹਾ ਜੇਹਲਮ ਵਿਚ ਆਉਂਦੇ ਗੁਰਦੁਆਰਾ ਚੋਆ ਸਾਹਿਬ ਦੀ ਇਮਾਰਤ ਸਿੱਖ ਸੰਗਤ ਵਾਸਤੇ ਖੋਲ੍ਹ ਦਿੱਤੀ ਗਈ ਹੈ। ਇਸ ਦਾ ਉਦਘਾਟਨ ਔਕਾਫ ਬੋਰਡ ਦੇ ਚੇਅਰਮੈਨ ਡਾ. ਆਮਿਰ ਅਹਿਮਦ ਅਤੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਵੇਂ ਬਣੇ ਪ੍ਰਧਾਨ ਸਤਵੰਤ ਸਿੰਘ ਵੱਲੋਂ ਕੀਤਾ ਗਿਆ।

ਇਹ ਗੁਰਦੁਆਰਾ ਜ਼ਿਲ੍ਹਾ ਜੇਹਲਮ ਨੂੰ ਜਾਂਦੇ ਸ਼ਾਹ ਰਾਹ ਤੋਂ ਕੁਝ ਕਿਲੋਮੀਟਰ ਦੂਰ ਝੀਲ ਦੇ ਨੇੜੇ ਬਣਿਆ ਹੋਇਆ ਹੈ ਅਤੇ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਹੈ। ਦੱਸਿਆ ਜਾਂਦਾ ਹੈ ਕਿ ਗੁਰੂ ਨਾਨਕ ਦੇਵ ਜਦੋਂ ਮੱਕੇ ਵੱਲ ਗਏ ਸਨ ਤਾਂ ਉਨ੍ਹਾਂ ਕੁਝ ਸਮਾਂ ਇੱਥੇ ਰੁਕ ਕੇ ਆਰਾਮ ਕੀਤਾ ਸੀ।

# ਜਥੇਦਾਰ ਵੱਲੋਂ ਪਾਕਿਸਤਾਨੀ ਸਿੱਖਾਂ ਦੀਆਂ ਮੁਸ਼ਕਿਲਾਂ ਦੇ ਹੱਲ ਦਾ ਭਰੋਸਾ

**ਅੰਮ੍ਰਿਤਸਰ:** ਕੌਮਾਂਤਰੀ ਨਗਰ ਕੀਰਤਨ ਦੀ ਆਰੰਭਤਾ ਮੌਕੇ ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਵਿਖੇ ਦੋਵਾਂ ਮੁਲਕਾਂ ਤੋਂ ਪੁੱਜੀ ਸੰਗਤ ਨੂੰ ਸੰਬੋਧਨ ਕਰਦਿਆਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਪਾਕਿਸਤਾਨ ਵਸਦੇ ਸਿੱਖਾਂ ਤੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਦਰਪੇਸ਼ ਧਾਰਮਿਕ ਮਸਲੇ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਵਿਚਾਰ ਕੇ ਉਨ੍ਹਾਂ ਦਾ ਜਲਦ ਹੱਲ ਕੱਢਿਆ ਜਾਵੇਗਾ। ਉਨ੍ਹਾਂ ਪਾਕਿ ਪ੍ਰਬੰਧਕ ਕਮੇਟੀ ਵੱਲੋਂ ਇਸ ਮੌਕੇ ਮੂਲ ਨਾਨਕਸ਼ਾਹੀ ਕੈਲੰਡਰ ਵਿਵਾਦ ਨੂੰ ਹੱਲ ਕਰਨ ਦੀ ਕੀਤੀ ਅਪੀਲ 'ਤੇ ਪ੍ਰਤੀਕਰਮ ਪ੍ਰਗਟ ਕਰਦਿਆਂ ਕਿਹਾ ਕਿ ਜੇ ਵਾਹਿਗੁਰੂ ਨੇ ਚਾਹਿਆ ਤਾਂ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ (ਜੋ ਕਿ ਅਕਸਰ ਸ਼੍ਰੋਮਣੀ ਕਮੇਟੀ ਤੇ ਪਾਕਿ ਸਿੱਖ ਕਮੇਟੀ ਦਰਮਿਆਨ ਵਿਵਾਦ ਦਾ ਕਾਰਨ ਬਣਦਾ ਹੈ) ਅਗਲੇ ਸਾਲ ਸ੍ਰੀ ਅਕਾਲ ਤਖਤ ਸਾਹਿਬ ਦੀ ਸਰਪ੍ਰਸਤੀ ਹੇਠ ਸ਼੍ਰੋਮਣੀ ਕਮੇਟੀ, ਦਿੱਲੀ ਕਮੇਟੀ ਤੇ ਪਾਕਿ ਕਮੇਟੀ ਸਮੇਤ ਸਮੂਹ ਸਿੱਖ ਜਥੇਬੰਦੀਆਂ ਵੱਲੋਂ ਗੁਰਦੁਆਰਾ ਡੇਹਰਾ ਸਾਹਿਬ ਵਿਖੇ ਸਾਂਝੇ ਤੌਰ 'ਤੇ ਮਿਲ ਕੇ ਮਨਾਇਆ ਜਾਵੇਗਾ।

**Punjab Times**

**Established in 2000**
**20th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**California**
Shiara Dhindsa
661-703-6664
**New York**
Iqbal S. Jabowalia
917-375-6395
**Circulation**
Harbhajan Singh
917-856-5229
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਵਿਰੋਧੀ ਧਿਰਾਂ ਨੇ ਵਿਧਾਨ ਸਭਾ ਦੇ ਬਾਹਰ ਹੀ ਰੌਲਾ ਪਾ ਕੇ ਨਿਬੇੜਿਆ ਸੈਸ਼ਨ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦਾ ਮਾਨਸੂਨ ਸੈਸ਼ਨ ਹੰਗਾਮਿਆਂ ਵਿਚ ਹੀ ਲੰਘ ਗਿਆ। ਮੁੱਖ ਵਿਰੋਧੀ ਧਿਰ ਆਮ ਆਦਮੀ ਪਾਰਟੀ ਤੇ ਅਕਾਲੀ ਦਲ ਬਾਦਲ ਨੇ ਸਰਕਾਰ ਤੋਂ ਜਵਾਬਦੇਹੀ ਦੀ ਥਾਂ ਵਿਧਾਨ ਸਭਾ ਦੇ ਬਾਹਰ ਹੀ ਧਰਨੇ ਤੇ ਨਾਅਰੇ ਮਾਰ ਕੇ ਸਮਾਂ ਬਰਬਾਦ ਕੀਤਾ।

ਅਕਾਲੀ ਦਲ-ਭਾਜਪਾ ਵਿਧਾਇਕਾਂ ਨੇ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਵੱਲੋਂ ਬੇਅਦਬੀ ਕਾਂਡ ਦੀ ਅਦਾਲਤ ਵਿਚ ਪੇਸ਼ ਕੀਤੀ ਗਈ ਕਲੋਜ਼ਰ ਰਿਪੋਰਟ ਵਿਰੁੱਧ ਅਤੇ ਆਮ ਆਦਮੀ ਪਾਰਟੀ (ਆਪ) ਦੇ ਵਿਧਾਇਕਾਂ ਨੇ ਬਿਜਲੀ ਦੀਆਂ ਵਧੀਆਂ ਦਰਾਂ ਵਿਰੁੱਧ ਸਦਨ ਵਿਚੋਂ ਵਾਕਆਊਟ ਕੀਤਾ। ਅਕਾਲੀ ਦਲ ਦੇ ਵਿਧਾਇਕਾਂ ਨੇ ਵਿਧਾਨ ਸਭਾ ਦੇ ਅੰਦਰ ਬੈਨਰ ਲੈ ਕੇ ਆਉਣ ਦਾ ਯਤਨ ਕੀਤਾ ਤਾਂ ਸੁਰੱਖਿਆ ਅਮਲੇ ਨੇ ਉਨ੍ਹਾਂ ਨੂੰ ਬੈਨਰ ਸਮੇਤ ਅੰਦਰ ਆਉਣ ਤੋਂ ਰੋਕਿਆ ਜਿਸ ਕਾਰਨ ਦੋਵਾਂ ਧਿਰਾਂ ਵਿਚਕਾਰ ਖਿੱਚਧੂਹ ਹੋਈ ਅਤੇ ਨਾਅਰੇਬਾਜ਼ੀ ਚਲਦੀ ਰਹੀ।

ਸਿਫਰ ਕਾਲ ਸ਼ੁਰੂ ਹੁੰਦਿਆਂ ਹੀ ਅਕਾਲੀ ਦਲ ਦੇ ਵਿਧਾਇਕ ਦਲ ਦੇ ਨੇਤਾ ਪਰਮਿੰਦਰ ਸਿੰਘ ਢੀਂਡਸਾ ਨੇ ਉਨ੍ਹਾਂ ਵੱਲੋਂ ਸੀ.ਬੀ.ਆਈ. ਦੀ ਕਲੋਜ਼ਰ ਰਿਪੋਰਟ ਉਪਰ ਪੇਸ਼ ਕੀਤੇ ਕੰਮ ਰੋਕੂ ਮਤੇ 'ਤੇ ਬਹਿਸ ਕਰਵਾਉਣ ਦੀ ਮੰਗ ਕੀਤੀ। ਇਸ 'ਤੇ ਸਪੀਕਰ ਰਾਣਾ ਕੇਪੀ ਸਿੰਘ ਨੇ ਕਿਹਾ ਕਿ ਉਨ੍ਹਾਂ ਦਾ ਇਹ ਮਤਾ ਰੱਦ ਕਰਕੇ ਉਨ੍ਹਾਂ ਨੂੰ ਸੂਚਿਤ ਕੀਤਾ ਜਾ ਚੁੱਕਿਆ ਹੈ। ਸਪੀਕਰ ਨੇ ਕਿਹਾ ਕਿ ਨਿਯਮਾਂ ਅਨੁਸਾਰ ਅਜਿਹਾ ਮਤਾ ਸੈਸ਼ਨ ਸ਼ੁਰੂ ਹੋਣ ਤੋਂ ਦੋ ਘੰਟੇ ਪਹਿਲਾਂ ਲਿਖਤੀ ਰੂਪ ਵਿਚ ਵਿਧਾਨ ਸਭਾ ਦੇ ਸਕੱਤਰ ਨੂੰ ਦੇਣਾ ਲਾਜ਼ਮੀ ਹੈ। ਬਿਕਰਮ ਸਿੰਘ ਮਜੀਠੀਆ ਨੇ ਮੰਗ ਕੀਤੀ ਕਿ ਕੰਮ ਰੋਕੂ ਮਤੇ ਤਹਿਤ ਬੁਰਜ ਜਵਾਹਰ ਸਿੰਘ ਵਾਲਾ ਅਤੇ ਬਰਗਾੜੀ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੇ ਸਬੰਧਤ ਸਾਰੀਆਂ ਘਟਨਾਵਾਂ ਦੀ ਜਾਂਚ ਸੁਪਰੀਮ ਕੋਰਟ ਦੇ ਕਿਸੇ ਮੌਜੂਦਾ ਜੱਜ ਜਾਂ ਸੁਪਰੀਮ ਕੋਰਟ ਦੀ ਦੇਖ-ਰੇਖ ਹੇਠ ਕਰਵਾਉਣ ਦਾ ਸਦਨ ਵਿਚ ਮਤਾ ਪਾਸ ਕੀਤਾ ਜਾਵੇ। ਇਸ ਮੌਕੇ ਉਨ੍ਹਾਂ ਆਪਣੇ ਨਾਲ ਲਿਆਂਦੇ ਪੋਸਟਰ ਵੀ ਲਹਿਰਾਏ। ਜਦੋਂ ਅਕਾਲੀ ਦਲ ਤੇ ਭਾਜਪਾ ਦੇ ਵਿਧਾਇਕ ਸਦਨ ਵਿਚ ਨਾਅਰੇਬਾਜ਼ੀ ਕਰ ਰਹੇ ਸਨ ਤਾਂ 'ਆਪ' ਵਿਧਾਇਕ ਕੁਲਤਾਰ ਸਿੰਘ ਸੰਧਵਾਂ ਨੇ ਉਨ੍ਹਾਂ ਉਪਰ ਕੋਈ ਟਿੱਪਣੀ ਕੀਤੀ। ਇਸ ਉਤੇ ਮਜੀਠੀਆ ਨੇ 'ਆਪ' ਵਿਧਾਇਕਾਂ ਵੱਲ ਇਸ਼ਾਰਾ ਕਰਕੇ ਉਨ੍ਹਾਂ ਨੂੰ 'ਛੋਟੀ ਕਾਂਗਰਸ' ਵਜੋਂ ਸੰਬੋਧਨ ਕਰਦਿਆਂ ਨਾਅਰੇ ਲਾਏ। ਹੈਰਾਨੀ ਦੀ ਗੱਲ ਸੀ ਕਿ ਕਿਸੇ ਵੀ 'ਆਪ' ਵਿਧਾਇਕ ਨੇ ਮਜੀਠੀਆ ਦੀਆਂ ਇਨ੍ਹਾਂ ਟਿੱਪਣੀਆਂ ਉਤੇ ਇਤਰਾਜ਼ ਨਹੀਂ ਕੀਤਾ।

ਇਕੱਠੇ ਬੈਠੇ 'ਆਪ' ਦੇ ਬਾਗੀ ਵਿਧਾਇਕ ਕੰਵਰ ਸੰਧੂ, ਪਿਰਮਲ ਸਿੰਘ ਖਾਲਸਾ, ਜਗਤਾਰ ਸਿੰਘ ਜੱਗਾ, ਜਗਦੇਵ ਸਿੰਘ ਕਮਾਲੂ ਤੇ ਮਾਸਟਰ ਬਲਦੇਵ ਸਿੰਘ ਸਾਰਾ ਕੁਝ ਚੁੱਪ-ਚੁਪੀਤੇ ਦੇਖਦੇ ਰਹੇ। ਅਕਾਲੀ ਵਿਧਾਇਕਾਂ ਨੇ ਅੱਧਾ ਘੰਟਾ ਨਾਅਰੇਬਾਜ਼ੀ ਕਰਨ ਤੋਂ ਬਾਅਦ ਸਦਨ 'ਚੋਂ ਵਾਕਆਊਟ ਕੀਤਾ। ਮਜੀਠੀਆ ਨੇ ਬਾਹਰ ਆ ਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਵੱਡੀ ਤੇ ਛੋਟੀ ਕਾਂਗਰਸ ਅੰਦਰ ਦੋਸਤਾਨਾ ਮੈਚ ਖੇਡ ਰਹੀ ਹੈ ਅਤੇ ਇਸੇ ਕਾਰਨ ਘੱਟ ਗਿਣਤੀ ਵਿਚ ਹੋਣ ਦੇ ਬਾਵਜੂਦ ਹਰਪਾਲ ਸਿੰਘ ਚੀਮਾ ਕਾਂਗਰਸ ਦੇ ਰਹਿਮ 'ਤੇ ਵਿਰੋਧੀ ਧਿਰ ਦੇ ਆਗੂ ਦੀ ਕੁਰਸੀ ਉਤੇ ਬੈਠੇ ਹਨ। ਇਸ ਮੌਕੇ ਢੀਂਡਸਾ ਨੇ ਕਿਹਾ ਕਿ ਸਰਕਾਰ ਸੁਪਰੀਮ ਕੋਰਟ ਦੀ ਨਿਗਰਾਨੀ ਹੇਠ ਬੇਅਦਬੀ ਕਾਂਡ ਦੀ ਜਾਂਚ ਕਰਵਾਉਣ ਤੋਂ ਭੱਜ ਗਈ ਹੈ।

ਇਸ ਮਗਰੋਂ ਸਦਨ ਵਿਚ 'ਆਪ' ਵਿਧਾਇਕਾਂ ਨੇ ਸੂਬੇ ਵਿਚ ਬਿਜਲੀ ਦੀਆਂ ਵਧੀਆਂ ਦਰਾਂ ਅਤੇ ਹੋਰ ਮੁੱਦਿਆਂ ਉਤੇ ਨਾਅਰੇਬਾਜ਼ੀ ਕਰਦਿਆਂ ਵਾਕਆਊਟ ਕੀਤਾ। ਸ੍ਰੀ ਚੀਮਾ, ਪ੍ਰਿੰਸੀਪਲ ਬੁੱਧਰਾਮ ਅਤੇ ਅਮਨ ਅਰੋੜਾ ਨੇ ਬਾਹਰ ਆ ਕੇ ਦੋਸ਼ ਲਾਇਆ ਕਿ ਸਰਕਾਰ ਬਿਜਲੀ ਦੀਆਂ ਵਧੀਆਂ ਦਰਾਂ ਸਮੇਤ ਪੰਜਾਬ ਦੇ ਹੋਰ ਸਾਰੇ ਗੰਭੀਰ ਮੁੱਦਿਆਂ ਉਪਰ ਬਹਿਸ ਕਰਨ ਤੋਂ ਭੱਜ ਰਹੀ ਹੈ। ਵਿਧਾਨ ਸਭਾ ਵਿਚ ਸਾਬਕਾ ਮੰਤਰੀ ਨਵਜੋਤ ਸਿੰਘ ਸਿੱਧੂ, ਸੁਖਪਾਲ ਸਿੰਘ ਖਹਿਰਾ, ਐਚ.ਐਸ. ਫੂਲਕਾ, ਅਮਰਜੀਤ ਸਿੰਘ ਸੰਦੋਆ ਹਾਜ਼ਰ ਨਹੀਂ ਹੋਏ। ਅਕਾਲੀਆਂ ਵਲੋਂ ਸਰਕਾਰ ਵਿਰੁੱਧ ਕਰੀਬ ਅੱਧਾ ਘੰਟਾ ਲਾਏ ਗਏ ਨਾਅਰਿਆਂ ਨੂੰ ਟੋਕਣ ਲਈ ਕੋਈ ਵੀ ਵਿਧਾਇਕ ਜਾਂ ਮੰਤਰੀ ਅੱਗੇ ਨਾ ਆਇਆ। ਵਿਧਾਨ ਸਭਾ ਵਿਚ ਜਦੋਂ ਸਿਫਰ ਕਾਲ ਸ਼ੁਰੂ ਹੋਇਆ ਤਾਂ ਕਾਂਗਰਸ ਦੇ ਕਈ ਵਿਧਾਇਕ ਬਾਹਰ ਕੰਟੀਨ ਆਦਿ ਵਿਚ ਗੱਪਸ਼ੱਪ ਕਰ ਰਹੇ ਸਨ। ਜਦੋਂ ਇਹ ਗੱਲ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੱਕ ਪੁੱਜੀ ਤਾਂ ਉਨ੍ਹਾਂ ਵਿਸ਼ੇਸ਼ ਸੁਨੇਹਾ ਲਾ ਕੇ ਉਨ੍ਹਾਂ ਨੂੰ ਅੰਦਰ ਆਉਣ ਦੀ ਹਦਾਇਤ ਦਿੱਤੀ। ਇਸ ਤੋਂ ਬਾਅਦ ਇਕ-ਇਕ ਕਰਕੇ ਵਿਧਾਇਕ ਅੰਦਰ ਆ ਗਏ।

# ਸੱਜਣ ਕੁਮਾਰ ਨੂੰ ਜ਼ਮਾਨਤ ਦੇਣ ਤੋਂ ਇਨਕਾਰ

**ਨਵੀਂ ਦਿੱਲੀ:** 1984 ਸਿੱਖ ਕਤਲੇਆਮ ਦੇ ਦੋਸ਼ੀ ਸੱਜਣ ਕੁਮਾਰ (73) ਦੀ ਜ਼ਮਾਨਤ ਅਰਜ਼ੀ 'ਤੇ ਸੁਣਵਾਈ ਕਰਦਿਆਂ ਸੁਪਰੀਮ ਕੋਰਟ ਨੇ ਉਸ ਨੂੰ ਜ਼ਮਾਨਤ ਦੇਣ ਤੋਂ ਨਾਂਹ ਕਰ ਦਿੱਤੀ ਹੈ।

ਸੁਪਰੀਮ ਕੋਰਟ 'ਚ ਸੱਜਣ ਕੁਮਾਰ ਦੇ ਵਕੀਲ ਵਿਕਾਸ ਸਿੰਘ ਨੇ ਕਈ ਦਲੀਲਾਂ ਤੇ ਪੁਰਾਣੇ ਫੈਸਲਿਆਂ ਦਾ ਹਵਾਲਾ ਦਿੰਦਿਆਂ ਉਸ ਦੇ ਮੁਵੱਕਲ ਨੂੰ ਜ਼ਮਾਨਤ ਦੇਣ ਦੀ ਅਪੀਲ ਕੀਤੀ ਅਤੇ ਇਹ ਵੀ ਆਖਿਆ ਕਿ ਉਸ ਨੂੰ ਦਿੱਲੀ ਤੋਂ ਦੂਰ ਬਾਹਰ ਕਿਸੇ ਹੋਰ ਸੂਬੇ 'ਚ ਵੀ ਭੇਜਿਆ ਜਾ ਸਕਦਾ ਹੈ।

ਜ਼ਿਕਰਯੋਗ ਹੈ ਕਿ ਸੱਜਣ ਕੁਮਾਰ ਨੇ ਹਾਈਕੋਰਟ ਵੱਲੋਂ ਉਸ ਨੂੰ ਸੁਣਾਈ ਉਮਰ ਕੈਦ ਦੀ ਸਜ਼ਾ ਨੂੰ ਰੱਦ ਕਰਵਾਉਣ ਲਈ ਸੁਪਰੀਮ ਕੋਰਟ 'ਚ ਅਪੀਲ ਦਾਇਰ ਕਰਨ ਦੇ ਨਾਲ ਹੀ ਇਹ ਅਰਜ਼ੀ ਵੀ ਦਿੱਤੀ ਸੀ ਕਿ ਜਦੋਂ ਤੱਕ ਉਸ ਦੀ ਸਜ਼ਾ ਦੀ ਮੁਆਫੀ ਬਾਰੇ ਮਾਮਲੇ ਦੀ ਸੁਣਵਾਈ ਹੋਣੀ ਹੈ, ਉਦੋਂ ਤੱਕ ਉਸ ਨੂੰ ਜ਼ਮਾਨਤ ਦੇ ਦਿੱਤੀ ਜਾਵੇ, ਜਿਸ ਦਾ ਦਿੱਲੀ ਕਮੇਟੀ ਅਤੇ ਸੀ.ਬੀ.ਆਈ. ਦੇ ਵਕੀਲਾਂ ਨੇ ਤਿੱਖਾ ਵਿਰੋਧ ਕੀਤਾ।

ਬੈਂਚ ਨੇ ਕਿਹਾ ਕਿ ਅਦਾਲਤ ਬਿਨਾਂ ਸੁਣਵਾਈ ਸਜ਼ਾ ਮੁਅੱਤਲ ਨਹੀਂ ਕਰ ਸਕਦੀ ਅਤੇ 1984 ਦੇ ਦੰਗਿਆਂ ਦਾ ਮਾਮਲਾ ਕੋਈ 'ਸਾਧਾਰਨ' ਮੁਕੱਦਮਾ ਨਹੀਂ ਹੈ। ਇਹ ਬਹੁਤ ਗੰਭੀਰ ਮਾਮਲਾ ਹੈ, ਜਿਸ ਲਈ ਜ਼ਮਾਨਤ ਨਹੀਂ ਦਿੱਤੀ ਜਾ ਸਕਦੀ ਅਤੇ ਇਸ ਮਾਮਲੇ ਦੀ ਅਗਲੀ ਸੁਣਵਾਈ ਮਈ 2020 'ਚ ਹੋਵੇਗੀ।

# ਆਰ. ਐਸ. ਐਸ. ਦਾ 'ਮਿਸ਼ਨ ਕਸ਼ਮੀਰ' ਫਤਿਹ

*(ਸਫਾ ਇਕ ਦੀ ਬਾਕੀ)*

ਸਰਕਾਰ ਵਿਚ ਨੀਤੀਆਂ ਸਬੰਧੀ ਸਹਿਮਤੀ ਨਾ ਹੋਣ ਕਾਰਨ ਬਹੁਤਾ ਸਮਾਂ ਚੱਲ ਨਾ ਸਕੀ। ਹੁਣ ਭਾਜਪਾ ਨੂੰ ਇਹ ਸਾਫ ਹੋ ਗਿਆ ਸੀ ਕਿ ਉਸ ਵਲੋਂ ਪਿਛਲੇ ਇਕ-ਦੋ ਸਾਲ ਵਿਚ ਜਿਸ ਤਰ੍ਹਾਂ ਦੀਆਂ ਕਾਰਵਾਈਆਂ ਇਸ ਸੂਬੇ ਵਿਚ ਕੀਤੀਆਂ ਹਨ, ਉਸ ਨਾਲ ਇਸ ਖਿੱਤੇ ਵਿਚ ਸਿਆਸੀ ਪੈਰ ਜਮਾਉਣੇ ਔਖੇ ਹਨ ਤੇ ਇਸ ਨੂੰ ਕੇਂਦਰ ਸ਼ਾਸਤ ਪ੍ਰਦੇਸ਼ ਦਾ ਦਰਜਾ ਦੇ ਕੇ ਅਸਿੱਧੇ ਤੌਰ ਉਤੇ ਦਿੱਲੀ ਵਾਂਗ ਉਪ ਰਾਜਪਾਲ ਅਤੇ ਕੇਂਦਰ ਹਵਾਲੇ ਕਰਨਾ ਹੀ ਇਕ ਚਾਰਾ ਹੈ।

ਰਾਜਸੀ ਮਾਹਿਰਾਂ ਦਾ ਕਹਿਣਾ ਹੈ ਕਿ ਉਹ ਸਰਕਾਰ ਦੇ ਇਸ ਫੈਸਲੇ ਤੋਂ ਹੈਰਾਨ ਨਹੀਂ ਹੋਏ, ਕਿਉਂਕਿ 2002 ਵਿਚ ਰਾਸ਼ਟਰੀ ਸਵੈਮਸੇਵਕ ਸੰਘ ਨੇ ਜੰਮੂ ਕਸ਼ਮੀਰ ਨੂੰ ਤਿੰਨ ਹਿੱਸਿਆਂ- ਜੰਮੂ, ਕਸ਼ਮੀਰ ਤੇ ਲੱਦਾਖ ਵਿਚ ਵੰਡਣ ਦਾ ਮਤਾ ਪਾਸ ਕੀਤਾ ਸੀ। ਅਸਲ ਵਿਚ ਕੇਂਦਰੀ ਸਰਕਾਰ ਕੁਝ ਮਿਥੇ ਹੋਏ ਨਿਸ਼ਾਨਿਆਂ ਵਲ ਵਧ ਰਹੀ ਹੈ। ਪਿਛਲੇ ਹਫਤੇ ਤਿੰਨ ਤਲਾਕ ਨੂੰ ਗੈਰ-ਕਾਨੂੰਨੀ ਕਰਾਰ ਦਿੰਦਾ ਹੋਇਆ ਕਾਨੂੰਨ ਬਣਾਇਆ ਗਿਆ ਜਿਸ ਨਾਲ ਇਕਸਾਰ ਸਿਵਲ ਕੋਡ ਬਣਾਉਣ ਦਾ ਰਾਹ ਪੱਧਰਾ ਹੋ ਜਾਂਦਾ ਹੈ ਅਤੇ ਅਗਲੇ ਹਫਤੇ ਜੰਮੂ ਕਸ਼ਮੀਰ ਦਾ ਖਾਸ ਦਰਜਾ ਖਤਮ ਕਰ ਦਿੱਤਾ ਗਿਆ। ਮਾਹਿਰਾਂ ਅਨੁਸਾਰ ਹੁਣ ਸੰਘ ਪਰਿਵਾਰ ਦੇ ਬੁਨਿਆਦੀ ਮੁੱਦਿਆਂ ਵਿਚੋਂ ਸਿਰਫ ਰਾਮ ਮੰਦਰ ਦੇ ਨਿਰਮਾਣ ਦਾ ਮੁੱਦਾ ਹੀ ਬਾਕੀ ਹੈ।

## ਤੀਹਰਾ ਤਲਾਕ ਬਿੱਲ ਦੀ ਖੁਸ਼ੀ ਮਨਾ ਰਹੀ ਪਤਨੀ ਨੂੰ 'ਤਲਾਕ'

**ਬਾਂਦਾ (ਯੂਪੀ):** ਫਤਿਹਪੁਰ ਜ਼ਿਲ੍ਹੇ ਵਿਚ ਤੀਹਰਾ ਤਲਾਕ ਬਿੱਲ ਪਾਸ ਹੋਣ ਦੀ ਖੁਸ਼ੀ ਮਨਾ ਰਹੀ ਇਕ ਔਰਤ ਤੋਂ ਖਿਝੇ ਉਸ ਦੇ ਮੁਸਲਿਮ ਪਤੀ ਨੇ 'ਤੁਰਤ ਤਲਾਕ' ਦੇ ਕੇ ਘਰੋਂ ਕੱਢ ਦਿੱਤਾ। ਪੀੜਤਾ ਦੀ ਪਛਾਣ ਮੁਫੀਦਾ ਖਾਤੂਨ ਵਜੋਂ ਹੋਈ ਹੈ ਤੇ 'ਤਲਾਕ' ਦੇਣ ਵਾਲੇ ਪਤੀ ਦਾ ਨਾਂ ਸ਼ਮਸੂਦੀਨ ਹੈ। ਤਿੰਨ ਅਗਸਤ ਨੂੰ ਖਾਤੂਨ ਦੇ ਪਤੀ ਨੇ ਉਸ ਨੂੰ 'ਤਲਾਕ' ਦੇ ਦਿੱਤਾ। ਸ਼ਮਸੂਦੀਨ ਖਿਲਾਫ ਕੇਸ ਦਰਜ ਕੀਤਾ ਗਿਆ ਹੈ।

## ਲਾਪਤਾ ਬੱਚਿਆਂ ਦੀਆਂ ਲਾਸ਼ਾਂ ਬਰਾਮਦ

**ਪਟਿਆਲਾ:** ਖੇੜੀ ਗੰਡਿਆਂ ਤੋਂ 22 ਜੁਲਾਈ ਨੂੰ ਲਾਪਤਾ ਹੋਏ ਛੇ ਤੇ ਦਸ ਸਾਲਾ ਹਸ਼ਨਦੀਪ ਤੇ ਜਸ਼ਨਦੀਪ ਦੀਆਂ ਲਾਸ਼ਾਂ ਸਬੰਧੀ ਸ਼ਥਿਤੀ ਸਪੱਸ਼ਟ ਹੋ ਗਈ ਹੈ। ਦੋਵੇਂ ਲਾਸ਼ਾਂ ਭਾਖੜਾ ਦੀ ਨਰਵਾਣਾ ਬ੍ਰਾਂਚ 'ਚੋਂ ਮਿਲੀਆਂ ਸਨ। ਇਨ੍ਹਾਂ ਵਿਚੋਂ ਇਕ ਲਾਸ਼ ਦੀ ਸ਼ਨਾਖਤ ਤਾਂ ਮਾਪਿਆਂ ਨੇ ਕਰ ਲਈ ਸੀ ਜਦੋਂਕਿ ਦਸ ਦਿਨਾਂ ਤੋਂ ਰਾਜਿੰਦਰਾ ਹਸਪਤਾਲ ਵਿਚਲੇ ਮੁਰਦਾ ਘਰ 'ਚ ਪਈ ਛੋਟੇ ਬੱਚੇ ਦੀ ਲਾਸ਼ ਦੀ ਵੀ ਮਾਪਿਆਂ ਨੇ ਸ਼ਨਾਖਤ ਕਰ ਲਈ ਹੈ।

ਉਸ ਦਾ ਵੀ ਖੇੜੀ ਗੰਡਿਆਂ ਵਿਚ ਸਸਕਾਰ ਕਰ ਦਿੱਤਾ ਗਿਆ ਹੈ। ਪੁਲਿਸ ਦੋਵਾਂ ਦਾ ਡੀ.ਐਨ.ਏ. ਟੈਸਟ ਕਰਵਾਏਗੀ, ਤਾਂ ਜੋ ਕਿਸੇ ਵੀ ਤਰ੍ਹਾਂ ਦੀ ਕਾਨੂੰਨੀ ਅੜਚਣ ਤੋਂ ਬਚਿਆ ਜਾ ਸਕੇ। ਇਸ ਲਈ ਰਾਜਿੰਦਰਾ ਹਸਪਤਾਲ ਵਿਚ ਮਾਪਿਆਂ ਵੱਲੋਂ ਖੂਨ ਦੇ ਸੈਂਪਲ ਦਿੱਤੇ ਗਏ। ਛੇ ਸਾਲਾ ਹਸ਼ਨਦੀਪ ਦੀ ਲਾਸ਼ 27 ਜੁਲਾਈ ਨੂੰ ਨਹਿਰ 'ਚੋਂ ਮਿਲੀ ਸੀ, ਪਰ ਮਾਪੇ ਆਪਣਾ ਬੱਚਾ ਮੰਨਣ ਤੋਂ ਇਨਕਾਰ ਕਰਦੇ ਰਹੇ। ਇਸ ਕਰ ਕੇ ਹੀ ਡੀ.ਐਨ.ਏ. ਟੈਸਟ ਲਈ ਪੁਲੀਸ ਨੇ ਅਦਾਲਤ ਦਾ ਦਰਵਾਜ਼ਾ ਖੜਕਾਇਆ।

# ਸੁਸ਼ਮਾ ਸਵਰਾਜ ਦਾ ਦੇਹਾਂਤ

**ਨਵੀਂ ਦਿੱਲੀ:** ਭਾਰਤੀ ਜਨਤਾ ਪਾਰਟੀ ਦੀ ਸੀਨੀਅਰ ਆਗੂ ਅਤੇ ਸਾਬਕਾ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਦਾ ਮੰਗਲਵਾਰ ਦੀ ਰਾਤ ਨੂੰ ਦੇਹਾਂਤ ਹੋ ਗਿਆ। ਉਹ 67 ਵਰ੍ਹਿਆਂ ਦੇ ਸਨ। ਦਿਲ ਦਾ ਦੌਰਾ ਪੈਣ ਕਾਰਨ ਉਨ੍ਹਾਂ ਨੂੰ ਏਮਸ ਵਿਚ ਲਿਜਾਇਆ ਗਿਆ ਸੀ ਪਰ ਉਥੇ ਉਨ੍ਹਾਂ ਦੀ ਮੌਤ ਹੋ ਗਈ। ਵੱਖ-ਵੱਖ ਆਗੂਆਂ ਨੇ ਉਨ੍ਹਾਂ ਦੀ ਮੌਤ 'ਤੇ ਦੁੱਖ ਪ੍ਰਗਟ ਕੀਤਾ ਹੈ। ਸੁਸ਼ਮਾ ਸਵਰਾਜ ਦਾ ਜਨਮ ਅੰਬਾਲਾ ਵਿਚ 14 ਫਰਵਰੀ 1953 ਨੂੰ ਹੋਇਆ ਸੀ। ਉਨ੍ਹਾਂ ਪੜ੍ਹਾਈ ਵੀ ਅੰਬਾਲਾ ਤੋਂ ਹੀ ਕੀਤੀ ਅਤੇ ਫਿਰ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਕਾਨੂੰਨ ਦੀ ਪੜ੍ਹਾਈ ਮੁਕੰਮਲ ਕੀਤੀ। 1973 ਵਿਚ ਉਨ੍ਹਾਂ ਸੁਪਰੀਮ ਕੋਰਟ ਵਿਚ ਬਤੌਰ ਵਕੀਲ ਆਪਣਾ ਕਰੀਅਰ ਸ਼ੁਰੂ ਕੀਤਾ ਅਤੇ ਬਾਅਦ ਵਿਚ ਉਹ ਭਾਰਤੀ ਜਨਤਾ ਪਾਰਟੀ ਦੀ ਨੇਤਾ ਵਜੋਂ ਉਭਰੀ।

# ਬੰਦੂਕਧਾਰੀਆਂ ਵਲੋਂ 30 ਲੋਕਾਂ ਦੀ ਹੱਤਿਆ

**ਵਾਸ਼ਿੰਗਟਨ:** ਅਮਰੀਕਾ ਵਿਚ ਗੋਲੀਬਾਰੀ ਦੀਆਂ ਦੋ ਵੱਖ-ਵੱਖ ਘਟਨਾਵਾਂ 'ਚ ਤਕਰੀਬਨ 30 ਜਣੇ ਮਾਰੇ ਗਏ। ਓਹਾਇਓ ਦੇ ਡੇਅਟਨ ਨੇੜਲੇ ਓਰੇਗਨ ਜ਼ਿਲ੍ਹੇ 'ਚ ਸੁਰਖਤੇ ਵਾਪਰੀ ਘਟਨਾ ਵਿਚ ਹਮਲਾਵਰ ਸਣੇ ਕਰੀਬ ਦਸ ਵਿਅਕਤੀ ਮਾਰੇ ਗਏ ਹਨ। ਇਸ ਤੋਂ ਇਲਾਵਾ 16 ਵਿਅਕਤੀ ਫੱਟੜ ਹੋ ਗਏ ਹਨ। ਇਹ ਥਾਂ ਨਾਈਟ ਕਲੱਬਾਂ, ਬਾਰ, ਕਲਾ ਗੈਲਰੀਆਂ ਤੇ ਹੋਰ ਦੁਕਾਨਾਂ ਲਈ ਮਸ਼ਹੂਰ ਹੈ।

ਇਸ ਤੋਂ ਕੁਝ ਘੰਟੇ ਪਹਿਲਾਂ ਟੈਕਸਸ ਦੇ ਦੱਖਣੀ ਇਲਾਕੇ ਵਿਚ ਸਥਿਤ ਸਰਹੱਦੀ ਕਸਬੇ ਏਲ ਪਾਸੋ 'ਚ 21 ਸਾਲਾ ਬੰਦੂਕਧਾਰੀ ਨੇ ਅਸਾਲਟ ਰਾਈਫਲ 'ਚੋਂ ਅੰਨ੍ਹੇਵਾਹ ਗੋਲੀਆਂ ਚਲਾ ਕੇ 20 ਲੋਕਾਂ ਦੀ ਜਾਨ ਲੈ ਲਈ ਤੇ 26 ਨੂੰ ਜ਼ਖਮੀ ਕਰ ਦਿੱਤਾ। ਘਟਨਾ ਕਸਬੇ ਦੇ ਵਾਲਮਾਰਟ ਸਟੋਰ ਵਿਚ ਵਾਪਰੀ। ਏਲ ਪਾਸੋ ਦੇ ਪੁਲਿਸ ਮੁਖੀ ਗ੍ਰੇਗ ਐਲਨ ਨੇ ਦੱਸਿਆ ਕਿ ਭਰਿਆ ਹੋਇਆ ਵਾਲਮਾਰਟ ਸਟੋਰ, ਜਿਥੇ ਲੋਕ ਬੱਚਿਆਂ ਦੀ ਸਕੂਲ ਨਾਲ ਸਬੰਧਤ ਜ਼ਰੂਰੀ ਸਮੱਗਰੀ ਖਰੀਦਣ ਪੁੱਜੇ ਹੋਏ ਸਨ, ਗੋਲੀਆਂ ਦੀ ਆਵਾਜ਼ ਨਾਲ ਕੰਬ ਉਠਿਆ ਤੇ ਧੂੰਏਂ ਨਾਲ ਭਰ ਗਿਆ।

ਪਾਰਕਿੰਗ ਵਿਚ ਵੀ ਕਈ ਲਾਸ਼ਾਂ ਜ਼ਮੀਨ 'ਤੇ ਡਿੱਗੀਆਂ ਹੋਈਆਂ ਸਨ। ਮੈਕਸਿਕੋ ਦੇ ਵਿਦੇਸ਼ ਮੰਤਰੀ ਮਾਰਸੀਲੋ ਇਬਰਾਡ ਨੇ ਦੱਸਿਆ ਕਿ ਏਲ ਪਾਸੋ ਹਮਲੇ ਵਿਚ ਉਨ੍ਹਾਂ ਦੇ ਛੇ ਨਾਗਰਿਕ ਜ਼ਖਮੀ ਹੋਏ ਹਨ। ਏਲ ਪਾਸੋ ਹਮਲੇ ਮਗਰੋਂ ਯੂਨੀਵਰਸਿਟੀ ਮੈਡੀਕਲ ਸੈਂਟਰ ਲਿਆਂਦੇ ਦੋ ਜ਼ਖਮੀ ਨਾਬਾਲਗ ਹਨ। ਏਲ ਪਾਸੋ ਹਮਲੇ ਵਿਚ ਹਮਲਾਵਰ ਦੀ ਸ਼ਨਾਖਤ ਪੈਟ੍ਰਿਕ ਕਰੂਸੀਅਸ ਵਜੋਂ ਹੋਈ ਹੈ ਤੇ ਉਹ ਡੈਲਸ ਦੇ ਅਮੀਰ ਇਲਾਕੇ ਦਾ ਰਹਿਣ ਵਾਲਾ ਹੈ। ਉਸ ਨੇ ਵਾਲਮਾਰਟ ਸਟੋਰ ਦੇ ਬਾਹਰ ਹੀ ਆਤਮ-ਸਮਰਪਣ ਕਰ ਦਿੱਤਾ ਤੇ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ। ਐਫ.ਬੀ.ਆਈ. ਮਾਮਲੇ ਦੀ ਜਾਂਚ ਕਰ ਰਹੀ ਹੈ। ਕਰੂਸੀਅਸ ਦੇ ਟਵਿੱਟਰ ਹੈਂਡਲ 'ਤੇ ਉਸ ਨੇ ਟਰੰਪ ਦੀਆਂ ਸਿਫਤਾਂ ਕੀਤੀਆਂ ਹਨ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਡਾ. ਗੁਰਚਰਨ ਸਿੰਘ ਗਰੇਵਾਲ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਬਲਵਿੰਦਰ ਸਿੰਘ ਸੰਧੂ | ਅਯੁਧਿਆ ਸਲਵਾਨ | ਰਾਜਿੰਦਰ ਸਿੰਘ ਬੈਂਸ |
| ਸਵਰਨਜੀਤ ਸਿੰਘ ਢਿੱਲੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਅਮੋਲਕ ਸਿੰਘ ਗਾਖਲ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਦਰਸ਼ਨ ਸਿੰਘ ਗਰੇਵਾਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |

# ਜਦੋਂ ਕਾਂਗਰਸੀ ਵਿਧਾਇਕਾਂ ਨੇ ਹੀ ਕੈਪਟਨ ਨੂੰ ਘੇਰਿਆ

## ਬਾਦਲਾਂ ਨਾਲ ਲਿਹਾਜ਼ਦਾਰੀ ਤੇ ਜਨਤਾ ਨਾਲ ਵਾਅਦਾਖਿਲਾਫੀ 'ਤੇ ਜਵਾਬਦੇਹੀ ਮੰਗੀ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਵਿਧਾਇਕ ਆਪਣੀ ਸਰਕਾਰ ਦੀ ਕਾਰਗੁਜਾਰੀ ਤੋਂ ਨਿਰਾਸ਼ ਹਨ। ਵਿਧਾਨ ਸਭਾ ਇਜਲਾਸ ਦੇ ਪਹਿਲੇ ਦਿਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਬੈਠਕ ਦੌਰਾਨ ਕਾਂਗਰਸ ਦੇ ਹੀ ਕੁਝ ਮੰਤਰੀਆਂ ਅਤੇ ਵਿਧਾਇਕਾਂ ਵੱਲੋਂ ਆਪਣੀ ਸਰਕਾਰ ਦੀ ਕਾਰਗੁਜ਼ਾਰੀ ਦੀ ਖੁੱਲ੍ਹ ਕੇ ਨੁਕਤਾਚੀਨੀ ਕੀਤੀ ਗਈ। ਇਹ ਵਿਧਾਇਕ/ਮੰਤਰੀ ਸਰਕਾਰ ਦੀ ਵਾਅਦਾਖਿਲਾਫੀ ਤੋਂ ਵੀ ਔਖੇ ਹਨ। ਚੋਣਾਂ ਮੌਕੇ ਬਰਗਾੜੀ ਕਾਂਡ ਦੇ ਦੋਸ਼ੀਆਂ ਨੂੰ ਸਜ਼ਾ, ਟਰਾਂਸਪੋਰਟ ਨੂੰ ਬਾਦਲਾਂ ਦੇ ਸ਼ਿਕੰਜੇ 'ਚੋਂ ਕੱਢਣ ਅਤੇ ਕੇਬਲ ਨੈੱਟਵਰਕ 'ਤੇ ਫਾਸਟਵੇਅ ਦੀ ਅਜ਼ਾਰੇਦਾਰੀ ਨੂੰ ਖਤਮ ਕਰਨ 'ਚ ਅਸਫਲਤਾ ਦੀ ਖੁੱਲ੍ਹ ਕੇ ਨੁਕਤਾਚੀਨੀ ਹੋਈ।

ਵਿਧਾਇਕਾਂ ਦਾ ਗਿਲਾ ਹੈ ਕਿ ਇਸ ਸਬੰਧੀ ਲੋਕਾਂ ਦੇ ਸਵਾਲਾਂ ਦੇ ਜਵਾਬ ਦੇਣ 'ਚ ਅਸਮਰਥ ਹਨ। ਪਾਰਟੀ ਵਿਧਾਇਕ ਫਤਹਿ ਸਿੰਘ ਬਾਜਵਾ ਨੇ ਮੁੱਖ ਮੰਤਰੀ ਨੂੰ ਮੀਟਿੰਗ ਦੌਰਾਨ ਕਿਹਾ ਕਿ ਵਿਧਾਨ ਸਭਾ ਹਲਕਿਆਂ ਦੇ ਵਿਕਾਸ ਲਈ 100 ਕਰੋੜ ਰੁਪਏ ਦੇਣ ਦੇ ਫੈਸਲੇ ਦੀ ਥਾਂ ਸਰਕਾਰ 1000 ਕਰੋੜ ਰੁਪਏ ਵੀ ਦੇਵੇ, ਪਰ ਲੋਕ ਸਾਨੂੰ ਵੋਟ ਨਹੀਂ ਪਾਉਣਗੇ, ਕਿਉਂਕਿ ਲੋਕ ਸਾਡੇ ਚੋਣ ਵਾਅਦਿਆਂ 'ਤੇ ਅਮਲ ਦੀ ਉਡੀਕ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਵਿਕਾਸ ਦੇ ਸਾਰੇ ਹਮਾਇਤੀ ਹਨ ਪਰ ਦੂਸਰੇ ਮੁੱਦਿਆਂ ਨੂੰ ਵੀ ਅੱਖੋਂ-ਪਰੋਖੇ ਨਾ ਕੀਤਾ ਜਾਵੇ।

ਮੁੱਖ ਮੰਤਰੀ ਨੇ ਵਿਧਾਇਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮਗਰਲੀ ਸਰਕਾਰ ਦੌਰਾਨ ਅਸੀਂ ਜਦੋਂ ਬਾਦਲਾਂ ਵਿਰੁੱਧ ਕਾਰਵਾਈ ਕੀਤੀ ਸੀ ਤਾਂ ਬਾਦਲ ਉਸ ਲਈ ਆਮ ਜਨਤਾ ਦੀ ਹਮਦਰਦੀ ਲੈਣ 'ਚ ਕਾਮਯਾਬ ਹੋ ਗਏ ਸਨ ਤਾਂ ਸੀਨੀਅਰ ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਉੱਠ ਕੇ ਮੁੱਖ ਮੰਤਰੀ ਨੂੰ ਕਿਹਾ ਕਿ ਉਸ ਸਮੇਂ ਮੁੱਦਾ ਭ੍ਰਿਸ਼ਟਾਚਾਰ ਦਾ ਸੀ ਜਦੋਂਕਿ ਹੁਣ ਮੁੱਦਾ ਗੁਰੂਆਂ ਦੀ ਬੇਅਦਬੀ ਦਾ ਹੈ। ਮੁੱਖ ਮੰਤਰੀ, ਜਿਨ੍ਹਾਂ 2020 ਸਿੱਖ ਖੁਦ ਮੁਖਤਿਆਰੀ ਦੇ ਜਨਮਤ ਅਤੇ ਪਾਕਿਸਤਾਨ ਤੋਂ ਖਤਰੇ ਦਾ ਜ਼ਿਕਰ ਕੀਤਾ ਤਾਂ ਰੰਧਾਵਾ ਨੇ ਕਿਹਾ ਕਿ 2020 ਪੰਜਾਬ 'ਚ ਕੋਈ ਮੁੱਦਾ ਨਹੀਂ। ਲੋਕਾਂ ਲਈ 2 ਮੁੱਖ ਮੁੱਦੇ ਇਸ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਨਸ਼ਿਆਂ ਦੇ ਪਸਾਰ ਦੇ ਹਨ।

ਉਨ੍ਹਾਂ ਮੁੱਖ ਮੰਤਰੀ ਨੂੰ ਕਿਹਾ ਕਿ ਪੁਲਿਸ ਤੇ ਅਜੀਤ ਡੋਵਾਲ ਤੁਹਾਨੂੰ ਗੁੰਮਰਾਹ ਕਰ ਰਹੇ ਹਨ। ਵਰਨਣਯੋਗ ਹੈ ਕਿ ਅਜੀਤ ਡੋਵਾਲ ਦੇਸ਼ ਦੇ ਪ੍ਰਧਾਨ ਮੰਤਰੀ ਦੇ ਸੁਰੱਖਿਆ ਸਲਾਹਕਾਰ ਹਨ



ਅਤੇ ਮੁੱਖ ਮੰਤਰੀ ਦੇ ਵੀ ਉਨ੍ਹਾਂ ਨਾਲ ਚੰਗੇ ਸਬੰਧ ਹੋਣ ਦੇ ਚਰਚੇ ਹਨ। ਉਨ੍ਹਾਂ ਕਿਹਾ ਕਿ ਜਦੋਂ ਪੰਜਾਬ ਦੇ ਲੋਕ ਅੱਜ ਵੀ ਬਾਦਲਾਂ ਨਾਲ ਖੁਸ਼ ਨਹੀਂ ਤਾਂ ਅਸੀਂ ਉਨ੍ਹਾਂ ਦੀ ਮਦਦ ਕਿਉਂ ਕਰ ਰਹੇ ਹਾਂ। ਫਰੀਦਕੋਟ ਤੋਂ ਵਿਧਾਇਕ ਕੁਸ਼ਲਦੀਪ ਸਿੰਘ ਢਿੱਲੋਂ ਨੇ ਮੀਟਿੰਗ ਦੌਰਾਨ ਬੋਲਦਿਆਂ ਕਿਹਾ ਕਿ ਸਾਡੇ ਰਾਜ ਦੇ ਢਾਈ ਸਾਲਾਂ 'ਚ ਟਰਾਂਸਪੋਰਟ ਵਿਭਾਗ ਉਤੇ ਪੂਰਾ ਗਲਬਾ ਬਾਦਲਾਂ ਦਾ ਹੀ ਰਿਹਾ ਹੈ, ਜਿਸ ਕਾਰਨ ਹੁਣ ਬਾਦਲਾਂ ਦਾ ਟਰਾਂਸਪੋਰਟ ਵਪਾਰ ਆਪਣੀ ਸਰਕਾਰ ਦੇ ਸਮੇਂ ਨਾਲੋਂ ਵੀ ਵੱਧ ਗਿਆ ਹੈ। ਉਨ੍ਹਾਂ ਕਿਹਾ ਕਿ ਟਰਾਂਸਪੋਰਟ ਵਿਭਾਗ ਦੀ ਸਮੁੱਚੀ ਅਫਸਰਸ਼ਾਹੀ ਬਾਦਲਾਂ ਨਾਲ ਰਲੀ ਹੋਈ ਹੈ। ਮੌਜੂਦਾ ਕੈਬਨਿਟ ਮੰਤਰੀ ਸ੍ਰੀਮਤੀ ਅਰੁਣਾ ਚੌਧਰੀ, ਜੋ ਮੰਤਰੀ ਮੰਡਲ 'ਚ ਹੋਏ ਰੱਦੋਬਦਲ ਤੋਂ ਪਹਿਲਾਂ ਟਰਾਂਸਪੋਰਟ ਮੰਤਰੀ ਸਨ, ਨੇ ਵੀ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਟਰਾਂਸਪੋਰਟ ਵਿਭਾਗ ਦੀ ਅਫਸਰਸ਼ਾਹੀ ਮੇਰੇ ਤੋਂ ਬਾਹਰ ਹੋ ਕੇ ਬਾਦਲਾਂ ਦੀ ਮਦਦ ਕਰਦੀ ਰਹੀ ਅਤੇ ਮੈਂ ਬੇਵੱਸ ਬਣੀ ਰਹੀ। ਜਲੰਧਰ ਤੋਂ ਵਿਧਾਇਕ ਹੈਨਰੀ ਜੂਨੀਅਰ ਨੇ ਬੋਲਦਿਆਂ ਕਿਹਾ ਕਿ ਮਗਰਲੇ ਢਾਈ ਸਾਲਾਂ ਦੌਰਾਨ ਬੱਸ ਟਰਾਂਸਪੋਰਟ ਦੇ ਸਾਰੇ ਟਾਈਮ ਟੇਬਲ ਬਾਦਲਾਂ ਦੀ ਟਰਾਂਸਪੋਰਟ ਦਾ ਫਾਇਦਾ ਸਾਹਮਣੇ ਰੱਖ ਕੇ ਬਣਾਏ ਗਏ।

ਮੈਂਬਰਾਂ ਨੇ ਨਵੀਂ ਟਰਾਂਸਪੋਰਟ ਨੀਤੀ ਲਾਗੂ ਨਾ ਕਰਨ ਦਾ ਮੁੱਦਾ ਵੀ ਉਠਾਇਆ ਅਤੇ ਮੁੱਖ ਮੰਤਰੀ ਤੋਂ ਪੁੱਛਿਆ ਕਿ ਤੁਸੀਂ ਚੋਣਾਂ ਮੌਕੇ ਬੱਸ ਟਰਾਂਸਪੋਰਟ ਵਪਾਰ 'ਤੇ ਬਾਦਲਾਂ ਦੀ ਇਜਾਰੇਦਾਰੀ ਨੂੰ ਖਤਮ ਕਰਨ ਦੇ ਜੋ ਵਾਅਦੇ ਕੀਤੇ ਸਨ ਉਹ ਕਿਥੇ ਗਏ। ਇਕ ਮੈਂਬਰ ਪੀ.ਆਰ.ਟੀ.ਸੀ. ਦੀ ਦਿੱਲੀ ਤੋਂ ਗਿੱਦੜਬਾਹਾ ਲਈ ਚੱਲਦੀ ਵਾਲਵੋ ਬੱਸ ਨੂੰ ਬਾਦਲਾਂ ਵੱਲੋਂ ਬੰਦ ਕਰਨ ਦਾ ਮੁੱਦਾ ਵੀ ਉਠਾਇਆ ਗਿਆ ਅਤੇ ਦੋਸ਼ ਲਗਾਇਆ ਕਿ ਸਰਕਾਰ ਵੱਲੋਂ ਇਸ ਸਬੰਧੀ ਕੋਈ ਕਾਰਵਾਈ ਨਹੀਂ ਕੀਤੀ ਗਈ। ਕੇਬਲ ਨੈੱਟਵਰਕ ਸਬੰਧੀ ਜਦੋਂ ਮੁੱਖ ਮੰਤਰੀ ਨੇ ਕਿਹਾ ਕਿ ਉਹ ਪ੍ਰੈੱਸ 'ਤੇ ਸੈਂਸਰਸ਼ਿਪ ਨਹੀਂ ਲਗਾ ਸਕਦੇ ਤਾਂ ਮੈਂਬਰਾਂ ਨੇ ਮੁੱਖ ਮੰਤਰੀ ਨੂੰ ਕਿਹਾ ਕਿ ਫਾਸਟਵੇਅ ਕੇਬਲ ਸਰਵਿਸ ਦੇਣ ਵਾਲਾ ਹੈ ਜਦੋਂਕਿ ਉਸ ਦਾ ਪੀ.ਟੀ.ਸੀ. ਜਾਂ ਕਿਸੇ ਹੋਰ ਚੈਨਲ ਨਾਲ ਕੋਈ ਸਬੰਧ ਨਹੀਂ। ਮੈਂਬਰਾਂ ਨੇ ਮੁੱਖ ਮੰਤਰੀ ਨੂੰ ਕਿਹਾ ਕਿ ਸਰਕਾਰ ਦੂਜੇ ਕੇਬਲ ਨੈੱਟਵਰਕਾਂ ਨੂੰ ਪੰਜਾਬ 'ਚ ਆਉਣ ਦੀ ਇਜਾਜ਼ਤ ਕਿਉਂ ਨਹੀਂ ਦੇ ਰਹੀ ਅਤੇ ਫਾਸਟਵੇਅ ਦੀ ਇਜਾਰੇਦਾਰੀ ਨੂੰ ਕਾਇਮ ਕਿਉਂ ਰੱਖਿਆ ਜਾ ਰਿਹਾ ਹੈ? ਮੈਂਬਰਾਂ ਨੇ ਮੁੱਖ ਮੰਤਰੀ ਤੋਂ ਇਹ ਵੀ ਪੁੱਛਿਆ ਕਿ ਕੇਬਲ ਨੈੱਟਵਰਕ ਸਬੰਧੀ ਸਰਕਾਰ ਨੇ ਜੋ ਨਵੀਂ ਨੀਤੀ ਲਿਆਉਣੀ ਸੀ, ਉਹ ਕਿੱਥੇ ਗਈ। ਵਿਧਾਇਕ ਕੁਲਜੀਤ ਸਿੰਘ ਨਾਗਰਾ ਨੇ ਕੇਬਲ ਨੈੱਟਵਰਕ ਉਤੇ ਇਜਾਰੇਦਾਰੀ ਦੀ ਤਿੱਖੀ ਨੁਕਤਾਚੀਨੀ ਕੀਤੀ ਅਤੇ ਮੁੱਖ ਮੰਤਰੀ ਨੂੰ ਕਿਹਾ ਕਿ ਸਾਨੂੰ 24 ਘੰਟੇ ਦਾ ਸਮਾਂ ਦਿੱਤਾ ਜਾਵੇ ਅਸੀਂ ਇਸ ਨੈੱਟਵਰਕ ਨੂੰ ਆਪ ਹੀ ਖਤਮ ਕਰ ਦੇਵਾਂਗੇ। ਵਿਧਾਇਕਾਂ ਨੇ ਬਾਦਲਾਂ ਵੱਲੋਂ ਕੇਬਲ ਨੈੱਟਵਰਕ ਨੂੰ ਵਰਤਣ ਦੀ ਤਿੱਖੀ ਨੁਕਤਾਚੀਨੀ ਵੀ ਕੀਤੀ। ਵਿਧਾਇਕ ਕੁਲਬੀਰ ਸਿੰਘ ਜ਼ੀਰਾ ਨੇ ਵੀ ਦੋਸ਼ ਲਗਾਏ ਕਿ ਅਫਸਰਸ਼ਾਹੀ ਅੱਗੇ ਨਾਲੋਂ ਵੀ ਲੋਕਾਂ ਨਾਲ ਹੁਣ ਵੱਧ ਧੱਕਾ ਕਰ ਰਹੀ ਹੈ ਕਿਉਂਕਿ ਅਫਸਰਸ਼ਾਹੀ 'ਤੇ ਹੁਣ ਕਿਸੇ ਤਰ੍ਹਾਂ ਦਾ ਕੋਈ ਨਿਯੰਤਰਨ ਨਹੀਂ ਰਹਿ ਗਿਆ।

ਉਨ੍ਹਾਂ ਮੁੱਖ ਮੰਤਰੀ ਨੂੰ ਕਿਹਾ ਕਿ ਤੁਸੀਂ ਫੇਸਬੁੱਕ 'ਤੇ ਇਹ ਪਾਇਆ ਕਿ ਸੀ.ਬੀ.ਆਈ. ਹੀ ਬੇਅਦਬੀਆਂ ਦੇ ਕੇਸ 'ਚ ਅੱਗੋਂ ਜਾਂਚ ਜਾਰੀ ਰੱਖੇ ਜਦੋਂਕਿ ਰਾਜ ਦੇ ਐਡਵੋਕੇਟ ਜਨਰਲ ਕਹਿ ਰਹੇ ਹਨ ਕਿ ਸਰਕਾਰ ਵੱਲੋਂ ਨੋਟੀਫਿਕੇਸ਼ਨ ਜਾਰੀ ਕਰਕੇ ਇਹ ਜਾਂਚ ਸੀ.ਬੀ.ਆਈ. ਤੋਂ ਵਾਪਸ ਲਈ ਜਾ ਚੁੱਕੀ ਹੈ। ਉਨ੍ਹਾਂ ਮੁੱਖ ਮੰਤਰੀ ਨੂੰ ਕਿਹਾ ਕਿ ਤੁਹਾਡੇ ਫੇਸਬੁੱਕ 'ਤੇ ਪਾਏ ਉਕਤ ਬਿਆਨ ਥੱਲੇ ਲੋਕਾਂ ਵੱਲੋਂ ਕੀਤੀਆਂ ਗਈਆਂ ਟਿੱਪਣੀਆਂ ਜੇ ਤੁਸੀਂ ਵੇਖੀਆਂ ਹੁੰਦੀਆਂ ਤਾਂ ਤੁਹਾਨੂੰ ਪਤਾ ਲੱਗ ਜਾਣਾ ਸੀ ਕਿ ਲੋਕ ਕਿੰਨੇ ਨਿਰਾਸ਼ ਹਨ। ਉਨ੍ਹਾਂ ਕਿਹਾ ਕਿ ਲੋਕੀਂ ਇਸ ਮੁੱਦੇ 'ਤੇ ਦੋਸ਼ੀਆਂ ਵਿਰੁੱਧ ਕਾਰਵਾਈ ਚਾਹੁੰਦੇ ਹਨ ਨਾ ਕਿ ਡਰਾਮੇਬਾਜ਼ੀ। ਦਿਲਚਸਪ ਗੱਲ ਇਹ ਸੀ ਕਿ ਮੁੱਖ ਮੰਤਰੀ ਸ਼ਾਇਦ ਆਪਣੇ ਵਿਧਾਇਕਾਂ ਅਤੇ ਮੰਤਰੀਆਂ ਵੱਲੋਂ ਅਜਿਹੀ ਤਿੱਖੀ ਨੁਕਤਾਚੀਨੀ ਦੀ ਆਸ ਨਹੀਂ ਰੱਖ ਰਹੇ ਸਨ ਅਤੇ ਹੋ ਰਹੀ ਨੁਕਤਾਚੀਨੀ ਦੇ ਹੱਕ 'ਚ ਬਾਕੀ ਵਿਧਾਇਕ ਤੇ ਮੰਤਰੀ ਜਿਵੇਂ ਬੈਂਚ ਥਪਥਪਾ ਰਹੇ ਸਨ, ਉਹ ਹੋਰ ਵੀ ਹੈਰਾਨੀਜਨਕ ਸੀ।

### 'ਬਾਦਲ-ਕੈਪਟਨ ਫਰੈਂਡਲੀ ਮੈਚ' 'ਤੇ ਕਾਂਗਰਸੀ ਆਗੂਆਂ ਨੇ ਵੀ ਮੋਹਰ ਲਾਈ: ਮਾਨ

**ਚੰਡੀਗੜ੍ਹ:** 'ਆਪ' ਦੇ ਸੰਸਦ ਮੈਂਬਰ ਭਗਵੰਤ ਮਾਨ ਨੇ ਕਿਹਾ ਹੈ ਕਿ ਕਾਂਗਰਸ ਵਿਧਾਇਕ ਦਲ ਦੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਬੈਠਕ 'ਚ ਕਾਂਗਰਸੀ ਵਿਧਾਇਕਾਂ ਤੇ ਮੰਤਰੀਆਂ ਨੇ ਵੀ 'ਬਾਦਲ-ਕੈਪਟਨ ਫਰੈਂਡਲੀ ਮੈਚ' 'ਤੇ ਮੋਹਰ ਲਾ ਦਿੱਤੀ ਹੈ। ਉਨ੍ਹਾਂ ਕਿਹਾ ਕਿ ਕਾਂਗਰਸੀ ਵਿਧਾਇਕਾਂ ਨੇ ਬਾਦਲਾਂ 'ਤੇ ਮੁੱਖ ਮੰਤਰੀ ਦੀਆਂ ਮਿਹਰਬਾਨੀਆਂ ਬਾਰੇ ਮੂੰਹ 'ਤੇ ਖਰੀਆਂ-ਖਰੀਆਂ ਸੁਣਾ ਕੇ ਥੋੜ੍ਹੇ ਬਹੁਤ ਬਚਦੇ ਭਰਮ-ਭੁਲੇਖੇ ਵੀ ਦੂਰ ਕਰ ਦਿੱਤੇ ਹਨ। ਹੁਣ ਕੈਪਟਨ ਨੂੰ ਮੁੱਖ ਮੰਤਰੀ ਦੀ ਕੁਰਸੀ 'ਤੇ ਬਣੇ ਰਹਿਣ ਦਾ ਕੋਈ ਨੈਤਿਕ ਅਧਿਕਾਰ ਨਹੀਂ ਰਹਿ ਗਿਆ। ਉਨ੍ਹਾਂ ਕਾਂਗਰਸੀ ਵਿਧਾਇਕਾਂ ਅਤੇ ਮੰਤਰੀਆਂ ਦੀ ਜ਼ਮੀਰ ਨੂੰ ਹਲੂਣਦਿਆਂ ਕਿਹਾ ਕਿ ਸਭ ਸਾਫ ਨਜਰ ਆ ਰਿਹਾ ਹੈ ਕਿ ਬਾਦਲਾਂ ਦਾ ਟੱਬਰ ਅਤੇ ਸ਼ਾਹੀ ਪਰਿਵਾਰ ਪੰਜਾਬ, ਪੰਥ ਤੇ ਪੰਜਾਬੀਆਂ ਦੇ ਹਿੱਤਾਂ ਨੂੰ ਖੂੰਜੇ ਲਗਾ ਕੇ ਆਪੋ-ਆਪਣੀ ਪੁਸ਼ਤ ਪਨਾਹੀ ਅਤੇ ਸੱਤਾ ਦੀ ਸਾਂਝ ਪੁਗਾ ਰਹੇ ਹਨ ਤਾਂ ਕਾਂਗਰਸੀ ਵਿਧਾਇਕ ਆਗੂ ਕਿਹੜੇ ਮੂੰਹ ਅਜਿਹੇ ਖੁਦਗਰਜ ਦੀ ਅਗਵਾਈ ਕਬੂਲ ਕਰੀ ਬੈਠੇ ਹਨ। ਉਨ੍ਹਾਂ ਕਿਹਾ ਕਿ ਕਾਂਗਰਸੀ ਵਿਧਾਇਕਾਂ-ਮੰਤਰੀਆਂ ਨੇ ਸਿਰਫ ਬਾਦਲਾਂ-ਕੈਪਟਨ ਦੀ ਸਾਂਝ ਹੀ ਨੰਗੀ ਨਹੀਂ ਕੀਤੀ, ਸਗੋਂ ਇਹ ਵੀ ਜੱਗ-ਜ਼ਾਹਿਰ ਕਰ ਦਿੱਤਾ ਹੈ ਕਿ ਕੈਪਟਨ ਸਰਕਾਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਆਪਣੇ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਰਾਹੀਂ ਕਿੰਜ ਚਲਾ ਰਹੇ ਹਨ।

# ਬੇਅਦਬੀ ਕਾਂਡ: ਸਰਕਾਰ ਦੀ ਨਾਲਾਇਕੀ ਕਾਰਨ ਬੰਦ ਹੋਏ ਕੇਸ

**ਚੰਡੀਗੜ੍ਹ:** ਬਰਗਾੜੀ ਬੇਅਦਬੀ ਮਾਮਲੇ ਵਿਚ ਸੀ.ਬੀ.ਆਈ. ਦੀ ਕਲੋਜ਼ਰ ਰਿਪੋਰਟ ਬਾਰੇ ਕੈਪਟਨ ਸਰਕਾਰ ਦੀ ਨੀਅਤ ਉਤੇ ਸਵਾਲ ਉਠਣ ਲੱਗੇ ਹਨ। ਕਲੋਜ਼ਰ ਰਿਪੋਰਟ ਪੇਸ਼ ਹੋਣ ਤੋਂ ਬਾਅਦ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਏਜੰਸੀ ਦੇ ਕਦਮ ਨੂੰ ਮੰਦਭਾਗਾ ਆਖ ਜਾਂਚ ਅੱਗੇ ਤੋਰਨ ਦੀ ਅਪੀਲ ਕਰ ਰਹੇ ਹਨ। ਪੰਜਾਬ ਸਰਕਾਰ ਦੇ ਐਡਵੋਕੇਟ ਜਨਰਲ ਅਤੁੱਲ ਨੰਦਾ ਨੇ ਪ੍ਰੈੱਸ ਬਿਆਨ ਜਾਰੀ ਕਰਕੇ ਆਖ ਦਿੱਤਾ ਹੈ ਕਿ ਪੰਜਾਬ ਵਿਧਾਨ ਸਭਾ ਜਾਂਚ ਵਾਪਸ ਲੈਣ ਦਾ ਮਤਾ ਪਾਸ ਕਰ ਚੁੱਕੀ ਹੈ ਤੇ ਹੁਣ ਸੀ.ਬੀ.ਆਈ. ਕੋਲ ਕਲੋਜ਼ਰ ਰਿਪੋਰਟ ਦੇਣ ਦਾ ਕਾਨੂੰਨੀ ਹੱਕ ਹੀ ਨਹੀਂ। ਇਹ ਬਿਆਨ ਛਪਣ ਤੋਂ ਦੋ ਦਿਨ ਪਹਿਲਾਂ ਡੀ.ਜੀ.ਪੀ. ਪ੍ਰਬੋਧ ਕੁਮਾਰ ਨੇ ਸੀ.ਬੀ.ਆਈ. ਨੂੰ ਪੱਤਰ ਲਿਖਿਆ ਸੀ ਕਿ ਜਾਂਚ ਜਾਰੀ ਰੱਖੀ ਜਾਵੇ। ਇਸ ਤੋਂ ਸਾਬਤ ਹੁੰਦਾ ਹੈ ਕਿ ਸਰਕਾਰ 'ਚ ਆਪਸੀ ਤਾਲਮੇਲ ਦੀ ਕੋਈ ਚੀਜ਼ ਨਹੀਂ ਤੇ ਆਪੋਧਾਪੀ ਮਚੀ ਹੋਈ ਹੈ।

ਪੰਜਾਬ ਦੇ ਐਡਵੋਕੇਟ ਜਨਰਲ ਅਤੁਲ ਨੰਦਾ ਨੇ ਕਲੋਜ਼ਰ ਰਿਪੋਰਟ ਨੂੰ ਕਾਨੂੰਨੀ ਨੁਕਤੇ ਨਜ਼ਰ ਤੋਂ ਗਲਤ ਦੱਸਦਿਆਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਪਿਛਲੇ ਸਾਲ ਸੀ.ਬੀ.ਆਈ. ਤੋਂ ਕੇਸ ਵਾਪਸ ਲੈਣ ਤੋਂ ਬਾਅਦ ਇਨ੍ਹਾਂ ਮਾਮਲਿਆਂ ਵਿਚ ਕੇਂਦਰੀ ਜਾਂਚ ਏਜੰਸੀ ਦਾ ਅਧਿਕਾਰ ਖੇਤਰ ਨਹੀਂ ਬਣਦਾ। ਉਨ੍ਹਾਂ ਕਿਹਾ ਕਿ ਸਤੰਬਰ, 2018 ਵਿਚ ਸੂਬਾ ਸਰਕਾਰ ਨੇ ਇਸ ਏਜੰਸੀ ਤੋਂ ਕੇਸ ਵਾਪਸ ਲੈਣ ਲਈ ਰਸਮੀ ਨੋਟੀਫਿਕੇਸ਼ਨ ਜਾਰੀ ਕੀਤਾ ਸੀ, ਜਿਸ ਤੋਂ ਬਾਅਦ ਕਲੋਜ਼ਰ ਰਿਪੋਰਟ ਦਾਇਰ ਕਰਨਾ ਤਾਂ ਇਕ ਪਾਸੇ, ਇਹ ਏਜੰਸੀ ਇਨ੍ਹਾਂ ਮਾਮਲਿਆਂ ਵਿਚ ਕਿਸੇ ਤਰ੍ਹਾਂ ਦੀ ਪੜਤਾਲ ਕਰਨ ਦੀ ਅਥਾਰਟੀ ਤੇ ਅਧਿਕਾਰ ਖੇਤਰ ਗੁਆ ਚੁਕੀ ਹੈ। ਕਲੋਜ਼ਰ ਰਿਪੋਰਟ ਦਾਇਰ ਕਰਨ ਦੀ ਬਜਾਏ ਸੀ.ਬੀ.ਆਈ. ਨੂੰ ਸਹੀ ਕਾਨੂੰਨੀ ਰਾਹ ਅਪਨਾਉਂਦਿਆਂ ਅਦਾਲਤ ਨੂੰ ਦੱਸਣਾ ਬਣਦਾ ਸੀ ਕਿ ਪੜਤਾਲ ਦਾ ਕੰਮ ਉਸ ਦੇ ਸਪੁਰਦ ਨਹੀਂ ਰਿਹਾ। ਉਨ੍ਹਾਂ ਕਿਹਾ ਕਿ ਸੀ. ਬੀ. ਆਈ. ਵੱਲੋਂ ਕਲੋਜ਼ਰ ਰਿਪੋਰਟ ਦਾਇਰ ਕਰਨ ਦਾ ਅਚਾਨਕ ਲਿਆ ਫੈਸਲਾ ਸਾਜ਼ਿਸ਼ ਦਾ ਹਿੱਸਾ ਹੈ ਤੇ ਇਸ ਦੇ ਸਪੱਸ਼ਟ ਸੰਕੇਤ ਇਨ੍ਹਾਂ ਕੇਸਾਂ 'ਚ ਕਸੂਰਵਾਰਾਂ ਨੂੰ ਕਲੀਨ ਚਿੱਟ ਦੇਣ ਲਈ ਏਜੰਸੀ ਵੱਲੋਂ ਦਿਖਾਈ ਕਾਹਲ ਤੋਂ ਮਿਲਦੇ ਹਨ।

ਉਨ੍ਹਾਂ ਸੀ.ਬੀ.ਆਈ. ਦੇ ਉਸ ਸਟੈਂਡ 'ਤੇ ਵੀ ਹੈਰਾਨੀ ਜ਼ਾਹਰ ਕੀਤੀ, ਜਿਸ ਵਿਚ ਕੇਂਦਰੀ ਏਜੰਸੀ ਨੇ ਕਿਹਾ ਸੀ ਕਿ ਇਨ੍ਹਾਂ ਘਟਨਾਵਾਂ ਬਾਰੇ ਪੰਜਾਬ ਸਰਕਾਰ ਅਣਜਾਣ ਹੈ, ਜਿਸ ਕਰਕੇ ਉਸ ਦਾ ਕਲੋਜ਼ਰ ਰਿਪੋਰਟ ਦੀ ਕਾਪੀ ਲੈਣ ਦਾ ਕੋਈ ਹੱਕ ਨਹੀਂ ਬਣਦਾ। ਉਨ੍ਹਾਂ ਦੱਸਿਆ ਕਿ ਸਪੈਸ਼ਲ ਪੁਲੀਸ ਐਸਟੈਬਲਿਸ਼ਮੈਂਟ ਐਕਟ (ਜਿਸ ਅਧੀਨ ਸੀ.ਬੀ.ਆਈ. ਕੰਮ ਕਰਦੀ ਹੈ) ਦੀ ਧਾਰਾ-6 ਤਹਿਤ ਕਿਸੇ ਵੀ ਸੂਬੇ ਵਿਚ ਅਪਰਾਧਿਕ ਘਟਨਾਵਾਂ ਵਾਪਰਦੀਆਂ ਹਨ ਤਾਂ ਉਸ ਦੀ ਪੜਤਾਲ ਲਈ ਆਈ.ਪੀ.ਸੀ. ਦੇ ਹੇਠ ਸਬੰਧਤ ਸੂਬਾ ਸਰਕਾਰ ਦੀ ਸਹਿਮਤੀ ਲੋੜੀਂਦੀ ਹੈ। ਹਾਈ ਕੋਰਟ ਨੇ ਨੋਟ ਕੀਤਾ ਕਿ ਸੀ.ਬੀ.ਆਈ. ਨੇ ਤਕਰੀਬਨ ਤਿੰਨ ਸਾਲ ਬੀਤਣ ਦੇ ਬਾਵਜੂਦ ਪੜਤਾਲ ਵਿਚ ਕੋਈ ਵੀ ਪ੍ਰਗਤੀ ਨਹੀਂ ਕੀਤੀ।

## ਕੋਟਕਪੂਰਾ ਗੋਲੀ ਕਾਂਡ: ਉਮਰਾਨੰਗਲ ਦੀਆਂ ਅਰਜ਼ੀਆਂ ਰੱਦ

**ਫਰੀਦਕੋਟ:** ਕੋਟਕਪੂਰਾ ਗੋਲੀ ਕਾਂਡ ਮਾਮਲੇ ਦੀ ਸੁਣਵਾਈ ਕਰਦਿਆਂ ਇਲਾਕਾ ਮੈਜਿਸਟਰੇਟ ਨੇ ਆਈ.ਜੀ. ਪਰਮਰਾਜ ਸਿੰਘ ਉਮਰਾਨੰਗਲ ਵੱਲੋਂ ਦਾਇਰ ਅਰਜ਼ੀਆਂ ਰੱਦ ਕਰ ਦਿੱਤੀਆਂ ਤੇ ਕੇਸ ਨੂੰ ਅਗਲੀ ਸੁਣਵਾਈ ਲਈ ਸੈਸ਼ਨ ਅਦਾਲਤ 'ਚ ਭੇਜ ਦਿੱਤਾ। ਸੁਣਵਾਈ ਦੌਰਾਨ ਆਈ.ਜੀ. ਪਰਮਰਾਜ ਸਿੰਘ ਉਮਰਾਨੰਗਲ ਅਤੇ ਸਾਬਕਾ ਸੰਸਦੀ ਸਕੱਤਰ ਮਨਤਾਰ ਸਿੰਘ ਬਰਾੜ ਵੀ ਹਾਜ਼ਰ ਸਨ।

ਮਾਮਲੇ ਵਿਚ ਆਈ.ਜੀ. ਪਰਮਰਾਜ ਸਿੰਘ ਉਮਰਾਨੰਗਲ ਨੇ ਵਿਸ਼ੇਸ਼ ਜਾਂਚ ਟੀਮ ਦੀ ਪੜਤਾਲ ਰਿਪੋਰਟ ਨੂੰ ਚੁਣੌਤੀ ਦਿੰਦਿਆਂ ਅਦਾਲਤ ਵਿਚ



ਅਰਜ਼ੀ ਦਾਇਰ ਕਰ ਕੇ ਦੋਸ਼ ਲਾਇਆ ਸੀ ਕਿ ਜਾਂਚ ਟੀਮ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਨਿਯਮਾਂ ਅਨੁਸਾਰ ਪੜਤਾਲ ਨਹੀਂ ਕੀਤੀ। ਇਸ ਲਈ ਜਾਂਚ ਟੀਮ ਵੱਲੋਂ ਕੀਤੀ ਗਈ ਪੜਤਾਲ ਗੈਰਕਾਨੂੰਨੀ ਹੈ। ਅਦਾਲਤ ਨੇ 6 ਦਿਨ ਤੱਕ ਸੁਣਵਾਈ ਤੋਂ ਬਾਅਦ ਪੁਲਿਸ ਅਧਿਕਾਰੀਆਂ ਦੀਆਂ ਅਰਜ਼ੀਆਂ ਨੂੰ ਖਾਰਜ ਕਰ ਦਿੱਤਾ। ਅਦਾਲਤ ਨੇ ਆਪਣੇ ਹੁਕਮ ਵਿਚ ਕਿਹਾ ਹੈ ਕਿ ਪੁਲਿਸ ਅਧਿਕਾਰੀਆਂ ਖਿਲਾਫ ਥਾਣਾ ਕੋਟਕਪੂਰਾ ਵਿਚ ਦਰਜ ਕੀਤੇ ਗਏ ਮੁਕੱਦਮੇ ਦੀ ਸੁਣਵਾਈ ਕਰਨ ਦਾ ਅਧਿਕਾਰ ਸੈਸ਼ਨ ਜੱਜ ਕੋਲ ਹੈ। ਅਦਾਲਤ ਨੇ ਕੇਸ ਦੀ ਸਮੁੱਚੀ ਫਾਈਲ ਵੀ ਸੈਸ਼ਨ ਕੋਰਟ ਭੇਜਣ ਦੀ ਹਦਾਇਤ ਕੀਤੀ ਹੈ।

## ਸਿੱਟ ਨੂੰ ਬੇਅਦਬੀ ਪਿੱਛੇ ਮੁੜ 'ਵਿਦੇਸ਼ੀ ਹੱਥ' ਦਿਸਣ ਲੱਗਾ

**ਜਲੰਧਰ:** ਕੋਟਕਪੂਰਾ ਤੇ ਬਹਿਬਲ ਕਲਾਂ ਗੋਲੀ ਕਾਂਡ ਦੀ ਜਾਂਚ ਕਰ ਰਹੀ ਪੁਲਿਸ ਵਿਸ਼ੇਸ਼ ਟੀਮ ਨੂੰ ਬੇਅਦਬੀ ਮਾਮਲੇ ਪਿੱਛੇ ਮੁੜ ਵਿਦੇਸ਼ੀ ਹੱਥ ਦਿਖਾਈ ਦੇਣ ਲੱਗਾ ਹੈ। ਆਪਣੀ ਜਾਂਚ ਦੇ ਘੇਰੇ ਤੋਂ ਬਾਹਰ ਜਾਂਦਿਆਂ ਟੀਮ ਦੇ ਮੁਖੀ ਪ੍ਰਬੋਧ ਕੁਮਾਰ ਨੇ 29 ਜੁਲਾਈ ਨੂੰ ਸੀ.ਬੀ.ਆਈ. ਦੇ ਡਾਇਰੈਕਟਰ ਨੂੰ ਖਤ ਲਿਖ ਕੇ ਸਲਾਹ ਦਿੱਤੀ ਹੈ ਕਿ ਉਹ ਬੇਅਦਬੀ ਮਾਮਲੇ ਦੀ ਜਾਂਚ ਦੌਰਾਨ ਅਣਛੋਹੇ ਰਹਿ ਗਏ ਪੱਖਾਂ ਦੀ ਜਾਂਚ ਨੂੰ ਅੱਗੇ ਵਧਾਉਣ।

ਪ੍ਰਬੋਧ ਕੁਮਾਰ ਨੇ ਸੀ.ਬੀ.ਆਈ. ਡਾਇਰੈਕਟਰ ਨੂੰ ਲਿਖੇ ਪੱਤਰ ਨਾਲ ਬਰਗਾੜੀ ਤੋਂ ਇਲਾਵਾ ਹੋਰ ਬੇਅਦਬੀ ਮਾਮਲਿਆਂ ਦੀ ਜਾਂਚ ਕਰਨ ਵਾਲੀ ਪੰਜਾਬ ਦੀ ਸਿੱਟ ਦੇ ਚੇਅਰਮੈਨ ਡੀ.ਆਈ.ਜੀ. ਰਣਬੀਰ ਸਿੰਘ ਖਟੜਾ ਵੱਲੋਂ ਉਨ੍ਹਾਂ ਨੂੰ ਭੇਜੀ ਦੋ ਸਫੇ ਦੀ ਰਿਪੋਰਟ ਵੀ ਲਗਾਈ ਹੈ।

ਸਿਆਸੀ ਹਲਕਿਆਂ 'ਚ ਪ੍ਰਬੋਧ ਕੁਮਾਰ ਵੱਲੋਂ ਆਪਣੇ ਇਕ ਸਫੇ ਦੇ ਪੱਤਰ 'ਚ 'ਵਿਦੇਸ਼ੀ ਹੱਥ' ਵੱਲ ਇਸ਼ਾਰਾ ਤੇ ਫਿਰ 'ਪੰਜਾਬ ਦੇ ਅਮਨ ਕਾਨੂੰਨ' ਨਾਲ ਜੁੜੇ ਹੋਣ ਦੇ ਵਰਤੇ ਸ਼ਬਦਾਂ ਨੂੰ ਬੜੀ ਗੰਭੀਰਤਾ ਨਾਲ ਲਿਆ ਜਾ ਰਿਹਾ ਹੈ। ਅਕਤੂਬਰ 2015 'ਚ ਬਰਗਾੜੀ ਘਟਨਾ ਤੋਂ ਬਾਅਦ ਪੰਜਾਬ ਪੁਲਿਸ ਦੀ ਬਣੀ ਪਹਿਲੀ ਸਿੱਟ ਨੇ ਇਸ ਮਾਮਲੇ 'ਚ ਵਿਦੇਸ਼ੀ ਹੱਥ ਤੇ ਪੰਜਾਬ 'ਚ ਗੜਬੜ ਫੈਲਾਉਣ ਦੇ ਯਤਨਾਂ ਦਾ ਪਰਦਾਫਾਸ਼ ਕਰਦਿਆਂ ਦੋ ਅੰਮ੍ਰਿਤਧਾਰੀ ਸਿੱਖ ਨੌਜਵਾਨਾਂ ਭੁਪਿੰਦਰ ਸਿੰਘ ਤੇ ਜਸਵਿੰਦਰ ਸਿੰਘ ਨੂੰ ਬੇਅਦਬੀ ਦੇ ਦੋਸ਼ੀ ਕਰਾਰ ਦੇ ਕੇ ਗ੍ਰਿਫਤਾਰ ਕੀਤਾ ਸੀ ਤੇ ਉਨ੍ਹਾਂ ਦੀਆਂ ਬਾਹਰਲੇ ਦੇਸ਼ਾਂ ਵਿਚ ਬੈਠੇ ਗਰਮ ਖਿਆਲੀਆਂ ਨਾਲ ਤੰਦਾਂ ਦਾ ਜ਼ਿਕਰ ਕੀਤਾ ਗਿਆ ਸੀ। ਪਰ ਪੁਲਿਸ ਦੀ ਇਹ ਥਿਊਰੀ ਤੱਥ ਸਬੂਤ ਨਾ ਹੋਣ ਕਾਰਨ ਕੁਝ ਹੀ ਦਿਨਾਂ ਵਿਚ ਦਮ ਤੋੜ ਗਈ ਤੇ ਕੇਸ ਰੱਦ ਕਰਕੇ ਦੋਵਾਂ ਭਰਾਵਾਂ ਨੂੰ ਰਿਹਾਅ ਕਰਨਾ ਪਿਆ ਸੀ।

ਕਈ ਪੁਲਿਸ ਅਧਿਕਾਰੀ ਸੁਆਲ ਕਰ ਰਹੇ ਹਨ ਕਿ ਪ੍ਰਬੋਧ ਕੁਮਾਰ ਕੋਲ ਨਾ ਤਾਂ ਇਸ ਮਾਮਲੇ ਦੀ ਜਾਂਚ ਦਾ ਕੰਮ ਹੈ ਤੇ ਨਾ ਪੰਜਾਬ ਸਰਕਾਰ ਨੇ ਸੀ.ਬੀ.ਆਈ. ਦੀ ਜਾਂਚ ਦੀ ਨਿਗਰਾਨੀ ਕਰਨ ਲਈ ਉਨ੍ਹਾਂ ਨੂੰ ਨਿਯੁਕਤ ਕੀਤਾ ਹੈ, ਫਿਰ ਉਹ ਕਿਸ ਹੈਸੀਅਤ 'ਚ ਸੀ.ਬੀ.ਆਈ. ਡਾਇਰੈਕਟਰ ਨੂੰ ਜਾਂਚ 'ਚ ਵਿਦੇਸ਼ੀ ਹੱਥ ਦੀ ਪੜਤਾਲ ਅੱਗੇ ਤੋਰਨ ਦੀ ਸਲਾਹ ਦੇ ਰਹੇ ਹਨ।

### ਜਾਂਚ 'ਚ ਰੁਕਾਵਟ ਪੈਦਾ ਕਰ ਰਹੇ ਨੇ ਕੈਪਟਨ ਤੇ ਸੁਖਬੀਰ: ਖਹਿਰਾ

**ਚੰਡੀਗੜ੍ਹ:** ਪੰਜਾਬ ਏਕਤਾ ਪਾਰਟੀ ਦੇ ਪ੍ਰਧਾਨ ਅਤੇ ਭੁਲੱਥ ਦੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਸੁਖਬੀਰ ਬਾਦਲ ਅਤੇ ਕੈਪਟਨ ਅਮਰਿੰਦਰ ਸਿੰਘ 'ਤੇ ਬੇਅਦਬੀ ਮਾਮਲਿਆਂ ਦੀ ਜਾਂਚ ਵਿਚ ਰੁਕਾਵਟਾਂ ਪੈਦਾ ਕਰਨ ਅਤੇ ਲੋਕਾਂ ਨੂੰ ਗੁਮਰਾਹ ਕਰਨ ਦੇ ਦੋਸ਼ ਲਾਏ ਹਨ। ਉਨ੍ਹਾਂ ਗੁਰੂ ਗ੍ਰੰਥ ਸਾਹਿਬ ਦੀ



ਬੇਅਦਬੀ ਮਾਮਲਿਆਂ ਵਿਚ ਸ਼ੱਕੀ ਭੂਮਿਕਾ ਨਿਭਾਉਣ ਅਤੇ ਸੀ.ਬੀ.ਆਈ. ਨੂੰ ਮੁੜ ਕੇਸ ਖੋਲ੍ਹਣ ਬਾਰੇ ਆਖਣ ਵਾਲੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ 'ਤੇ ਦੋਗਲੀ ਨੀਤੀ ਅਪਨਾਉਣ ਦਾ ਦੋਸ਼ ਲਾਇਆ ਹੈ। ਸ. ਖਹਿਰਾ ਨੇ ਮੁੱਖ ਮੰਤਰੀ ਨੂੰ ਪੁੱਛਿਆ ਕਿ ਸੀ.ਬੀ.ਆਈ. ਕੋਲੋਂ ਮਾਮਲੇ ਵਾਪਸ ਲੈਣ ਲਈ ਵਿਧਾਨ ਸਭਾ ਵੱਲੋਂ ਪਾਸ ਕੀਤੇ ਗਏ ਮਤੇ ਨੂੰ ਲਾਗੂ ਕਰਨ ਵਿਚ ਉਹ ਅਸਫਲ ਕਿਉਂ ਰਹੇ ਹਨ। ਇਕ ਪਾਸੇ ਉਹ ਮਾਮਲਿਆਂ ਦੀ ਜਾਂਚ ਪੰਜਾਬ ਪੁਲਿਸ ਦੀ ਐਸ.ਆਈ.ਟੀ. ਕੋਲੋਂ ਕਰਵਾਏ ਜਾਣ ਦੀ ਵਕਾਲਤ ਕਰ ਰਹੇ ਹਨ ਅਤੇ ਦੂਜੇ ਪਾਸੇ ਸੀ.ਬੀ.ਆਈ. ਨੂੰ ਮੁੜ ਕੇਸ ਖੋਲ੍ਹਣ ਲਈ ਆਖ ਰਹੇ ਹਨ। ਉਨ੍ਹਾਂ ਕਿਹਾ ਕਿ ਬੇਅਦਬੀ ਮਾਮਲਿਆਂ ਦੇ ਦੋਸ਼ੀ ਡੇਰਾ ਪ੍ਰੇਮੀਆਂ ਨੂੰ ਕਲੀਨ ਚਿੱਟ ਦੇਣ ਲਈ ਉਹ (ਕੈਪਟਨ) ਅਕਾਲੀਆਂ ਅਤੇ ਭਾਜਪਾ ਨਾਲ ਮਿਲ ਕੇ ਕੰਮ ਕਰ ਰਹੇ ਹਨ।

# ਲੋਕ ਸਭਾ 'ਚ ਜਲ੍ਹਿਆਂਵਾਲਾ ਬਾਗ ਕੌਮੀ ਯਾਦਗਾਰ ਸੋਧ ਬਿੱਲ ਪਾਸ

**ਨਵੀਂ ਦਿੱਲੀ:** ਲੋਕ ਸਭਾ ਵੱਲੋਂ ਕਾਂਗਰਸ ਮੈਂਬਰਾਂ ਦੇ ਤਿੱਖੇ ਵਿਰੋਧ ਤੇ ਵਾਕਆਊਟ ਦੇ ਬਾਵਜੂਦ ਜਲ੍ਹਿਆਂਵਾਲਾ ਬਾਗ ਕੌਮੀ ਯਾਦਗਾਰ (ਸੋਧ) ਬਿੱਲ ਪਾਸ ਕਰ ਦਿੱਤਾ ਗਿਆ। ਇਸ ਬਿੱਲ ਵਿਚ ਕਾਂਗਰਸ ਪ੍ਰਧਾਨ ਨੂੰ ਜਲ੍ਹਿਆਂਵਾਲਾ ਬਾਗ ਕੌਮੀ ਯਾਦਗਾਰ ਟਰੱਸਟ ਦੇ ਸਥਾਈ ਮੈਂਬਰ ਵਜੋਂ ਹਟਾਏ ਜਾਣ ਦਾ ਪ੍ਰਸਤਾਵ ਸ਼ਾਮਲ ਹੈ।

ਬਿੱਲ ਬਾਰੇ ਚਰਚਾ ਦੀ ਸ਼ੁਰੂਆਤ ਕਰਦਿਆਂ ਸਭਿਆਚਾਰ ਬਾਰੇ ਮੰਤਰੀ ਪ੍ਰਹਿਲਾਦ ਪਟੇਲ ਨੇ ਕਿਹਾ ਕਿ ਕੌਮੀ ਯਾਦਗਾਰਾਂ 'ਸਿਆਸੀ ਯਾਦਗਾਰਾਂ' ਨਹੀਂ ਹੋ ਸਕਦੀਆਂ ਅਤੇ ਇਨ੍ਹਾਂ ਨੂੰ ਸਿਆਸਤ ਤੋਂ ਪਰ੍ਹੇ ਰੱਖਿਆ ਜਾਣਾ ਚਾਹੀਦਾ ਹੈ। ਇਹ ਬਿੱਲ ਜ਼ੁਬਾਨੀ ਵੋਟ ਨਾਲ ਪਾਸ ਕੀਤੇ ਜਾਣ ਦੌਰਾਨ ਕਾਂਗਰਸ ਨੇ ਵਾਕਆਊਟ ਕਰ ਦਿੱਤਾ। ਵਿਰੋਧੀ ਪਾਰਟੀਆਂ ਦੇ ਸੋਧ ਪ੍ਰਸਤਾਵਾਂ ਨੂੰ ਵੋਟਾਂ ਘੱਟ ਮਿਲਣ ਕਾਰਨ ਖਾਰਜ ਕਰ ਦਿੱਤਾ ਗਿਆ। ਬਿੱਲ 'ਤੇ ਚਰਚਾ ਮਗਰੋਂ ਸੋਧ ਦੇ ਹੱਕ ਵਿਚ 214 ਵੋਟ ਭੁਗਤੇ ਜਦਕਿ ਵਿਰੋਧ ਵਿਚ 30 ਵੋਟਾਂ ਪਈਆਂ। ਜਲ੍ਹਿਆਂਵਾਲਾ ਬਾਗ ਕੌਮੀ ਯਾਦਗਾਰ (ਸੋਧ) ਬਿੱਲ ਅਨੁਸਾਰ 'ਇੰਡੀਅਨ ਨੈਸ਼ਨਲ ਕਾਂਗਰਸ ਦੇ ਪ੍ਰਧਾਨ' ਦਾ ਟਰੱਸਟੀ ਵਜੋਂ ਜ਼ਿਕਰ 'ਹਟਾਇਆ' ਜਾਵੇ।

ਇਸ ਵੇਲੇ ਜਲ੍ਹਿਆਂਵਾਲਾ ਬਾਗ ਕੌਮੀ ਯਾਦਗਾਰ ਟਰੱਸਟ ਦਾ ਚੇਅਰਪਰਸਨ ਪ੍ਰਧਾਨ ਮੰਤਰੀ ਹੈ ਅਤੇ ਇਸ ਦੇ ਮੈਂਬਰ ਇੰਡੀਅਨ ਨੈਸ਼ਨਲ ਕਾਂਗਰਸ ਦਾ ਪ੍ਰਧਾਨ, ਸਭਿਆਚਾਰ ਬਾਰੇ ਮੰਤਰੀ, ਲੋਕ ਸਭਾ ਵਿਚ ਵਿਰੋਧੀ ਧਿਰ ਦਾ ਆਗੂ, ਪੰਜਾਬ ਦਾ ਰਾਜਪਾਲ ਅਤੇ ਪੰਜਾਬ ਦਾ ਮੁੱਖ ਮੰਤਰੀ ਹਨ। ਬਿੱਲ 'ਤੇ ਬਹਿਸ ਦੌਰਾਨ ਪਟੇਲ ਨੇ ਕਿਹਾ ਕਿ ਜਲ੍ਹਿਆਂਵਾਲਾ ਬਾਗ ਕੌਮੀ ਯਾਦਗਾਰ ਟਰੱਸਟ ਨਾਲ ਜੁੜੀ ਸਿਆਸਤ ਨੂੰ ਸਰਕਾਰ ਖਤਮ ਕਰਨਾ ਚਾਹੁੰਦੀ ਹੈ। ਉਨ੍ਹਾਂ ਕਿਹਾ ਕਿ ਸਾਡਾ ਮੰਨਣਾ ਹੈ ਕਿ ਕੌਮੀ ਯਾਦਗਾਰ ਨਾਲੋਂ ਸਿਆਸਤ ਨੂੰ ਵੱਖ ਕੀਤਾ ਜਾਵੇ ਅਤੇ ਇਸ ਕਰਕੇ 1951 ਦੇ ਐਕਟ ਵਿਚ ਸੋਧ ਦਾ ਪ੍ਰਸਤਾਵ ਲਿਆਂਦਾ ਗਿਆ ਹੈ। ਉਨ੍ਹਾਂ ਕਿਹਾ ਕਿ ਯਾਦਗਾਰ ਦਾ ਸਿਆਸੀਕਰਨ ਨਹੀਂ ਹੋਣਾ ਚਾਹੀਦਾ ਬਲਕਿ ਰਾਸ਼ਟਰਵਾਦ ਹੋਣਾ ਚਾਹੀਦਾ ਹੈ। ਜਦੋਂ ਹੀ ਮੰਤਰੀ ਨੇ ਇਸ ਬਿੱਲ ਬਾਰੇ ਬੋਲਣਾ ਸ਼ੁਰੂ ਕੀਤਾ ਉਦੋਂ ਹੀ ਰਾਹੁਲ ਗਾਂਧੀ ਸਦਨ ਵਿਚ ਦਾਖਲ ਹੋਏ। ਬਿੱਲ ਦਾ ਵਿਰੋਧ ਕਰਦਿਆਂ ਕਾਂਗਰਸ ਦੇ ਮੈਂਬਰ ਗੁਰਜੀਤ ਔਜਲਾ ਨੇ ਕਿਹਾ ਕਿ ਕਾਂਗਰਸ ਪ੍ਰਧਾਨ ਨੂੰ ਟਰੱਸਟ ਵਿਚੋਂ ਹਟਾ ਕੇ ਸਰਕਾਰ ਮੁੜ ਇਤਿਹਾਸ ਲਿਖਣਾ ਚਾਹੁੰਦੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਇਤਿਹਾਸ ਨਾਲ ਛੇੜਛਾੜ ਕਰਨਾ ਚਾਹੁੰਦੀ ਹੈ, ਇਤਿਹਾਸ ਖਤਮ ਕਰਨਾ ਚਾਹੁੰਦੀ ਹੈ। ਤੁਸੀਂ ਦੇਸ਼ ਦੇ ਆਜ਼ਾਦੀ ਸੰਗਰਾਮ ਵਿਚ ਕਾਂਗਰਸ ਦੇ ਬਲੀਦਾਨ ਨੂੰ ਨਹੀਂ ਖਤਮ ਕਰ ਸਕਦੇ।




ਬਹਿਸ ਵਿਚ ਹਿੱਸਾ ਲੈਂਦਿਆਂ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਉਹ ਕਾਂਗਰਸ ਦੇ ਮੈਂਬਰ ਹੀ ਸਨ, ਜਿਨ੍ਹਾਂ ਦੀ '84 ਦੇ ਦੰਗਿਆਂ ਵਿਚ ਸ਼ਮੂਲੀਅਤ ਸੀ। ਹਰਸਿਮਰਤ ਨੇ ਦੋਸ਼ ਲਾਇਆ ਕਿ 1984 ਦੇ ਸਿੱਖ ਵਿਰੋਧੀ ਦੰਗਿਆਂ ਵਿਚ ਸ਼ਮੂਲੀਅਤ ਵਾਲਾ ਇਕ ਵਿਅਕਤੀ ਤਾਂ ਮੁੱਖ ਮੰਤਰੀ ਬਣਿਆ ਹੋਇਆ ਹੈ। ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਇਕ ਪੁਰਖੇ ਨੇ ਜਲ੍ਹਿਆਂਵਾਲਾ ਬਾਗ ਸਾਕੇ ਨੂੰ ਅੰਜਾਮ ਦਿੱਤੇ ਜਾਣ 'ਤੇ ਜਨਰਲ ਡਾਇਰ ਦੀ ਸ਼ਲਾਘਾ ਕੀਤੀ ਸੀ। ਉਨ੍ਹਾਂ ਕਿਹਾ ਕਿ ਇਹ ਇਤਿਹਾਸ ਵਿਚ ਦਰਜ ਹੈ ਅਤੇ ਤੁਸੀਂ ਇਸ ਨੂੰ ਭੁੱਲ ਨਹੀਂ ਸਕਦੇ। ਇਸ 'ਤੇ ਕਾਂਗਰਸ ਨੇ ਨਾਅਰੇਬਾਜ਼ੀ ਕੀਤੀ ਅਤੇ ਹਰਸਿਮਰਤ 'ਤੇ ਜਵਾਬੀ ਦੋਸ਼ ਲਾਏ। ਪੰਜਾਬ ਦੇ ਮੈਂਬਰਾਂ ਦੇ ਇਸ ਰੌਲੇ-ਰੱਪੇ ਦੌਰਾਨ 'ਆਪ' ਦੇ ਸੰਸਦ ਮੈਂਬਰ ਭਗਵੰਤ ਮਾਨ ਨੇ ਕਿਹਾ ਕਿ ਜਲ੍ਹਿਆਂਵਾਲਾ ਬਾਗ ਸਭ ਦਾ ਸਾਂਝਾ ਹੈ। ਇਸ ਦੌਰਾਨ ਹੋਰ ਪਾਰਟੀਆਂ ਵਿਚੋਂ ਬਸਪਾ, ਬੀ.ਜੇ.ਡੀ., ਐਨ.ਸੀ.ਪੀ., ਡੀ.ਐਮ.ਕੇ. ਅਤੇ ਤ੍ਰਿਣਮੂਲ ਕਾਂਗਰਸ ਦੇ ਮੈਂਬਰਾਂ ਨੇ ਇਸ ਬਿਲ ਦਾ ਵਿਰੋਧ ਕੀਤਾ।

### 'ਡਾਇਰ ਨੂੰ ਕਰਵਾਇਆ ਹਰਸਿਮਰਤ ਦੇ ਦਾਦੇ ਨੇ ਡਿਨਰ'

ਸੰਸਦ ਮੈਂਬਰ ਭਗਵੰਤ ਮਾਨ ਨੇ ਸੰਸਦ ਵਿਚ ਕਿਹਾ ਕਿ ਜਲ੍ਹਿਆਂਵਾਲਾ ਬਾਗ ਵਿਚ ਹਜ਼ਾਰਾਂ ਲੋਕਾਂ ਦੀ ਹੱਤਿਆ ਕਰਨ ਤੋਂ ਬਾਅਦ ਜਨਰਲ ਡਾਇਰ ਨੇ ਹਰਸਿਮਰਤ ਕੌਰ ਬਾਦਲ ਦੇ ਦਾਦਾ ਸੁੰਦਰ ਸਿੰਘ ਮਜੀਠੀਆ ਦੇ ਘਰ ਡਿਨਰ ਕੀਤਾ ਸੀ। ਉਨ੍ਹਾਂ ਕਿਹਾ ਕਿ ਜਲ੍ਹਿਆਂਵਾਲਾ ਬਾਗ ਟਰੱਸਟ ਵਿਚ ਰਾਜਨੀਤਕ ਪਾਰਟੀ ਦੀ ਕੋਈ ਵੀ ਮੈਂਬਰ ਨਹੀਂ ਹੋਣਾ ਚਾਹੀਦਾ ਕਿਉਂਕਿ ਸਿਆਸੀ ਪਾਰਟੀਆਂ ਨੇ ਨਾ ਤਾਂ ਜਲ੍ਹਿਆਂਵਾਲਾ ਬਾਗ ਲਈ ਕੁਝ ਕੀਤਾ ਹੈ ਅਤੇ ਨਾ ਹੀ ਇਸ ਸਾਕੇ ਦਾ ਬਦਲਾ ਲੈਣ ਵਾਲੇ ਊਧਮ ਸਿੰਘ ਲਈ।

### ਕਾਂਗਰਸ ਪ੍ਰਧਾਨ ਦੀ ਮੈਂਬਰੀ ਖਾਰਜ ਕਰਨ ਲਈ ਹੀ ਬਿੱਲ ਲਿਆਂਦਾ: ਚੌਧਰੀ

**ਜਲੰਧਰ:** ਜਲ੍ਹਿਆਂਵਾਲੇ ਬਾਗ ਦੀ ਸਾਂਭ ਸੰਭਾਲ ਲਈ ਬਣੇ ਕੌਮੀ ਟਰੱਸਟ ਵਿਚੋਂ ਕਾਂਗਰਸ ਪ੍ਰਧਾਨ ਦੀ ਮੈਂਬਰੀ ਖਾਰਜ ਕਰਨ ਵਾਲੇ ਸੋਧ ਬਿੱਲ 'ਤੇ ਤਿੱਖੀ ਪ੍ਰਤੀਕਿਰਿਆ ਪ੍ਰਗਟ ਕਰਦਿਆਂ ਸੰਸਦ ਮੈਂਬਰ ਚੌਧਰੀ ਸੰਤੋਖ ਸਿੰਘ ਨੇ ਕਿਹਾ ਕਿ ਭਾਜਪਾ ਆਪਣੇ ਬਹੁਮਤ ਸਦਕਾ ਦੇਸ਼ ਵਿਚ ਧੱਕੇਸ਼ਾਹੀ ਕਰਕੇ ਇਤਿਹਾਸ ਵਿਗਾੜਨ ਦੇ ਰਾਹ ਪਈ ਹੋਈ ਹੈ। ਉਨ੍ਹਾਂ ਕਿਹਾ ਕਿ ਕਿਹਾ ਕਿ 2014 ਤੋਂ ਹੀ ਭਾਜਪਾ ਨੇ ਸੰਵਿਧਾਨਕ ਸੰਸਥਾਵਾਂ 'ਤੇ ਕਬਜ਼ਾ ਕਰਨਾ ਸ਼ੁਰੂ ਕਰ ਦਿੱਤਾ ਸੀ ਤੇ ਇਸ ਨੂੰ ਆਪਣੇ ਹਿੰਦੂਤਵ ਦੇ ਏਜੰਡੇ ਮੁਤਾਬਕ ਚਲਾਉਣਾ ਸ਼ੁਰੂ ਕੀਤਾ ਹੋਇਆ ਹੈ। ਜਲ੍ਹਿਆਂਵਾਲੇ ਬਾਗ ਦੇ ਟਰੱਸਟ ਵਿਚੋਂ ਸਿਰਫ ਕਾਂਗਰਸ ਦੇ ਪ੍ਰਧਾਨ ਦੀ ਮੈਂਬਰੀ ਨੂੰ ਖਾਰਜ ਕਰਨ ਲਈ ਹੀ ਇਹ ਸੋਧ ਬਿੱਲ ਲਿਆਂਦਾ ਗਿਆ ਸੀ, ਜਿਸ ਦਾ ਕਾਂਗਰਸ ਨੇ ਡਟ ਕੇ ਵਿਰੋਧ ਕੀਤਾ। ਐਮ.ਸੀ.ਆਈ., ਆਰ.ਟੀ.ਆਈ. ਅਤੇ ਆਰ.ਬੀ.ਆਈ. ਸਮੇਤ ਹੋਰ ਬਹੁਤ ਸਾਰੀਆਂ ਖੁਦਮੁਖਤਿਆਰੀ ਵਾਲੀਆਂ ਸੰਸਥਾਵਾਂ ਨੂੰ ਭਾਜਪਾ ਤਬਾਹ ਕਰਨ 'ਤੇ ਤੁਲੀ ਹੋਈ ਹੈ। ਉਨ੍ਹਾਂ ਕਿਹਾ ਕਿ ਇਤਿਹਾਸ ਨੂੰ ਤੋੜ-ਮਰੋੜ ਕੇ ਭਾਜਪਾ ਦੇਸ਼ ਦੀ ਆਜ਼ਾਦੀ ਵਿਚ ਕਾਂਗਰਸ ਦੇ ਯੋਗਦਾਨ ਨੂੰ ਮਨਫੀ ਨਹੀਂ ਕਰ ਸਕਦੀ।

# ਸ਼ਹੀਦ ਊਧਮ ਸਿੰਘ ਨਾਲ ਸਬੰਧਤ ਦਸਤਾਵੇਜ਼ 79 ਵਰ੍ਹਿਆਂ ਬਾਅਦ ਵੀ ਨਹੀਂ ਪਹੁੰਚੇ ਭਾਰਤ

**ਅੰਮ੍ਰਿਤਸਰ:** ਸ਼ਹੀਦ ਊਧਮ ਸਿੰਘ ਨਾਲ ਸਬੰਧਿਤ ਦਸਤਾਵੇਜ਼ ਤੇ ਹੋਰ ਵਸਤੂਆਂ ਜੋ ਕਿ ਬ੍ਰਿਟਿਸ਼ ਲਾਇਬ੍ਰੇਰੀ, ਨੈਸ਼ਨਲ ਆਰਕਾਇਵ ਲੰਡਨ, ਬਲੈਕ ਮਿਊਜ਼ੀਅਮ ਆਦਿ ਸਥਾਨਾਂ 'ਚ ਰੱਖੀਆਂ ਗਈਆਂ ਹਨ, ਨੂੰ ਕੇਂਦਰ ਸਰਕਾਰ ਤੇ ਸਬੰਧਿਤ ਵਿਭਾਗ ਇੱਛਾ ਸ਼ਕਤੀ ਦੀ ਕਮੀ ਦੇ ਚਲਦਿਆਂ 79 ਵਰ੍ਹਿਆਂ ਬਾਅਦ ਵੀ ਭਾਰਤ ਲਿਆਉਣ 'ਚ ਕਾਮਯਾਬ ਨਹੀਂ ਹੋ ਸਕੇ।

ਦੱਸਿਆ ਜਾ ਰਿਹਾ ਹੈ ਕਿ 31 ਜੁਲਾਈ 1940 ਨੂੰ ਫਾਂਸੀ ਚੜ੍ਹਾਏ ਜਾਣ ਉਪਰੰਤ ਅੰਗਰੇਜ਼ੀ ਸਰਕਾਰ ਵਲੋਂ ਸ਼ਹੀਦ ਊਧਮ ਸਿੰਘ ਨਾਲ ਸਬੰਧਿਤ ਦਸਤਾਵੇਜ਼ਾਂ ਦੇ ਜਾਰੀ ਕਰਨ 'ਤੇ 100 ਸਾਲ ਲਈ ਪਾਬੰਦੀ ਲਗਾਈ ਗਈ ਸੀ। ਉਕਤ 'ਚੋਂ ਕੁਝ ਫਾਈਲਾਂ ਬ੍ਰਿਟਿਸ਼ ਲਾਇਬ੍ਰੇਰੀ ਤੇ ਬਾਕੀ 'ਦੀ ਨੈਸ਼ਨਲ ਆਰਕਾਇਵ ਲੰਡਨ' 'ਚ ਸੁਰੱਖਿਅਤ ਰੱਖੀਆਂ ਗਈਆਂ ਸਨ ਤੇ ਪਿੱਛੇ ਜਿਹੇ ਲੰਡਨ ਦੇ 'ਦੀ ਨੈਸ਼ਨਲ ਆਰਕਾਈਵ ਮਿਊਜ਼ੀਅਮ' ਵੱਲੋਂ ਉਨ੍ਹਾਂ ਕੋਲ ਮੌਜੂਦ ਫਾਈਲਾਂ 'ਚੋਂ ਸ਼ਹੀਦ ਦੀ ਫਾਂਸੀ ਬਾਰੇ ਚਾਰ ਫਾਈਲਾਂ ਨੂੰ ਬਕਾਇਦਾ ਜਾਰੀ ਕਰਨ ਦਾ ਐਲਾਨ ਵੀ ਕੀਤਾ ਜਾ ਚੁੱਕਾ ਹੈ। ਇਨ੍ਹਾਂ ਫਾਈਲਾਂ ਦੇ ਨੰਬਰ 2/761, 2/728, 1/1177 ਤੇ 9/872/1 ਦੱਸੇ ਜਾ ਰਹੇ ਹਨ। ਉਕਤ ਫਾਈਲਾਂ ਦੇ ਭਾਰਤ ਲਿਆਏ ਜਾਣ ਉਪਰੰਤ ਕਈ ਅਜਿਹੀਆਂ ਗੁਪਤ ਜਾਣਕਾਰੀਆਂ ਸਾਹਮਣੇ ਆ ਸਕਦੀਆਂ ਹਨ ਜਿਨ੍ਹਾਂ ਦਾ ਸ਼ਹੀਦ ਊਧਮ ਸਿੰਘ ਦੀ ਗ੍ਰਿਫਤਾਰੀ ਤੇ ਸ਼ਹਾਦਤ ਨਾਲ ਸਬੰਧਿਤ ਇਤਿਹਾਸ ਦੀਆਂ ਪੁਸਤਕਾਂ 'ਚ ਬਹੁਤੇ ਵੇਰਵੇ ਦਰਜ ਨਹੀਂ ਹਨ।



ਜਾਣਕਾਰੀ ਅਨੁਸਾਰ ਜੂਨ 1997 'ਚ ਸ਼ਹੀਦ ਊਧਮ ਸਿੰਘ ਵੈਲਫੇਅਰ ਟਰੱਸਟ, ਬ੍ਰਿਟਿਸ਼ ਤੇ ਇੰਡੀਅਨ ਵਰਕਰਜ਼ ਐਸੋਸੀਏਸ਼ਨ ਗਰੇਟ ਬ੍ਰਿਟੇਨ ਨੇ ਉਕਤ ਅਜਾਇਬ ਘਰਾਂ 'ਚ ਪਈਆਂ ਸ਼ਹੀਦ ਊਧਮ ਸਿੰਘ ਨਾਲ ਸਬੰਧਿਤ ਪੰਜ ਫਾਈਲਾਂ ਐਮ.ਈ.ਪੀ.ਓ. 3/1743, ਪੀ.ਸੀ.ਓ. ਐਮ. 9/872, ਪੀ. ਐਂਡ ਜੇ.(ਐਸ.) 466/36, ਐਚ.ਓ. 144/21444 ਅਤੇ ਐਚ.ਓ. 144/21444 ਨੂੰ ਜਾਰੀ ਕਰਵਾਉਣ 'ਚ ਪ੍ਰਮੁੱਖ ਭੂਮਿਕਾ ਨਿਭਾਈ ਸੀ।

ਇਨ੍ਹਾਂ ਫਾਈਲਾਂ ਦੇ ਜਾਰੀ ਹੋਣ 'ਤੇ ਸ਼ਹੀਦ ਦੀ ਜ਼ਿੰਦਗੀ ਨਾਲ ਜੁੜੇ ਕਈ ਅਜਿਹੇ ਤੱਥਾਂ ਬਾਰੇ ਜਾਣਕਾਰੀਆਂ ਜਨਤਕ ਹੋਈਆਂ, ਜਿਨ੍ਹਾਂ ਬਾਰੇ ਇਸ ਵਿਸ਼ੇ ਦੇ ਇਤਿਹਾਸਕਾਰਾਂ ਨੂੰ ਵੀ ਬਹੁਤੀ ਜਾਣਕਾਰੀ ਨਹੀਂ ਸੀ। ਉਕਤ ਦੇ ਇਲਾਵਾ ਸ਼ਹੀਦ ਊਧਮ ਸਿੰਘ ਦੀ ਪਿਸਤੌਲ ਤੇ ਉਸ ਦੇ ਘਰ ਦੀ ਤਲਾਸ਼ੀ ਦੌਰਾਨ ਜਬਤ ਕੀਤਾ ਗਿਆ ਹੋਰ ਜ਼ਰੂਰੀ ਸਾਮਾਨ, ਦਸਤਾਵੇਜ਼ ਤੇ ਕਪੜੇ ਲੰਡਨ ਦੇ ਬਲੈਕ ਮਿਊਜ਼ੀਅਮ 'ਚ ਅੱਜ ਵੀ ਮੌਜੂਦ ਹਨ ਜਿਨ੍ਹਾਂ ਨੂੰ ਭਾਰਤ ਲਿਆਉਣ ਲਈ ਵੱਡੇ ਪੱਧਰ 'ਤੇ ਕਾਰਵਾਈ ਕੀਤੇ ਜਾਣ ਦੀ ਲੋੜ ਹੈ।

### ਸ਼ਹਾਦਤ ਦੇ 34 ਵਰ੍ਹੇ ਬਾਅਦ ਭਾਰਤ ਪਹੁੰਚੀਆਂ ਸਨ ਅਸਥੀਆਂ

**ਅੰਮ੍ਰਿਤਸਰ:** ਸ਼ਹੀਦ ਊਧਮ ਸਿੰਘ ਦੀ ਸ਼ਹਾਦਤ ਦੇ 34 ਵਰ੍ਹੇ ਬਾਅਦ ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਵਲੋਂ ਸੂਬੇ ਦੇ ਮਾਲ ਮੰਤਰੀ ਉਮਰਾਓ ਸਿੰਘ, ਵਿਧਾਇਕ ਸਾਧੂ ਸਿੰਘ ਤੇ ਪੰਜਾਬ ਸਰਕਾਰ ਦੇ ਮੁੱਖ ਸਕੱਤਰ ਆਰ. ਐਸ. ਤਲਵਾੜ ਦੀ ਮਾਰਫਤ ਲੰਡਨ ਤੋਂ ਸ਼ਹੀਦ ਦੀਆਂ ਅਸਥੀਆਂ ਭਾਰਤ ਮੰਗਵਾਈਆਂ ਗਈਆਂ ਸਨ। 19 ਜਲਾਈ 1974 ਨੂੰ ਸ਼ਹੀਦ ਦੀਆਂ ਅਸਥੀਆਂ ਦੇ ਭਾਰਤ ਪਹੁੰਚਣ 'ਤੇ 14 ਦਿਨ ਬਾਅਦ 31 ਜੁਲਾਈ ਨੂੰ ਉਹ ਵਿਧੀ ਪੂਰਵਕ ਅਗਨੀ ਭੇਟ ਕੀਤੀਆਂ ਗਈਆਂ। ਅਸਥੀਆਂ ਦੀ ਰਾਖ ਦੇ 7 ਕਲਸ਼ ਤਿਆਰ ਕਰਕੇ ਇਕ-ਇਕ ਹਰਿਦੁਆਰ ਤੇ ਕੀਰਤਪੁਰ ਸਾਹਿਬ ਵਿਖੇ ਜਲ ਪ੍ਰਵਾਹ ਕੀਤੇ ਗਏ, ਇਕ ਰੋਜ਼ਾ ਸ਼ਰੀਫ 'ਚ ਦਫਨ ਕੀਤਾ ਗਿਆ, ਬਾਕੀਆਂ 'ਚੋਂ ਇਕ ਜਲ੍ਹਿਆਂਵਾਲਾ ਬਾਗ ਸਮਾਰਕ 'ਚ, ਇਕ ਸੁਨਾਮ ਦੇ ਖੇਡ ਸਟੇਡੀਅਮ 'ਚ ਉਸਾਰੀ ਯਾਦਗਾਰ ਤੇ ਬਾਕੀ ਰਹਿੰਦੇ ਦੋ ਕਲਸ਼ ਸ਼ਹੀਦ ਊਧਮ ਸਿੰਘ ਸਰਕਾਰੀ ਕਾਲਜ ਸੁਨਾਮ ਕਾਲਜ ਦੀ ਲਾਇਬ੍ਰੇਰੀ 'ਚ ਰੱਖੇ ਗਏ।



# ਕਰਤਾਰਪੁਰ ਲਾਂਘਾ: ਪਾਕਿਸਤਾਨ ਵਾਲੇ ਪਾਸੇ ਕੰਮ ਮੁਕੰਮਲ ਹੋਣ ਕੰਢੇ

**ਇਸਲਾਮਾਬਾਦ:** ਪਾਕਿਸਤਾਨ ਨੇ ਗੁਰਦੁਆਰਾ ਕਰਤਾਰਪੁਰ ਸਾਹਿਬ ਲਾਂਘੇ ਸਬੰਧੀ ਕਾਰਜ 90 ਫੀਸਦ ਮੁਕੰਮਲ ਕਰ ਲਏ ਹਨ। ਮੀਡੀਆ ਰਿਪੋਰਟ ਮੁਤਾਬਕ ਸਿਫਰ ਰੇਖਾ ਤੋਂ ਲੈ ਕੇ ਗੁਰਦੁਆਰਾ ਸਾਹਿਬ ਤੱਕ ਉਸਾਰੀ ਕਾਰਜ ਮੁਕੰਮਲ ਹੈ ਤੇ ਉਦਘਾਟਨ ਸ੍ਰੀ ਗੁਰੂ ਨਾਨਕ ਦੇਵ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਇਸੇ ਵਰ੍ਹੇ ਨਵੰਬਰ ਵਿਚ ਕਰਨ ਦੀ ਯੋਜਨਾ ਹੈ।

ਕਾਰੀਡੋਰ (ਲਾਂਘਾ) ਪਾਕਿਸਤਾਨ ਦੇ ਕਰਤਾਰਪੁਰ ਸਥਿਤ ਦਰਬਾਰ ਸਾਹਿਬ ਨੂੰ ਜ਼ਿਲ੍ਹਾ ਗੁਰਦਾਸਪੁਰ ਦੇ ਡੇਰਾ ਬਾਬਾ ਨਾਨਕ ਨਾਲ ਜੋੜੇਗਾ। ਇਸ ਨਾਲ ਭਾਰਤੀ ਸਿੱਖ ਸ਼ਰਧਾਲੂ ਬਿਨਾਂ ਵੀਜ਼ਾ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰ ਸਕਣਗੇ ਤੇ ਸਿਰਫ ਪਰਮਿਟ ਲੈਣ ਦੀ ਲੋੜ ਪਵੇਗੀ। ਭਾਰਤ ਤੋਂ ਸ਼ਰਧਾਲੂਆਂ ਦਾ ਪਹਿਲਾ ਜਥਾ 9 ਨਵੰਬਰ ਨੂੰ ਪਾਕਿਸਤਾਨ ਪੁੱਜੇਗਾ ਜਦਕਿ ਹਾਲੇ ਤੱਕ ਸ਼ਰਧਾਲੂਆਂ ਦੀ ਗਿਣਤੀ ਬਾਰੇ ਨਹੀਂ ਦੱਸਿਆ ਗਿਆ। ਨੱਬੇ ਫੀਸਦ ਮੁਕੰਮਲ ਹੋਏ ਕਾਰਜ ਵਿਚ ਜ਼ੀਰੋ ਲਾਈਨ ਤੋਂ ਗੁਰਦੁਆਰਾ ਸਾਹਿਬ ਵਿਚਾਲੇ ਮੁੱਖ ਸੜਕ ਦੀ ਉਸਾਰੀ, ਪੁਲ ਤੇ ਇਮਾਰਤਾਂ ਦੀ ਉਸਾਰੀ ਸ਼ਾਮਲ ਹੈ।

ਰਿਪੋਰਟ ਵਿਚ ਕਿਹਾ ਗਿਆ ਹੈ ਕਿ ਪਾਕਿਸਤਾਨ ਵੱਲੋਂ ਪ੍ਰਧਾਨ ਮੰਤਰੀ ਇਮਰਾਨ ਖਾਨ ਤੇ ਫੌਜ ਮੁਖੀ ਜਨਰਲ ਕਮਰ ਜਾਵੇਦ ਬਾਜਵਾ ਵੱਲੋਂ ਲਾਂਘੇ ਦਾ ਉਦਘਾਟਨ ਕਰਨ ਦੀ ਸੰਭਾਵਨਾ ਹੈ। ਦੋਵੇਂ ਧਿਰਾਂ ਸਮਝੌਤੇ ਨੂੰ ਅੰਤਿਮ ਛੋਹਾਂ ਦੇਣ ਹਿੱਤ ਗੱਲਬਾਤ ਤੇ ਬਾਕੀ ਰਹਿੰਦੇ ਕਾਰਜ ਲਈ ਇਕ ਢੁਕਵਾਂ ਮਾਧਿਅਮ ਕਾਇਮ ਕਰਨ ਲਈ ਸਹਿਮਤ ਹੋ ਗਈਆਂ ਹਨ। ਲਾਂਘੇ ਨੂੰ ਸਮੇਂ ਸਿਰ ਮੁਕੰਮਲ ਕਰਨ ਲਈ ਤਕਨੀਕੀ ਟੀਮਾਂ ਜਲਦੀ ਇਕ ਵਾਰ ਫੇਰ ਮੁਲਾਕਾਤ ਕਰਨਗੀਆਂ ਤਾਂ ਕਿ ਪ੍ਰਕਾਸ਼ ਪੁਰਬ ਮੌਕੇ ਲਾਂਘਾ ਖੋਲ੍ਹਿਆ ਜਾ ਸਕੇ। ਭਾਰਤ ਵਾਲੇ ਪਾਸੇ ਵੀ ਲਾਂਘੇ ਸਬੰਧੀ ਉਸਾਰੀ ਕਾਰਜ ਜਾਰੀ ਹਨ।

# ਵਿਆਹ ਕਰਨ ਤੋਂ ਦੁਖੀ ਨੌਜਵਾਨ ਨੇ ਖਤਮ ਕੀਤਾ ਆਪਣਾ ਸਾਰਾ ਪਰਿਵਾਰ

**ਮੋਗਾ:** ਕਸਬਾ ਬਾਘਾਪੁਰਾਣਾ ਨੇੜਲੇ ਪਿੰਡ ਨੱਥੂਵਾਲਾ ਗਰਬੀ 'ਚ ਇਕ ਨੌਜਵਾਨ ਨੇ ਘਰ 'ਚ ਹੀ ਸੁੱਤੇ ਪਏ ਪਰਿਵਾਰ ਦੇ ਪੰਜ ਜੀਆਂ ਨੂੰ ਗੋਲੀਆਂ ਮਾਰ ਕੇ ਮਗਰੋਂ ਖ਼ੁਦਕੁਸ਼ੀ ਕਰ ਲਈ।

ਮ੍ਰਿਤਕਾਂ ਵਿਚ ਸੰਨੀ ਦੀ ਮਾਤਾ ਬਿੰਦਰ ਕੌਰ (58), ਪਿਤਾ ਮਨਜੀਤ ਸਿੰਘ (60), ਦਾਦੀ ਗੁਰਦੀਪ ਕੌਰ (80), ਭੈਣ ਅਮਨਜੋਤ ਕੌਰ (30) ਅਤੇ ਭਾਣਜੀ ਮਨਜੀਤ ਕੌਰ (3) ਸ਼ਾਮਲ ਹੈ। ਵਾਰਦਾਤ ਵਿਚ ਪੂਰਾ ਪਰਿਵਾਰ ਹੀ ਤਬਾਹ ਹੋ ਗਿਆ ਹੈ। ਪੁਲਿਸ ਮੁਤਾਬਕ ਸੰਦੀਪ ਸਿੰਘ ਉਰਫ਼ ਸੰਨੀ ਦਾ ਇਸ ਵਰ੍ਹੇ ਦਸੰਬਰ ਮਹੀਨੇ ਵਿਆਹ ਰੱਖਿਆ ਹੋਇਆ ਸੀ ਤੇ ਉਹ ਵਿਆਹ ਨਹੀਂ ਸੀ ਕਰਵਾਉਣਾ ਚਾਹੁੰਦਾ।

ਵਾਰਦਾਤ ਤੋਂ ਪਹਿਲਾਂ ਉਸ ਨੇ ਵਿਆਹ ਲਈ ਤਿਆਰ ਕਰਵਾਏ ਨਵੇਂ ਕੱਪੜੇ ਪਹਿਨੇ ਅਤੇ ਸੁੱਤੇ ਪਏ ਪਰਿਵਾਰਕ ਮੈਂਬਰਾਂ ਨੂੰ ਗੋਲੀਆਂ ਮਾਰਨ ਮਗਰੋਂ ਚੁਬਾਰੇ 'ਚ ਜਾ ਕੇ ਖੁਦ ਨੂੰ ਗੋਲੀ ਮਾਰ ਲਈ। ਪੋਤੇ ਦੀਆਂ ਗੋਲੀਆਂ ਦਾ ਸ਼ਿਕਾਰ ਹੋ ਕੇ ਜਖਮੀ ਹੋਏ ਗੁਰਚਰਨ ਸਿੰਘ ਦੇ ਰੌਲਾ ਪਾਉਣ 'ਤੇ ਗੁਆਂਢੀ ਘਰ ਪੁੱਜੇ। ਜ਼ਖ਼ਮੀ ਬਜ਼ੁਰਗ ਗੁਰਚਰਨ ਸਿੰਘ (80) ਦੇ ਬਿਆਨ ਉੱਤੇ ਵਾਰਦਾਤ ਮਗਰੋਂ ਖੁਦਕੁਸ਼ੀ ਕਰਨ ਵਾਲੇ ਉਸ ਦੇ ਪੋਤਰੇ ਸੰਦੀਪ ਸਿੰਘ ਉਰਫ ਸੰਨੀ ਖਿਲਾਫ ਕੇਸ ਦਰਜ ਕੀਤਾ ਗਿਆ ਹੈ।

# ਪਾਕਿਸਤਾਨ 'ਚ ਪਹਿਲੀ ਵਾਰ ਮਨਾਇਆ ਊਧਮ ਸਿੰਘ ਦਾ ਸ਼ਹੀਦੀ ਦਿਹਾੜਾ

**ਇਸਲਾਮਾਬਾਦ:** ਭਗਤ ਸਿੰਘ ਮੈਮੋਰੀਅਲ ਫਾਊਂਡੇਸ਼ਨ ਵੱਲੋਂ ਪਾਕਿਸਤਾਨ ਦੀ ਲਾਹੌਰ ਹਾਈਕੋਰਟ ਬਾਰ ਐਸੋਸੀਏਸ਼ਨ ਦੀ ਡੈਮੋਕਰੈਟਿਕ ਲਾਅਨ 'ਚ ਸ਼ਹੀਦ ਊਧਮ ਸਿੰਘ ਸ਼ਹੀਦੀ ਦਿਹਾੜਾ ਮਨਾਇਆ ਗਿਆ।

ਲਾਹੌਰ ਦੇ ਇਮਤਿਆਜ਼ ਰਾਸ਼ਿਦ ਕੁਰੈਸ਼ੀ ਨੇ ਕਿਹਾ ਕਿ ਪਾਕਿਸਤਾਨ ਦੇ ਇਤਿਹਾਸ 'ਚ ਪਹਿਲੀ ਵਾਰ ਭਗਤ ਸਿੰਘ ਮੈਮੋਰੀਅਲ ਫਾਊਂਡੇਸ਼ਨ ਵੱਲੋਂ ਸ਼ਹੀਦ ਊਧਮ ਸਿੰਘ ਦਾ ਸ਼ਹੀਦੀ ਦਿਹਾੜਾ ਮਨਾਇਆ ਗਿਆ ਤੇ ਇਸ ਦੌਰਾਨ ਲਾਹੌਰ ਹਾਈਕੋਰਟ 'ਚ ਕਾਫੀ ਸਮੇਂ ਤੱਕ 'ਸ਼ਹੀਦ ਊਧਮ ਸਿੰਘ ਅਮਰ ਰਹੇ' ਦੇ ਨਾਅਰੇ ਗੂੰਜਦੇ ਰਹੇ।


ਕੁਰੈਸ਼ੀ ਨੇ ਸ਼ਰਧਾਂਜਲੀ ਸਮਾਰੋਹ ਦੌਰਾਨ ਲਾਹੌਰ ਦੀ ਪ੍ਰਮੁੱਖ ਸੜਕ ਅਤੇ ਚੌਕ ਦਾ ਨਾਂ ਸ਼ਹੀਦ ਊਧਮ ਸਿੰਘ ਦੇ ਨਾਂ 'ਤੇ ਰੱਖਣ ਦੀ ਮੰਗ ਕਰਦਿਆਂ ਸ਼ਹੀਦ ਦੀ ਜੀਵਨੀ ਸਕੂਲੀ ਪੁਸਤਕਾਂ 'ਚ ਸ਼ਾਮਿਲ ਕਰਨ ਦੀ ਮੰਗ ਕੀਤੀ। ਉਨ੍ਹਾਂ ਇਹ ਵੀ ਕਿਹਾ ਕਿ ਸ਼ਹੀਦ ਸਭ ਕੌਮਾਂ ਦੇ ਸਾਂਝੇ ਹੁੰਦੇ ਹਨ ਅਤੇ ਜਾਤ-ਧਰਮ ਤੋਂ ਉਪਰ ਉਠ ਕੇ ਇਨ੍ਹਾਂ ਦੇ ਜਨਮ ਤੇ ਸ਼ਹੀਦੀ ਦਿਹਾੜੇ ਮਨਾਏ ਜਾਣੇ ਚਾਹੀਦੇ ਹਨ। ਇਸ ਮੌਕੇ ਪਾਕਿਸਤਾਨ ਸੁਪਰੀਮ ਕੋਰਟ ਅਤੇ ਹਾਈ ਕੋਰਟ ਦੇ ਵੱਡੀ ਗਿਣਤੀ 'ਚ ਵਕੀਲਾਂ ਵੱਲੋਂ ਸ਼ਰਧਾ ਦੇ ਫੁਲ ਭੇਟ ਕੀਤੇ ਗਏ ।

# ਨਵੇਂ ਟ੍ਰਿਬਿਊਨਲ ਨਾਲ ਪਾਣੀਆਂ ਬਾਰੇ ਵਿਵਾਦ ਹੋਰ ਉਲਝਣ ਦੇ ਆਸਾਰ

**ਚੰਡੀਗੜ੍ਹ:** ਪਾਣੀਆਂ ਦੇ ਅੰਤਰਰਾਜੀ ਝਗੜਿਆਂ ਦੇ ਨਿਪਟਾਰੇ ਲਈ ਇਕਹਿਰਾ ਸਥਾਈ ਟ੍ਰਿਬਿਊਨਲ ਬਣਾਏ ਜਾਣ ਲਈ ਪੇਸ਼ ਕੀਤੇ ਸੋਧ ਬਿੱਲ ਦੇ ਲੋਕ ਸਭਾ ਵੱਲੋਂ ਪਾਸ ਕੀਤੇ ਜਾਣ ਨਾਲ ਪੰਜਾਬ ਦੇ ਰਾਵੀ ਤੇ ਬਿਆਸ ਦਰਿਆਵਾਂ ਦੇ ਝਗੜੇ ਨੂੰ ਨਿਪਟਾਉਣ ਲਈ ਤਕਰੀਬਨ 33 ਸਾਲ ਪਹਿਲਾਂ ਸਥਾਪਤ ਕੀਤਾ ਇਰਾਡੀ ਕਮਿਸ਼ਨ ਖਤਮ ਹੋ ਜਾਵੇਗਾ ਤੇ ਪਾਣੀਆਂ ਦੀ ਵੰਡ ਬਾਰੇ ਸੁਣਵਾਈ ਹੁਣ ਨਵੇਂ ਪਾਸ ਹੋਣ ਵਾਲੇ ਕਾਨੂੰਨ ਤਹਿਤ ਬਣਨ ਵਾਲੇ ਟ੍ਰਿਬਿਊਨਲ ਵੱਲੋਂ ਕੀਤੀ ਜਾਵੇਗੀ। ਰਾਜੀਵ-ਲੌਂਗੋਵਾਲ ਸਮਝੌਤੇ ਤਹਿਤ 1986 ਵਿਚ ਪਾਣੀਆਂ ਦੀ ਵੰਡ ਬਾਰੇ ਇਰਾਡੀ ਕਮਿਸ਼ਨ ਬਣਿਆ ਸੀ ਤੇ ਆਪਣੀ ਅੰਤਿਮ ਰਿਪੋਰਟ ਪੇਸ਼ ਕਰਨ ਤੋਂ ਬਿਨਾਂ ਇਹ ਕਮਿਸ਼ਨ ਹੋਰ ਕੋਈ ਵੀ ਕੰਮ ਨਹੀਂ ਸੀ ਕਰ ਸਕਿਆ।

ਕਮਿਸ਼ਨ ਦੇ ਚੇਅਰਮੈਨ ਜਸਟਿਸ ਵੀ.ਬਾਲਾ ਕ੍ਰਿਸ਼ਨ ਦੀ 30 ਦਸੰਬਰ 2010 ਨੂੰ ਮੌਤ ਹੋ ਜਾਣ ਦੇ ਬਾਵਜੂਦ ਇਹ ਕਮਿਸ਼ਨ ਕਾਇਮ ਸੀ। ਲੋਕ ਸਭਾ ਵੱਲੋਂ ਪਾਸ ਨਵੇਂ ਸੋਧ ਬਿੱਲ ਦੀ ਕਲਾਜ਼ 12 'ਚ ਲਿਖਿਆ ਹੈ ਕਿ 'ਅੰਤਰਰਾਜੀ ਦਰਿਆਈ ਪਾਣੀਆਂ' ਦੇ ਝਗੜੇ (ਸੋਧ) ਕਾਨੂੰਨ 2019 ਦੇ ਬਣਨ ਦੀ ਤਾਰੀਖ ਤੋਂ ਪਹਿਲਾਂ ਬਣਿਆ ਰਾਵੀ-ਬਿਆਸ ਟ੍ਰਿਬਿਊਨਲ ਭੰਗ ਹੋ ਜਾਵੇਗਾ ਅਤੇ ਸੁਣਵਾਈ ਅਧੀਨ ਚੱਲ ਰਿਹਾ ਪਾਣੀਆਂ ਦਾ ਝਗੜਾ ਟ੍ਰਿਬਿਊਨਲ ਕੋਲ ਚਲਾ ਜਾਵੇਗਾ। ਨਵੇਂ ਸੋਧੇ ਜਾ ਰਹੇ ਕਾਨੂੰਨ ਤਹਿਤ ਹੁਣ ਟ੍ਰਿਬਿਊਨਲ ਵੱਲੋਂ ਸੁਣਾਏ ਜਾਣ ਵਾਲੇ ਫੈਸਲੇ ਸੁਪਰੀਮ ਕੋਰਟ ਦੇ ਹੁਕਮਾਂ ਤੇ ਡਿਗਰੀ ਵਾਂਗ ਹੋਣਗੇ ਤੇ ਉਨ੍ਹਾਂ ਨੂੰ ਕੇਂਦਰ ਸਰਕਾਰ ਵੱਲੋਂ ਨੋਟੀਫਾਈ ਕਰਨ ਦੀ ਜ਼ਰੂਰਤ ਨਹੀਂ ਹੋਵੇਗੀ।

ਸੁਪਰੀਮ ਕੋਰਟ ਵਿਚ ਪੰਜਾਬ ਦੇ ਪਾਣੀਆਂ ਦੀ ਵੰਡ ਨੂੰ ਲੈ ਕੇ ਪੰਜਾਬ ਤੇ ਹਰਿਆਣਾ ਸਰਕਾਰ ਦਰਮਿਆਨ ਚੱਲ ਰਹੇ ਕੇਸ ਵਿਚ ਪੰਜਾਬ ਸਰਕਾਰ ਨੇ ਵੀ ਇਸ ਮਾਮਲੇ ਨੂੰ ਟ੍ਰਿਬਿਊਨਲ ਹਵਾਲੇ ਕਰਨ ਦੀ ਮੰਗ ਕੀਤੀ ਹੈ। ਇਸ ਮਾਮਲੇ ਨਾਲ ਸਬੰਧ



ਰੱਖਣ ਵਾਲੇ ਪੰਜਾਬ ਦੇ ਸੀਨੀਅਰ ਅਧਿਕਾਰੀਆਂ ਦਾ ਮੰਨਣਾ ਹੈ ਕਿ ਇਰਾਡੀ ਕਮਿਸ਼ਨ ਦੇ ਭੰਗ ਹੋਣ ਤੇ ਪੰਜਾਬ ਦੇ ਪਾਣੀਆਂ ਦਾ ਮਸਲਾ ਨਵੇਂ ਟ੍ਰਿਬਿਊਨਲ ਕੋਲ ਚਲੇ ਜਾਣ ਨਾਲ ਸੁਪਰੀਮ ਕੋਰਟ ਵਿਚ ਸਤਲੁਜ ਯਮੁਨਾ ਲਿੰਕ ਨਹਿਰ ਬਾਰੇ ਚੱਲ ਰਹੇ ਕੇਸ ਦੇ ਠੱਪ ਹੋਣ ਦੀ ਵੀ ਵੱਡੀ ਸੰਭਾਵਨਾ ਬਣ ਗਈ ਹੈ। ਸੁਪਰੀਮ ਕੋਰਟ ਨੇ ਪਿਛਲੇ ਮਹੀਨੇ ਇਸ ਮਾਮਲੇ ਦੀ ਸੁਣਵਾਈ ਕਰਦਿਆਂ ਪੰਜਾਬ ਤੇ ਹਰਿਆਣਾ ਸਰਕਾਰ ਨੂੰ ਆਪਣੀ ਰਜ਼ਾਮੰਦੀ ਨਾਲ ਝਗੜਾ ਨਿਪਟਾਉਣ ਦੀ ਮੋਹਲਤ ਦਿੱਤੀ ਸੀ, ਤੇ ਕਿਹਾ ਸੀ ਕਿ ਜੇਕਰ ਦੋਵੇਂ ਰਾਜ ਕਿਸੇ ਸਮਝੌਤੇ ਉਪਰ ਨਾ ਪੁੱਜੇ ਤਾਂ ਸਤੰਬਰ ਮਹੀਨੇ ਅਦਾਲਤ ਖੁਦ ਫੈਸਲਾ ਕਰੇਗੀ। ਪੰਜਾਬ ਸਰਕਾਰ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਸੁਪਰੀਮ ਕੋਰਟ 'ਚ ਪਾਣੀ ਦੀ ਵੰਡ ਤੇ ਕੇਸ ਟ੍ਰਿਬਿਊਨਲ ਨੂੰ ਦੇਣ ਦੀ ਪਾਈ ਪਟੀਸ਼ਨ ਤਾਂ ਹੁਣ ਵਾਪਸ ਹੋ ਜਾਵੇਗੀ ਕਿਉਂਕਿ ਨਵਾਂ ਕਾਨੂੰਨ ਬਣਨ ਨਾਲ ਇਹ ਗੱਲਾਂ ਆਪ ਹੀ ਮੰਨੀਆਂ ਜਾਣਗੀਆਂ।

ਅਧਿਕਾਰੀਆਂ ਦਾ ਇਹ ਵੀ ਮੰਨਣਾ ਹੈ ਕਿ ਨਵਾਂ ਟ੍ਰਿਬਿਊਨਲ ਪਾਣੀਆਂ ਦੀ ਵੰਡ ਬਾਰੇ ਫੈਸਲਾ ਕਰਨ ਤੋਂ ਪਹਿਲਾਂ ਦਰਿਆਈ ਪਾਣੀ ਦੀ ਅਸਲ ਗਿਣਤੀ ਵੀ ਕਰੇਗਾ। ਇਰਾਡੀ ਕਮਿਸ਼ਨ ਵੇਲੇ ਰਾਵੀ-ਬਿਆਸ ਦਰਿਆ 'ਚ 17.17 ਮਿਲੀਅਨ ਏਕੜ ਫੁੱਟ ਪਾਣੀ ਗਿਆ ਸੀ ਤੇ ਅੰਤਿਮ ਫੈਸਲੇ 'ਚ ਇਸ ਨੂੰ ਪੰਜਾਬ ਤੇ ਹਰਿਆਣਾ 'ਚ ਬਰਾਬਰ ਵੰਡ ਦਿੱਤਾ ਸੀ। ਅਧਿਕਾਰੀਆਂ ਅਨੁਸਾਰ ਜੇਕਰ ਹੁਣ ਟ੍ਰਿਬਿਊਨਲ ਨੇ ਪਹਿਲਾਂ ਪਾਣੀ ਦੀ ਉਪਲੱਬਧਤਾ ਦਾ ਪਤਾ ਲਾਉਣਾ ਸ਼ੁਰੂ ਕਰ ਦਿੱਤਾ ਤਾਂ ਕੁਦਰਤੀ ਹੈ ਕਿ ਸੁਪਰੀਮ ਕੋਰਟ ਨੂੰ ਸਤਲੁਜ ਯਮੁਨਾ ਲਿੰਕ ਨਹਿਰ ਤੁਰੰਤ ਮੁਕੰਮਲ ਕਰਨ ਦੇ ਫੈਸਲੇ ਉਪਰ ਮੁੜ ਵਿਚਾਰ ਕਰਨਾ ਪਵੇਗਾ। ਸਰਕਾਰੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਸ ਵੇਲੇ ਰਾਵੀ ਤੇ ਬਿਆਸ ਦਰਿਆਵਾਂ ਦੇ ਪਾਣੀ ਦੀ ਉਪਲੱਬਧਤਾ 13 ਮਿਲੀਅਨ ਏਕੜ ਫੁੱਟ ਹੈ ਤੇ ਜੇ ਇਸ ਨੂੰ ਅੱਧ-ਅੱਧ ਵੰਡਿਆ ਜਾਵੇ ਤਾਂ ਵੀ ਹਰਿਆਣਾ ਕੋਲ ਪੰਜਾਬ ਨਾਲੋਂ ਵਾਧੂ ਪਾਣੀ ਜਾ ਰਿਹਾ ਹੈ, ਫਿਰ ਸਤਲੁਜ ਯਮੁਨਾ ਲਿੰਕ ਨਹਿਰ ਦਾ ਮਸਲਾ ਹੀ ਨਹੀਂ ਰਹੇਗਾ।

## ਪੰਜਾਬ ਦੇ ਸਾਰੇ ਡੈਮਾਂ 'ਤੇ ਮੁਕੰਮਲ ਕਬਜ਼ਾ ਕਰਨ ਤੁਰੀ ਮੋਦੀ ਸਰਕਾਰ

**ਜਲੰਧਰ:** ਲੋਕ ਸਭਾ ਵੱਲੋਂ ਪਾਸ ਡੈਮ ਸੇਫਟੀ ਬਿੱਲ ਪੰਜਾਬ ਦੇ ਸਮੇਂ ਡੈਮਾਂ ਉੱਪਰ ਕੇਂਦਰ ਦੇ ਕੰਟਰੋਲ ਦਾ ਰਸਤਾ ਖੋਲ੍ਹੇਗਾ। ਖਾਸ ਗੱਲ ਇਹ ਹੈ ਕਿ ਬਿੱਲ ਉਪਰ ਬਹਿਸ ਸਮੇਂ ਜਿਥੇ ਹਰਿਆਣਾ ਤੇ ਰਾਜਸਥਾਨ ਦੇ ਭਾਜਪਾ ਦੇ ਸਾਰੇ ਲੋਕ ਸਭਾ ਮੈਂਬਰ ਹਾਜ਼ਰ ਸਨ ਤੇ ਉਨ੍ਹਾਂ ਪੰਜਾਬ ਸਰਕਾਰ ਉਪਰ ਡੈਮਾਂ ਦੀ ਸਫਾਈ ਨਾ ਕਰਨ ਤੇ ਪਾਣੀ ਛੱਡਣ 'ਚ ਵਿਤਕਰਾ ਤੇ ਸ਼ਰੀਕੇਬਾਜ਼ੀ ਕਰਨ ਦੇ ਖੂਬ ਦੋਸ਼ ਲਾਏ ਪਰ ਉਨ੍ਹਾਂ ਦਾ ਜਵਾਬ ਦਿੰਦਾ ਜਾਂ ਪੰਜਾਬ ਦਾ ਪੱਖ ਰੱਖਣ ਵਾਲਾ ਕਿਸੇ ਵੀ ਪਾਰਟੀ ਦੀ ਕੋਈ ਵੀ ਮੈਂਬਰ ਹਾਜ਼ਰ ਨਹੀਂ ਸੀ।

ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਨੇ ਪੰਜਾਬ ਦੇ ਲੋਕ ਸਭਾ ਮੈਂਬਰਾਂ ਦੇ ਗੈਰ ਹਾਜ਼ਰ ਰਹਿਣ ਉਪਰ ਸਖਤ ਇਤਰਾਜ਼ ਕਰਦਿਆਂ ਕਿਹਾ ਕਿ ਜੇਕਰ ਉਹ ਲੋਕ ਸਭਾ ਵਿਚ ਪੰਜਾਬ ਦੇ ਹਿਤਾਂ ਦੀ ਪੈਰਵਾਈ ਨਹੀਂ ਕਰ ਸਕਦੇ, ਫਿਰ ਉਨ੍ਹਾਂ ਨੂੰ ਲੋਕਾਂ ਦੇ ਨੁਮਾਇੰਦੇ ਕਹਾਉਣ ਦਾ ਕੋਈ ਹੱਕ ਨਹੀਂ। ਨਵੇਂ ਬਿੱਲ ਮੁਤਾਬਿਕ ਡੈਮਾਂ 'ਤੇ ਕੰਟਰੋਲ ਲਈ 21 ਮੈਂਬਰੀ ਅਥਾਰਿਟੀ ਕਾਇਮ ਹੋਵੇਗੀ। ਅਥਾਰਟੀ ਵਿਚ 10 ਮੈਂਬਰ ਕੇਂਦਰ ਸਰਕਾਰ ਦੇ ਹੋਣਗੇ ਤੇ ਚਾਰ ਤਕਨੀਕੀ ਤੇ 7 ਰਾਜਾਂ ਦੇ ਮੈਂਬਰ ਵੀ ਕੇਂਦਰ ਸਰਕਾਰ ਵਲੋਂ ਹੀ ਨਿਯੁਕਤ ਕੀਤੇ ਜਾਣਗੇ। ਸ. ਰਾਜੇਵਾਲ ਨੇ ਕਿਹਾ ਕਿ ਇਸ ਅਥਾਰਟੀ ਰਾਹੀਂ ਰਾਜਾਂ ਦੇ ਡੈਮਾਂ ਉਪਰ ਕੇਂਦਰ ਸਰਕਾਰ ਦਾ ਕੰਟਰੋਲ ਹੋ ਜਾਵੇਗਾ।

## ਦਰਿਆਈ ਪਾਣੀ ਵਿਵਾਦ (ਸੋਧ) ਬਿੱਲ ਪੰਜਾਬ ਦੇ ਹਿੱਤਾਂ ਦੇ ਖਿਲਾਫ: ਅਕਾਲੀ ਦਲ

**ਨਵੀਂ ਦਿੱਲੀ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅੰਤਰ ਰਾਜੀ ਦਰਿਆਈ ਪਾਣੀ ਵਿਵਾਦ (ਸੋਧ) ਬਿੱਲ 2019 ਬਾਰੇ ਚਰਚਾ ਕਰਨ ਲਈ ਪਾਰਟੀ ਦੀ ਕੋਰ ਕਮੇਟੀ ਦੀ ਹੰਗਾਮੀ ਮੀਟਿੰਗ ਸੱਦੀ। ਇਸ ਮੀਟਿੰਗ ਵਿਚ ਕੋਰ ਕਮੇਟੀ ਨੇ ਸਰਬਸੰਮਤੀ ਨਾਲ ਫੈਸਲਾ ਕੀਤਾ ਕਿ ਇਹ ਬਿੱਲ ਪੰਜਾਬ ਦੇ ਲੋਕਾਂ ਦੇ ਹਿੱਤਾਂ ਦੇ ਖਿਲਾਫ ਹੈ। ਅਕਾਲੀ ਦਲ ਦੀ ਕੋਰ ਕਮੇਟੀ ਨੇ ਫੈਸਲਾ ਕੀਤਾ ਕਿ ਪਾਰਟੀ ਨੇ ਹਮੇਸ਼ਾ ਹੀ ਪੰਜਾਬੀ ਦੇ ਪਾਣੀਆਂ ਦੀ ਰਾਖੀ ਲਈ ਡੱਟ ਕੇ ਪਹਿਰਾ ਦਿੱਤਾ ਹੈ ਅਤੇ ਇਹ ਹਰ ਹੀਲੇ ਪੰਜਾਬ ਦੇ ਪਾਣੀਆਂ ਦੀ ਰਾਖੀ ਕਰਨਾ ਜਾਰੀ ਰੱਖੇਗੀ।

# ਚੰਡੀਗੜ੍ਹ 'ਚ ਡੈਪੂਟੇਸ਼ਨ ਦੇ ਮੁੱਦੇ 'ਤੇ ਉਲਝੇ ਭਾਜਪਾ ਤੇ ਅਕਾਲੀ

**ਚੰਡੀਗੜ੍ਹ:** ਕੇਂਦਰ ਸ਼ਾਸਿਤ ਪ੍ਰਦੇਸ਼ (ਯੂ.ਟੀ.) ਚੰਡੀਗੜ੍ਹ ਵਿਚ ਪੰਜਾਬ ਦੇ ਨਿਰਧਾਰਤ ਡੈਪੂਟੇਸ਼ਨ ਕੋਟੇ ਦੇ ਮੁੱਦੇ 'ਤੇ ਵਿਵਾਦ ਖੜ੍ਹਾ ਹੋ ਗਿਆ ਹੈ। ਇਸ ਮਾਮਲੇ 'ਤੇ ਚੰਡੀਗੜ੍ਹ ਤੋਂ ਭਾਰਤੀ ਜਨਤਾ ਪਾਰਟੀ ਦੀ ਸੰਸਦ ਮੈਂਬਰ ਕਿਰਨ ਖੇਰ ਅਤੇ ਸ਼੍ਰੋਮਣੀ ਅਕਾਲੀ ਦਲ ਵਿਚਕਾਰ ਖੜਕ ਗਈ ਹੈ।

ਜ਼ਿਕਰਯੋਗ ਹੈ ਕਿ ਹਲਕਾ ਖਡੂਰ ਸਾਹਿਬ ਤੋਂ ਕਾਂਗਰਸ ਦੇ ਸੰਸਦ ਮੈਂਬਰ ਜਸਬੀਰ ਸਿੰਘ ਗਿੱਲ (ਡਿੰਪਾ) ਨੇ 17 ਜੁਲਾਈ ਨੂੰ ਲੋਕ ਸਭਾ 'ਚ ਕਿਹਾ ਸੀ ਕਿ ਚੰਡੀਗੜ੍ਹ ਵਿਚ ਗੈਰ-ਕਾਨੂੰਨੀ ਢੰਗ ਨਾਲ ਯੂ.ਟੀ. ਕੇਡਰ ਬਣਾ ਕੇ ਪੰਜਾਬ ਅਤੇ ਹਰਿਆਣਾ ਦੇ ਕ੍ਰਮਵਾਰ 60 ਤੇ 40 ਫੀਸਦੀ ਡੈਪੂਟੇਸ਼ਨ ਕੋਟੇ ਨੂੰ ਖੋਰਾ ਲਾਇਆ ਜਾ ਰਿਹਾ ਹੈ। ਇਸ ਦੇ ਜਵਾਬ ਵਿਚ ਕਿਰਨ ਖੇਰ ਨੇ ਸੰਸਦ 'ਚ ਕਿਹਾ ਸੀ ਕਿ ਸ. ਗਿੱਲ ਨੇ ਗਲਤ ਬਿਆਨੀ ਕੀਤੀ ਹੈ ਕਿ ਪੰਜਾਬ ਦੀ ਵੰਡ ਹੋਣ ਵੇਲੇ ਪੰਜਾਬ ਰੀ-ਆਰਗੇਨਾਈਜ਼ੇਸ਼ਨ ਐਕਟ-1966 'ਚ ਚੰਡੀਗੜ੍ਹ ਵਿਚ ਪੰਜਾਬ ਦੇ 60 ਅਤੇ ਹਰਿਆਣਾ ਦੇ 40 ਫੀਸਦ ਅਧਿਕਾਰੀ ਨਿਯੁਕਤ ਕਰਨ ਦਾ ਫੈਸਲਾ ਹੋਇਆ ਸੀ। ਕਿਰਨ ਖੇਰ ਨੇ ਕਿਹਾ ਕਿ ਐਕਟ ਵਿਚ ਅਜਿਹਾ ਕੋਈ ਫੈਸਲਾ ਕਿਤੇ ਵੀ ਨਹੀਂ ਹੋਇਆ। ਸੰਸਦ ਮੈਂਬਰ ਮੁਤਾਬਕ ਸੁਪਰੀਮ ਕੋਰਟ ਨੇ ਸਵਰਨ ਲਤਾ ਬਨਾਮ ਯੂਨੀਅਨ ਆਫ ਇੰਡੀਆ ਦੇ ਕੇਸ ਵਿਚ ਫੈਸਲਾ ਦਿੱਤਾ ਸੀ ਕਿ ਹਾਲੇ ਇਸੇ ਤਰ੍ਹਾਂ ਚਲਣ ਦਿੰਦੇ ਹਾਂ ਅਤੇ ਇਧਰੋਂ 60 ਫੀਸਦ ਤੇ ਉਧਰੋਂ 40 ਫੀਸਦ ਅਧਿਕਾਰੀ ਲੈ ਲਏ ਜਾਂਦੇ ਹਨ ਅਤੇ ਅੱਗੇ ਜਾ ਕੇ ਯੂ.ਟੀ. ਦਾ ਆਪਣੇ-ਆਪ ਕੇਡਰ ਬਣ ਜਾਵੇਗਾ।

ਉਨ੍ਹਾਂ ਕਿਹਾ ਸੀ ਕਿ ਸ. ਗਿੱਲ ਦਾ ਇਹ ਕਥਨ ਗਲਤ ਹੈ ਕਿ ਯੂ.ਟੀ. ਕੇਡਰ ਗੈਰ-ਕਾਨੂੰਨੀ ਢੰਗ ਨਾਲ ਬਣਾਇਆ ਗਿਆ ਹੈ। ਇਸ ਮੁੱਦੇ ਦਾ ਭਾਜਪਾ ਦੀ ਭਾਈਵਾਲ ਪਾਰਟੀ ਅਕਾਲੀ ਦਲ ਨੇ ਗੰਭੀਰ ਨੋਟਿਸ ਲਿਆ ਹੈ। ਪਾਰਟੀ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਕਿਰਨ ਖੇਰ ਨੇ ਪੰਜਾਬ ਦੇ ਡੈਪੂਟੇਸ਼ਨ ਕੋਟੇ ਬਾਰੇ ਗਲਤ ਸਟੈਂਡ ਲਿਆ ਹੈ ਅਤੇ ਪਾਰਟੀ ਉਨ੍ਹਾਂ ਦਾ ਇਸ ਮੁੱਦੇ ਉਪਰ ਵਿਰੋਧ ਕਰੇਗੀ। ਉਨ੍ਹਾਂ ਕਿਹਾ ਕਿ ਕਿਰਨ ਖੇਰ ਨੂੰ ਪੰਜਾਬ ਨਾਲ ਜੋ ਧੱਕਾ ਹੋਇਆ ਹੈ, ਉਸ ਬਾਰੇ ਇਤਿਹਾਸ ਉਪਰ ਝਾਤੀ ਮਾਰ ਕੇ ਹੀ ਸੰਸਦ ਵਿਚ ਸਹੀ ਤੱਥ ਪੇਸ਼ ਕਰਨੇ ਚਾਹੀਦੇ ਹਨ। ਡਾ. ਚੀਮਾ ਨੇ ਦੱਸਿਆ ਕਿ ਉਹ ਕੁਝ ਸਮਾਂ ਪਹਿਲਾਂ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਚੰਡੀਗੜ੍ਹ ਵਿਚ ਪੰਜਾਬ ਦੇ 60 ਫੀਸਦ ਡੈਪੂਟੇਸ਼ਨ ਕੋਟੇ ਨੂੰ ਖੋਰਾ ਲਾਉਣ ਦੇ ਮੁੱਦੇ 'ਤੇ ਕੇਂਦਰੀ ਗ੍ਰਹਿ ਵਿਭਾਗ ਨੂੰ ਮਿਲੇ ਸਨ ਅਤੇ ਭਾਰਤ ਸਰਕਾਰ ਨੇ ਪੰਜਾਬ ਦੇ 60 ਫੀਸਦ ਕੋਟੇ ਨੂੰ ਬਰਕਰਾਰ ਰੱਖਣ ਦਾ ਵਾਅਦਾ ਕੀਤਾ ਸੀ ਪਰ ਕਿਰਨ ਖੇਰ ਕੁਝ ਹੋਰ ਹੀ ਤੱਥ ਪੇਸ਼ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਕਿਸੇ ਵੀ ਕੀਮਤ 'ਤੇ ਚੰਡੀਗੜ੍ਹ ਵਿਚੋਂ ਪੰਜਾਬ ਦੇ ਕੋਟੇ ਨੂੰ ਖੋਰਾ ਨਹੀਂ ਲਾਉਣ ਦਿੱਤਾ ਜਾਵੇਗਾ। ਦੱਸਣਯੋਗ ਹੈ ਕਿ ਕਿਰਨ ਖੇਰ ਚੰਡੀਗੜ੍ਹ ਤੋਂ ਭਾਜਪਾ-ਅਕਾਲੀ ਦਲ ਗਠਜੋੜ ਦੀ ਟਿਕਟ ਤੋਂ ਚੋਣ ਲੜ ਕੇ ਜਿੱਤੀ ਹੈ।



ਉਧਰ ਕਾਂਗਰਸ ਦੇ ਸੰਸਦ ਮੈਂਬਰ ਜਸਬੀਰ ਗਿੱਲ ਨੇ ਕਿਹਾ ਕਿ ਉਹ ਇਹ ਮੁੱਦਾ ਸੰਸਦ ਵਿਚ ਮੁੜ ਉਠਾਉਣਗੇ ਅਤੇ ਚੰਡੀਗੜ੍ਹ ਵਿਚ ਪੰਜਾਬ ਦੇ ਹੱਕਾਂ ਉਪਰ ਡਾਕਾ ਨਹੀਂ ਪੈਣ ਦੇਣਗੇ।

ਉਨ੍ਹਾਂ ਕਿਹਾ ਕਿ ਕਿਰਨ ਖੇਰ ਅਕਾਲੀ ਦਲ ਦੀ ਮਦਦ ਨਾਲ ਜਿੱਤੀ ਹੈ ਅਤੇ ਪੰਜਾਬ ਦੇ ਹਿੱਤਾਂ ਵਿਰੁੱਧ ਸਟੈਂਡ ਲੈਣ ਲਈ ਪੰਜਾਬੀਆਂ ਨੂੰ ਉਸ ਦਾ ਸਮਾਜਿਕ ਬਾਈਕਾਟ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਚੰਡੀਗੜ੍ਹ ਨੂੰ 28 ਪੰਜਾਬੀ ਪਿੰਡ ਉਜਾੜ ਕੇ ਪੰਜਾਬ ਦੀ ਰਾਜਧਾਨੀ ਬਣਾਉਣ ਲਈ ਉਸਾਰਿਆ ਗਿਆ ਸੀ ਅਤੇ ਹੁਣ ਪੰਜਾਬ ਦੇ ਡੈਪੂਟੇਸ਼ਨ ਕੋਟੇ ਨੂੰ ਵੀ ਖਤਮ ਕਰਨ ਦੀ ਸਾਜ਼ਿਸ਼ ਘੜੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਚੰਡੀਗੜ੍ਹ 'ਚ ਮਾਂ ਬੋਲੀ ਪੰਜਾਬੀ ਨਾਲ ਵੀ ਧੱਕਾ ਕੀਤਾ ਜਾ ਰਿਹਾ ਹੈ।

ਸਾਬਕਾ ਸੰਸਦ ਮੈਂਬਰ ਪਵਨ ਕੁਮਾਰ ਬਾਂਸਲ ਨੇ ਕਿਹਾ ਕਿ ਪੰਜਾਬ ਅਤੇ ਹਰਿਆਣਾ ਦੇ ਅਫਸਰਾਂ ਲਈ ਨਿਰਧਾਰਤ ਕੋਟਾ ਬਰਕਰਾਰ ਰੱਖ ਕੇ ਚੰਡੀਗੜ੍ਹ ਨੂੰ ਮਿਲਿਆ ਯੂ.ਟੀ. ਦਾ ਰੁਤਬਾ ਬਰਕਰਾਰ ਰਹਿਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਚੰਡੀਗੜ੍ਹ ਵਿਚ ਹੇਠਲੇ ਮੁਲਾਜ਼ਮਾਂ ਦੀ ਭਰਤੀ ਲਈ ਐਸ.ਐਸ.ਐਸ. ਬੋਰਡ ਦਾ ਗਠਨ ਹੋਣਾ ਚਾਹੀਦਾ ਹੈ। ਭਾਜਪਾ ਚੰਡੀਗੜ੍ਹ ਦੇ ਪ੍ਰਧਾਨ ਸੰਜੇ ਟੰਡਨ ਨੇ ਇਸ ਮੁੱਦੇ 'ਤੇ ਕੁਝ ਵੀ ਬੋਲਣ ਤੋਂ ਇਨਕਾਰ ਕਰ ਦਿੱਤਾ।

# ਰੀਅਲ ਐਸਟੇਟ ਨਿਯਮਾਂ ਵਿਚ ਇਕਸਾਰਤਾ ਲਿਆਉਣਗੇ ਮਾਹਿਰ

**ਚੰਡੀਗੜ੍ਹ:** ਪੰਜਾਬ ਦੇ ਰੀਅਲ ਐਸਟੇਟ ਨਿਯਮਾਂ ਵਿਚ ਹੋਰ ਪਾਰਦਰਸ਼ਤਾ ਤੇ ਇਕਸਾਰਤਾ ਲਿਆਉਣ ਲਈ ਪੰਜਾਬ ਰੀਅਲ ਐਸਟੇਟ ਰੈਗੂਲੇਟਰੀ ਅਥਾਰਟੀ ਵੱਲੋਂ ਮਾਹਿਰਾਂ ਦਾ ਗਰੁੱਪ ਕਾਇਮ ਕੀਤਾ ਗਿਆ ਹੈ।

ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ ਦੇ ਬੁਲਾਰੇ ਨੇ ਦੱਸਿਆ ਕਿ 'ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਾਬੰਦੀ ਤੇ ਵਿਕਾਸ ਐਕਟ, 1995', 'ਪੰਜਾਬ ਅਪਾਰਟਮੈਂਟ ਤੇ ਪ੍ਰਾਪਰਟੀ ਰੈਗੂਲੇਸ਼ਨ ਐਕਟ' ਅਤੇ 'ਪੰਜਾਬ ਅਪਾਰਟਮੈਂਟ ਓਨਰਸ਼ਿਪ ਐਕਟ, 1995' ਵਰਗੇ ਵੱਖ-ਵੱਖ ਕਾਨੂੰਨਾਂ ਦੇ ਅਧਿਐਨ ਲਈ ਦੋ ਮੈਂਬਰੀ ਗਰੁੱਪ ਕਾਇਮ ਕੀਤਾ ਗਿਆ ਹੈ। ਰੀਅਲ ਐਸਟੇਟ ਖੇਤਰ ਸਬੰਧੀ ਮੌਜੂਦਾ ਕਾਨੂੰਨਾਂ ਦੀ ਚੰਗੀ ਤਰ੍ਹਾਂ ਪੜਚੋਲ ਕਰਨ ਮਗਰੋਂ ਇਹ ਗਰੁੱਪ ਨਿਯਮਾਂ ਵਿਚ ਲੋੜੀਂਦੀਆਂ ਤਰਮੀਮਾਂ ਕਰਨ ਹਿੱਤ ਆਪਣੇ ਸੁਝਾਅ ਪੇਸ਼ ਕਰੇਗਾ ਤਾਂ ਜੋ ਰੀਅਲ ਐਸਟੇਟ ਸਬੰਧੀ ਮੌਜੂਦਾ ਕਾਨੂੰਨਾਂ ਵਿਚ ਰੀਅਲ ਐਸਟੇਟ (ਰੈਗੂਲੇਸ਼ਨ ਐਂਡ ਡਿਵੈੱਲਪਮੈਂਟ) ਐਕਟ, 2016 ਅਤੇ ਕੇਂਦਰੀ ਕਾਨੂੰਨ ਮੁਤਾਬਕ ਇਕਸਾਰਤਾ ਲਿਆਂਦੀ ਜਾ ਸਕੇ।

ਇਸ ਗਰੁੱਪ ਦੇ ਸੁਝਾਅ ਮਨਜ਼ੂਰੀ ਵਾਸਤੇ ਸਰਕਾਰ ਕੋਲ ਭੇਜੇ ਜਾਣਗੇ। ਇਨ੍ਹਾਂ ਕਾਨੂੰਨਾਂ ਨੂੰ ਰੀਅਲ ਐਸਟੇਟ (ਰੈਗੂਲੇਸ਼ਨ ਐਂਡ ਡਿਵੈੱਲਪਮੈਂਟ) ਐਕਟ, 2016 ਅਤੇ ਕੇਂਦਰੀ ਕਾਨੂੰਨ ਦੇ ਅਨੁਕੂਲ ਬਣਾਉਣ ਨਾਲ ਜਿਥੇ ਧੋਖਾਧੜੀ ਤੇ ਅਸਥਿਰਤਾ ਘਟੇਗੀ ਉਥੇ ਹੀ ਇਸ ਨਾਲ ਆਮ ਲੋਕਾਂ ਅਤੇ ਰੀਅਲ ਐਸਟੇਟ ਖੇਤਰ ਨਾਲ ਸਬੰਧਤ ਧਿਰਾਂ ਵਿੱਚ ਸਪੱਸ਼ਟਤਾ ਵਧੇਗੀ। ਜ਼ਿਕਰਯੋਗ ਹੈ ਕਿ ਘਰ ਖਰੀਦਣ ਵਾਲਿਆਂ ਦੇ ਹਿੱਤਾਂ ਦੀ ਰਾਖੀ ਅਤੇ ਰੀਅਲ ਐਸਟੇਟ ਖੇਤਰ ਵਿਚ ਨਿਵੇਸ਼ ਆਕਰਸ਼ਿਤ ਕਰਨ ਲਈ ਸਾਲ 2016 ਵਿਚ ਰੀਅਲ ਐਸਟੇਟ (ਰੈਗੂਲੇਸ਼ਨ ਐਂਡ ਡਿਵੈੱਲਪਮੈਂਟ) ਐਕਟ (ਰੇਰਾ) ਅਮਲ ਵਿਚ ਲਿਆਂਦਾ ਗਿਆ ਸੀ। ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ ਨੇ ਰੀਅਲ ਐਸਟੇਟ (ਰੈਗੂਲੇਸ਼ਨ ਐਂਡ ਡਿਵੈੱਲਪਮੈਂਟ) ਰੂਲਜ਼ 8 ਜੂਨ, 2017 ਨੂੰ ਨੋਟੀਫਾਈ ਕੀਤੇ ਸਨ। ਰੀਅਲ ਐਸਟੇਟ (ਰੈਗੂਲੇਸ਼ਨ ਐਂਡ ਡਿਵੈੱਲਪਮੈਂਟ) ਐਕਟ, 2016 ਦੇ ਕਾਰਜਸ਼ੀਲ ਹੋਣ ਤੋਂ ਬਾਅਦ ਰੇਰਾ ਐਕਟ ਤੇ ਸੈਂਟਰਲ ਲੈਜਿਸਲੇਸ਼ਨ ਅਤੇ ਪੰਜਾਬ ਵਿਚ ਰੀਅਲ ਐਸਟੇਟ ਸਬੰਧੀ ਲਾਗੂ ਵੱਖ ਵੱਖ ਕਾਨੂੰਨਾਂ ਵਿਚਕਾਰ ਕਈ ਤਰੁੱਟੀਆਂ ਤੇ ਅਸਮਾਨਤਾਵਾਂ



ਸਾਹਮਣੇ ਆਈਆਂ।

ਮੌਜੂਦਾ ਕਾਨੂੰਨਾਂ ਨੂੰ ਰੀਅਲ ਐਸਟੇਟ (ਰੈਗੂਲੇਸ਼ਨ ਐਂਡ ਡਿਵੈੱਲਪਮੈਂਟ) ਐਕਟ, 2016 ਦੀਆਂ ਮੱਦਾਂ ਦੇ ਅਨੁਕੂਲ ਬਣਾਉਣ ਲਈ ਮੌਜੂਦਾ ਕਾਨੂੰਨਾਂ ਦੀ ਪੜਚੋਲ ਅਤੇ ਬਣਦੀਆਂ ਸੋਧਾਂ ਕਰਨ ਦੀ ਲੋੜ ਮਹਿਸੂਸ ਕੀਤੀ ਗਈ। ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ ਨੇ ਸੂਬੇ ਦੀ ਰੀਅਲ ਐਸਟੇਟ ਰੈਗੂਲੇਟਰੀ ਅਥਾਰਟੀ ਨੂੰ ਇਕ ਗਰੁੱਪ ਬਣਾਉਣ ਲਈ ਅਪੀਲ ਕੀਤੀ ਤਾਂ ਜੋ ਰੀਅਲ ਐਸਟੇਟ ਸਬੰਧੀ ਕਾਨੂੰਨਾਂ ਦੀ ਪੜਚੋਲ ਕਰਨ ਮਗਰੋਂ ਲੋੜੀਂਦੀਆਂ ਤਬਦੀਲੀਆਂ ਕੀਤੀਆਂ ਜਾ ਸਕਣ।

## ਉਸਾਮਾ ਦਾ ਪੁੱਤਰ ਹਮਜ਼ਾ ਬਿਨ ਲਾਦੇਨ ਹਲਾਕ

**ਵਾਸ਼ਿੰਗਟਨ:** ਅਮਰੀਕਾ ਦੇ ਮੀਡੀਆ ਦੀ ਰਿਪੋਰਟ ਅਨੁਸਾਰ ਉਸਾਮਾ ਬਿਨ ਲਾਦੇਨ ਦਾ ਪੁੱਤਰ ਅਤੇ ਅਲ-ਕਾਇਦਾ ਦਾ ਚੁਣਿਆ ਗਿਆ ਵਾਰਿਸ ਹਮਜ਼ਾ ਮਾਰਿਆ ਗਿਆ ਹੈ। ਐਨ.ਬੀ.ਸੀ. ਨਿਊਜ਼ ਦਾ ਕਹਿਣਾ ਹੈ ਕਿ ਤਿੰਨ ਅਮਰੀਕੀ ਅਧਿਕਾਰੀਆਂ ਨੇ ਹਮਜ਼ਾ ਬਿਨ ਲਾਦੇਨ ਦੀ ਮੌਤ ਦੀ ਪੁਸ਼ਟੀ ਕੀਤੀ ਹੈ ਪਰ ਮੌਤ ਦਾ ਸਮਾਂ ਤੇ ਸਥਾਨ ਬਾਰੇ ਕੋਈ ਵੇਰਵੇ ਨਹੀਂ ਦਿੱਤੇ ਹਨ।

**ਅਜੋਕੇ ਹਾਲਾਤ**

# ਧਰਮਾਂ ਵਿਚ ਖਾੜਕੂ ਖਬਤ ਦੇ ਖਤਰੇ

***ਧਾਰਮਿਕ ਜਨੂਨ ਨੇ ਸੰਸਾਰ ਦੇ ਕਈ ਦੇਸ਼ਾਂ ਨੂੰ ਆਪਣੀ ਜਕੜ ਵਿਚ ਲਿਆ ਹੋਇਆ ਹੈ। ਅੱਜ ਸੰਸਾਰ ਦੀ ਸਮੁੱਚੀ ਸਿਆਸਤ ਵਿਚ ਭਾਵੇਂ ਵਧੇਰੇ ਚਰਚਾ ਮੁਸਲਮਾਨਾਂ ਅਤੇ ਇਨ੍ਹਾਂ ਦੇ ਧਰਮ ਇਸਲਾਮ ਦੀ ਹੋ ਰਹੀ ਹੈ, ਪਰ ਜਨੂਨ ਦੇ ਮਾਮਲੇ ਵਿਚ ਇਸਾਈ, ਹਿੰਦੂ, ਸਿੱਖ, ਯਹੂਦੀ ਅਤੇ ਕਈ ਹੋਰ ਫਿਰਕੂ ਭਾਈਚਾਰੇ ਵੀ ਪਿੱਛੇ ਨਹੀਂ ਹਨ। ਇਸਾਈ ਬਹੁਗਿਣਤੀ ਧਰਮ ਵਾਲਾ ਦੇਸ਼ ਅਮਰੀਕਾ ਅਤੇ ਯਹੂਦੀਅਤ ਵਾਲਾ ਇਸਰਾਈਲ ਅੱਜ ਕੱਲ੍ਹ ਦੂਜੇ ਧਰਮਾਂ ਵਾਲਿਆਂ ਨਾਲ ਕੀ ਵਿਹਾਰ ਕਰ ਰਿਹਾ ਹੈ, ਸਭ ਦੇ ਸਾਹਮਣੇ ਹੈ। ਕੁਲਵੰਤ ਸਿੰਘ ਢੇਸੀ ਨੇ ਆਪਣੇ ਇਸ ਲੇਖ ਵਿਚ ਖੁਦ ਦੇ ਧਰਮ ਨੂੰ ਉਤਮ ਆਖ ਕੇ ਬਾਕੀਆਂ 'ਤੇ ਹਿੰਸਾ ਵਰਤਾਉਣ ਵਾਲੇ ਜਨੂਨੀਆਂ ਬਾਰੇ ਨਿੱਗਰ ਟਿੱਪਣੀਆਂ ਕੀਤੀਆਂ ਹਨ। -ਸੰਪਾਦਕ***

ਤੇਜ਼ੀ ਨਾਲ ਵਧ ਰਹੀ ਮੁਸਲਿਮ ਆਬਾਦੀ ਨੂੰ ਲੈ ਕੇ ਇਸਲਾਮੀ ਜਗਤ ਵਿਚ ਦਾਅਵਾ ਕੀਤਾ ਜਾ ਰਿਹਾ ਹੈ ਕਿ ਪੱਛਮੀ ਦੇਸ਼ਾਂ ਵਿਚ ਮੁਸਲਮਾਨਾਂ ਦੇ ਰਾਜ ਨੂੰ ਕੋਈ ਨਹੀਂ ਰੋਕ ਸਕਦਾ, ਜਿਸ ਦਾ ਮਤਲਬ ਹੈ ਕਿ ਸਾਰੀ ਦੁਨੀਆਂ ਵਿਚ ਇਸਲਾਮੀ ਕਾਨੂੰਨ ਲਾਗੂ ਹੋਣਗੇ। ਕਿਹਾ ਜਾਂਦਾ ਹੈ ਕਿ ਕਿਸੇ ਵੀ ਦੇਸ਼ ਦੀ ਮੂਲ ਵਸੋਂ ਵਿਚ ਜੇ ਇੱਕ ਪਰਿਵਾਰ ਦੇ ਜੀਆਂ ਦੀ ਅਨੁਪਾਤ 2.4 ਤੋਂ ਘੱਟ ਹੋਵੇ ਤਾਂ ਸਮੇਂ ਦੇ ਗੇੜ ਨਾਲ ਇਹ ਘਟਦੀ ਘਟਦੀ ਘਟ ਜਾਵੇਗੀ। ਯੂਰਪ ਦੇ ਕਈ ਦੇਸ਼ਾਂ ਵਿਚ ਮੂਲ ਵਸੋਂ ਦੀ ਅਬਾਦੀ 1.8 ਜਾਂ 1.6 ਤਕ ਵੀ ਹੈ। ਇਸ ਦੇ ਮੁਕਾਬਲੇ ਮੁਸਲਿਮ ਆਬਾਦੀ ਪ੍ਰਤੀ ਪਰਿਵਾਰ ਕਾਫੀ ਵੱਧ ਹੈ। ਲੋਕਰਾਜੀ ਪ੍ਰਬੰਧ ਵਿਚ ਬਹੁ-ਗਿਣਤੀ ਰਾਜ ਕਰਦੀ ਹੋਣ ਕਾਰਨ ਮੁਸਲਮਾਨਾਂ ਨੂੰ ਇਹ ਪੱਕਾ ਹੋ ਗਿਆ ਹੈ ਕਿ ਭਵਿੱਖ ਵਿਚ ਉਹ ਸਾਰੀ ਦੁਨੀਆਂ 'ਤੇ ਰਾਜ ਕਰਨਗੇ।

ਪੱਛਮੀ ਜਗਤ ਨੇ ਆਪਣੀਆਂ ਸਭ ਕਮਜ਼ੋਰੀਆਂ ਦੇ ਬਾਵਜੂਦ ਆਪਣੇ ਬਹੁ-ਨਸਲੀ ਅਤੇ ਬਹੁ-ਧਰਮੀ ਦੇਸ਼ਾਂ ਵਿਚ ਸਭ ਸ਼ਹਿਰੀਆਂ ਨੂੰ

**ਕੁਲਵੰਤ ਸਿੰਘ ਢੇਸੀ**

ਬਰਾਬਰ ਦੇ ਹੱਕ ਦਿੱਤੇ, ਜਿਸ ਕਾਰਨ ਇਸਲਾਮੀ ਦੇਸ਼ਾਂ ਦੇ ਵਸਨੀਕ ਵੀ ਆਪਣੇ 'ਧਰਮੀ' ਦੇਸ਼ ਛੱਡ ਕੇ ਪੱਛਮ ਦੇ 'ਕਾਫਰ' ਦੇਸ਼ਾਂ ਵਿਚ ਆ ਕੇ ਵਸਣ ਨੂੰ ਤਰਜੀਹ ਦਿੰਦੇ ਹਨ। ਭਵਿੱਖ ਵਿਚ ਜੇ ਪੱਛਮੀ ਦੇਸ਼ਾਂ ਵਿਚ ਸੱਚੀਂ ਹੀ ਮੁਸਲਮਾਨਾਂ ਦੀ ਬਹੁਗਿਣਤੀ ਹੋ ਜਾਂਦੀ ਹੈ ਤਾਂ ਉਹ ਸ਼ਰੀਅਤ ਕਾਨੂੰਨ ਸਥਾਪਤ ਕਰਨ ਲਈ ਪੂਰੀ ਵਾਹ ਲਾਉਣਗੇ। ਇਸ ਵੇਲੇ ਘੱਟਗਿਣਤੀ ਹੋਣ ਦੇ ਬਾਵਜੂਦ ਮੁਸਲਮਾਨਾਂ ਵਲੋਂ ਰਾਜ ਅੰਦਰ ਰਾਜ ਸਥਾਪਤ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਮੁਸਲਮਾਨਾਂ ਦੇ ਇਸ ਝੁਕਾਅ ਕਾਰਨ ਹੀ ਸੱਜੇ ਪੱਖੀ ਲੋਕਾਂ ਨੂੰ ਮੁਸਲਮਾਨਾਂ ਖਿਲਾਫ ਪ੍ਰਚਾਰ ਕਰਨ ਲਈ ਢੁਕਵਾਂ ਬਹਾਨਾ ਮਿਲ ਰਿਹਾ ਹੈ ਕਿ ਉਨ੍ਹਾਂ ਦੀ ਹੋਂਦ ਅਤੇ ਉਨ੍ਹਾਂ ਦੇ ਲੋਕ ਰਾਜ ਨੂੰ ਮੁਸਲਮਾਨਾਂ ਤੋਂ ਖਤਰਾ ਹੈ। ਮੁਸਲਮਾਨਾਂ ਖਿਲਾਫ ਇਸ ਲਹਿਰ ਨੂੰ 'ਇਸਲਾਮੋਫੋਬੀਆ' ਵੀ ਕਿਹਾ ਜਾਂਦਾ ਹੈ। ਪਛਾਣ ਦੇ ਰਲਗੱਡ ਹੋਣ ਕਾਰਨ ਸਿੱਖ ਵੀ ਇਸ ਫੋਬੀਏ ਦਾ ਸ਼ਿਕਾਰ ਹੋ ਰਹੇ ਹਨ। ਇਸ ਤਰ੍ਹਾਂ ਦੇ ਫੋਬੀਏ ਦਾ ਸ਼ਿਕਾਰ ਕਿਸੇ ਨਾ ਕਿਸੇ ਹੱਦ ਤਕ ਹਰ ਧਰਮ ਦੇ ਲੋਕ ਹੁੰਦੇ ਹਨ।

**ਆਮ ਮੁਸਲਮਾਨਾਂ ਖਿਲਾਫ ਵਧਦੀ ਨਫਰਤ:** ਇਥੇ ਅਸੀਂ ਜਿਸ ਵੀਡੀਓ ਦਾ ਜ਼ਿਕਰ ਕਰਨ ਲੱਗੇ ਹਾਂ, ਇਹ ਪੁਰਾਣੀ ਜਾਪਦੀ ਹੈ ਪਰ ਇਸ ਵਿਚਲੀ ਸਚਾਈ ਅੱਜ ਵੀ ਜਿਉਂ ਦੀ ਤਿਉਂ ਹੈ। ਇਸ ਵਿਚ ਅਮਰੀਕਾ ਦੀ ਸਿਟੀਜ਼ਨ, ਪੜ੍ਹੀ ਲਿਖੀ ਮੁਸਲਮਾਨ ਔਰਤ ਟੀ. ਵੀ. 'ਤੇ ਉਸ ਪੈਨਲ ਅੱਗੇ ਸਵਾਲ ਕਰ ਰਹੀ ਹੈ, ਜੋ ਇਰਾਕ ਵਿਚ ਮਾਰੇ ਗਏ 4 ਫੌਜੀ ਜਵਾਨਾਂ ਪ੍ਰਤੀ ਅਮਰੀਕਨ ਸਰਕਾਰ ਨੂੰ ਸਵਾਲ ਕਰ ਰਹੇ ਸਨ। ਔਰਤ ਸਵਾਲ ਕਰਦੀ ਹੈ, "ਮੈਨੂੰ ਪਤਾ ਹੈ ਕਿ ਦੁਨੀਆਂ ਵਿਚ ਮੁਸਲਮਾਨਾਂ ਦਾ ਅਕਸ ਵਿਗਾੜਿਆ ਗਿਆ ਹੈ, ਜਦ ਕਿ ਦੁਨੀਆਂ ਭਰ ਵਿਚ 180 ਕਰੋੜ ਮੁਸਲਮਾਨ ਹਨ ਅਤੇ ਅਮਰੀਕਾ ਵਿਚ 80 ਲੱਖ ਮੁਸਲਮਾਨ ਰਹਿੰਦੇ ਹਨ। ਸੋਚਣ ਵਾਲੀ ਗੱਲ ਇਹ ਹੈ ਕਿ ਮੁਸਲਮਾਨਾਂ ਵਿਚ ਜਹਾਦ ਇੱਕ ਵਿਚਾਰਧਾਰਾ ਹੈ, ਜਿਸ ਦਾ ਤੁਸੀਂ ਜ਼ਿਕਰ ਕਰਦੇ ਹੋ। ਹੁਣ ਇਹ ਦੱਸੋ ਕਿ ਜਹਾਦ ਦੀ ਵਿਚਾਰਧਾਰਾ ਦਾ ਤੁਸੀਂ ਵਿਚਾਰਧਾਰਕ ਪੱਧਰ 'ਤੇ ਕਿਵੇਂ ਜਵਾਬ ਦਿਓਗੇ?"

ਜਵਾਬ: "ਸਾਨੂੰ ਖੁਸ਼ੀ ਹੈ ਕਿ ਤੁਸੀਂ ਇਹ ਸਵਾਲ ਕਰਨ ਲਈ ਇਥੇ ਹਾਜ਼ਰ ਹੋ। ਅਸੀਂ ਇਸਲਾਮ ਜਾਂ ਮੁਸਲਮਾਨਾਂ ਦਾ ਜ਼ਿਕਰ ਕੀਤੇ ਬਿਨਾ ਇੱਕ ਹਮਲੇ ਵਿਚ ਮਾਰੇ ਗਏ 4 ਫੌਜੀ ਜਵਾਨਾਂ ਦਾ ਜ਼ਿਕਰ ਕੀਤਾ ਹੈ। ਅਸੀਂ ਇਥੇ ਮੁਸਲਮਾਨਾਂ ਦੀ ਸ਼ਾਮਤ ਲੈਣ ਲਈ ਨਹੀਂ ਬੈਠੇ, ਇਹ ਤਾਂ ਤੁਸੀਂ ਹੀ ਹੋ, ਜੋ ਮੁਸਲਮਾਨਾਂ ਦਾ ਮੁੱਦਾ ਲਿਆ ਰਹੇ ਹੋ। ਹੁਣ ਤੁਸੀਂ ਜੇ ਪੁੱਛ ਹੀ ਲਿਆ ਹੈ ਤਾਂ ਮੈਨੂੰ ਜਵਾਬ ਵੀ ਦੇ ਲੈਣ ਦਿਓ। ਦੁਨੀਆਂ ਵਿਚ 120 ਕਰੋੜ ਮੁਸਲਮਾਨ ਹਨ, ਬਿਨਾ ਸ਼ੱਕ ਇਹ ਸਾਰੇ ਕੱਟੜਪੰਥੀ ਨਹੀਂ। ਕੱਟੜਪੰਥੀ ਮੁਸਲਮਾਨਾਂ ਦੀ ਗਿਣਤੀ 15 ਤੋਂ 20% ਕਹੀ ਜਾਂਦੀ ਹੈ। ਇਸ ਦਾ ਮਤਲਬ ਹੈ ਕਿ 78% ਮੁਸਲਮਾਨ ਅਮਨਪਸੰਦ ਹਨ। 15-20% ਕੱਟੜਪੰਥੀ ਮੁਸਲਮਾਨਾਂ ਤੋਂ ਭਾਵ 18 ਤੋਂ 30 ਕਰੋੜ ਜ਼ਹਿਰੀਲੇ ਜਹਾਦੀਆਂ ਨੇ ਪੱਛਮੀ ਸਭਿਅਤਾ ਦੇ ਖਾਤਮੇ ਦਾ ਬੀੜਾ ਚੁੱਕਿਆ ਹੋਇਆ ਹੈ। ਇਸ ਦਾ ਮਤਲਬ, ਮੁਸਲਮਾਨਾਂ ਦੀ ਅਮਰੀਕਾ ਜਿੰਨੀ ਆਬਾਦੀ ਇਹ ਮੁੱਦਾ ਲੈ ਕੇ ਤੁਰੀ ਹੋਈ ਹੈ। ਹੁਣ ਜਦੋਂ ਇਨ੍ਹਾਂ ਕੱਟੜਪੰਥੀਆਂ ਪ੍ਰਤੀ ਸਾਡੇ ਫਿਕਰਮੰਦ ਹੋਣ ਦਾ ਸਵਾਲ ਹੈ ਤਾਂ ਇੱਕ ਗੱਲ ਤੈਅ ਹੈ ਕਿ ਇਹ ਕੱਟੜਪੰਥੀ ਹੀ ਮਾਰ-ਮਰਾਈ ਅਤੇ ਧਮਾਕੇ ਕਰਨ ਵਾਲੇ ਹਨ।

ਜੇ ਤੁਸੀਂ ਇਤਿਹਾਸ ਵਲ ਨਿਗ੍ਹਾ ਮਾਰੋ ਤਾਂ ਸਮਝ ਸਕਦੇ ਹੋ ਕਿ ਜਰਮਨੀ ਦੇ ਬਹੁਤੇ ਲੋਕ ਸ਼ਾਂਤਮਈ ਸਨ ਪਰ ਹਿੰਸਕ ਨਾਜੀਆਂ ਹੱਥੋਂ 1.4 ਕਰੋੜ ਲੋਕ ਮਾਰੇ ਗਏ, ਜਿਨ੍ਹਾਂ ਵਿਚੋਂ 60 ਲੱਖ ਯਹੂਦੀ ਸਨ। ਇਸ ਮਾਮਲੇ ਵਿਚ ਬਹੁਗਿਣਤੀ ਦੀ ਕੋਈ ਵੀ ਵੁੱਕਤ ਨਹੀਂ ਰਹਿੰਦੀ। ਅਸੰਗਤੀ ਹੈ, ਉਨ੍ਹਾਂ ਦੀ ਗਿਣਤੀ? ਜੇ ਤੁਸੀਂ ਰੂਸੀ ਕ੍ਰਾਂਤੀ ਦੀ ਗੱਲ ਕਰੋ ਤਾਂ ਬਹੁਤੇ ਰੂਸੀ ਸ਼ਾਂਤਮਈ ਲੋਕ ਸਨ ਪਰ ਵਾਮਪੰਥੀ ਲੋਕਾਂ ਨੇ 2 ਕਰੋੜ ਲੋਕ ਮਾਰ ਦਿੱਤੇ। ਸ਼ਾਂਤਮਈ ਬਹੁਗਿਣਤੀ ਅਸੰਗਤੀ ਸੀ? ਜੇ ਤੁਸੀਂ ਚੀਨ ਦੀ ਗੱਲ ਕਰੋ ਤਾਂ ਬਹੁਤੇ ਚੀਨੀ ਅਮਨਪਸੰਦ ਸਨ ਪਰ ਉਥੇ ਵੀ ਵਾਮਪੰਥੀਆਂ ਨੇ 7 ਕਰੋੜ ਲੋਕ ਮਾਰ ਦਿੱਤੇ। ਬਹੁਗਿਣਤੀ ਸ਼ਾਂਤਮਈ ਚੀਨੀ ਅਸੰਗਤੀ ਸਨ? ਦੁਨੀਆਂ ਦੇ ਦੂਜੇ ਸੰਸਾਰ ਯੁੱਧ ਵਿਚ ਜੇ ਜਪਾਨ 'ਤੇ ਨਿਗ੍ਹਾ ਮਾਰੋ ਤਾਂ ਬਹੁਗਿਣਤੀ ਜਪਾਨੀ ਸ਼ਾਂਤਮਈ ਲੋਕ ਸਨ ਪਰ ਜਪਾਨੀ ਸੈਨਿਕਾਂ ਨੇ 1.2 ਕਰੋੜ ਲੋਕਾਂ ਦਾ ਵਢਾਂਗਾ ਕੀਤਾ।

11 ਸਤੰਬਰ 2001 ਨੂੰ ਅਮਰੀਕਾ ਵਿਚ ਕਰੀਬ 23 ਲੱਖ ਅਰਬੀ ਮੁਸਲਮਾਨ ਮੌਜੂਦ ਸਨ ਜਿਨ੍ਹਾਂ ਵਿਚੋਂ ਬਹੁਗਿਣਤੀ ਅਮਨਪਸੰਦ ਸਨ ਪਰ ਸਿਰਫ 19 ਕੱਟੜਪੰਥੀ ਅਗਵਾਕਾਰਾਂ ਨੇ ਵਰਲਡ ਟਰੇਡ ਸੈਂਟਰ ਅਤੇ ਪੈਂਟਾਗਨ ਦੇ ਅਮਰੀਕਨ ਟਾਵਰਾਂ 'ਤੇ ਹਮਲਾ ਕਰਕੇ ਜਿਥੇ 3000 ਅਮਰੀਕੀ ਮਾਰ ਦਿਤੇ, ਉਥੇ ਅਮਰੀਕਾ ਨੂੰ ਗੋਡਿਆਂ ਭਾਰ ਵੀ ਕਰ ਦਿੱਤਾ। ਇਥੇ ਵੀ ਬਹੁਗਿਣਤੀ ਅਮਨਪਸੰਦ ਮੁਸਲਮਾਨਾਂ ਦੀ ਗਿਣਤੀ ਅਸੰਗਤੀ ਹੈ। ਇਸ ਵੇਲੇ ਜਦੋਂ ਅਸੀਂ ਇਸ ਸੰਗੀਨ ਮੁੱਦੇ 'ਤੇ ਗੱਲ ਕਰ ਰਹੇ ਹਾਂ ਤਾਂ ਤੁਸੀਂ ਇਕੱਲੇ ਅਮਨਪਸੰਦ ਮੁਸਲਮਾਨ ਪ੍ਰਤੀਨਿਧ ਦੇ ਤੌਰ 'ਤੇ ਇਥੇ ਹਾਜ਼ਰ ਹੋ ਤਾਂ ਬਾਕੀ ਸ਼ਾਂਤਮਈ ਮੁਸਲਮਾਨ ਕਿਥੇ ਹਨ?

ਤੁਸੀਂ ਅਮਰੀਕੀ ਸ਼ਹਿਰੀ ਹੋਣ ਦੇ ਨਾਤੇ ਬਜਾਏ ਇਸ ਗੱਲ ਦੇ ਕਿ ਸਰਕਾਰ 'ਤੇ ਇਹ ਸਵਾਲ ਕਰੋ ਕਿ ਸਾਡੇ 4 ਅਮਰੀਕੀ ਫੌਜੀ ਇਰਾਕ ਵਿਚ ਕਿਉਂ ਮਾਰੇ ਗਏ, ਤੁਸੀਂ ਇਥੇ ਖੜ੍ਹ ਕੇ ਅਮਨਪਸੰਦ ਮੁਸਲਮਾਨਾਂ ਦੀ ਵਕਾਲਤ ਕਰ ਰਹੇ ਹੋ। ਕਾਸ਼! ਤੂੰ ਆਪਣੇ ਨਾਲ ਆਪਣੇ ਵਰਗੇ 10 ਹੋਰ ਅਮਰੀਕੀ ਸ਼ਹਿਰੀ ਮੁਸਲਮਾਨ ਲੈ ਕੇ ਆਉਂਦੀ ਅਤੇ ਸਰਕਾਰ ਨੂੰ ਸ਼ਹੀਦ ਹੋਏ ਅਮਰੀਕਨ ਫੌਜੀਆਂ ਬਾਰੇ ਸਵਾਲ ਕਰਦੀ। ਹੁਣ ਸਮਾਂ ਆ ਗਿਆ ਹੈ ਕਿ ਅਸੀਂ ਧਰਮ ਨਿਰਪੇਖਤਾ ਅਤੇ ਆਦਰਸ਼ਵਾਦ (Political Correctness) ਨੂੰ ਚੁੱਕ ਕੇ ਕਚਰੇ ਦੇ ਉਸੇ ਡੱਬੇ ਵਿਚ ਸੁੱਟ ਦਈਏ, ਜਿਸ ਦੇ ਉਹ ਲਾਇਕ ਹਨ।"

ਇਸ ਗੱਲਬਾਤ ਵਿਚ ਆਖਰੀ ਲਾਈਨ ਖਿਆਲ ਕਰਨ ਵਾਲੀ ਹੈ ਕਿ ਪੱਛਮੀ ਲੋਕ ਆਪਣੀਆਂ ਸਰਕਾਰਾਂ ਦੀਆਂ ਉਦਾਰਵਾਦੀ ਨੀਤੀਆਂ ਪ੍ਰਤੀ ਤਲਖ ਹੋ ਰਹੇ ਹਨ ਅਤੇ ਇਹੀ ਕਾਰਨ ਹੈ ਕਿ ਅਮਰੀਕਾ ਵਰਗੀ ਮਹਾਂ ਸ਼ਕਤੀ ਨੇ ਆਪਣਾ ਰਾਸ਼ਟਰਪਤੀ ਉਸ ਬੰਦੇ ਨੂੰ ਬਣਾਇਆ ਜੋ ਮੁਸਲਮਾਨਾਂ ਦੇ ਖਾੜਕੂ ਖਬਤ ਦਾ ਜਵਾਬ ਉਨ੍ਹਾਂ ਦੀ ਹੀ ਭਾਸ਼ਾ ਵਿਚ ਦੇ ਰਿਹਾ ਹੈ।

**ਧਰਮ ਦੇ ਨਾਂ 'ਤੇ ਜਹਾਦ ਜਾਂ ਦਹਿਸ਼ਤਗਰਦੀ:** ਧਰਮ ਦੇ ਨਾਂ 'ਤੇ ਲੜੀ ਜਾਣ ਵਾਲੀ ਜੰਗ ਨੂੰ ਧਰਮੀ ਅਰਥ ਦੇਣੇ ਅਤੇ ਫਿਰ ਲੱਖਾਂ ਲੋਕਾਂ ਨੂੰ ਪ੍ਰਭਾਵਤ ਕਰਕੇ ਕਿਸੇ ਕੌਮ ਨੂੰ ਮੌਤ ਦੇ ਮੂੰਹ ਵਿਚ ਧੱਕ ਦੇਣਾ ਜਨੂਨੀ ਲੋਕਾਂ ਦਾ ਕੰਮ ਰਿਹਾ ਹੈ। ਇਹ ਜਨੂਨ ਜਦੋਂ ਕਿਸੇ ਕੌਮ ਦੇ ਸਿਰ ਚੜ੍ਹ ਜਾਵੇ ਤਾਂ ਬਹੁਗਿਣਤੀ ਅਮਨਪਸੰਦ ਲੋਕ ਡਰਦੇ ਮਾਰੇ ਆਪਣਾ ਮੂੰਹ ਨਹੀਂ ਖੋਲ੍ਹਦੇ ਅਤੇ ਜੇ ਕੋਈ ਹਿੰਮਤ ਕਰਕੇ ਮੂੰਹ ਖੋਲ੍ਹਦਾ ਹੈ ਤਾਂ ਉਸ ਨੂੰ ਸਿਰ ਤਲੀ 'ਤੇ ਰੱਖ ਕੇ ਗੱਲ ਕਰਨੀ ਪੈਂਦੀ ਹੈ।

ਇਸਲਾਮ ਦੇ ਨਾਂ 'ਤੇ ਹੋ ਰਹੀ ਦਹਿਸ਼ਤਗਰਦੀ ਖਿਲਾਫ ਪਾਕਿਸਤਾਨ ਦੇ ਜਾਵੇਦ ਅਹਿਮਦ ਗਮੀਦੀ ਨਾਂ ਦੇ ਦਾਨਿਸ਼ਵਰ ਦੀ ਇੰਟਰਵਿਊ ਸੁਣਨ ਵਿਚ ਆਈ ਹੈ ਜਿਸ ਵਿਚ ਉਸ ਨੇ ਸਾਫ ਸਾਫ ਦੱਸਿਆ ਕਿ ਮੁਸਲਮਾਨਾਂ ਵਿਚ ਉਹ ਮਜ਼ਹਬੀ ਵਿਚਾਰਧਾਰਾ ਹੈ ਜਿਸ ਦੀ ਮੁਸਲਮਾਨਾਂ ਦੇ ਮਦਰੱਸਿਆਂ ਵਿਚ ਸਿੱਖਿਆ ਦਿੱਤੀ ਜਾ ਰਹੀ ਹੈ। ਜਾਵੇਦ ਅਹਿਮਦ ਨੇ ਬੜੀ ਹੀ ਬੇਬਾਕੀ ਨਾਲ ਉਨ੍ਹਾਂ 4 ਸਿੱਖਿਆਵਾਂ ਦਾ ਜ਼ਿਕਰ ਕੀਤਾ ਹੈ ਜੋ ਇਸਲਾਮ ਦੇ ਨਾਂ 'ਤੇ ਬੱਚਿਆਂ ਨੂੰ ਪੜ੍ਹਾਈਆਂ ਜਾ ਰਹੀਆਂ ਹਨ।

ਪਹਿਲੀ ਸਿੱਖਿਆ ਇਹ ਹੈ ਕਿ ਦੁਨੀਆਂ ਵਿਚ ਜੇ ਕੋਈ ਵਿਅਕਤੀ ਇਸਲਾਮ ਤੋਂ ਮੁਨਕਰ ਹੁੰਦਾ ਹੈ ਤਾਂ ਉਸ ਦੀ ਸਜ਼ਾ ਮੌਤ ਹੈ ਅਤੇ ਇਹ ਸਜ਼ਾ ਦੇਣ ਦਾ ਸਾਨੂੰ ਹੱਕ ਹੈ। ਦੂਜੀ ਗੱਲ ਇਹ ਸਿਖਾਈ ਜਾਂਦੀ ਹੈ ਕਿ ਦੁਨੀਆਂ ਵਿਚ ਗੈਰ ਮੁਸਲਿਮ ਕੇਵਲ ਮੁਸਲਮਾਨਾਂ ਦੀ ਗੁਲਾਮੀ ਕਰਨ ਲਈ ਹੀ ਪੈਦਾ ਹੋਏ ਹਨ। ਮੁਸਲਮਾਨਾਂ ਤੋਂ ਇਲਾਵਾ ਹੋਰ ਕਿਸੇ ਨੂੰ ਵੀ ਦੁਨੀਆਂ ਵਿਚ ਰਾਜ ਕਰਨ ਦਾ ਹੱਕ ਨਹੀਂ ਹੈ। ਗੈਰ ਮੁਸਲਿਮ ਲੋਕਾਂ ਦੀ ਹਰ ਹਕੂਮਤ ਨਾਜਾਇਜ਼ ਹਕੂਮਤ ਹੈ। ਜਦੋਂ ਵੀ ਸਾਡੇ ਕੋਲ ਤਾਕਤ ਹੋਵੇਗੀ, ਅਸੀਂ ਉਸ ਦਾ ਤਖਤਾ ਪਲਟ ਦੇਵਾਂਗੇ। ਤੀਜੀ, ਦੁਨੀਆਂ ਵਿਚ ਮੁਸਲਮਾਨਾਂ ਦੀ ਇੱਕੋ ਤਰਜ਼ ਦੀ ਹਕੂਮਤ ਹੋਣੀ ਚਾਹੀਦੀ ਹੈ ਜਿਸ ਨੂੰ 'ਖਿਲਾਫਤ' ਕਹਿੰਦੇ ਹਨ। ਮੁਸਲਮਾਨਾਂ ਦੀਆਂ ਵੱਖੋ ਵੱਖ ਹਕੂਮਤਾਂ ਮੁਨਾਸਿਬ ਨਹੀਂ ਹਨ। ਚੌਥੀ ਗੱਲ, ਕੌਮੀ ਰਿਆਸਤ ਕੁਫਰ ਹੈ ਜਿਸ ਦੀ ਇਸਲਾਮ ਵਿਚ ਕੋਈ ਥਾਂ ਨਹੀਂ ਹੈ।



*11 ਸਤੰਬਰ 2001 ਨੂੰ ਜਨੂਨੀ ਹਮਲੇ ਦਾ ਸ਼ਿਕਾਰ ਹੋਏ ਨਿਊ ਯਾਰਕ ਦੇ ਟਵਿਨ ਟਾਵਰ*

ਇਹ ਦਾਨਿਸ਼ਵਰ ਪਾਕਿਸਤਾਨ ਸਰਕਾਰ ਅਤੇ ਲੋਕਾਂ ਨੂੰ ਅਪੀਲ ਕਰ ਰਿਹਾ ਹੈ ਕਿ ਜਦ ਤਕ ਤੁਸੀ ਇਸ ਤਰ੍ਹਾਂ ਦੀ ਗਲਤ ਵਿਆਖਿਆ (Narrative) ਦੀ ਥਾਂ ਇਸਲਾਮ ਦੀ ਸਹੀ ਵਿਆਖਿਆ ਪੇਸ਼ ਨਹੀਂ ਕਰੋਗੇ ਤਾਂ ਦਹਿਸ਼ਤਗਰਦ ਪੈਦਾ ਹੁੰਦੇ ਰਹਿਣਗੇ। ਮਜ਼ਹਬੀ ਮੁੱਲਾ ਇਸ ਦਾਨਿਸ਼ਵਰ ਦਾ ਬਹੁਤ ਵਿਰੋਧ ਕਰ ਰਹੇ ਹਨ ਜਦ ਕਿ ਕਦੀ ਜਾਵੇਦ ਅਹਿਮਦ ਨੇ ਇਹੀ ਗੱਲ ਅਫਗਾਨ ਜਹਾਦ ਬਾਰੇ ਕਹੀ ਸੀ ਜੋ ਉਸ ਵੇਲੇ ਕਿਸੇ ਨੇ ਨਾ ਮੰਨੀ,ਪਰ ਹੁਣ ਆਮ ਲੋਕ ਹੀ ਮੰਨਣ ਲੱਗ ਪਏ ਹਨ। ਇਸ ਸਬੰਧੀ ਜੋ ਗੱਲ ਉਸ ਨੇ ਬਹੁਤ ਬੇਬਾਕੀ ਨਾਲ ਕਹੀ, ਉਹ ਸੀ ਕਿ ਦੀਨ ਧਰਮ ਅਤੇ ਇਸਲਾਮ ਦੇ ਨਾਂ 'ਤੇ ਦਿੱਤਾ ਜਾਣ ਵਾਲੇ ਸਬਕ ਇਨਸਾਨੀ ਕਦਰਾਂ ਕੀਮਤਾਂ ਦੇ ਵਿਰੁਧ ਹੈ। ਆਪਣੀ ਗੱਲ ਇਸ ਦਾਨਿਸ਼ਵਰ ਨੇ ਇਸ ਨੁਕਤੇ 'ਤੇ ਮੁਕਾਈ ਕਿ 12 ਸਾਲ ਦੀ ਉਮਰ ਤਕ ਹਰ ਬੱਚੇ ਨੂੰ ਬਹੁਪੱਖੀ (Broad based) ਵਿੱਦਿਆ ਦਿੱਤੀ ਜਾਣੀ ਚਾਹੀਦੀ ਹੈ ਅਤੇ ਇਸ ਉਮਰ 'ਤੇ ਉਸ ਨੂੰ ਇਸਲਾਮੀ ਵਿਦਵਾਨ ਬਣਾਉਣਾ ਤਾਂ ਇੱਕ ਪਾਸੇ, ਉਸ ਨੂੰ ਡਾਕਟਰ ਜਾਂ ਇੰਜਨੀਅਰ ਬਣਾਉਣ ਦਾ ਫੈਸਲਾ ਵੀ ਨਹੀਂ ਕਰਨਾ ਚਾਹੀਦਾ।

**ਰਾਜ ਦੇ ਨਸ਼ੇ ਵਿਚ ਫੂੰਕਾਰਦਾ ਹਿੰਦੂ ਖਾੜਕੂਵਾਦ:** ਭਾਰਤ ਭਾਵੇਂ ਬਹੁ-ਕੌਮੀ, ਬਹੁ-ਧਰਮੀ, ਬਹੁ-ਸਭਿਅਕ ਅਤੇ ਬਹੁਤ ਸਾਰੀਆਂ ਬੋਲੀਆਂ ਵਾਲਾ ਦੇਸ਼ ਹੈ ਪਰ ਹਾਲਾਤ ਨੇ ਕੁਝ ਇਸ ਤਰ੍ਹਾਂ ਪਾਸਾ ਲਿਆ ਹੈ ਕਿ ਹੁਣ ਇਹ ਦੇਸ਼ ਕੇਵਲ ਹਿੰਦੂ ਬਹੁਗਿਣਤੀ ਦਾ ਹੈ ਅਤੇ ਇਸ ਬਹੁਗਿਣਤੀ ਦੀ ਪ੍ਰਤੀਨਿਧਤਾ ਕਰਨ ਵਾਲਾ ਸੰਘ ਪਰਿਵਾਰ ਹਿੰਦੂ ਜਹਾਦ ਦਾ ਧਾਰਨੀ ਹੈ ਜਿਸ ਮੁਤਾਬਕ ਭਾਰਤ ਦੇ ਗੈਰ ਹਿੰਦੂ ਨੂੰ ਸੰਘ ਪਰਿਵਾਰ (ਭਾਜਪਾ) ਦੇ ਖਾੜਕੂ ਏਜੰਡੇ ਦਾ ਸ਼ਿਕਾਰ ਹੋਣਾ ਪਏਗਾ। ਇਤਿਹਾਸ ਵਿਚ ਜਿਨ੍ਹਾਂ ਹਿੰਦੂ ਲੋਕਾਂ ਦੇ ਮੂੰਹਾਂ ਵਿਚ ਮੁਗਲ ਹੁਕਮਰਾਨ ਥੁੱਕਦੇ ਸਨ, ਅੱਜ ਬਦਲਦੇ ਹਾਲਾਤ ਵਿਚ ਉਨ੍ਹਾਂ ਹਿੰਦੂਆਂ ਦੀ ਅੱਜ ਵਾਲੀ ਨਸਲ ਬਦਲਾਖੋਰੀ ਲਈ ਖਾੜਕੂਪਨ 'ਤੇ ਉਤਰ ਆਈ ਹੈ ਜਿਸ ਦਾ ਸ਼ਿਕਾਰ ਮੁਸਲਿਮ, ਦਲਿਤ, ਸਿੱਖ ਅਤੇ ਹੋਰ ਘੱਟਗਿਣਤੀ ਕੌਮਾਂ ਹੋਣਗੀਆਂ।

ਸੰਘ ਪਰਿਵਾਰ ਦੇ ਇਰਾਦਿਆਂ ਨੂੰ ਅੰਜਾਮ ਦੇਣ ਲਈ ਭਾਰਤ ਦੀ ਫਿਲਮ ਇੰਡਸਟਰੀ ਅਤੇ ਮੀਡੀਆ ਹਿੰਦੂ ਮਿਥਿਹਾਸ ਨੂੰ ਇਤਿਹਾਸ ਵਿਚ ਬਦਲ ਕੇ ਆਪਣੇ ਆਪ ਨੂੰ ਸ੍ਰੇਸ਼ਟ ਅਤੇ ਖਾੜਕੂ ਧਰਮ ਸਿੱਧ ਕਰਨ ਲਈ ਦਿਨ ਰਾਤ ਇੱਕ ਕਰ ਰਿਹਾ ਹੈ। ਭਾਜਪਾ ਆਗੂ ਭਾਰਤੀ ਸੰਵਿਧਾਨ ਵਿਚੋਂ ਧਰਮ ਨਿਰਪੇਖਤਾ ਦੇ ਸੰਕਲਪ ਨੂੰ ਖਤਮ ਕਰਕੇ ਉਸ ਦਾ ਹਿੰਦੂਕਰਨ ਕਰਕੇ ਭਾਰਤ ਨੂੰ ਹਿੰਦੂ ਰਾਜ ਐਲਾਨਣ ਲਈ ਦ੍ਰਿੜ ਹਨ। ਭਾਰਤ ਦੀ ਸਕੂਲੀ ਵਿੱਦਿਆ ਦਾ ਵੀ ਹਿੰਦੂਕਰਨ ਕੀਤਾ ਜਾ ਰਿਹਾ ਹੈ। ਇਸ ਦੇ ਨਾਲ ਹੀ ਘੱਟਗਿਣਤੀਆਂ ਨੂੰ ਵੀ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

ਇਹ ਸਤਰਾਂ ਲਿਖਣ ਵੇਲੇ ਇਲਾਹਾਬਾਦ ਵਿਚ ਇੱਕ ਮਸਜਿਦ ਡੇਗੇ ਜਾਣ ਦੀਆਂ ਸੋਸ਼ਲ ਮੀਡੀਆ 'ਤੇ ਖਬਰਾਂ ਆ ਰਹੀਆਂ ਹਨ ਜਿਸ ਸਬੰਧੀ ਅਦਾਲਤ ਵਿਚ 20 ਸਾਲ ਤੋਂ ਕੇਸ ਚੱਲ ਰਿਹਾ ਸੀ। ਕਈ ਲਹੂ ਲੁਹਾਣ ਮੁਸਲਮਾਨਾਂ ਦੀਆਂ ਵੀ ਤਸਵੀਰਾਂ ਹਨ ਅਤੇ ਇਸ ਵੀਡੀਓ ਵਿਚ ਇਹ ਵੀ ਕਿਹਾ ਜਾ ਰਿਹਾ ਹੈ ਕਿ ਭਾਰਤੀ ਮੀਡੀਆ ਨੇ ਇਸ ਸਬੰਧੀ ਕੋਈ ਖਬਰ ਨਸ਼ਰ ਨਹੀਂ ਕੀਤੀ। ਇਹ ਹਮਲੇ ਭਵਿੱਖ ਵਿਚ ਹੋਰ ਤੇਜ਼ ਹੋਣਗੇ। ਸਾਰੀ ਦੁਨੀਆਂ ਵਿਚ ਮੁਸਲਮਾਨਾਂ ਖਿਲਾਫ ਉਠ ਰਿਹਾ ਵਿਰੋਧ ਭਾਰਤ ਸਰਕਾਰ ਦੀ ਇਸ ਮੁੱਦੇ 'ਤੇ ਅੱਖਾਂ ਮੀਟਣ ਲਈ ਹੌਸਲਾ ਅਫਜ਼ਾਈ ਕਰੇਗਾ।

ਭਾਰਤ ਵਿਚ ਹਿੰਦੂਤਵੀਆਂ ਦੇ ਹੌਸਲੇ ਦਿਨੋ-ਦਿਨ ਵਧ ਰਹੇ ਹਨ ਅਤੇ ਉਹ ਵੀ ਮੁਸਲਮਾਨਾਂ ਵਾਂਗ ਹੀ ਸੁਫਨੇ ਲੈਣ ਲੱਗ ਪਏ ਹਨ ਕਿ ਭਾਰਤ ਵਿਚ ਕੇਵਲ ਹਿੰਦੂਆਂ ਨੂੰ ਰਾਜ ਕਰਨ ਦਾ ਹੱਕ ਹੈ ਅਤੇ ਦੂਜਿਆਂ ਨੇ ਸਿਰਫ ਉਨ੍ਹਾਂ ਦੀ ਗੁਲਾਮੀ ਕਰਨੀ ਹੈ ਜਾਂ ਉਹ ਦੇਸ਼ ਛੱਡ ਜਾਣ। ਭਾਰਤ ਵਿਚ ਗੈਰ ਹਿੰਦੂ ਕੋਲੋਂ ਸਿਰ ਉਚਾ ਚੁੱਕ ਕੇ ਜਿਉਣ ਦੇ ਹੱਕ ਅਣਐਲਾਨੇ ਤੌਰ 'ਤੇ ਖੋਹ ਲਏ ਗਏ ਹਨ ਅਤੇ ਅਜਿਹਾ ਪ੍ਰਤੀਤ ਹੋ ਰਿਹਾ ਹੈ ਕਿ ਭਾਰਤ ਹਿੰਦੂ ਜਹਾਦ ਵਲ ਵਧ ਰਿਹਾ ਹੈ।

**ਸਿੱਖਾਂ ਦੇ ਖਾੜਕੂ ਖਬਤ ਦੀ ਦਿਸ਼ਾ ਅਤੇ ਦਸ਼ਾ ਚਿੰਤਾਜਨਕ:** ਸਿੱਖਾਂ ਅਤੇ ਹਿੰਦੂਆਂ ਵਿਚ ਜਾਵੇਦ ਅਹਿਮਦ ਵਾਂਗ ਬੇਬਾਕੀ ਨਾਲ ਗੱਲ ਕਰਨ ਵਾਲਾ ਅਜੇ ਕੋਈ ਦਾਨਿਸ਼ਵਰ ਪੈਦਾ ਨਹੀਂ ਹੋਇਆ ਜੋ ਧਰਮ ਦੇ ਨਾਂ 'ਤੇ ਖੁਦ ਨੂੰ ਸ੍ਰੇਸ਼ਟ ਅਤੇ ਖਾੜਕੂ ਸਿੱਧ ਕਰਨ ਦੀਆਂ ਪ੍ਰਵਿਰਤੀਆਂ ਬਾਰੇ ਜਾਗਰੂਕ ਕਰ ਸਕੇ। ਸਿੱਖਾਂ ਵਿਚ ਧਰਮ ਯੁੱਧ ਦੇ ਹਿੰਸਕ ਪੈਂਤੜੇ ਨੇ ਸਿੱਖ ਨੌਜਵਾਨਾਂ ਦੀ ਨਸਲਕੁਸ਼ੀ ਵੀ ਕਰਵਾਈ ਅਤੇ ਭਾਰਤ ਵਿਚ ਦੇਸ਼ ਵਿਰੋਧੀ ਪ੍ਰਚਾਰੇ ਜਾਣ ਕਾਰਨ ਬਹੁਗਿਣਤੀ ਦੀ ਨਫਰਤ ਦਾ ਕਾਰਨ ਵੀ ਬਣੇ, ਜਦ ਕਿ ਪੰਜਾਬ ਦੇ ਪਾਣੀਆਂ ਵਰਗੇ ਬੁਨਿਆਦੀ ਮੁੱਦੇ ਅਣਸੁਲਝਾਏ ਉਥੇ ਦੇ ਉਥੇ ਖੜ੍ਹੇ ਹਨ।

ਅੱਜ ਕੱਲ੍ਹ ਸਿੱਖ ਧਰਮ ਦੀ ਵਿਆਖਿਆ ਖਾੜਕੂ ਧਿਰਾਂ ਵਲੋਂ ਜਹਾਦੀ ਸੁਰ ਵਿਚ ਕੀਤੀ ਜਾ ਰਹੀ ਹੈ। ਖਾੜਕੂਆਂ ਨੂੰ ਮਾਣ ਹੈ ਕਿ ਭਾਰਤ ਨਾਲ ਟਕਰਾਓ ਵਿਚ ਉਨ੍ਹਾਂ ਨੇ ਦੇਸ਼ ਦੀ ਪ੍ਰਧਾਨ ਮੰਤਰੀ (ਇੰਦਰਾ ਗਾਂਧੀ), ਦੇਸ਼ ਦੇ ਫੌਜੀ ਕਮਾਂਡਰ (ਵੈਦਿਆ) ਤੇ ਸੂਬੇ ਦੇ ਮੁੱਖ ਮੰਤਰੀ (ਬੇਅੰਤ ਸਿੰਘ) ਤਕ ਨੂੰ ਮਾਰ ਮੁਕਾਇਆ ਅਤੇ ਭਵਿੱਖ ਵਿਚ ਵੀ ਉਹ ਇੱਟ ਦਾ ਜਵਾਬ ਪੱਥਰ ਨਾਲ ਦੇਣਗੇ।


ਇਸ ਵੇਲੇ ਭਾਰਤੀ ਪਾਰਲੀਮੈਂਟ ਨੇ ਪਾਣੀਆਂ ਦੇ ਮੁੱਦੇ 'ਤੇ ਪੰਜਾਬ ਅਤੇ ਹਰਿਆਣੇ ਦੀ ਜਵਾਬਦੇਹੀ ਕੀਤੀ ਹੈ। ਪੰਜਾਬ ਦੇ ਪਾਣੀਆਂ ਦਾ ਮੁੱਦਾ ਜੀਵਨ ਦਾ ਮੁੱਦਾ ਹੈ ਅਤੇ ਭਾਜਪਾ ਨੇ ਭਵਿੱਖ ਵਿਚ ਇਸੇ ਮੁੱਦੇ 'ਤੇ ਵਿਧਾਨ ਸਭਾ ਚੋਣਾਂ ਜਿੱਤਣ ਲਈ ਸਿਆਸਤ ਕਰਨੀ ਹੈ ਅਤੇ ਖਾੜਕੂ ਧਿਰਾਂ ਨੂੰ ਵੰਗਾਰਨਾ ਹੈ। ਜੇ ਸਿੱਖ ਲੀਡਰਸ਼ਿਪ ਨੇ ਇਸ ਮੁੱਦੇ ਨੂੰ ਦੂਰਅੰਦੇਸ਼ੀ ਨਾਲ ਨਾ ਲਿਆ ਤਾਂ ਇਹ ਮੁੜ ਪੰਜਾਬ ਦੀ ਰਾਜਨੀਤੀ ਨੂੰ ਮੜ੍ਹੀਆਂ ਦੇ ਰਾਹ ਤੋਰ ਦੇਵੇਗੀ ਜਦ ਕਿ ਇਸ ਪੈਂਤੜੇ ਨੇ ਪਹਿਲਾਂ ਹੀ ਪੰਜਾਬ ਦਾ ਲੱਕ ਤੋੜਿਆ ਪਿਆ ਹੈ।

ਸਿੱਖਾਂ ਦੇ ਪੰਜਾਬ ਤੋਂ ਬਾਹਰ ਬੈਠੇ ਆਗੂ ਜਾਂ ਤਾਂ ਨਾਅਰੇ ਅਤੇ ਮੁਜ਼ਾਹਰੇ ਤਕ ਸੀਮਤ ਹਨ ਜਾਂ ਕਈ ਕਾਰ ਸੇਵਾ ਦੇ ਬਾਬੇ ਬਣ ਕੇ ਕੌਮ ਦੀ ਸ਼ਕਤੀ ਇਮਾਰਤਾਂ 'ਤੇ ਲਾ ਰਹੇ ਹਨ। ਅਮਲ ਦੀ ਧਰਤੀ ਤੋਂ ਵਿਗੁੱਚੇ ਭਗੌੜੇ ਸਿਰਫ ਜਜ਼ਬਾਤੀ ਹੋ ਕੇ ਆਪਣੇ ਖਾੜਕੂਪੁਣੇ ਦਾ ਭਰਮ ਪਾਲੀ ਬੈਠੇ ਹਨ। ਸਿੱਖਾਂ ਦੀ ਮੁਖਧਾਰਾ ਇਸ ਵੇਲੇ ਦੋਹਰੇ ਸੰਕਟ ਵਿਚ ਫਸ ਗਈ ਹੈ। ਇੱਕ ਪਾਸੇ ਭਾਜਪਾ ਦੀ ਮਾਰ ਹੈ ਅਤੇ ਦੂਜੇ ਪਾਸੇ ਖਖੜੀਆਂ ਕਰੇਲੇ ਹੋਏ ਸਿੱਖ ਧੜਿਆਂ ਦੇ ਆਪੋ ਆਪਣੇ ਖਾਲਿਸਤਾਨ ਹਨ ਜਿਸ ਕਾਰਨ ਕੌਮ ਆਪਣੇ ਆਪ ਨੂੰ ਲੀਡਰਲੈੱਸ ਮਹਿਸੂਸ ਕਰ ਰਹੀ ਹੈ। ਮੁਸਲਮਾਨਾਂ ਵਾਂਗ ਹੀ ਸਿੱਖਾਂ ਦੇ ਸਿਰਾਂ 'ਤੇ ਖਤਰੇ ਦੇ ਬੱਦਲ ਗੂੜ੍ਹੇ ਹੋ ਰਹੇ ਹਨ। ਭਾਰਤ ਸਰਕਾਰ ਨੇ ਵੀ ਸਿੱਖ ਖਾੜਕੂਆਂ ਪ੍ਰਤੀ ਆਪਣਾ ਰੁਖ ਤਿੱਖਾ ਕਰ ਲਿਆ ਹੈ ਅਤੇ ਪਾਕਿਸਤਾਨ ਨੂੰ 19 ਖਾੜਕੂ ਸਿੱਖਾਂ ਦੀ ਸੂਚੀ ਦਿੱਤੀ ਹੈ।

ਮੋਹ ਮਾਇਆ ਦਾ ਅਸਰ ਖਾੜਕੂਆਂ 'ਤੇ ਵੀ ਓਨਾ ਹੀ ਹੈ, ਜਿੰਨਾ ਇੱਕ ਆਮ ਵਿਅਕਤੀ 'ਤੇ ਹੈ; ਇਹੀ ਕਾਰਨ ਹੈ ਕਿ ਉਹ ਆਪੋ ਆਪਣੀ ਢਾਈ ਇੱਟ ਦੀ ਮਸੀਤ ਤਕ ਸੀਮਤ ਹਨ। ਸਿੱਖਾਂ ਦੀ ਅਗਵਾਈ ਕਰਨ ਵਾਲੇ ਇੱਕ ਪਾਸੇ ਉਲਾਰ ਬਿਰਤੀ ਵਾਲੇ ਅਖੌਤੀ ਖਾੜਕੂ ਹਨ ਅਤੇ ਦੂਜੇ ਪਾਸੇ ਬਾਦਲਾਂ ਤੇ ਬਾਬਿਆਂ (ਸੰਤ ਸਮਾਜ) ਦੇ ਨਿਪੁੰਸਕ ਮਾੜਕੂ ਹਨ ਜੋ ਸਿਰਫ ਆਪਣੇ ਨਿੱਜੀ ਹਿੱਤਾਂ ਤਕ ਸੀਮਤ ਹਨ। ਸਿੱਖ ਕੌਮ ਦੀ ਮੁਕਤੀ ਦਾ ਰਾਹ ਵੀ ਮੁਸਲਮਾਨਾਂ ਵਾਂਗ ਜ਼ਮੀਨੀ ਹਕੀਕਤਾਂ ਨੂੰ ਮੰਨ ਕੇ ਸਿਰ ਜੋੜਨ ਨਾਲ ਹੋਣਾ ਹੈ, ਨਾ ਕਿ ਭਗੌੜੇ ਹੋ ਕੇ।

# ਦਾਅ 'ਤੇ ਲੱਗੀ ਹੋਈ ਹੈ 'ਧਰਮ ਨਿਰਪੱਖਤਾ'

ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਸਭ ਜਾਣਦੇ ਹਨ ਕਿ ਭਾਰਤ ਦੀ ਪਾਰਲੀਮੈਂਟ ਦੇ ਹੇਠਲੇ ਸਦਨ ਲੋਕ ਸਭਾ ਲਈ ਆਮ ਚੋਣਾਂ ਅਜੇ ਢਾਈ ਕੁ ਮਹੀਨੇ ਪਹਿਲਾਂ ਕਰਵਾਈਆਂ ਗਈਆਂ ਸਨ। ਅਗਲੀਆਂ ਚੋਣਾਂ ਵਿਚ ਪੌਣੇ ਪੰਜ ਸਾਲ ਰਹਿੰਦੇ ਹਨ। ਜਦੋਂ ਏਨਾ ਲੰਮਾ ਸਮਾਂ ਪਿਆ ਹੋਵੇ ਤਾਂ ਸਰਕਾਰ ਨੂੰ ਕਿਸੇ ਤਰ੍ਹਾਂ ਦੀ ਕਾਹਲੀ ਨਹੀਂ ਹੋ ਸਕਦੀ, ਫਿਰ ਵੀ ਪਿਛਲੇ ਦਿਨਾਂ ਵਿਚ ਜਿਸ ਤਰ੍ਹਾਂ ਕਾਹਲੀ ਨਾਲ ਕੁਝ ਬਿੱਲ ਪੇਸ਼ ਕੀਤੇ ਤੇ ਪਾਸ ਕਰਵਾਏ ਗਏ ਹਨ, ਉਨ੍ਹਾਂ ਨਾਲ ਬਹੁਤ ਸਾਰੇ ਲੋਕ ਹੈਰਾਨ ਹੋਏ ਹਨ। ਸਰਕਾਰ ਇਹ ਗੱਲ ਮਈ ਵਿਚ ਚੋਣ ਜਿੱਤਣ ਵੇਲੇ ਹੀ ਕਹਿ ਚੁਕੀ ਹੈ ਕਿ ਦਹਿਸ਼ਤਗਰਦੀ ਦੇ ਸਵਾਲ ਉਤੇ ਇਸ ਪਿਛੋਂ ਕਿਸੇ ਤਰ੍ਹਾਂ ਦੀ ਕੋਈ ਕਸਰ ਨਹੀਂ ਰਹਿਣ ਦੇਣੀ ਅਤੇ ਇਸ ਪੱਖੋਂ ਉਸ ਦੀ ਨੀਤੀ 'ਜ਼ੀਰੋ ਟਾਲਰੈਂਸ' ਵਾਲੀ ਹੋਵੇਗੀ, ਇਸ ਕਰ ਕੇ ਜਦੋਂ ਉਸ ਨੇ ਇਸ ਬਾਰੇ ਬਿੱਲ ਪੇਸ਼ ਕੀਤਾ ਤਾਂ ਕਿਸੇ ਨੂੰ ਹੈਰਾਨੀ ਨਹੀਂ ਸੀ ਹੋਣੀ ਚਾਹੀਦੀ।

ਦੋਹਾਂ ਹਾਊਸਾਂ ਤੋਂ ਇਹੀ ਬਿੱਲ ਪਾਸ ਨਹੀਂ ਕਰਵਾਇਆ ਗਿਆ, ਬਹੁਤ ਚਿਰਾਂ ਤੋਂ ਸੰਘ ਪਰਿਵਾਰ ਤੇ ਉਸ ਦੀ ਸਿਆਸੀ ਧਿਰ ਭਾਜਪਾ ਵੱਲੋਂ ਐਲਾਨ ਕੀਤਾ ਜਾ ਰਿਹਾ ਇਹ ਮਾਮਲਾ ਵੀ ਸਿਰੇ ਲਾ ਦਿੱਤਾ ਗਿਆ ਕਿ ਮੁਸਲਿਮ ਸਮਾਜ ਵਿਚੋਂ ਤਿੰਨ ਤਲਾਕ ਦੀ ਰਵਾਇਤ ਖਤਮ ਕਰ ਦੇਣੀ ਹੈ। ਇਸ ਨੂੰ ਉਨ੍ਹਾਂ ਨੇ ਮੁਸਲਿਮ ਔਰਤਾਂ ਲਈ ਇਨਸਾਫ ਦਾ ਕਦਮ ਕਿਹਾ ਹੈ, ਪਰ ਕੇਰਲ ਵਿਚ ਹਿੰਦੂ ਧਰਮ ਦੀਆਂ ਔਰਤਾਂ ਨੂੰ ਸਾਬਰੀਮਾਲਾ ਮੰਦਿਰ ਵਿਚ ਦਾਖਲਾ ਦਿਵਾਉਣ ਦੇ ਸੁਪਰੀਮ ਕੋਰਟ ਦੇ ਹੁਕਮ ਦੇ ਵਿਰੁਧ ਭਾਜਪਾ ਲੀਡਰ ਉਲਟਾ ਪੈਂਤੜਾ ਮੱਲਦੇ ਰਹੇ ਸਨ।

ਅਗਲੀ ਗੱਲ ਉਹ ਭਾਰਤ ਦੇ ਸਾਰੇ ਲੋਕਾਂ ਲਈ ਇੱਕੋ ਜਿਹਾ ਸਿਵਲ ਕੋਡ ਬਣਾਉਣ ਅਤੇ ਜੰਮੂ-ਕਸ਼ਮੀਰ ਦੀਆਂ ਦੋ ਵਿਸ਼ੇਸ਼ ਧਾਰਾਵਾਂ ਨੂੰ ਖਤਮ ਕਰਨ ਦੀ ਬਿਨਾ ਝਿਜਕ ਕਹਿੰਦੇ ਹਨ। ਸੂਚਨਾ ਦੇ ਅਧਿਕਾਰ ਦਾ ਸੋਧ ਬਿੱਲ ਵੀ ਇਸੇ ਕਾਹਲੀ ਵਿਚ ਪਾਸ ਕਰਵਾ ਦਿੱਤਾ ਗਿਆ ਹੈ, ਹਾਲਾਂਕਿ ਇਸ ਦਾ ਭਾਜਪਾ ਜਾਂ ਸੰਘ ਪਰਿਵਾਰ ਦੀ ਕਿਸੇ ਪੁਰਾਣੀ ਧਾਰਨਾ ਨਾਲ ਸਬੰਧ ਨਹੀਂ ਸੀ, ਪਰ ਸਰਕਾਰ ਸਮਝਦੀ ਸੀ ਕਿ ਸੂਚਨਾ ਅਧਿਕਾਰ ਕਮਿਸ਼ਨ ਦੇ ਅਧਿਕਾਰਾਂ ਦੇ ਨਾਲ ਉਸ ਨੂੰ ਕਈ ਗੱਲਾਂ ਦਾ ਜਵਾਬ ਨਾ ਚਾਹੁੰਦਿਆਂ ਵੀ ਦੇਣਾ ਪੈਂਦਾ ਹੈ। ਇਹ ਕੰਮ ਕੁਝ ਰੁਕ ਕੇ ਵੀ ਹੋ ਸਕਦਾ ਸੀ, ਪਰ ਜੋ ਕਾਹਲੀ ਇਸ ਵਕਤ ਵਿਖਾਈ ਗਈ ਹੈ, ਉਸ ਵਿਚ ਇਹ ਕੰਮ ਵੀ ਲੱਗੇ ਹੱਥ ਕਰ ਦਿੱਤਾ ਗਿਆ ਅਤੇ ਜੱਲ੍ਹਿਆਂਵਾਲਾ ਬਾਗ ਦੇ ਟਰੱਸਟ ਵਿਚੋਂ ਕਾਂਗਰਸ ਪਾਰਟੀ ਨੂੰ ਕੱਢਣ ਲਈ ਵੀ ਦੇਰੀ ਨਹੀਂ ਕੀਤੀ ਗਈ।

ਇਸ ਸਾਰੇ ਕੁਝ ਵਿਚੋਂ ਇੱਕੋ ਗੱਲ ਨਿਕਲਦੀ ਹੈ ਕਿ ਕੋਈ ਵੱਡੀ ਚੋਣ ਸਿਰ ਉਤੇ ਨਾ ਹੋਣ ਦੇ ਬਾਵਜੂਦ ਸਰਕਾਰ ਚਲਾ ਰਹੀ ਭਾਜਪਾ ਲੀਡਰਸ਼ਿਪ ਇਹ ਸਮਝਦੀ ਹੋ ਸਕਦੀ ਹੈ ਕਿ ਏਨੀਆਂ ਕੁ ਚੋਟਾਂ ਇੱਕੋ ਵਾਰ ਕਰ ਦਿੱਤੀਆਂ ਜਾਣ ਨਾਲ ਹਰ ਕਿਸੇ ਨੂੰ ਇਹ ਸੰਦੇਸ਼ ਚਲਾ ਜਾਵੇਗਾ ਕਿ ਰਸਤਾ ਕੱਟਣ ਦੇ ਦਿਨ ਨਹੀਂ ਰਹਿ ਗਏ। ਇਹ ਕੰਮ ਕਰਨ ਲਈ ਭਾਜਪਾ ਲੀਡਰਸ਼ਿਪ ਨੂੰ ਲਗਭਗ ਕਾਮਯਾਬੀ ਮਿਲ ਚੁਕੀ ਹੈ ਤੇ ਇਸ ਦਾ ਨਤੀਜਾ ਵੀ ਸਭ ਦੇ ਸਾਹਮਣੇ ਹੈ। ਆਮ ਪ੍ਰਭਾਵ ਇਹ ਹੈ ਕਿ ਕੋਈ ਜਹਾਜ ਡੁੱਬਦਾ ਵੇਖ ਕੇ ਪਹਿਲੀਆਂ ਛਾਲਾਂ ਚੂਹੇ ਮਾਰਿਆ ਕਰਦੇ ਹਨ, ਪਰ ਇਨ੍ਹਾਂ ਕੁਝ ਬਿੱਲਾਂ ਦੇ ਪੇਸ਼ ਅਤੇ ਪਾਸ ਹੋਣ ਨਾਲ ਜੋ ਮਾਹੌਲ ਬਣ ਗਿਆ ਹੈ, ਇਸ ਵਿਚ ਆਪਣੇ ਆਪ ਨੂੰ ਸ਼ੇਰ ਕਹਿਣ ਵਾਲੇ ਵੀ ਆਪਣੇ ਚਿਹਰੇ ਲਟਕਾਈ ਇਸ ਵਕਤ ਭਾਜਪਾ ਜਾਂ ਸੰਘ ਪਰਿਵਾਰ ਦੇ ਦਫਤਰਾਂ ਵੱਲ ਤੁਰੇ ਜਾਂਦੇ ਦਿਸਦੇ ਹਨ।

ਅਟਲ ਬਿਹਾਰੀ ਵਾਜਪਾਈ ਦੇ ਵਕਤ ਉਨ੍ਹਾਂ ਦੇ ਸਿਆਸੀ ਸੈਨਾਪਤੀ ਪ੍ਰਮੋਦ ਮਹਾਜਨ ਨੇ ਪਹਿਲੀ ਵਾਰ ਇਹ ਗੱਲ ਕਹੀ ਸੀ ਕਿ ਜਿਸ ਕਿਸੇ ਕੋਲ ਕੋਈ ਵੀ ਰੁਤਬਾ ਹੈ, ਸਮਾਜ ਵਿਚ ਵੱਕਾਰ ਹੈ ਜਾਂ ਕੋਈ ਹੋਰ ਗਿਣਨ ਯੋਗ ਹੈਸੀਅਤ ਹੈ, ਭਾਵੇਂ ਮਾਇਆ ਪੱਖੋਂ ਹੀ ਹੋਵੇ, ਭਾਜਪਾ ਦੀ ਤਾਕਤ ਵਧਾਉਣ ਲਈ ਉਸ ਦਾ ਸਵਾਗਤ ਹੈ, ਉਸ ਨੂੰ ਯੋਗ ਸਥਾਨ ਮਿਲੇਗਾ। ਅੱਜ ਦੇ ਬਦਲੇ ਹੋਏ ਸਮੇਂ ਵਿਚ ਜਦੋਂ ਸਾਰੇ ਰਾਜਾਂ ਵਿਚੋਂ ਵਿਧਾਇਕ ਅਤੇ ਕੁਝ ਪਾਰਲੀਮੈਂਟ ਮੈਂਬਰ ਵੀ ਆਪਣੇ ਅਸਤੀਫੇ ਦੇ ਕੇ ਭਾਜਪਾ ਵੱਲ ਭਾਜੜ ਜਿਹੀ ਦੇ ਰੌਅ ਵਿਚ ਆਈ ਜਾਂਦੇ ਹਨ, ਇਸ ਨਵੀਂ ਸਥਿਤੀ ਵਿਚ ਆਰ. ਐਸ. ਐਸ. ਦੇ ਮੁਖੀ ਨੇ ਆਪਣੀ ਧਿਰ ਦੀ ਸਵੱਛਤਾ ਦਾ ਭਰਮ ਰੱਖਣ ਲਈ ਦੂਜਾ ਗੇਅਰ ਲਾ ਕੇ ਨਵੀਂ ਗੱਲ ਕਹਿ ਦਿੱਤੀ ਹੈ ਕਿ ਜੋ ਲੋਕ ਕਿਸੇ ਝਾਕ ਵਿਚ ਆ ਰਹੇ ਹਨ, ਉਹ ਇਹੋ ਜਿਹੀ ਝਾਕ ਰੱਖਣੀ ਛੱਡ ਦੇਣ। ਭਾਜਪਾ ਵੱਲ ਲੀਡਰਾਂ ਦੇ ਜਾਣ ਦਾ ਵਹਿਣ ਫਿਰ ਵੀ ਰੁਕਿਆ ਨਹੀਂ। ਝਾਕ ਲੱਥਣ ਦੇ ਬਾਵਜੂਦ ਇਹ ਵਹਿਣ ਨਾ ਰੁਕਣ ਦਾ ਕਾਰਨ ਭਾਰਤੀ ਰਾਜਨੀਤੀ ਵਿਚ ਬਣਿਆ ਇਹ ਪ੍ਰਭਾਵ ਹੈ ਕਿ ਭਾਜਪਾ ਦੇ ਗੁੰਦਵੇਂ ਨੈਟਵਰਕ ਦਾ ਮੁਕਾਬਲਾ ਕਰਨਾ ਸੌਖਾ ਨਹੀਂ ਰਹਿ ਗਿਆ ਅਤੇ ਓਧਰ ਜਾਣ ਵਿਚ ਹੀ ਭਲਾ ਹੈ।

ਕਈ ਲੋਕਾਂ ਦਾ ਇਹ ਖਿਆਲ ਹੈ ਕਿ ਇਸ ਤਰ੍ਹਾਂ ਦੇ ਹਾਲਾਤ ਬਣਨ ਪਿੱਛੋਂ ਭਾਰਤ ਵਿਚ ਕੁਝ ਸਮੱਸਿਆ ਹੱਲ ਹੋਣ ਦੀ ਆਸ ਵੀ ਹੋ ਸਕਦੀ ਹੈ, ਪਰ ਇਹ ਵੀ ਡਰ ਹੈ ਕਿ ਭਾਰਤੀ ਸਮਾਜ ਨਵੇਂ ਕਿਸਮ ਦੀਆਂ ਸਮੱਸਿਆਵਾਂ ਵਿਚ ਘਿਰਨ ਦੇ ਰਾਹ ਪੈ ਜਾਵੇ। ਸਭ ਤੋਂ ਵੱਡਾ ਖਦਸ਼ਾ ਇਸ ਗੱਲ ਤੋਂ ਹੈ ਕਿ ਸੰਸਾਰ ਦੀ ਮਹਾਂਸ਼ਕਤੀ ਗਿਣੇ ਜਾਂਦੇ ਅਮਰੀਕਾ ਦਾ ਮੁਖੀ ਇਸ ਵਕਤ ਕੋਈ ਓਹਲਾ ਰੱਖੇ ਬਿਨਾ ਦੋ ਗੱਲਾਂ ਨੂੰ ਲੈ ਕੇ ਅਗਲੇ ਸਾਲ ਦੀ ਚੋਣ ਮੁਹਿੰਮ ਚਲਾ ਰਿਹਾ ਹੈ। ਇੱਕ ਤਾਂ ਉਸ ਦੀ ਆਪਣੇ ਦੇਸ਼ ਵਿਚਲੇ ਕੱਟੜਪੰਥੀਆਂ ਨੂੰ ਆਪਣੇ ਪੱਖ ਵਿਚ ਕਰਨ ਤੇ ਇਸ ਮੌਕੇ ਦੂਜੀ ਧਿਰ ਦੇ ਵਿਰੁਧ ਉਕਸਾਉਣ ਦੀ ਉਸੇ ਤਰ੍ਹਾਂ ਦੀ ਨੀਤੀ ਹੈ, ਜਿਸ ਤਰ੍ਹਾਂ ਦੀ ਭਾਰਤ ਵਿਚ ਭਾਜਪਾ ਨੇ ਅਪਨਾ ਕੇ ਉਸ ਦਾ ਲਾਹਾ ਲਿਆ ਸੀ।

ਇਜ਼ਰਾਈਲ ਦੇ ਕਈ ਸਕੈਂਡਲਾਂ ਵਿਚ ਫਸੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਵੀ ਇਹੋ ਦਾਅ ਵਰਤਿਆ ਤੇ ਉਸ ਨੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਆਪਣੀਆਂ ਤਸਵੀਰਾਂ ਓਵੇਂ ਹੀ ਵਰਤੀਆਂ, ਜਿਵੇਂ ਭਾਰਤ ਵਿਚ ਭਾਜਪਾ ਲੀਡਰਸ਼ਿਪ ਨੇ ਕਈ ਵਾਰ ਵਿਦੇਸ਼ੀ ਨੇਤਾਵਾਂ ਦੀਆਂ ਤਸਵੀਰਾਂ ਵਰਤੀਆਂ ਹਨ। ਨੇਤਨਯਾਹੂ ਤੇ ਜਾਪਾਨ ਦਾ ਸ਼ਿੰਜ਼ੋ ਅਬੇ ਜਿਵੇਂ ਚੋਣਾਂ ਦੀ ਚੜ੍ਹਤ ਬਣਾਉਣ ਵਿਚ ਕਾਮਯਾਬ ਰਹੇ ਹਨ, ਉਸ ਨਾਲ ਸੰਸਾਰ ਰਾਜਨੀਤੀ ਵਿਚ ਚਰਚਾ ਚੱਲ ਪਈ ਹੈ ਕਿ ਅਗਲੇ ਸਾਲ ਅਮਰੀਕੀ ਰਾਸ਼ਟਰਪਤੀ ਦੀ ਮੁੜ ਚੋਣ ਲਈ ਡੋਨਲਡ ਟਰੰਪ ਦੀ ਚੋਣ ਮੁਹਿੰਮ ਵੀ ਭਾਰਤੀ ਚੋਣ ਮੁਹਿੰਮ ਦਾ ਦੁਹਰਾਓ ਹੋ ਸਕਦੀ ਹੈ। ਲੱਗਦਾ ਹੈ ਕਿ ਭਾਰਤੀ ਚੋਣ ਪ੍ਰਬੰਧ ਦੀ ਲਾਗ ਸੰਸਾਰ ਵਿਚ ਫੈਲਣ ਲੱਗੀ ਹੈ।

ਫਿਰ ਵੀ ਜਿਸ ਪਾਸੇ ਨੂੰ ਕਸ਼ਮੀਰ ਦੀਆਂ ਘਟਨਾਵਾਂ ਦਾ ਵਹਿਣ ਤੁਰ ਪਿਆ ਹੈ, ਅਸੀਂ ਇਹ ਨਹੀਂ ਕਹਿ ਸਕਦੇ ਕਿ ਅਗਲਾ ਸਮਾਂ ਕਿੱਦਾਂ ਦਾ ਹੋਵੇਗਾ, ਪਰ ਇਹ ਗੱਲ ਕਹੀ ਜਾ ਸਕਦੀ ਹੈ ਕਿ ਹਾਲਾਤ ਪਹਿਲਾਂ ਵਾਲੇ ਨਹੀਂ ਰਹਿ ਜਾਣੇ ਤੇ ਸਖਤੀ ਦਾ ਉਹ ਦੌਰ ਸ਼ੁਰੂ ਹੋਣ ਵਾਲਾ ਹੈ, ਜਿਸ ਦਾ ਕਿਸੇ ਨੂੰ ਕਦੇ ਸੁਫਨਾ ਨਹੀਂ ਆਇਆ ਹੋਣਾ। ਅਸੀਂ ਇਸ ਰਾਜਨੀਤੀ ਨਾਲ ਸਹਿਮਤ ਹੋਈਏ ਜਾਂ ਨਾ, ਇਹ ਸਾਡੀ ਮਰਜ਼ੀ ਦਾ ਮਾਮਲਾ ਹੈ, ਪਰ ਇਹ ਗੱਲ ਮੰਨ ਲੈਣੀ ਚਾਹੀਦੀ ਹੈ ਕਿ ਕਸ਼ਮੀਰ ਦੇ ਨਾਂ 'ਤੇ ਉਸ ਰਾਜ ਵਿਚ ਜਿੱਦਾਂ ਦੀ ਰਾਜਨੀਤੀ ਉਥੇ ਅਬਦੁੱਲਾ ਅਤੇ ਮੁਫਤੀ ਪਰਿਵਾਰ ਕਰਦੇ ਰਹੇ ਸਨ, ਕਿਸੇ ਦਿਨ ਇਹ ਕੁਝ ਹੋਣਾ ਹੀ ਸੀ। ਉਹ ਕੁਰਸੀ ਮਿਲਦੀ ਵੇਖ ਕੇ ਦਿੱਲੀ ਨਾਲ ਸਾਂਝ ਦੀਆਂ ਗੱਲਾਂ ਕਰਦੇ ਰਹੇ ਤੇ ਕੁਰਸੀ ਛੁਟਣ ਦਾ ਸੁਫਨਾ ਆਉਂਦੇ ਸਾਰ ਦੇਸ਼ ਤੋੜਨ ਵਾਲਿਆਂ ਦੀ ਹਾਂ ਵਿਚ ਹਾਂ ਮਿਲਾਉਣ ਲੱਗ ਜਾਂਦੇ ਰਹੇ ਸਨ। ਉਨ੍ਹਾਂ ਦੀ ਦੋ ਬੇੜੀਆਂ ਉਤੇ ਸਵਾਰ ਹੋਣ ਦੀ ਰਾਜਨੀਤੀ ਨੇ ਉਨ੍ਹਾਂ ਨੂੰ ਵੀ ਚੌਰਾਹੇ ਵਿਚ ਖੜ੍ਹਾ ਕਰ ਦਿੱਤਾ ਹੈ ਤੇ ਉਸ ਰਾਜ ਦੇ ਲੋਕਾਂ ਦਾ ਨਸੀਬ ਵੀ ਨਵੇਂ ਵਿਸਵਿਸਿਆਂ ਨਾਲ ਇਸ ਤਰ੍ਹਾਂ ਭਰ ਦਿੱਤਾ ਹੈ ਕਿ ਉਸ ਤੋਂ ਛੇਤੀ ਖਲਾਸੀ ਨਹੀਂ ਮਿਲ ਸਕਣੀ। ਉਹ ਦਿਨ ਪਿੱਛੇ ਰਹਿ ਗਏ ਹਨ, ਜਦੋਂ ਦਿੱਲੀ ਨੂੰ ਅੱਖਾਂ ਵਿਖਾਉਣ ਨਾਲ ਕਦੀ ਕੇਂਦਰ ਦੀ ਵਜ਼ੀਰੀ ਅਤੇ ਕਦੇ ਇਸ ਰਾਜ ਦੀ ਗੱਦੀ ਮਿਲ ਸਕਣ ਦੀ ਆਸ ਹੁੰਦੀ ਸੀ।

ਇਸ ਵੇਲੇ ਇਹ ਦੇਸ਼ ਉਸ ਦੌਰ ਵਿਚ ਦਾਖਲ ਹੋ ਚੁਕਾ ਹੈ, ਜਿੱਥੇ ਇੱਕ ਡਿਲਿਵਰੀ ਬੁਆਏ ਦਾ ਲਿਆਂਦਾ ਖਾਣਾ ਵੀ ਇੱਕ ਹਿੰਦੂ ਕਸਟਮਰ ਨੇ ਲੈਣ ਤੋਂ ਇਸ ਲਈ ਇਨਕਾਰ ਕਰ ਦਿੱਤਾ ਹੈ ਕਿ ਡਿਲਿਵਰੀ ਬੁਆਏ ਮੇਰੇ ਧਰਮ ਦਾ ਵਿਅਕਤੀ ਨਹੀਂ। ਜੋ ਧਰਮ ਨਿਰਪੱਖਤਾ ਇਨ੍ਹਾਂ ਦੋ ਪਰਿਵਾਰਾਂ ਦੇ ਹਜ਼ਾਰ ਨੁਕਸ ਗਿਣਾਉਣ ਪਿਛੋਂ ਵੀ ਇਹ ਕਹਿ ਕੇ ਇਨ੍ਹਾਂ ਨੂੰ ਮੌਕਾ ਦੇਣ ਦੀ ਗੱਲ ਕਰਦੀ ਸੀ ਕਿ ਸ਼ਾਇਦ ਇਸ ਵਿਚੋਂ ਕੋਈ ਭਲਾ ਨਿਕਲ ਆਵੇ, ਉਹ ਧਰਮ ਨਿਰਪੱਖਤਾ ਇਸ ਵਕਤ ਖੁਦ ਦਾਅ 'ਤੇ ਲੱਗੀ ਹੋਈ ਹੈ।

ਧਰਮ ਨਿਰਪੱਖਤਾ ਦਾ ਜ਼ਿਕਰ ਵੀ ਕਰਨਾ ਹੋਵੇ ਤਾਂ ਅੱਜ ਉਸ ਨੂੰ ਨਵੇਂ ਨਾਂ 'ਵਿਖਾਵੇ ਦੀ ਧਰਮ ਨਿਰਪੱਖਤਾ' ਆਖ ਕੇ ਉਹ ਲੋਕ ਚਿੜਾਉਂਦੇ ਹਨ, ਜੋ ਬਹੁਸੰਮਤੀ ਦੇ ਦਾਬੇ ਨੂੰ ਕਿਸੇ ਵੀ ਰਾਜ ਵਿਚ ਧਰਮ ਨਿਰਪੱਖਤਾ ਦੀ ਗਾਰੰਟੀ ਕਹਿ ਕੇ ਪ੍ਰਚਾਰਦੇ ਹਨ। ਨਵੇਂ ਦੌਰ ਵਿਚ ਨਵੇਂ ਢੰਗ ਨਾਲ ਸੋਚਣਾ ਪੈਣਾ ਹੈ। ਸਾਡੀ ਇਸ ਧਾਰਨਾ ਦੀ ਤਹਿ ਹੇਠ ਜੋ ਕੌੜੀ ਹਕੀਕਤ ਅਤੇ ਸਥਿਤੀ ਨਜ਼ਰ ਪੈਂਦੀ ਹੈ, ਉਹ ਬੜਾ ਕੁਝ ਕਹਿ ਰਹੀ ਹੈ।

# ਪੱਤਰਕਾਰ ਰਵੀਸ਼ ਕੁਮਾਰ ਨੂੰ ਮੈਗਸੇਸੇ ਐਵਾਰਡ

**ਨਵੀਂ ਦਿੱਲੀ:** ਭਾਰਤੀ ਪੱਤਰਕਾਰ ਰਵੀਸ਼ ਕੁਮਾਰ ਨੂੰ 'ਏਸ਼ੀਆ ਦਾ ਨੋਬੇਲ' ਕਿਹਾ ਜਾਣ ਵਾਲਾ ਰੇਮਨ ਮੈਗਸੇਸੇ ਪੁਰਸਕਾਰ ਦਿੱਤਾ ਗਿਆ ਹੈ। ਖਬਰ ਟੀ.ਵੀ. ਚੈਨਲ ਐਨ. ਡੀ.



ਟੀ.ਵੀ. ਦੇ ਸੀਨੀਅਰ ਕਾਰਜਕਾਰੀ ਸੰਪਾਦਕ ਰਵੀਸ਼ (44) ਨੂੰ ਮਿਲੇ ਪੁਰਸਕਾਰ ਦੇ ਸੰਦਰਭ 'ਚ ਐਵਾਰਡ ਦੇਣ ਵਾਲੀ ਫਾਊਂਡੇਸ਼ਨ ਨੇ ਲਿਖਿਆ ਹੈ ਕਿ ਕੁਮਾਰ ਭਾਰਤ ਦੇ ਸਭ ਤੋਂ ਪ੍ਰਭਾਵਸ਼ਾਲੀ ਪੱਤਰਕਾਰਾਂ ਵਿਚੋਂ ਇਕ ਹਨ।


ਪੁਰਸਕਾਰ ਨੂੰ ਰਵੀਸ਼ ਪੰਜ ਹੋਰ ਸ਼ਖ਼ਸੀਅਤਾਂ ਨਾਲ ਸਾਂਝਾ ਕਰਨਗੇ। ਇਸ ਵਿਚ ਇਹ ਵੀ ਲਿਖਿਆ ਗਿਆ ਹੈ ਕਿ ਕੁਮਾਰ ਦਾ 'ਪ੍ਰਾਈਮ ਟਾਈਮ' ਪ੍ਰੋਗਰਾਮ 'ਆਮ ਲੋਕਾਂ ਦੀ ਜ਼ਿੰਦਗੀ ਨਾਲ ਜੁੜੀਆਂ ਉਨ੍ਹਾਂ ਅਸਲ ਮੁਸ਼ਕਲਾਂ ਨੂੰ ਉਜਾਗਰ ਕਰਦਾ ਹੈ ਜੋ ਬਹੁਤ ਘੱਟ ਰਿਪੋਰਟ ਹੁੰਦੀਆਂ ਹਨ।' ਪੁਰਸਕਾਰ ਦੇ ਸੰਦਰਭ ਵਿਚ ਫਾਊਂਡੇਸ਼ਨ ਨੇ ਕਿਹਾ ਹੈ ਕਿ 'ਜੇ ਤੁਸੀਂ ਲੋਕ ਆਵਾਜ਼ ਬਣ ਜਾਂਦੇ ਹੋ ਤਾਂ ਤੁਸੀਂ ਪੱਤਰਕਾਰ ਹੋ।' ਜਿਨ੍ਹਾਂ ਚਾਰ ਹੋਰ ਸ਼ਖ਼ਸੀਅਤਾਂ ਨੂੰ ਰੇਮਨ ਮੈਗਸੇਸੇ ਪੁਰਸਕਾਰ ਦਿੱਤਾ ਗਿਆ ਹੈ, ਉਨ੍ਹਾਂ ਵਿਚ ਮਿਆਂਮਾਰ ਦੇ ਕੋ ਸਵੇ ਵਿਨ, ਥਾਈਲੈਂਡ ਦੀ ਅੰਗਖਾਨਾ ਨੀਲਪਾਈਜਿਤ, ਫ਼ਿਲੀਪਾਈਨਜ਼ ਦੇ ਰੇਅਮੁੰਡੋ ਪੁਜੰਤੇ ਤੇ ਦੱਖਣੀ ਕੋਰੀਆ ਦੀ ਕਿਮ ਜੋਂਗ ਕੀ ਸ਼ਾਮਲ ਹਨ। ਬਿਹਾਰ 'ਚ ਜਨਮੇ ਰਵੀਸ਼ ਨੇ 1996 ਵਿਚ ਐਨ.ਡੀ.ਟੀ.ਵੀ. ਵਿਚ ਕਰੀਅਰ ਦੀ ਸ਼ੁਰੂਆਤ ਕੀਤੀ ਸੀ।

ਜ਼ਿਕਰਯੋਗ ਹੈ ਕਿ 1957 'ਚ ਸਥਾਪਤ ਇਹ ਸਨਮਾਨ ਏਸ਼ੀਆ ਦਾ ਸਭ ਤੋਂ ਵੱਡਾ ਐਵਾਰਡ ਹੈ। ਇਹ ਸਨਮਾਨ ਫ਼ਿਲੀਪਾਈਨਜ਼ ਦੇ ਤੀਜੇ ਰਾਸ਼ਟਰਪਤੀ ਦੀ ਯਾਦ ਵਿਚ ਦਿੱਤਾ ਜਾਂਦਾ ਹੈ ਤੇ ਉਨ੍ਹਾਂ ਦੀ ਮਿਸਾਲੀ ਅਗਵਾਈ ਦੀ ਅੱਜ ਤੱਕ ਉਦਾਹਰਨ ਦਿੱਤੀ ਜਾਂਦੀ ਹੈ।

# ਗਾਹਕ ਦੀ ਧਾਰਮਿਕ ਕੱਟੜਤਾ ਖਿਲਾਫ ਡਟਿਆ 'ਜ਼ੋਮੈਟੋ'

**ਨਵੀਂ ਦਿੱਲੀ:** ਮੋਬਾਈਲ ਐਪ ਅਧਾਰਿਤ ਆਨਲਾਈਨ ਭੋਜਨ ਮੁਹੱਈਆ ਕਰਵਾਉਣ ਵਾਲੀ ਕੰਪਨੀ 'ਜ਼ੋਮੈਟੋ' ਨੇ ਆਪਣੇ ਇਕ ਗਾਹਕ ਦੇ ਧਾਰਮਿਕ ਪੱਖਪਾਤ ਵਾਲੇ ਰਵੱਈਏ ਦਾ ਜਿਸ ਤਰ੍ਹਾਂ ਮੁਕਾਬਲਾ ਕੀਤਾ ਹੈ, ਉਸ ਨੂੰ ਸੋਸ਼ਲ ਮੀਡੀਆ 'ਤੇ ਖੂਬ ਸਮਰਥਨ ਮਿਲ ਰਿਹਾ ਹੈ। ਕੰਪਨੀ ਨੇ ਆਪਣੇ ਨੈੱਟਵਰਕ 'ਤੇ ਭੋਜਨ ਪੈਕੇਟ ਪਹੁੰਚਾਉਣ ਵਾਲੇ ਇਕ ਲੜਕੇ ਦੇ ਧਰਮ ਬਾਰੇ ਗਾਹਕ ਦੀ ਸ਼ਿਕਾਇਤ ਸੁਣਨ ਤੋਂ ਇਨਕਾਰ ਕਰ ਦਿੱਤਾ।

ਵੇਰਵਿਆਂ ਮੁਤਾਬਕ ਮੱਧ ਪ੍ਰਦੇਸ਼ ਦੇ ਜਬਲਪੁਰ ਦੇ ਰਹਿਣ ਵਾਲੇ ਅਮਿਤ ਸ਼ੁਕਲਾ ਨੇ ਖਾਣਾ ਮੰਗਵਾਇਆ ਤੇ ਜਦ ਉਸ ਨੇ ਦੇਖਿਆ ਕਿ ਖਾਣਾ ਪਹੁੰਚਾਉਣ ਆਇਆ ਮੁਸਲਮਾਨ ਹੈ ਤਾਂ ਉਸ ਨੇ ਜ਼ੋਮੈਟੋ ਤੋਂ ਕਿਸੇ ਹੋਰ ਡਿਲਿਵਰੀ ਬੁਆਏ ਨੂੰ ਭੇਜਣ ਦੀ ਮੰਗ ਕੀਤੀ।




ਸ਼ੁਕਲਾ ਨੇ ਟਵੀਟ ਕੀਤਾ 'ਹੁਣੇ ਹੁਣੇ ਮੈਂ ਜ਼ੋਮੈਟੋ ਤੋਂ ਆਇਆ ਇਕ ਆਰਡਰ ਰੱਦ ਕਰ ਦਿੱਤਾ। ਉਨ੍ਹਾਂ ਮੇਰਾ ਖਾਣਾ ਇਕ ਗੈਰ-ਹਿੰਦੂ ਵਿਅਕਤੀ ਦੇ ਹੱਥ ਭੇਜਿਆ ਤੇ ਕਿਹਾ ਕਿ ਉਹ ਇਸ ਨੂੰ ਨਾ ਤਾਂ ਬਦਲ ਸਕਦੇ ਹਨ ਤੇ ਨਾ ਹੀ ਆਰਡਰ ਰੱਦ ਕਰ ਕੇ ਪੈਸੇ ਵਾਪਸ ਕਰ ਸਕਦੇ ਹਨ। ਸ਼ੁਕਲਾ ਨੇ ਕਿਹਾ ਕਿ ਕੰਪਨੀ ਉਸ ਨੂੰ ਖਾਣਾ ਲੈਣ ਲਈ ਬੰਨ੍ਹ ਨਹੀਂ ਸਕਦੀ ਤੇ ਉਸ ਨੂੰ ਪੈਸਾ ਵਾਪਸ ਚਾਹੀਦਾ ਹੈ ਤੇ ਆਰਡਰ ਵੀ ਰੱਦ ਕੀਤਾ ਜਾਵੇ।

ਜ਼ੋਮੈਟੋ ਨੇ ਇਸ ਟਵੀਟ ਦੇ ਜਵਾਬ 'ਚ ਲਿਖਿਆ ਕਿ ਖਾਣੇ ਦਾ ਕੋਈ ਧਰਮ ਨਹੀਂ ਹੁੰਦਾ। ਖਾਣਾ ਖੁਦ ਇਕ ਧਰਮ ਹੈ। ਕੰਪਨੀ ਦੇ ਸੰਸਥਾਪਕ ਦੀਪੇਂਦਰ ਗੋਇਲ ਨੇ ਵੀ ਟਵੀਟ ਕੀਤਾ 'ਸਾਨੂੰ ਭਾਰਤ ਦੇ ਵਿਚਾਰ ਤੇ ਆਪਣੇ ਸ਼ਾਨਦਾਰ ਖਪਤਕਾਰਾਂ ਤੇ ਹਿੱਸੇਦਾਰਾਂ ਦੀ ਵਿਭਿੰਨਤਾ 'ਤੇ ਮਾਣ ਹੈ।

# ਬੱਚਿਆਂ ਖਿਲਾਫ ਜਿਨਸੀ ਅਪਰਾਧਾਂ ਲਈ ਮੌਤ ਦੀ ਸਜ਼ਾ

**ਨਵੀਂ ਦਿੱਲੀ:** ਬੱਚਿਆਂ ਉਤੇ ਹੁੰਦੇ ਜਿਨਸੀ ਹਮਲਿਆਂ ਲਈ ਮੌਤ ਦੀ ਸਜ਼ਾ ਅਤੇ ਨਾਬਾਲਗਾਂ ਖਿਲਾਫ ਹੋਰਨਾਂ ਅਪਰਾਧਾਂ ਲਈ ਸਖਤ ਸਜ਼ਾਵਾਂ ਦੀ ਪੈਰਵੀ ਕਰਦਾ ਬਿੱਲ ਲੋਕ ਸਭਾ ਵਿਚ ਪਾਸ ਹੋ ਗਿਆ। ਮਹਿਲਾ ਤੇ ਬਾਲ ਵਿਕਾਸ ਮੰਤਰੀ ਸਮ੍ਰਿਤੀ ਇਰਾਨੀ ਨੇ ਜਿਨਸੀ ਅਪਰਾਧਾਂ ਤੋਂ ਬੱਚਿਆਂ ਦੀ ਸੁਰੱਖਿਆ (ਪੋਕਸੋ) (ਸੋਧ) ਬਿੱਲ 2019 ਦੀ ਪੈਰਵੀ ਕਰਦਿਆਂ ਕਿਹਾ ਕਿ ਇਸ ਬਿੱਲ ਦਾ ਮੁੱਖ ਮੰਤਵ ਬੱਚਿਆਂ ਖਿਲਾਫ ਹੁੰਦੇ ਅਪਰਾਧਾਂ ਨੂੰ ਘਟਾਉਣਾ ਹੈ। ਰਾਜ ਸਭਾ ਇਸ ਬਿੱਲ ਨੂੰ ਪਹਿਲਾਂ (29 ਜੁਲਾਈ ਨੂੰ) ਹੀ ਪਾਸ ਕਰ ਚੁੱਕੀ ਹੈ। ਰਾਸ਼ਟਰਪਤੀ ਦੇ ਦਸਤਖਤਾਂ ਮਗਰੋਂ ਬਿੱਲ ਕਾਨੂੰਨ ਦੀ ਸ਼ਕਲ ਲੈ ਲਏਗਾ। ਬਿੱਲ ਵਿਚ ਬਾਲ ਪੋਰਨੋਗ੍ਰਾਫ਼ੀ ਨੂੰ ਪਰਿਭਾਸ਼ਤ ਕਰਦਿਆਂ ਸਜ਼ਾ ਯੋਗ ਅਪਰਾਧ ਦੀ ਸ਼੍ਰੇਣੀ ਵਿਚ ਸ਼ਾਮਲ ਕੀਤਾ ਗਿਆ ਹੈ। ਉਂਜ ਸਰਕਾਰ ਨੇ ਬਿੱਲ ਨਿਰਖ-ਪਰਖ ਲਈ ਸਿਲੈਕਟ ਜਾਂ ਸਟੈਂਡਿੰਗ ਕਮੇਟੀ ਨੂੰ ਭੇਜਣ ਦੀਆਂ ਵਿਰੋਧੀ ਧਿਰ ਦੀਆਂ ਦਲੀਲਾਂ ਨੂੰ ਦਰਕਿਨਾਰ ਕਰ ਦਿੱਤਾ।

ਲੋਕ ਸਭਾ ਮੈਂਬਰਾਂ ਨੇ ਪੋਕਸੋ ਐਕਟ 'ਚ ਸੋਧ ਲਈ ਪੇਸ਼ ਇਸ ਬਿੱਲ ਦੀ ਪਾਰਟੀ ਸਫਾਂ ਤੋਂ ਉਪਰ ਉੱਠ ਕੇ ਹਮਾਇਤ ਕੀਤੀ, ਹਾਲਾਂਕਿ ਕੁਝ ਮੈਂਬਰਾਂ ਨੇ ਇਕ-ਦੋ ਅਪਰਾਧਾਂ ਨੂੰ ਮੌਤ ਦੀ ਸਜ਼ਾ ਦੀ ਸ਼੍ਰੇਣੀ ਵਿਚ ਰੱਖਣ 'ਤੇ ਉਜਰ ਜਤਾਉਂਦਿਆਂ ਬਿੱਲ ਨੂੰ ਸਟੈਂਡਿੰਗ ਕਮੇਟੀ ਜਾਂ ਸਿਲੈਕਟ ਕਮੇਟੀ ਦੇ ਹਵਾਲੇ ਕਰਨ ਦੀ ਵੀ ਮੰਗ ਕੀਤੀ। ਇਸ ਤੋਂ ਪਹਿਲਾਂ ਸ੍ਰੀਮਤੀ ਇਰਾਨੀ ਨੇ ਹੇਠਲੇ ਸਦਨ ਵਿਚ ਬਿੱਲ ਪੇਸ਼ ਕਰਦਿਆਂ ਕਿਹਾ ਕਿ ਇਸ ਦਾ ਵੋਟ ਬੈਂਕ ਦੀ ਸਿਆਸਤ ਨਾਲ ਕੋਈ ਲਾਗਾ ਦੇਗਾ ਨਹੀਂ ਤੇ ਇਸ ਦਾ ਮੁੱਖ ਮਕਸਦ



ਭਾਰਤ ਦੇ ਭਵਿੱਖ ਨੂੰ ਬਚਾਉਣਾ ਹੈ। ਇਰਾਨੀ ਨੇ ਕਿਹਾ ਕਿ ਇਹ ਬਿੱਲ ਕੁੜੀ ਹੋਵੇ ਜਾਂ ਮੁੰਡਾ, ਦੇਸ਼ ਦੀ 39 ਫੀਸਦ ਆਬਾਦੀ ਜਾਂ 43 ਕਰੋੜ ਬੱਚਿਆਂ ਨੂੰ ਕਾਨੂੰਨੀ ਸੁਰੱਖਿਆ ਮੁਹੱਈਆ ਕਰੇਗਾ।

# ਭਾਰਤ ਨੂੰ ਸੰਯੁਕਤ ਰਾਸ਼ਟਰ ਦੀ ਰਿਪੋਰਟ 'ਤੇ ਇਤਰਾਜ਼

**ਸੰਯੁਕਤ ਰਾਸ਼ਟਰ:** ਭਾਰਤ ਨੇ ਸੰਯੁਕਤ ਰਾਸ਼ਟਰ ਮੁਖੀ ਅੰਤੋਨੀਓ ਗੁਟੇਰੇਜ਼ ਦੀ ਤਾਜਾ ਰਿਪੋਰਟ 'ਤੇ ਸਖਤ ਨਾਖੁਸ਼ੀ ਦਾ ਪ੍ਰਗਟਾਵਾ ਕੀਤਾ ਹੈ ਜਿਸ ਵਿਚ ਕਿਹਾ ਗਿਆ ਹੈ ਕਿ ਹਥਿਆਰਬੰਦ ਸਮੂਹਾਂ ਤੇ ਸਰਕਾਰ ਵਿਚਾਲੇ ਹੋ ਰਹੀਆਂ ਹਿੰਸਕ ਘਟਨਾਵਾਂ 'ਚ ਬੱਚੇ ਸ਼ਿਕਾਰ ਬਣ ਰਹੇ ਹਨ।

ਰਿਪੋਰਟ ਬਾਰੇ ਭਾਰਤ ਦਾ ਕਹਿਣਾ ਹੈ ਕਿ ਜਿਨ੍ਹਾਂ ਸਥਿਤੀਆਂ ਦਾ ਵੇਰਵਾ ਦਿੱਤਾ ਗਿਆ ਹੈ, ਉਹ ਨਾ ਤਾਂ ਹਥਿਆਰਬੰਦ ਟਕਰਾਅ ਹੈ ਤੇ ਨਾ ਹੀ ਉਨ੍ਹਾਂ ਨਾਲ ਕੌਮਾਂਤਰੀ ਸੁਰੱਖਿਆ ਨੂੰ ਕੋਈ ਖਤਰਾ ਹੈ। ਭਾਰਤ ਦਾ ਕਹਿਣਾ ਹੈ ਕਿ ਇਸ ਤਰ੍ਹਾਂ 'ਚੋਣਵੇਂ ਤਰੀਕੇ ਨਾਲ ਕੁਝ ਵਿਸ਼ੇਸ਼ ਹਾਲਤਾਂ ਦਾ ਪ੍ਰਸਾਰ' ਕਰਨਾ ਸਿਰਫ਼ ਏਜੰਡੇ ਨੂੰ ਸਿਆਸੀ ਰੰਗਤ ਦੇਣ ਬਰਾਬਰ ਹੈ। ਰਿਪੋਰਟ 'ਚ ਕਿਹਾ ਗਿਆ ਹੈ ਕਿ ਭਾਰਤ ਵਿਚਲੀਆਂ ਹਾਲਤਾਂ ਸਲਾਮਤੀ ਕੌਂਸਲ ਜਾਂ ਇਸ ਨਾਲ ਜੁੜੀਆਂ ਸਥਿਤੀਆਂ ਮੁਤਾਬਕ ਨਹੀਂ ਹਨ। ਜਨਰਲ ਅਸੈਂਬਲੀ ਵਿਚ ਭਾਰਤ ਦੀ ਪਹਿਲੇ ਪੱਧਰ ਦੀ ਸਕੱਤਰ ਪਾਲੋਮੀ ਤ੍ਰਿਪਾਠੀ ਨੇ ਇਸ ਮਾਮਲੇ 'ਤੇ ਹੋਈ ਖੁੱਲ੍ਹੀ ਵਿਚਾਰ-ਚਰਚਾ ਮੌਕੇ ਕਿਹਾ ਕਿ ਦਰਸਾਈਆਂ ਗਈਆਂ ਸਥਿਤੀਆਂ ਨਾਲ ਭਾਰਤ ਸਹਿਮਤ ਨਹੀਂ ਹੈ। ਉਨ੍ਹਾਂ ਕਿਹਾ ਕਿ ਅਜਿਹਾ ਕਰ ਕੇ ਕੌਮਾਂਤਰੀ ਸ਼ਾਂਤੀ ਤੇ ਸੁਰੱਖਿਆ ਨੂੰ ਖਤਰੇ ਜਿਹੇ ਅਹਿਮ ਮਸਲਿਆਂ ਤੋਂ ਧਿਆਨ ਭਟਕਾਇਆ ਜਾ ਰਿਹਾ ਹੈ।

ਰਿਪੋਰਟ ਵਿਚ ਕਿਹਾ ਗਿਆ ਹੈ ਕਿ 14 ਸਾਲ ਤੱਕ ਦੇ ਪੰਜ ਬੱਚਿਆਂ ਨੂੰ ਹਿਜ਼ਬੁਲ ਮੁਜਾਹਿਦੀਨ ਤੇ ਅੰਸਾਰ ਗਜਾਵਤ ਉਲ ਹਿੰਦ ਜਿਹੇ ਅਤਿਵਾਦੀ ਸਮੂਹਾਂ ਨੇ ਭਰਤੀ ਕੀਤਾ ਹੈ। ਦੋ ਹੋਰ ਬੱਚੇ ਲਸ਼ਕਰ-ਏ-ਤੋਇਬਾ ਵਿਚ ਸ਼ਾਮਲ ਹੋ ਗਏ ਸਨ ਤੇ ਪਿਛਲੇ ਵਰ੍ਹੇ 9 ਦਸੰਬਰ ਨੂੰ ਰੱਖਿਆ ਬਲਾਂ ਨਾਲ ਮੁਕਾਬਲੇ ਵਿਚ ਮਾਰੇ ਗਏ। ਰਿਪੋਰਟ ਵਿਚ ਕਠੂਆ ਬਲਾਤਕਾਰ ਮਾਮਲੇ ਤੇ ਨਕਸਲੀ ਇਲਾਕਿਆਂ 'ਚ ਬੱਚਿਆਂ ਦੀ ਭਰਤੀ ਦਾ ਵੀ ਜ਼ਿਕਰ ਹੈ, ਜਦਕਿ ਭਾਰਤ ਨੇ ਕਿਹਾ ਕਿ ਮੁਲਕ ਸੰਯੁਕਤ ਰਾਸ਼ਟਰ ਦੇ ਨੇਮਾਂ ਮੁਤਾਬਕ ਹੀ ਚੱਲ ਰਿਹਾ ਹੈ ਤੇ ਪੀੜਤਾਂ ਲਈ ਤੁਰੰਤ ਕਾਰਵਾਈ ਕਰ ਰਿਹਾ ਹੈ।

ਪੰਜਾਬ ਟਾਈਮਜ਼

ਸਨਿਚਰਵਾਰ, 10 ਅਗਸਤ 2019

# ਸੰਘ ਦੀ ਸਿਆਸਤ ਅਤੇ ਸੰਘੀ ਢਾਂਚਾ

ਭਾਰਤ ਵਿਚ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਹੇਠ ਚੱਲ ਰਹੀ ਕੇਂਦਰ ਸਰਕਾਰ ਨੇ ਇਕੋ ਝਟਕੇ ਨਾਲ ਜੰਮੂ ਕਸ਼ਮੀਰ ਨੂੰ ਮਿਲਿਆ ਵਿਸ਼ੇਸ਼ ਦਰਜਾ ਖਤਮ ਕਰ ਦਿੱਤਾ ਹੈ। ਭਾਰਤੀ ਜਨਤਾ ਪਾਰਟੀ ਦੀ ਮਾਂ ਪਾਰਟੀ- ਰਾਸ਼ਟਰੀ ਸਵੈਮਸੇਵਕ ਸੰਘ (ਆਰ. ਐਸ. ਐਸ.) ਮੁੱਢ ਤੋਂ ਹੀ ਇਸ ਵਿਸ਼ੇਸ਼ ਦਰਜੇ ਦਾ ਵਿਰੋਧ ਕਰਦੀ ਆ ਰਹੀ ਹੈ। ਸਾਲ 2002 ਵਿਚ ਜਦੋਂ ਕੇਂਦਰ ਵਿਚ ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਸੀ, ਉਸ ਵਕਤ ਵੀ ਆਰ. ਐਸ. ਐਸ. ਨੇ ਕਸ਼ਮੀਰ ਮਸਲੇ ਦੇ ਹੱਲ ਲਈ ਜੰਮੂ ਕਸ਼ਮੀਰ ਨੂੰ ਤਿੰਨ ਹਿੱਸਿਆਂ ਵਿਚ ਵੰਡਣ ਦੀ ਤਜਵੀਜ਼ ਰੱਖੀ ਸੀ। ਇਨ੍ਹਾਂ ਤਿੰਨ ਹਿੱਸਿਆਂ ਵਿਚ ਕਸ਼ਮੀਰ ਘਾਟੀ, ਜੰਮੂ ਅਤੇ ਲੱਦਾਖ ਸ਼ਾਮਿਲ ਸਨ। ਫਿਲਹਾਲ ਰਿਆਸਤ ਦੇ ਦੋ ਹਿੱਸੇ ਕੀਤੇ ਗਏ ਹਨ: ਜੰਮੂ ਤੇ ਕਸ਼ਮੀਰ ਅਤੇ ਲੱਦਾਖ। ਉਂਜ, ਰਿਆਸਤ ਦਾ ਰਿਆਸਤੀ ਦਰਜਾ ਖਤਮ ਕਰਕੇ ਦੋਹਾਂ ਹਿੱਸਿਆਂ ਨੂੰ ਕੇਂਦਰ ਸ਼ਾਸਤ ਪ੍ਰਦੇਸ਼ ਬਣਾ ਦਿੱਤਾ ਗਿਆ ਹੈ। ਭਾਰਤ ਦੇ ਇਤਿਹਾਸ ਵਿਚ ਅਜਿਹਾ ਪਹਿਲੀ ਵਾਰ ਹੋਇਆ ਹੈ ਕਿ ਕਿਸੇ ਰਿਆਸਤ (ਰਾਜ) ਨੂੰ ਕੇਂਦਰ ਸ਼ਾਸਤ ਪ੍ਰਦੇਸ਼ ਬਣਾਇਆ ਹੋਵੇ। ਇਸ ਤੋਂ ਪਹਿਲਾਂ ਕੇਂਦਰ ਸ਼ਾਸਤ ਪ੍ਰਦੇਸ਼ਾਂ ਦਾ ਦਰਜਾ ਵਧ ਕੇ ਇਨ੍ਹਾਂ ਨੂੰ ਰਾਜ ਦਾ ਦਰਜਾ ਦਿੱਤਾ ਜਾਂਦਾ ਰਿਹਾ ਹੈ।

ਇਸ ਤੋਂ ਆਰ. ਐਸ. ਐਸ. ਦੀ ਸਿਆਸਤ ਦੀ ਕਨਸੋਅ ਪੈ ਜਾਂਦੀ ਹੈ। ਇਹ ਜਥੇਬੰਦੀ ਮੁੱਢ ਤੋਂ ਹੀ ਹਿੰਦੂ ਰਾਸ਼ਟਰ ਦੀ ਮੁੱਦਈ ਰਹੀ ਹੈ। ਇਸ ਦੇ ਸਿਆਸੀ ਵਿੰਗ- ਭਾਰਤੀ ਜਨਸੰਘ ਜਿਸ ਦਾ ਨਾਂ ਮਗਰੋਂ ਬਦਲ ਕੇ ਭਾਰਤੀ ਜਨਤਾ ਪਾਰਟੀ ਕਰ ਦਿੱਤਾ ਗਿਆ ਸੀ, ਦੇ ਤਿੰਨ ਮੁੱਖ ਏਜੰਡਿਆਂ ਵਿਚੋਂ ਇਕ ਜੰਮੂ ਕਸ਼ਮੀਰ ਨੂੰ ਵਿਸ਼ੇਸ਼ ਰਾਜ ਦਾ ਦਰਜਾ ਦਿੰਦੀ ਸੰਵਿਧਾਨ ਦੀ ਧਾਰਾ 370 ਨੂੰ ਖਤਮ ਕਰਵਾਉਣਾ ਸੀ। ਦੂਜੇ ਦੋ ਮੁੱਦਿਆਂ ਵਿਚ ਇਕਸਾਰ ਸਿਵਲ ਕੋਡ ਅਤੇ ਅਯੁੱਧਿਆ ਵਿਚ ਰਾਮ ਮੰਦਿਰ ਦੀ ਉਸਾਰੀ ਸ਼ਾਮਿਲ ਹਨ। ਤਿੰਨ ਤਲਾਕ ਕਾਨੂੰਨ ਬਣਾ ਕੇ ਭਾਰਤੀ ਜਨਤਾ ਪਾਰਟੀ ਇਕਸਾਰ ਸਿਵਲ ਕੋਡ ਵੱਲ ਕਦਮ ਪਹਿਲਾਂ ਹੀ ਵਧਾ ਚੁਕੀ ਹੈ ਅਤੇ ਰਾਮ ਮੰਦਿਰ ਦੀ ਉਸਾਰੀ ਲਈ ਵੀ ਇਹ ਹੌਲੀ-ਹੌਲੀ ਲਗਾਤਾਰ ਪੈਰ ਅੱਗੇ ਵਧਾ ਰਹੀ ਹੈ। ਰਾਮ ਮੰਦਿਰ ਦਾ ਮਾਮਲਾ ਭਾਵੇਂ ਸੁਪਰੀਮ ਕੋਰਟ 'ਚ ਚੱਲ ਰਿਹਾ ਹੈ, ਪਰ ਖਦਸ਼ਾ ਇਹ ਹੈ ਕਿ ਜੰਮੂ ਕਸ਼ਮੀਰ ਵਾਲੇ ਫੈਸਲੇ ਵਾਂਗ ਕਿਸੇ ਦਿਨ ਰਾਮ ਮੰਦਿਰ ਬਾਰੇ ਵੀ ਕੋਈ ਫੈਸਲਾ ਆ ਸਕਦਾ ਹੈ। ਜਾਹਰ ਹੈ ਕਿ ਇਨ੍ਹਾਂ ਮਸਲਿਆਂ ਨੂੰ ਭਾਰਤੀ ਜਨਤਾ ਪਾਰਟੀ ਅਤੇ ਆਰ. ਐਸ. ਐਸ. ਨੇ ਕਦੀ ਵੀ ਏਜੰਡੇ ਤੋਂ ਬਾਹਰ ਨਹੀਂ ਰੱਖਿਆ ਅਤੇ ਹੁਣ ਦੂਜੀ ਵਾਰ ਮਿਸਾਲੀ ਬਹੁਮਤ ਨਾਲ ਸੱਤਾ ਸੰਭਾਲਣ ਪਿਛੋਂ ਇਸ ਨੇ ਇਸ ਪਾਸੇ ਤੇਜ਼ੀ ਨਾਲ ਕਦਮ ਵਧਾਏ ਹਨ।

ਕੇਂਦਰ ਸਰਕਾਰ ਦੇ ਜੰਮੂ ਕਸ਼ਮੀਰ ਬਾਰੇ ਇਸ ਨਵੇਂ ਫੈਸਲੇ ਬਾਰੇ ਜਿੰਨੀਆਂ ਵੀ ਟਿੱਪਣੀਆਂ ਹੁਣ ਤਕ ਆਈਆਂ ਹਨ, ਉਨ੍ਹਾਂ ਵਿਚ ਸਭ ਨੇ ਇਸ ਫੈਸਲੇ ਨੂੰ ਰਾਜਾਂ ਦੇ ਹੱਕਾਂ ਉਤੇ ਡਾਕਾ ਮਾਰਨ ਵਾਲਾ, ਸੰਘੀ ਢਾਂਚੇ ਨੂੰ ਕਮਜ਼ੋਰ ਕਰਨਾ ਵਾਲਾ, ਜਮਹੂਰੀਅਤ ਦੇ ਖਿਲਾਫ ਅਤੇ ਤਾਨਾਸ਼ਾਹੀ ਵਾਲਾ ਕਰਾਰ ਦਿੱਤਾ ਹੈ। ਦੇਸ਼ ਦੇ ਕਈ ਹਿੱਸਿਆਂ ਵਿਚ ਇਸ ਫੈਸਲੇ ਖਿਲਾਫ ਰੋਸ ਵਿਖਾਵੇ ਵੀ ਹੋਏ ਹਨ, ਪਰ ਇਨ੍ਹਾਂ ਵਿਚੋਂ ਸਭ ਤੋਂ ਉਚੀ ਅਵਾਜ਼ ਪੰਜਾਬ ਵਿਚੋਂ ਆਈ ਹੈ। ਵੱਖ-ਵੱਖ ਰੰਗ ਵਾਲੀ ਖੱਬੀਆਂ ਧਿਰਾਂ ਨੇ ਪੰਜਾਬ ਭਰ ਵਿਚ ਰੋਸ ਵਿਖਾਵੇ ਕਰਕੇ ਇਸ ਫੈਸਲੇ ਦਾ ਵਿਰੋਧ ਕੀਤਾ ਹੈ। ਕੁਝ ਸਿੱਖ ਜਥੇਬੰਦੀਆਂ ਨੇ ਵੀ ਪ੍ਰੈਸ ਕਾਨਫਰੰਸਾਂ ਕਰਕੇ ਇਸ ਫੈਸਲੇ ਦੀ ਨਿੰਦਾ ਕੀਤੀ ਹੈ ਅਤੇ ਇਹ ਮਸਲਾ ਸੰਯੁਕਤ ਰਾਸ਼ਟਰ ਕੋਲ ਲਿਜਾਣ ਦੀ ਗੱਲ ਕੀਤੀ ਹੈ। ਪੰਜਾਬ ਦਾ ਪੈਂਤੜਾ ਸਦਾ ਸੰਘੀ ਢਾਂਚੇ ਦੀ ਮਜ਼ਬੂਤੀ ਦੇ ਹੱਕ ਵਿਚ ਰਿਹਾ ਹੈ। ਉਂਜ ਸਿਤਮਜ਼ਰੀਫੀ ਇਹ ਹੈ ਕਿ ਰਾਜਾਂ ਲਈ ਵੱਧ ਹੱਕਾਂ ਲਈ ਲੜਦੇ ਰਹੇ ਸ਼੍ਰੋਮਣੀ ਅਕਾਲੀ ਦਲ ਨੇ ਇਸ ਮਾਮਲੇ ਵਿਚ ਸੰਸਦ ਵਿਚ ਭਾਰਤੀ ਜਨਤਾ ਪਾਰਟੀ ਦੀ ਹਮਾਇਤ ਕੀਤੀ ਹੈ। ਇਹ ਵੱਖਰੀ ਗੱਲ ਹੈ ਕਿ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੂਜੇ ਦਿਨ ਰਾਜਾਂ ਲਈ ਵੱਧ ਹੱਕਾਂ ਲਈ ਸੰਸਦ ਵਿਚ ਭਾਸ਼ਣ ਦਿੰਦੇ ਰਹੇ। ਬੀਜੂ ਜਨਤਾ ਦਲ, ਬਹੁਜਨ ਸਮਾਜ ਪਾਰਟੀ, ਅੰਨਾ ਡੀ. ਐਮ. ਕੇ. ਜਿਹੀਆਂ ਕਈ ਧਿਰਾਂ ਵੀ ਭਾਰਤੀ ਜਨਤਾ ਪਾਰਟੀ ਦੇ ਹੱਕ ਵਿਚ ਭੁਗਤੀਆਂ। ਕਾਂਗਰਸ ਨੇ ਇਸ ਦਾ ਦੱਬ ਕੇ ਵਿਰੋਧ ਤਾਂ ਕੀਤਾ, ਪਰ ਇਸ ਦੇ ਕਈ ਆਗੂ ਸਾਫ ਥਿੜਕਦੇ ਨਜ਼ਰ ਆਏ ਤੇ ਇਸ ਪਾਰਟੀ ਨੂੰ ਸੰਸਦ 'ਚ ਵੀ ਨਮੋਸ਼ੀ ਝੱਲਣੀ ਪਈ।

ਜੰਮੂ ਕਸ਼ਮੀਰ ਨਾਲ ਹਿੰਦੂਤਵਵਾਦੀਆਂ ਦੀ ਇਸ ਵਧੀਕੀ ਪਿਛੋਂ ਸਮੁੱਚੇ ਰੂਪ ਵਿਚ ਦੇਸ਼ ਵਿਚ ਜਿਸ ਤਰ੍ਹਾਂ ਦਾ ਮਾਹੌਲ ਬਣਿਆ ਹੈ, ਉਸ ਤੋਂ ਦੋ ਨੁਕਤੇ ਐਨ ਸਾਫ-ਸਪਸ਼ਟ ਦਿਖਾਈ ਦਿੰਦੇ ਹਨ। ਹਿੰਦੂਵਾਦੀਆਂ ਲਈ ਖੁਸ਼ੀ ਦਾ ਕੋਈ ਠਿਕਾਣਾ ਨਹੀਂ ਹੈ ਅਤੇ ਇਨ੍ਹਾਂ ਨੇ ਵੱਖ-ਵੱਖ ਥਾਈ ਲੱਡੂ ਵੰਡ ਕੇ ਖੁਸ਼ੀ ਮਨਾਈ ਹੈ। ਦੂਜਾ ਨੁਕਤਾ ਵਿਰੋਧ ਦਾ ਹੈ। ਇਹ ਵਿਰੋਧ ਆਉਣ ਵਾਲੇ ਸਮੇਂ ਦੌਰਾਨ ਕੀ ਰੁਖ ਅਖਤਿਆਰ ਕਰਦਾ ਹੈ, ਉਸ ਉਤੇ ਦੇਸ਼ ਦੀ ਸਮੁੱਚੀ ਸਿਆਸਤ ਨਿਰਭਰ ਕਰਦੀ ਹੈ। ਟੁੱਟੀ-ਬਿਖਰੀ ਵਿਰੋਧੀ ਧਿਰ ਦੀ ਅਜ਼ਮਾਇਸ਼ ਹੁਣ ਇਕ ਵਾਰ ਫਿਰ ਹੋਵੇਗੀ। ਸੰਭਵ ਹੈ ਕਿ ਨਵੇਂ ਸਿਰਿਓਂ ਕੁਝ ਸਫਬੰਦੀ ਹੋਵੇ। ਇਸ ਦੇ ਨਾਲ ਹੀ ਕੌਮਾਂਤਰੀ ਪੱਧਰ 'ਤੇ ਪ੍ਰਤੀਕ੍ਰਿਆਵਾਂ ਅਜੇ ਆਉਣੀਆਂ ਹਨ। ਇਸ ਮਾਮਲੇ 'ਤੇ ਚੀਨ ਨੇ ਭਾਵੇਂ ਭਾਰਤ ਅਤੇ ਪਾਕਿਸਤਾਨ, ਦੋਹਾਂ ਨੂੰ ਸੰਜਮ ਵਰਤਣ ਦੀ ਸਲਾਹ ਦਿੱਤੀ ਹੈ ਪਰ ਜੱਗ ਜਾਣਦਾ ਹੈ ਕਿ ਕੌਮਾਂਤਰੀ ਸਿਆਸਤ ਵਿਚ ਅਮਰੀਕਾ ਦੇ ਬਰਾਬਰ ਤੁਲਣ ਦਾ ਯਤਨ ਕਰ ਰਿਹਾ ਚੀਨ ਪਾਕਿਸਤਾਨ ਦੀ ਪੱਕੀ ਵੋਟ ਹੈ। ਅਮਰੀਕਾ ਅਤੇ ਕੁਝ ਹੋਰ ਮੁਲਕਾਂ ਦੀ ਦਿਲਚਸਪੀ ਵੀ ਇਸ ਖਿੱਤੇ ਵਿਚ ਸਦਾ ਰਹੀ ਹੈ। ਇਸ ਲਈ ਇਹ ਮਸਲਾ ਭਾਰਤ ਨਾਲ ਹੀ ਨਹੀਂ, ਇਸ ਦੀਆਂ ਲੜੀਆਂ ਸੰਸਾਰ ਦੀ ਸਿਆਸਤ ਨਾਲ ਵੀ ਜੁੜੀਆਂ ਹੋਈਆਂ ਹਨ। ਭਾਜਪਾ ਸਰਕਾਰ ਇਸ ਕੂਟਨੀਤੀ ਵਿਚ ਕਿੰਨੀ ਕੁ ਕਾਮਯਾਬ ਹੁੰਦੀ ਹੈ, ਇਸ ਤੱਥ ਨੇ ਵੀ ਦੇਸ਼ ਦੀ ਸਿਆਸਤ ਦਾ ਪਿੜ ਬੰਨ੍ਹਣ ਵਿਚ ਆਪਣਾ ਰੋਲ ਅਦਾ ਕਰਨਾ ਹੈ। ਫਿਲਹਾਲ ਮਜ਼ਬੂਤ ਸੰਘੀ ਢਾਂਚੇ ਦੀਆਂ ਹਮਾਇਤੀ ਧਿਰਾਂ ਲਈ ਸਮਾਂ ਬੇਹੱਦ ਨਾਜ਼ੁਕ ਤੇ ਅਹਿਮੀਅਤ ਵਾਲਾ ਹੈ। ਇਸ ਨੇ ਦੇਸ਼ ਦੀ ਸਿਆਸਤ ਦਾ ਅਗਲਾ ਕਦਮ ਤੈਅ ਕਰਨਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਦਿੱਲੀ ਦੇ ਦਿਲ ਵਿਚ ਦਵੈਸ਼!*

ਰਾਜ-ਮਦ ਦੇ ਨਸ਼ੇ ਵਿਚ ਚੂਰ ਹਾਕਮ, ਖੌਰੇ ਮਿਲਦਾ ਕੀ ਇਨ੍ਹਾਂ ਨੂੰ ਜਬਰ ਵਿਚੋਂ।
ਵਿਚ ਮੀਡੀਏ ਧੌਂਸ ਦਾ ਬੋਲਬਾਲਾ, ਆਉਂਦੀ ਬੋਅ ਹਰ ਚੰਦਰੀ ਖਬਰ ਵਿਚੋਂ।
ਫਾਹੇ ਟੰਗਣਾ ਚਾਹੁੰਦੀ ਏ ਅੱਜ ਦਿੱਲੀ, ਔਰੰਗਜ਼ੇਬ ਨੂੰ ਕੱਢ ਕੇ ਕਬਰ ਵਿਚੋਂ।
ਹੁੰਦਾ ਉਗਣਾ ਸਦਾ ਤਬਦੀਲੀਆਂ ਨੇ, ਜ਼ੁਲਮ ਸਹਿੰਦਿਆਂ ਲੋਕਾਂ ਦੇ ਸਬਰ ਵਿਚੋਂ।
ਸਦੀਆਂ ਬੀਤੀਆਂ ਨਾਨੀ ਸੀ ਖਸਮ ਕੀਤਾ, ਦੋਹਤਾ ਚੱਟੀ ਹੁਣ ਆਣ ਕੇ ਭਰੇ ਕਾਹਤੋਂ।
ਵੰਨ-ਸੁਵੰਨਤਾ ਬਾਗਾਂ ਵਿਚ ਸੋਭਦੀ ਐ, ਕੋਈ ਫੁੱਲ ਵੀ ਖਿੜਨ ਤੋਂ ਡਰੇ ਕਾਹਤੋਂ!

# ਕਸ਼ਮੀਰ ਦਾ ਮਸਲਾ ਅਤੇ ਲੋਕਾਂ ਦਾ ਸੰਤਾਪ

*ਜੰਮੂ ਕਸ਼ਮੀਰ ਦਾ ਵਿਸ਼ੇਸ਼ ਰਾਜ ਦਾ ਦਰਜਾ ਇਕੋ ਝਟਕੇ ਨਾਲ ਖਤਮ ਕਰਕੇ ਭਾਜਪਾ ਸਰਕਾਰ ਨੇ ਹਿੰਦੂਤਵੀ ਰਾਸ਼ਟਰ ਦੀ ਕਾਇਮੀ ਵਲ ਅਹਿਮ ਮੋੜ ਕੱਟ ਲਿਆ ਹੈ, ਪਰ ਸਵਾਲ ਇਹ ਹੈ ਕਿ ਭਾਰਤ ਦੇ ਲੋਕ ਇਸ ਸਿਆਸਤ ਨੂੰ ਸਵੀਕਾਰ ਕਰਨਗੇ? ਆਉਣ ਵਾਲੇ ਦਿਨ ਭਾਰਤ ਦੀ ਸਿਆਸਤ ਲਈ ਬੜੇ ਅਹਿਮ ਹੋਣਗੇ। ਜੰਮੂ ਕਸ਼ਮੀਰ ਬਾਰੇ ਕੇਂਦਰ ਸਰਕਾਰ ਦੀ ਪਹੁੰਚ ਬਾਰੇ ਚਰਚਾ ਇਸ ਲੇਖ ਵਿਚ ਕੀਤੀ ਗਈ ਹੈ। -ਸੰਪਾਦਕ*

ਪੰਜ ਅਗਸਤ ਨੂੰ ਭਾਰਤ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਵਲੋਂ ਅਚਾਨਕ ਰਾਜ ਸਭਾ ਵਿਚ ਧਾਰਾ 370 ਦਾ ਭੋਗ ਪਾਉਣ ਲਈ 'ਜੰਮੂ ਐਂਡ ਕਸ਼ਮੀਰ ਰੀਆਰਗੇਨਾਈਜੇਸ਼ਨ ਬਿੱਲ 2019' ਪੇਸ਼ ਕੀਤੇ ਜਾਣ ਨਾਲ ਸੁਰੱਖਿਆ ਦੇ ਨਾਂ ਹੇਠ 'ਇਹਤਿਆਤੀ ਪੇਸ਼ਬੰਦੀਆਂ' ਦੀ ਅਸਲ ਕਹਾਣੀ ਸਾਹਮਣੇ ਆ ਗਈ। ਹੋਕਰੇ 'ਕਸ਼ਮੀਰੀਅਤ, ਜਮਹੂਰੀਅਤ, ਇਨਸਾਨੀਅਤ' ਦੇ ਮਾਰੇ ਗਏ, ਅੰਦਰਖਾਤੇ ਸਾਜ਼ਿਸ਼ ਉਨ੍ਹਾਂ ਦੀ ਸਰਜ਼ਮੀਨ ਨੂੰ ਖੁੱਲ੍ਹੇ ਕੈਦਖਾਨੇ ਵਿਚ ਬਦਲ ਕੇ ਜੰਮੂ ਕਸ਼ਮੀਰ ਨੂੰ ਹੜੱਪਣ ਦੀ ਬਣਾਈ ਗਈ। ਓੜਕ ਆਰ. ਐਸ. ਐਸ. ਦੇ ਮਨਸੂਬੇ ਅਨੁਸਾਰ ਜੰਮੂ ਕਸ਼ਮੀਰ ਨੂੰ ਦੋ ਹਿੱਸਿਆਂ ਵਿਚ ਵੰਡ ਕੇ ਲਦਾਖ ਨੂੰ ਬਿਨਾ ਵਿਧਾਨ ਸਭਾ ਅਤੇ ਜੰਮੂ ਕਸ਼ਮੀਰ ਨੂੰ ਵਿਧਾਨ ਸਭਾ ਵਾਲਾ ਕੇਂਦਰ ਸ਼ਾਸਤ ਪ੍ਰਦੇਸ਼ ਬਣਾ ਕੇ ਉਸ ਦੀ ਨਿਆਰੀ ਪਛਾਣ ਖਤਮ ਕਰ ਦਿੱਤੀ ਗਈ। ਸੰਵਿਧਾਨਕ ਤੌਰ

ਬੂਟਾ ਸਿੰਘ
ਫੋਨ: +91-94634-74342

'ਤੇ ਭਾਰਤ ਦਾ ਕਬਜ਼ਾ ਮੁਕੰਮਲ ਹੋ ਗਿਆ। ਗ੍ਰਹਿ ਮੰਤਰੀ ਮੁਤਾਬਿਕ ਜੇ ਕਸ਼ਮੀਰ ਵਿਚ ਹਾਲਤ ਆਮ ਹੋ ਜਾਂਦੀ ਹੈ ਤਾਂ ਜੰਮੂ ਕਸ਼ਮੀਰ ਦਾ ਮੁਕੰਮਲ ਰਾਜ ਦਾ ਦਰਜਾ ਬਹਾਲ ਹੋ ਜਾਵੇਗਾ। ਇਹ ਕਦੋਂ ਤਕ ਯੂ.ਟੀ ਰਹੇਗਾ, ਇਹ ਭਾਜਪਾ ਦੀ 'ਆਮ ਹਾਲਤ' ਦੀ ਪੇਸ਼ਕਾਰੀ ਉਪਰ ਮੁਨੱਸਰ ਕਰੇਗਾ।

'ਕਸ਼ਮੀਰ ਮਸਲੇ' ਬਾਰੇ ਆਰ.ਐਸ.ਐਸ. ਸਮੇਤ ਸਮੁੱਚੇ ਸੰਘ ਪਰਿਵਾਰ ਦੀ ਪੁਜੀਸ਼ਨ ਸ਼ੁਰੂ ਤੋਂ ਹੀ ਖਾਸ ਤੌਰ 'ਤੇ ਹਮਲਾਵਰ ਰਹੀ ਹੈ। 'ਇਕ ਦੇਸ਼ ਵਿਚ ਦੋ ਵਿਧਾਨ, ਦੋ ਪ੍ਰਧਾਨ, ਦੋ ਨਿਸ਼ਾਨ ਨਹੀਂ ਹੋ ਸਕਦੇ', ਇਹ ਜੰਮੂ ਕਸ਼ਮੀਰ ਨੂੰ ਵਿਸ਼ੇਸ਼ ਦਰਜਾ ਦਿੱਤੇ ਜਾਣ ਸਮੇਂ ਤੋਂ ਸੰਘ ਦੇ ਇਕ ਮੁੱਖ ਆਗੂ ਸ਼ਿਆਮਾ ਪ੍ਰਸਾਦ ਮੁਖਰਜੀ ਵਲੋਂ ਕਸ਼ਮੀਰੀਆਂ ਦੇ ਸਵੈਨਿਰਣੇ ਦੇ ਹੱਕ ਵਿਰੁਧ ਦਿੱਤਾ ਨਾਅਰਾ ਸੀ। 1953 'ਚ ਉਸ ਨੇ ਧਾਰਾ 370 ਅਤੇ ਧਾਰਾ 35 ਏ ਖਤਮ ਕਰਨ ਲਈ ਅੰਦੋਲਨ ਵੀ ਛੇੜਿਆ। ਉਦੋਂ ਤੋਂ ਹੀ ਇਹ ਆਰ.ਐਸ.ਐਸ. ਦੇ ਵਿਚਾਰਧਾਰਕ ਏਜੰਡੇ ਦਾ ਮਹੱਤਵਪੂਰਨ ਹਿੱਸਾ ਬਣ ਚੁੱਕਾ ਸੀ। 1953 'ਚ ਕਸ਼ਮੀਰ ਦੀ ਸਵੈਨਿਰਣੇ ਦੀ ਤਾਂਘ ਉਪਰ ਠੰਢਾ ਛਿੜਕਣ ਲਈ ਧਾਰਾ 370 ਰਾਹੀਂ ਜੰਮੂ ਕਸ਼ਮੀਰ ਨੂੰ ਵਿਸ਼ੇਸ਼ ਦਰਜਾ ਦਿੱਤਾ ਗਿਆ ਸੀ ਅਤੇ 35 ਏ ਰਾਹੀਂ ਸਥਾਈ ਨਾਗਰਿਕਤਾ ਦੇਣ ਦਾ ਫੈਸਲਾ ਕਰਨ ਦਾ ਵਿਸ਼ੇਸ਼ ਹੱਕ ਜੰਮੂ ਕਸ਼ਮੀਰ ਰਾਜ ਕੋਲ ਸੀ। ਮੁੱਖਧਾਰਾ ਹੁਕਮਰਾਨਾਂ ਦੀ ਸੋਚ ਇਹ ਸੀ ਕਿ ਵਿਸ਼ੇਸ਼ ਦਰਜਾ ਇਸ ਆਜ਼ਾਦ ਰਿਆਸਤ ਦਾ ਭਾਰਤ ਨਾਲ ਮੁਕੰਮਲ ਰਲੇਵਾਂ ਕਰਨ ਦਾ ਸਾਧਨ ਹੈ, ਆਰ.ਐਸ.ਐਸ. ਇਸ ਨੂੰ ਰਲੇਵੇਂ ਦੇ ਰਾਹ ਵਿਚ ਮੁੱਖ ਅੜਿੱਕਾ ਮੰਨਦਾ ਸੀ। ਭਾਵੇਂ ਭਾਰਤੀ ਹੁਕਮਰਾਨਾਂ ਵਲੋਂ ਬਹੁਤ ਸਾਰੀਆਂ ਚੋਰ ਮੋਰੀਆਂ ਰਾਹੀਂ ਬਾਹਰਲੇ ਲੋਕਾਂ ਨੂੰ ਉਥੇ ਵਸਾਉਣ ਦੀ ਪੂਰੀ ਕੋਸ਼ਿਸ਼ ਕੀਤੀ ਗਈ, ਲੇਕਿਨ ਸਥਾਈ ਨਾਗਰਿਕਤਾ ਦਾ ਹੱਕ ਬਾਹਰਲਿਆਂ ਦੇ ਉਥੇ ਜ਼ਮੀਨ ਖਰੀਦਣ ਅਤੇ ਇਉਂ ਵਸੋਂ ਬਣਤਰ ਨੂੰ ਬਦਲਣ ਦੇ ਭਾਰਤੀ ਹੁਕਮਰਾਨ ਜਮਾਤ, ਖਾਸ ਕਰਕੇ ਆਰ.ਐਸ.ਐਸ. ਦੇ ਏਜੰਡੇ ਵਿਚ ਸਭ ਤੋਂ ਵੱਡੀ ਰੁਕਾਵਟ ਸੀ। ਲਿਹਾਜ਼ਾ ਇਸ ਦੀ ਬਹੁਤ ਜ਼ਿਆਦਾ ਸੰਭਾਵਨਾ ਸੀ ਕਿ ਇਸ ਵਕਤ ਗਵਰਨਰੀ ਰਾਜ ਹੇਠ ਕੁਲ ਤਾਕਤਾਂ ਕੇਂਦਰ ਸਰਕਾਰ ਕੋਲ ਹੋਣ ਕਾਰਨ ਭਾਜਪਾ ਇਨ੍ਹਾਂ ਦੋ ਧਾਰਾਵਾਂ ਨੂੰ ਖਤਮ ਕਰਨ ਜਾਂ ਇਨ੍ਹਾਂ ਵਿਚ ਕੋਈ ਵੱਡਾ ਫੇਰਬਦਲ ਕਰਕੇ ਇਨ੍ਹਾਂ ਨੂੰ ਪੂਰੀ ਤਰ੍ਹਾਂ ਬੇਅਸਰ ਬਣਾਉਣ ਦੀ ਕੋਸ਼ਿਸ਼ ਜ਼ਰੂਰ ਕਰੇਗੀ। ਧਾਰਾ 35 ਏ ਨੂੰ ਖਤਮ ਕਰਨ ਲਈ ਸੰਘ ਨਾਲ ਸਬੰਧਤ ਵਿਅਕਤੀਆਂ ਵਲੋਂ ਭਾਰਤੀ ਸੁਪਰੀਮ ਕੋਰਟ ਵਿਚ ਪਾਈਆਂ ਪਟੀਸ਼ਨਾਂ ਅਜੇ ਵੀ ਸੁਣਵਾਈ ਅਧੀਨ ਹਨ। ਜੰਮੂ ਕਸ਼ਮੀਰ ਨੂੰ ਤੋੜ ਕੇ ਜੰਮੂ, ਕਸ਼ਮੀਰ ਅਤੇ ਲੱਦਾਖ ਨੂੰ ਕੇਂਦਰ ਸਾਸ਼ਤ ਪ੍ਰਦੇਸ਼ਾਂ ਦਾ ਦਰਜਾ ਦੇਣ ਦੀ ਚਰਚਾ ਵੀ ਚਲਦੀ ਰਹੀ। ਐਸਾ ਕੋਈ ਵੀ ਧੌਂਸਬਾਜ਼ ਫੇਰਬਦਲ ਕੀਤੇ ਜਾਣ ਦੀ ਸੂਰਤ ਵਿਚ ਕਸ਼ਮੀਰੀ ਅਵਾਮ ਇਸ ਨੂੰ ਸਵੀਕਾਰ ਨਹੀਂ ਕਰਨਗੇ ਇਹ ਸਭ ਨੂੰ ਸਪਸ਼ਟ ਸੀ। ਹਾਲੀਆ ਵਿਸ਼ੇਸ਼ 'ਸੁਰੱਖਿਆ ਇੰਤਜ਼ਾਮ' ਦੇਸ਼ ਦੇ ਲੋਕਾਂ ਨੂੰ ਧੋਖੇ ਵਿਚ ਰੱਖ ਕੇ ਵਿਰੋਧ ਨਾਲ ਨਜਿੱਠਣ ਦੀ ਤਿਆਰੀ ਲਈ ਸਨ।

ਇਨ੍ਹਾਂ ਸੁਰੱਖਿਆ ਪੇਸ਼ਬੰਦੀਆਂ ਦੇ ਜੋ ਫੌਰੀ ਕਾਰਨ ਦੱਸੇ ਗਏ, ਉਹ ਕਿਸੇ ਨੂੰ ਕਾਇਲ ਨਹੀਂ ਕਰਦੇ ਸਨ। ਇਹ ਕਿਹਾ ਜਾ ਰਿਹਾ ਸੀ ਕਿ ਪਾਕਿਸਤਾਨ ਦੀ ਤਰਫੋਂ ਕਿਸੇ ਵੱਡੇ 'ਫਿਦਾਇਨ ਹਮਲੇ' ਦਾ ਖਦਸ਼ਾ ਹੈ। ਸਚਾਈ ਇਹ ਹੈ ਕਿ ਸਰਹੱਦ ਪਾਰੋਂ ਐਸੇ 'ਘੁਸਪੈਠੀ ਹਮਲੇ' ਆਮ ਹੀ ਹੁੰਦੇ ਰਹਿੰਦੇ ਹਨ, ਇਹ ਨਵੀਂ ਗੱਲ ਨਹੀਂ। ਜੰਮੂ ਕਸ਼ਮੀਰ ਪਿਛਲੇ ਦਹਾਕਿਆਂ ਤੋਂ ਦੁਨੀਆ ਦੇ ਸਭ ਤੋਂ ਵੱਧ ਫੌਜ ਤਾਇਨਾਤੀ ਵਾਲੇ ਖੇਤਰਾਂ ਵਿਚੋਂ ਇਕ ਹੈ ਜਿਥੇ 1.30 ਲੱਖ ਨੀਮ-ਫੌਜੀ ਤਾਕਤਾਂ ਸਮੇਤ ਅੰਦਾਜ਼ਨ 7 ਲੱਖ ਤੋਂ ਵਧੇਰੇ ਫੌਜੀ ਲਸ਼ਕਰ ਤਾਇਨਾਤ ਹਨ। ਬੇਸ਼ੁਮਾਰ ਖੁਫੀਆ ਏਜੰਸੀਆਂ, ਗੈਰਕਾਨੂੰਨੀ ਤਾਕਤਾਂ ਅਤੇ ਪੁਲਿਸ ਦਾ ਤਾਣਾਬਾਣਾ ਇਸ ਤੋਂ ਵੱਖਰਾ ਹੈ। ਐਨੇ ਵਿਆਪਕ ਹਥਿਆਰਬੰਦ ਸੁਰੱਖਿਆ ਤੰਤਰ ਦੇ ਹੁੰਦਿਆਂ ਕਿਸੇ 'ਫਿਦਾਇਨ ਹਮਲੇ' ਦੀ ਸ਼ੰਕਾ ਨਾਲ ਨਜਿੱਠਣ ਲਈ 35000 ਫੌਜੀ ਦਸਤੇ ਹੋਰ ਭੇਜਣ ਦੀ ਕੋਈ ਤੁਕ ਨਹੀਂ ਬਣਦੀ ਸੀ। ਜਿਥੋਂ ਤਕ ਅਮਰਨਾਥ ਯਾਤਰਾ ਦਾ ਸਵਾਲ ਸੀ, ਭਾਰਤੀ ਹੁਕਮਰਾਨਾਂ ਦੇ ਆਪਣੇ ਹੀ ਦਾਅਵਿਆਂ ਅਨੁਸਾਰ ਯਾਤਰਾ ਉਪਰ ਹਮਲਿਆਂ ਦਾ ਖਤਰਾ ਹਮੇਸ਼ਾ ਮੰਡਰਾਉਂਦਾ ਰਿਹਾ ਹੈ ਅਤੇ ਯਾਤਰਾ ਦੀ ਸੁਰੱਖਿਆ ਲਈ ਹਰ ਸਾਲ ਖਾਸ ਇੰਤਜ਼ਾਮ ਕੀਤੇ ਜਾਂਦੇ ਹਨ। ਜੇ ਮਸਲਾ ਸੁਰੱਖਿਆ ਦਾ ਹੀ ਸੀ, ਫਿਰ ਅਮਰਨਾਥ ਯਾਤਰੀਆਂ ਅਤੇ ਸੈਲਾਨੀਆਂ ਦੀ ਸੁਰੱਖਿਆ ਹੀ ਕਿਉਂ, ਉਨ੍ਹਾਂ ਲੱਖਾਂ ਗੈਰ ਕਸ਼ਮੀਰੀ ਕਾਮਿਆਂ ਤੇ ਹੋਰ ਲੋਕਾਂ ਦੀ ਸੁਰੱਖਿਆ ਦੀ ਚਿੰਤਾ ਕਿਉਂ ਨਹੀਂ ਜੋ ਉਥੇ ਵੱਖ-ਵੱਖ ਕੰਮਾਂ ਅਤੇ ਕਿੱਤਿਆਂ ਵਿਚ ਲੱਗੇ ਹੋਏ ਹਨ। ਦਾਅਵਾ ਤਾਂ ਇਹ ਕੀਤਾ ਗਿਆ ਕਿ ਤਮਾਮ ਸੰਚਾਰ ਸੇਵਾਵਾਂ ਅਫਵਾਹਾਂ ਨੂੰ ਰੋਕਣ ਲਈ ਠੱਪ ਕੀਤੀਆਂ ਗਈਆਂ ਹਨ ਲੇਕਿਨ ਇਸ ਸੰਚਾਰਬੰਦੀ ਦਾ ਅਸਲ ਮਕਸਦ ਜੰਮੂ ਕਸ਼ਮੀਰ ਅਤੇ ਬਾਕੀ ਦੁਨੀਆ ਦੇ ਸੰਚਾਰ ਨੂੰ ਬੰਦ ਕਰਨਾ ਸੀ ਤਾਂ ਜੋ ਉਥੇ ਵਾਪਰ ਰਹੇ ਦੀ ਧੂੰਆਂ ਵੀ ਬਾਹਰ ਨਾ ਨਿਕਲ ਸਕੇ। ਅਮਰਨਾਥ ਯਾਤਰੀਆਂ ਅਤੇ ਹੋਰ ਸੈਲਾਨੀਆਂ ਨੂੰ ਫਿਦਾਇਨ ਹਮਲੇ ਦਾ ਡਰ ਪਾ ਕੇ ਉਥੋਂ ਕੱਢਣ ਦਾ ਮਨੋਰਥ ਵੀ ਇਹੀ ਸੀ, ਕਿਉਂਕਿ ਜੇ ਉਹ ਉਥੇ ਰਹਿਣਗੇ ਤਾਂ ਇਸ ਦੌਰਾਨ ਉਥੇ ਜੋ ਵਾਪਰੇਗਾ, ਉਸ ਦੇ ਉਹ ਚਸ਼ਮਦੀਦ ਗਵਾਹ ਹੋਣਗੇ ਅਤੇ ਇਹ ਜਾਣਕਾਰੀ ਉਹ ਬਾਕੀ ਦੁਨੀਆ ਨੂੰ ਵੀ ਦੱਸਣਗੇ। ਹੁਣ ਧੌਂਸਬਾਜ਼ ਰਾਸ਼ਟਰਵਾਦ ਫੈਲਾ ਰਹੀ ਸੰਘ ਦੀ ਪ੍ਰਚਾਰ ਮਸ਼ੀਨਰੀ ਹੀ ਜਾਣਕਾਰੀ ਦਾ ਮੁੱਖ ਸਾਧਨ ਹੋਵੇਗੀ।

ਫਿਦਾਇਨ ਹਮਲੇ ਦੇ ਬਹਾਨੇ ਸਮੁੱਚੇ ਜੰਮੂ ਕਸ਼ਮੀਰ ਨੂੰ ਖੁੱਲ੍ਹੀ ਜੇਲ੍ਹ ਵਿਚ ਬਣਾ ਕੇ ਅਤੇ ਬਾਕੀ ਦੁਨੀਆ ਨਾਲੋਂ ਇਸ ਦਾ ਸੰਪਰਕ ਤੋੜ ਕੇ ਭਾਜਪਾ ਵਲੋਂ ਇਹ ਬਿੱਲ ਅਚਾਨਕ ਰਾਜ ਸਭਾ ਵਿਚ ਪੇਸ਼ ਕਰਨ ਲਈ ਪੂਰੀ ਤਰ੍ਹਾਂ ਸਾਜ਼ਿਸ਼ੀ ਤਰੀਕਾ ਅਖਤਿਆਰ ਕੀਤਾ ਗਿਆ। ਬਾਕੀ 'ਮੁੱਖਧਾਰਾ' ਪਾਰਟੀਆਂ ਨੂੰ ਭਰੋਸੇ ਵਿਚ ਲੈਣ ਦੀ ਵੀ ਕੋਈ ਜ਼ਰੂਰਤ ਨਹੀਂ ਸਮਝੀ ਗਈ। ਸਭ ਤੋਂ ਘਿਨਾਉਣਾ ਪੱਖ ਇਹ ਰਿਹਾ ਕਿ ਜਿਨ੍ਹਾਂ ਲੋਕਾਂ ਦੀ ਹੋਣੀ ਦਾ ਫੈਸਲਾ ਕੀਤਾ ਜਾ ਰਿਹਾ ਸੀ, ਕਸ਼ਮੀਰ ਦੇ ਲੋਕ ਇਸ ਅਖੌਤੀ ਜਮਹੂਰੀ ਅਮਲ ਵਿਚੋਂ ਪੂਰੀ ਤਰ੍ਹਾਂ ਮਨਫੀ ਕਰ ਦਿੱਤੇ ਗਏ। ਉਨ੍ਹਾਂ ਤੋਂ ਆਪਣਾ ਪੱਖ ਪੇਸ਼ ਕਰਨ ਦਾ ਹੱਕ ਹੀ ਖੋਹ ਲਿਆ ਗਿਆ ਹੈ। ਇਥੋਂ ਤਕ ਕਿ ਉਨ੍ਹਾਂ ਦੇ 'ਚੁਣੇ ਹੋਏ' ਨੁਮਾਇੰਦੇ ਵੀ ਘਰਾਂ ਵਿਚ ਨਜ਼ਰਬੰਦ ਕਰ ਦਿੱਤੇ ਗਏ। ਰਾਜ ਸਭਾ ਵਿਚ ਬਿਲ ਪੇਸ਼ ਕਰਨ ਦੇ ਅਮਲ ਦੌਰਾਨ ਹੀ ਰਾਸ਼ਟਰਪਤੀ ਵਲੋਂ ਬਿਲ ਨੂੰ ਮਨਜ਼ੂਰੀ ਦੇ ਦਿੱਤੀ ਗਈ ਜੋ ਪੂਰੀ ਤਰ੍ਹਾਂ ਗ਼ੈਰਸੰਵਿਧਾਨਕ ਸੀ। ਗਵਰਨਰ ਕੋਲੋਂ ਕਸ਼ਮੀਰ ਦੀ ਤਰਫੋਂ ਸਹੀ ਪਵਾ ਲਈ ਗਈ ਜਦਕਿ ਉਹ ਚੁਣਿਆ ਨੁਮਾਇੰਦਾ ਨਹੀਂ। ਇਹ ਇਲਹਾਕ ਤੋਂ ਬਾਅਦ ਬਣੀ ਸਹਿਮਤੀ ਦੀ ਘੋਰ ਉਲੰਘਣਾ ਹੈ ਜਿਸ ਵਿਚ ਇਹ ਤੈਅ ਕੀਤਾ ਗਿਆ ਸੀ ਕਿ ਇਸ ਸੰਵਿਧਾਨਕ ਵਿਵਸਥਾ ਨੂੰ ਕਸ਼ਮੀਰ ਦੇ ਲੋਕਾਂ ਦੀ ਚੁਣੀ ਹੋਈ ਵਿਧਾਨ ਸਭਾ ਦੀ ਸਹਿਮਤੀ ਨਾਲ ਹੀ ਬਦਲਿਆ ਜਾਵੇਗਾ। ਭਗਵੇਂ ਹੁਕਰਮਾਨਾਂ ਵਲੋਂ ਇਸ ਨੂੰ ਜਾਇਜ਼ ਠਹਿਰਾਉਣ ਲਈ ਇਹ ਦਲੀਲ ਘੜ ਲਈ ਗਈ ਕਿ ਜੰਮੂ ਕਸ਼ਮੀਰ ਵਿਚ ਇਸ ਵਕਤ ਕੋਈ ਚੁਣੀ ਹੋਈ ਵਿਧਾਨ ਸਭਾ ਨਹੀਂ ਹੈ, ਇਸ ਲਈ ਕੇਂਦਰ ਸਰਕਾਰ ਦਾ ਥਾਪਿਆ ਗਵਰਨਰ ਹੀ ਕਸ਼ਮੀਰੀ ਲੋਕਾਂ ਦੀ ਨੁਮਾਇੰਦਗੀ ਕਰਦਾ ਹੈ। ਇਸ ਤੋਂ ਜ਼ਿਆਦਾ ਢੀਠਤਾਈ ਕੀ ਹੋ ਸਕਦੀ ਹੈ? ਇਹ ਆਲਮੀ ਰਾਏ ਦਾ ਵੀ ਤ੍ਰਿਸਕਾਰ ਹੈ, ਕਿਉਂਕਿ ਦੁਨੀਆ ਭਰ ਦੇ ਮੁਲਕ ਜੰਮੂ ਕਸ਼ਮੀਰ ਨੂੰ ਵਿਵਾਦਪੂਰਨ ਖੇਤਰ ਮੰਨਦੇ ਹਨ, ਕੋਈ ਵੀ ਇਸ ਨੂੰ ਭਾਰਤ ਦਾ ਹਿੱਸਾ ਨਹੀਂ ਮੰਨਦਾ। ਸੰਯੁਕਤ ਰਾਸ਼ਟਰ ਦੇ ਅਪਰੈਲ 1948 ਦੇ ਮਤੇ ਵਿਚ ਵੀ ਸਪਸ਼ਟ ਦਰਜ ਹੈ ਕਿ ਰਾਜ ਦਾ ਆਖਰੀ ਦਰਜਾ ਇਸ ਦੇ ਲੋਕਾਂ ਦੀ ਸਹਿਮਤੀ ਨਾਲ ਹੀ ਤੈਅ ਕੀਤਾ ਜਾਵੇਗਾ; ਲੇਕਿਨ ਭਗਵਿਆਂ ਨੂੰ ਨੈਤਿਕ ਮੁੱਲਾਂ ਅਤੇ ਸੰਵਿਧਾਨਕ ਵਿਵਸਥਾਵਾਂ ਦੀ ਕੋਈ ਪ੍ਰਵਾਹ ਨਹੀਂ, ਮੁੱਢ ਤੋਂ ਹੀ ਸਾਜ਼ਿਸ਼ਾਂ ਰਾਹੀਂ ਸੱਤਾ ਹਥਿਆਉਣ ਵਾਲੇ ਫਾਸ਼ੀਵਾਦੀ ਉਨ੍ਹਾਂ ਦੇ ਰੋਲ ਮਾਡਲ ਰਹੇ ਹਨ ਜਿਸ ਦਾ ਅਜੋਕਾ ਮੁਜੱਸਮਾ ਫਲਸਤੀਨੀ ਸਰਜ਼ਮੀਨ ਉਪਰ ਨਜਾਇਜ਼ ਕਾਬਜ਼ ਹੋਇਆ, ਇਜ਼ਰਾਇਲ ਉਨ੍ਹਾਂ ਦਾ ਸਭ ਤੋਂ ਨਜ਼ਦੀਕੀ ਜੋਟੀਦਾਰ ਹੈ।

ਭਾਜਪਾ ਸਰਕਾਰ ਦੀ ਇਸ ਆਪਹੁਦਰੀ ਅਤੇ ਗੈਰ ਸੰਵਿਧਾਨਕ ਕਾਰਵਾਈ ਦਾ ਵਿਰੋਧ ਕਰਨ ਦੀ ਬਜਾਏ ਵਿਰੋਧੀ ਧਿਰ ਦਾ ਜ਼ਿਆਦਾਤਰ ਹਿੱਸੇ ਨੇ ਪੂਰੀ ਮੌਕਾਪ੍ਰਸਤੀ ਨਾਲ ਇਸ ਧੱਕੜ ਕਾਰੇ ਦੀ ਹਮਾਇਤ ਕੀਤੀ ਹੈ। ਬਸਪਾ ਅਤੇ ਭ੍ਰਿਸ਼ਟਾਚਾਰ ਵਿਚ ਗਲਤਾਨ ਹੋਰ ਪਾਰਟੀਆਂ ਵਲੋਂ ਇਨ੍ਹਾਂ ਗੈਰ ਸੰਵਿਧਾਨਕ ਬਿਲਾਂ ਅਤੇ ਸੱਤਾਧਾਰੀ ਧਿਰ ਦੇ ਗੈਰ ਜਮਹੂਰੀ ਤਰੀਕੇ ਉਪਰ ਸਵਾਲ ਉਠਾਉਣ ਦੀ ਬਜਾਏ ਸੱਤਾ 'ਚ ਹਿੱਸੇਦਾਰੀ ਦੀ ਲਾਲਸਾ ਅਤੇ ਆਪਣੀ ਚਮੜੀ ਬਚਾਉਣ ਖਾਤਰ ਕੀਤੇ ਗੁਪਤ ਸਮਝੌਤਿਆਂ ਤਹਿਤ ਸੱਤਾਧਾਰੀ ਧਿਰ ਦੀ ਹਾਂ ਵਿਚ ਹਾਂ ਮਿਲਾਈ ਗਈ। ਦਿੱਲੀ ਨੂੰ ਮੁਕੰਮਲ ਰਾਜ ਦਾ ਸੰਵਿਧਾਨਕ ਦਰਜਾ ਦੇਣ ਦੀ ਮੰਗ ਕਰਨ ਵਾਲਾ ਕੇਜਰੀਵਾਲ ਆਪਣੇ ਅਸਲ ਰਾਸ਼ਟਰਵਾਦੀ ਰੰਗ ਵਿਚ ਸਾਹਮਣੇ ਆ ਗਿਆ ਅਤੇ ਇਸ ਨੇ ਇਕ ਮੁਕੰਮਲ ਰਿਆਸਤ ਨੂੰ ਤੋੜ ਕੇ ਕੇਂਦਰ ਸ਼ਾਸਤ ਪ੍ਰਦੇਸ਼ ਬਣਾਏ ਜਾਣ ਦੇ ਫੈਸਲੇ ਦਾ ਸਵਾਗਤ ਕੀਤਾ ਹੈ। ਫੈਡਰਲ ਢਾਂਚੇ ਲਈ ਮੋਰਚੇ ਲਾਉਣ ਅਤੇ ਆਨੰਦਪੁਰ ਸਾਹਿਬ ਦੇ ਮਤੇ ਨੂੰ ਲਾਗੂ ਕਰਾਉਣ ਲਈ 'ਧਰਮ ਯੁੱਧ' ਲੜਨ ਵਾਲੇ ਅਕਾਲੀ ਦਲ ਉਪਰ ਕਾਬਜ਼ ਬਾਦਲ ਗੁੱਟ ਨੇ ਇਸ ਧੱਕੇਸ਼ਾਹੀ ਦਾ ਸਾਥ ਦਿੱਤਾ ਹੈ। ਕਾਂਗਰਸ, ਰਵਾਇਤੀ ਖੱਬਿਆਂ ਅਤੇ ਹੋਰ ਕੁਝ ਪਾਰਟੀਆਂ ਨੇ ਬਿਲਾਂ ਦਾ ਵਿਰੋਧ ਕੀਤਾ ਹੈ। ਇਹ ਵਿਰੋਧ ਵੀ ਕਸ਼ਮੀਰ ਦੀ ਖੁਦਮੁਖਤਾਰ ਹੈਸੀਅਤ ਦੇ ਸਤਿਕਾਰ ਲਈ ਨਹੀਂ ਸਗੋਂ ਮੋਦੀ ਸਰਕਾਰ ਦੇ 'ਅਪਾਰਦਰਸ਼ੀ' ਕੰਮ-ਢੰਗ ਅਤੇ ਵਿਰੋਧੀ ਧਿਰ ਨੂੰ ਭਰੋਸੇ ਵਿਚ ਨਾ ਲੈਣ ਦੇ ਦੋਇਮ ਸਵਾਲ ਉਪਰ ਨਿਰੋਲ ਰੋਸ ਦਾ ਇਜ਼ਹਾਰ ਹੀ ਹੈ।

ਹਾਲੀਆ ਘਟਨਾਵਾਂ ਦੁਆਰਾ 'ਵਿਸ਼ੇਸ਼ ਦਰਜੇ' ਦਾ ਰਸਮੀ ਭੋਗ ਪਾ ਦਿੱਤਾ ਗਿਆ। ਹਕੀਕਤ ਇਹ ਹੈ ਕਿ 1990 ਤੋਂ ਹੀ ਜੰਮੂ ਕਸ਼ਮੀਰ ਨੂੰ ਦਿੱਲੀ ਵਲੋਂ ਵਿਹਾਰਕ ਤੌਰ 'ਤੇ ਕੇਂਦਰ ਸ਼ਾਸਤ ਪ੍ਰਦੇਸ਼ ਵਜੋਂ ਚਲਾਇਆ ਜਾ ਰਿਹਾ ਸੀ, ਹੁਣ ਇਸ ਸਟੇਟ ਦੀ ਨਿਆਰੀ ਰਸਮੀ ਪਛਾਣ ਵੀ ਖਤਮ ਕਰ ਦਿੱਤੀ ਗਈ ਹੈ। ਭਾਜਪਾ ਵਲੋਂ ਚੰਦ ਕਸ਼ਮੀਰੀ ਹੁਕਮਰਾਨ ਘਰਾਣਿਆਂ ਦੀ ਕੁਣਨਾਪਰਵਰੀ ਅਤੇ ਭ੍ਰਿਸ਼ਟਾਚਾਰ ਕਾਰਨ ਕਸ਼ਮੀਰੀਆਂ ਦੇ ਪਿਛੜੇਵੇਂ ਨੂੰ ਬਹੁਤ ਉਛਾਲਿਆ ਜਾ ਰਿਹਾ ਹੈ। ਅੱਜ ਲਦਾਖ ਅਤੇ ਜੰਮੂ ਦੇ ਲੋਕ ਇਸ ਚਾਲ ਦਾ ਸ਼ਿਕਾਰ ਹੋ ਕੇ ਸ਼ਾਇਦ ਇਸ ਨੂੰ ਆਪਣੇ ਵਿਕਾਸ ਸਮਝਦੇ ਹੋਣ, ਭਵਿਖ ਵਿਚ ਉਨ੍ਹਾਂ ਨੂੰ ਇਸ ਦੀ ਬਹੁਤ ਵੱਡਾ ਮੁੱਲ ਚੁਕਾਉਣਾ ਪਵੇਗਾ। ਉਨ੍ਹਾਂ ਦੇ ਆਰਥਿਕ ਵਸੀਲਿਆਂ ਦੀ ਸੁਰੱਖਿਆ ਖਤਮ ਹੋ ਗਈ ਹੈ ਅਤੇ ਭਗਵੇਂ ਨਿਜ਼ਾਮ ਦੀ ਮਿਲੀਭੁਗਤ ਨਾਲ ਵਿਕਾਸ ਦੇ ਨਾਂ ਹੇਠ ਕਾਰਪੋਰੇਟ ਗਿਰਝਾਂ ਬੇਰੋਕ-ਟੋਕ ਉਨ੍ਹਾਂ ਦੇ ਜੰਗਲ, ਪਹਾੜ ਸਭ ਕੁਝ ਹੜੱਪ ਜਾਣਗੀਆਂ।

'ਵਿਸ਼ੇਸ਼ ਦਰਜਾ' ਖਤਮ ਕਰਕੇ ਕਸ਼ਮੀਰ ਮਸਲਾ ਹੱਲ ਕਰਨ ਦਾ ਦਾਅਵਾ ਕੀਤਾ ਹੈ। ਸੱਤ ਦਹਾਕਿਆਂ ਤੋਂ ਸਵੈਨਿਰਣੇ ਲਈ ਲੜ ਰਹੇ ਕਸ਼ਮੀਰੀ ਲੋਕ ਇਸ ਨੂੰ ਮਨਜ਼ੂਰ ਨਹੀਂ ਕਰਨਗੇ। ਇਤਿਹਾਸ ਗਵਾਹ ਹੈ ਕਿ ਦੁਨੀਆ ਦੀਆਂ ਸਭ ਤੋਂ ਸ਼ਕਤੀਸ਼ਾਲੀ ਸਲਤਨਤਾਂ ਵੀ ਫੌਜੀ ਤਾਕਤ ਦੇ ਜ਼ੋਰ ਆਜ਼ਾਦੀ ਦੀ ਤਾਂਘ ਨੂੰ ਖਤਮ ਨਹੀਂ ਸਕੀਆਂ। ਆਰ. ਐਸ. ਐਸ. ਆਪਣੇ 'ਅਖੰਡ ਰਾਸ਼ਟਰ' ਦਾ ਸੁਪਨਾ ਸਾਕਾਰ ਕਰਕੇ ਸੰਤੁਸ਼ਟ ਹੋ ਸਕਦਾ ਹੈ, ਪਰ ਇਸ ਨਾਲ ਹੋਰ ਖੂਨਖਰਾਬੇ ਦਾ ਮੁੱਢ ਬੱਝ ਗਿਆ ਹੈ।

# ਕਦੋਂ ਉਠਣਗੇ ਪੰਜਾਬ ਦੇ ਮਸਲੇ?

**ਸਵਰਾਜਬੀਰ**

ਦੇਸ਼ ਦੇ ਵੱਖ-ਵੱਖ ਸੂਬਿਆਂ ਵਿਚ ਵਿਧਾਨ ਸਭਾਵਾਂ ਦੇ ਇਜਲਾਸਾਂ ਦਾ ਸਮਾਂ ਘਟਦਾ ਜਾ ਰਿਹਾ ਹੈ। ਇਸ ਮੌਨਸੂਨ ਸੈਸ਼ਨ ਵਿਚ ਪੰਜਾਬ ਵਿਧਾਨ ਸਭਾ ਦਾ ਇਜਲਾਸ ਸਿਰਫ ਤਿੰਨ ਦਿਨਾਂ ਲਈ ਬੁਲਾਇਆ ਗਿਆ ਹੈ। ਪਹਿਲੇ ਦਿਨ ਵਿਛੜੀਆਂ ਹਸਤੀਆਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਜਾਂਦੀਆਂ ਹਨ। ਇਸ ਸਬੰਧ ਵਿਚ ਕੁਝ ਵਿਧਾਇਕਾਂ ਨੇ ਵਿਧਾਨ ਸਭਾ ਦੇ ਸਪੀਕਰ ਤਕ ਪਹੁੰਚ ਕੀਤੀ ਪਰ ਉਨ੍ਹਾਂ ਨੂੰ ਦੱਸਿਆ ਗਿਆ ਕਿ ਜ਼ੇਰੇ-ਬਹਿਸ ਮੁੱਦਿਆਂ ਦੇ ਜ਼ਿਆਦਾ ਨਾ ਹੋਣ ਕਾਰਨ ਸਮਾਂ ਸੀਮਤ ਰੱਖਿਆ ਗਿਆ ਹੈ। ਇਹ ਵੀ ਦੱਸਿਆ ਗਿਆ ਕਿ ਇਸ ਤਰ੍ਹਾਂ ਦੀ ਮੰਗ ਪਹਿਲਾਂ ਵਿਧਾਨ ਸਭਾ ਦੀ ਬਿਜਨਸ ਅਡਵਾਇਜ਼ਰੀ ਕਮੇਟੀ ਵਿਚ ਵੀ ਕੀਤੀ ਗਈ ਸੀ ਅਤੇ ਇਜਲਾਸ ਦੇ ਦਿਨ ਕਮੇਟੀ ਦੀ ਸਲਾਹ ਨਾਲ ਹੀ ਨਿਸ਼ਚਿਤ ਕੀਤੇ ਗਏ ਹਨ। ਕਿਸੇ ਵੀ ਦੇਸ਼ ਜਾਂ ਪ੍ਰਾਂਤ ਦੇ ਚੁਣੇ ਹੋਏ ਨੁਮਾਇੰਦਿਆਂ ਨੂੰ ਉਥੋਂ ਦੇ ਲੋਕਾਂ ਦੀ ਸਮੂਹਿਕ ਇੱਛਾ/ਸੋਚ ਦੇ ਪ੍ਰਤੀਨਿਧ ਮੰਨਿਆ ਜਾਂਦਾ ਹੈ। ਜਮਹੂਰੀਅਤ ਉਨ੍ਹਾਂ ਉਤੇ ਇਹ ਫਰਜ਼ ਆਇਦ ਕਰਦੀ ਹੈ ਕਿ ਉਹ ਲੋਕਾਂ ਦੀਆਂ ਸਮੱਸਿਆਵਾਂ ਵੱਖ ਵੱਖ ਸਦਨਾਂ ਵਿਚ ਉਠਾਉਣ। ਪੰਜਾਬ ਨੂੰ ਇਸ ਵੇਲ਼ੇ ਕਈ ਵੱਡੇ ਸੰਕਟ ਦਰਪੇਸ਼ ਹਨ।

ਮੁੱਖ ਜਜ਼ਬਾਤੀ ਮੁੱਦਾ ਬਰਗਾੜੀ ਮਾਮਲੇ ਵਿਚ ਕੇਂਦਰੀ ਜਾਂਚ ਏਜੰਸੀ ਵੱਲੋਂ ਫਾਈਲ ਕੀਤੀ ਗਈ ਖਾਰਜ ਰਿਪੋਰਟ ਹੈ। ਪੰਜਾਬ ਸਰਕਾਰ ਅਨੁਸਾਰ ਉਸ ਨੇ ਸੀ.ਬੀ.ਆਈ. ਨੂੰ ਤਫਤੀਸ਼ ਕਰਨ ਤੋਂ ਰੋਕਣ ਲਈ ਕੇਂਦਰ ਤਕ ਪਹੁੰਚ ਕੀਤੀ ਸੀ। ਕੇਂਦਰ ਨੇ ਪੰਜਾਬ ਸਰਕਾਰ ਦੀ ਬੇਨਤੀ ਸਵੀਕਾਰ ਨਹੀਂ ਕੀਤੀ ਅਤੇ ਸੀ.ਬੀ.ਆਈ. ਨੇ ਆਪਣੀ ਜਾਂਚ ਜਾਰੀ ਰੱਖੀ। ਸੀ.ਬੀ.ਆਈ. ਨੇ ਇਸ ਮਾਮਲੇ ਵਿਚ ਕਿਸੇ ਨੂੰ ਵੀ ਦੋਸ਼ੀ ਨਹੀਂ ਮੰਨਿਆ। ਹੁਣ ਕਾਂਗਰਸ ਅਤੇ ਅਕਾਲੀ ਦਲ ਇਕ-ਦੂਸਰੇ ਨੂੰ ਦੋਸ਼ ਦੇ ਰਹੇ ਹਨ। ਦੋਵੇਂ ਧਿਰਾਂ ਇਸ ਬੁਨਿਆਦੀ ਤੱਤ ਤੋਂ ਮੂੰਹ ਫੇਰ ਰਹੀਆਂ ਹਨ ਕਿ ਤਫਤੀਸ਼ ਵਿਚ ਅਸਲੀ ਵਿਗਾੜ ਤਫਤੀਸ਼ ਦੇ ਮੁੱਢਲੇ ਦਿਨਾਂ ਦੌਰਾਨ ਆਇਆ। ਕਿਸੇ ਵੀ ਤਫਤੀਸ਼ ਦੇ ਸ਼ੁਰੂਆਤੀ ਦਿਨਾਂ ਵਿਚ ਜੇ ਗਵਾਹ ਅਤੇ ਸਬੂਤ ਸੁਚੱਜਤਾ ਨਾਲ ਸੰਭਾਲੇ ਨਾ ਜਾਣ ਤਾਂ ਬਾਅਦ ਵਿਚ ਤਫਤੀਸ਼ ਕਰਨੀ ਬਹੁਤ ਮੁਸ਼ਕਲ ਹੋ ਜਾਂਦੀ ਹੈ। ਲੋਕ ਇਸ ਮੁੱਦੇ ਨਾਲ ਭਾਵਨਾਤਮਕ ਤੌਰ 'ਤੇ ਜੁੜੇ ਹੋਏ ਹਨ।

ਕਿਸਾਨੀ ਸੰਕਟ ਪੰਜਾਬ ਦਾ ਕੇਂਦਰੀ ਮੁੱਦਾ ਹੈ। ਸੂਬੇ ਦੀ ਵਸੋਂ ਦਾ ਵੱਡਾ ਹਿੱਸਾ ਖੇਤੀ ਅਤੇ ਇਸ ਨਾਲ ਸਬੰਧਤ ਕਿੱਤਿਆਂ 'ਤੇ ਨਿਰਭਰ ਹੈ। ਮੱਧਕਾਲੀਨ ਸਮਿਆਂ ਵਿਚ ਸਦੀਆਂ ਤੋਂ ਦਬਾਏ ਗਏ ਕਿਸਾਨ ਰਾਜਸੀ ਤਾਕਤ ਬਣ ਕੇ ਉਭਰੇ। ਸਿੱਖ ਗੁਰੂਆਂ ਤੇ ਸੂਫੀਆਂ ਦੁਆਰਾ ਸਮਾਜ ਵਿਚ ਲਿਆਂਦੀ ਗਈ ਜਮਹੂਰੀਅਤ ਕਾਰਨ ਉਹ ਹਾਕਮਾਂ ਵਿਰੁਧ ਹਥਿਆਰਬੰਦ ਹੋਏ ਅਤੇ ਬੰਦਾ ਸਿੰਘ ਬਹਾਦਰ, ਸਿੱਖ ਮਿਸਲਾਂ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਸਮਿਆਂ ਵਿਚ ਰਾਜ-ਸ਼ਕਤੀ ਪ੍ਰਾਪਤ ਕੀਤੀ। ਉਨ੍ਹਾਂ ਨੇ ਅੰਗਰੇਜ਼ਾਂ ਵਿਰੁਧ ਹੋਏ ਆਜ਼ਾਦੀ ਦੇ ਸੰਘਰਸ਼ ਵਿਚ ਵੀ ਵੱਡਾ ਹਿੱਸਾ ਪਾਇਆ ਅਤੇ ਸਮਾਜ ਵਿਚ ਮਾਣ-ਸਨਮਾਨ ਦੇ ਅਧਿਕਾਰੀ ਬਣੇ। ਆਜ਼ਾਦੀ ਵੇਲੇ ਲਹਿੰਦੇ ਪੰਜਾਬ ਦੇ ਕਿਸਾਨਾਂ ਨੂੰ ਵੱਡਾ ਨੁਕਸਾਨ ਉਠਾਉਣਾ ਪਿਆ ਅਤੇ ਉਹ ਜ਼ਰਖੇਜ਼ ਜ਼ਮੀਨਾਂ ਛੱਡ ਕੇ ਚੜ੍ਹਦੇ ਪੰਜਾਬ ਵਿਚ ਆ ਵਸੇ। ਇਨ੍ਹਾਂ ਦੁੱਖਾਂ ਦੇ ਸਮਿਆਂ ਵਿਚ ਵੀ ਉਨ੍ਹਾਂ ਨੇ ਅੰਤਾਂ ਦੀ ਹਿੰਮਤ ਦਿਖਾਈ। ਹਰੇ ਇਨਕਲਾਬ ਨੇ ਕਿਸਾਨਾਂ ਨੂੰ ਹੋਰ ਸਮਰੱਥ ਬਣਾਇਆ ਪਰ ਉਹ ਬੈਂਕਾਂ, ਸਹਿਕਾਰੀ ਕਮੇਟੀਆਂ ਅਤੇ ਆੜ੍ਹਤੀਆਂ ਉਤੇ ਨਿਰਭਰ ਹੁੰਦੇ ਚਲੇ ਗਏ। 1980ਵਿਆਂ ਵਿਚ ਉਠੀ ਅਤਿਵਾਦ ਦੀ ਲਹਿਰ ਕਿਸਾਨੀ ਸੰਕਟ ਦਾ ਹੀ ਧਾਰਮਿਕ ਪ੍ਰਗਟਾਓ ਸੀ। ਇਹ ਲਹਿਰ ਕਿਸੇ ਵੀ ਟੀਚੇ 'ਤੇ ਪਹੁੰਚਣ ਦੇ ਸਮਰੱਥ ਨਹੀਂ ਸੀ ਅਤੇ ਇਸ ਦੌਰ ਵਿਚ ਦਹਿਸ਼ਤਗਰਦੀ ਤੇ ਸਰਕਾਰੀ ਤਸ਼ੱਦਦ ਕਾਰਨ ਪੰਜਾਬੀਆਂ ਦਾ ਘਾਣ ਹੋਇਆ। ਹਿੰਸਾ ਨੇ ਇਕ ਹੋਰ ਮੋੜ ਕੱਟਿਆ ਅਤੇ 21ਵੀਂ ਸਦੀ ਵਿਚ ਇਸ ਦਾ ਮੂੰਹ ਆਪਣੇ ਆਪੇ ਵੱਲ ਹੋ ਗਿਆ। ਪੰਜਾਬ ਸਰਕਾਰ ਦੁਆਰਾ ਤਿੰਨ ਯੂਨੀਵਰਸਿਟੀਆਂ ਤੋਂ ਕਰਵਾਏ ਗਏ ਸਰਵੇਖਣ ਦੌਰਾਨ ਇਹ ਪਾਇਆ ਗਿਆ ਕਿ 2000-2015 ਦੌਰਾਨ 16605 ਕਿਸਾਨਾਂ ਅਤੇ ਖੇਤ ਮਜ਼ਦੂਰਾਂ ਨੇ ਖ਼ੁਦਕੁਸ਼ੀ ਕੀਤੀ। ਇਕ ਕਿਸਾਨ ਜਥੇਬੰਦੀ ਦੁਆਰਾ ਇਕੱਠੇ ਕੀਤੇ ਗਏ ਤੱਥਾਂ ਅਨੁਸਾਰ ਪਿਛਲੇ ਦੋ ਮਹੀਨਿਆਂ ਵਿਚ 100 ਕਿਸਾਨਾਂ ਅਤੇ ਖੇਤ ਮਜ਼ਦੂਰਾਂ ਨੇ ਆਤਮ-ਹੱਤਿਆ ਕੀਤੀ ਹੈ। ਸਦੀਆਂ ਤੋਂ ਆਪਣੀ ਹੋਂਦ ਲਈ ਜੱਦੋਜਹਿਦ ਕਰਨ ਵਾਲਾ ਕਿਸਾਨ ਅੱਜ ਦੇ ਨਿਜ਼ਾਮ ਸਾਹਮਣੇ ਨਿਤਾਣਾ ਹੋਇਆ ਖੜ੍ਹਾ ਹੈ। ਇਹ ਪੰਜਾਬ ਦਾ ਆਰਥਿਕ ਨਹੀਂ, ਸਮਾਜਿਕ ਸੰਕਟ ਵੀ ਹੈ।

ਪਿਛਲੇ ਸਾਲ ਕਿਸਾਨ ਜਥੇਬੰਦੀਆਂ ਨੇ ਵੱਡੇ ਅੰਦੋਲਨ ਕਰਕੇ ਕੇਂਦਰੀ ਸਰਕਾਰ ਤੋਂ ਮੰਗ ਕੀਤੀ ਸੀ ਕਿ ਕਿਸਾਨਾਂ ਤੇ ਖੇਤੀ ਦੀਆਂ ਸਮੱਸਿਆਵਾਂ 'ਤੇ ਵਿਚਾਰ ਕਰਨ ਲਈ ਸੰਸਦ ਦਾ ਵਿਸ਼ੇਸ਼ ਇਜਲਾਸ ਬੁਲਾਇਆ ਜਾਏ। ਸਵਾਲ ਇਹ ਪੈਦਾ ਹੁੰਦਾ ਹੈ ਕਿ ਪੰਜਾਬ ਖੇਤੀ ਪ੍ਰਧਾਨ ਸੂਬਾ ਹੈ; ਕੀ ਪੰਜਾਬ ਵਿਧਾਨ ਸਭਾ ਨੂੰ ਕਿਸਾਨੀ ਸੰਕਟ ਦੇ ਵੱਖ ਵੱਖ ਪਹਿਲੂਆਂ ਬਾਰੇ ਵਿਸਥਾਰ ਵਿਚ ਵਿਚਾਰ ਨਹੀਂ ਕਰਨੀ ਚਾਹੀਦੀ? ਕੀ ਪੰਜਾਬ ਦੇ ਸਾਰੇ ਵਿਧਾਇਕਾਂ ਨੂੰ ਇਕੱਠੇ ਹੋ ਕੇ ਕਿਸਾਨੀ ਤੇ ਖੇਤੀ ਸੰਕਟ ਸਬੰਧੀ ਮਤਾ/ਪ੍ਰਸਤਾਵ ਪੇਸ਼ ਕਰਕੇ ਕਿਸਾਨਾਂ ਦੀਆਂ ਮੰਗਾਂ ਕੇਂਦਰੀ ਸਰਕਾਰ ਸਾਹਮਣੇ ਸਮੂਹਿਕ ਤੌਰ 'ਤੇ ਨਹੀਂ ਰੱਖਣੀਆਂ ਚਾਹੀਦੀਆਂ?

ਕਿਸਾਨੀ ਦੇ ਸੰਕਟ ਨਾਲ ਹੀ ਜੁੜਿਆ ਇਕ ਹੋਰ ਗੰਭੀਰ ਮਸਲਾ ਜ਼ਮੀਨ ਹੇਠਲੇ ਪਾਣੀ ਬਾਰੇ ਹੈ। ਕਣਕ ਅਤੇ ਝੋਨੇ ਦੇ ਫਸਲੀ ਚੱਕਰ ਕਾਰਨ ਪੰਜਾਬ ਦੇ 138 ਬਲਾਕਾਂ ਵਿਚੋਂ 109 ਬਲਾਕਾਂ ਵਿਚ ਟਿਊਬਵੈੱਲਾਂ ਰਾਹੀਂ ਉਸ ਮਾਤਰਾ ਤੋਂ ਕਿਤੇ ਵੱਧ ਪਾਣੀ ਕੱਢਿਆ ਜਾਂਦਾ ਹੈ ਜਿੰਨਾ ਬਾਰਸ਼ ਤੇ ਹੋਰ ਸਰੋਤਾਂ ਰਾਹੀਂ ਦੁਬਾਰਾ ਜ਼ਮੀਨ ਵਿਚ ਦਾਖ਼ਲ ਹੁੰਦਾ ਹੈ। ਇਸ ਤਰ੍ਹਾਂ ਸੂਬੇ ਦਾ ਬਹੁਤ ਵੱਡਾ ਹਿੱਸਾ ਬੰਜਰ ਬਣਨ ਵੱਲ ਵਧ ਰਿਹਾ ਹੈ। ਇਸ ਮੁੱਦੇ ਦੀਆਂ ਵੱਖ ਵੱਖ ਪਰਤਾਂ ਵਿਧਾਨ ਸਭਾ ਵਿਚ ਵਿਚਾਰੀਆਂ ਜਾਣੀਆਂ ਚਾਹੀਦੀਆਂ ਹਨ। ਪਿਛਲੇ ਦਿਨੀਂ ਦੇਸ਼ ਦੀ ਸੰਸਦ ਨੇ ਅੰਤਰਰਾਜੀ ਨਦੀ ਜਲ ਵਿਵਾਦ ਸੋਧ ਬਿਲ ਪਾਸ ਕਰ ਦਿੱਤਾ ਹੈ। ਮਾਹਿਰਾਂ ਅਨੁਸਾਰ ਇਹ ਬਿਲ ਦੇਸ਼ ਦੇ ਸੰਘੀ ਢਾਂਚੇ ਨੂੰ ਖ਼ੋਰਾ ਲਾਉਣ ਵਾਲਾ ਹੈ। ਸੰਵਿਧਾਨ ਅਨੁਸਾਰ ਦਰਿਆਈ ਪਾਣੀ ਮੁੱਖ ਤੌਰ 'ਤੇ ਸੂਬਿਆਂ ਦਾ ਵਿਸ਼ਾ ਹੈ। 1956 ਵਿਚ ਬਣੇ ਅੰਤਰਰਾਜੀ ਨਦੀ ਜਲ ਵਿਵਾਦ ਕਾਨੂੰਨ ਅਨੁਸਾਰ ਕੇਂਦਰ ਤਾਂ ਹੀ ਕੋਈ ਟ੍ਰਿਬਿਊਨਲ ਬਣਾਉਂਦਾ ਸੀ ਜੇ ਉਹ ਰਾਜ, ਜਿਨ੍ਹਾਂ ਵਿਚੋਂ ਦਰਿਆ ਲੰਘਦਾ ਹੈ, ਆਪਸੀ ਝਗੜੇ ਨੂੰ ਨਿਪਟਾ ਨਾ ਸਕਣ ਅਤੇ ਕੋਈ ਰਾਜ ਕੇਂਦਰ ਤਕ ਪਹੁੰਚ ਕਰੇ। ਨਵੀਂ ਸੋਧ ਅਨੁਸਾਰ ਕੇਂਦਰੀ ਸਰਕਾਰ ਇਕ ਸਥਾਈ ਟ੍ਰਿਬਿਊਨਲ ਬਣਾਏਗੀ ਜਿਹੜਾ ਵੱਖ ਵੱਖ ਬੈਂਚਾਂ ਰਾਹੀਂ ਰਾਜਾਂ ਵਿਚਲੇ ਦਰਿਆਈ ਪਾਣੀ ਦੇ ਝਗੜਿਆਂ ਨੂੰ ਸੀਮਾਬੱਧ ਸਮੇਂ ਵਿਚ ਨਿਪਟਾਏਗਾ। ਇੱਥੇ ਇਹ ਗੱਲ ਧਿਆਨ ਦੇਣਯੋਗ ਹੈ ਕਿ 1980ਵਿਆਂ ਤੇ 1990ਵਿਆਂ ਵਿਚ ਜਿਸ ਸੰਕਟ ਦਾ ਸਾਹਮਣਾ ਪੰਜਾਬ ਨੇ ਕੀਤਾ, ਉਸ ਦਾ ਮੁੱਢ ਅਕਾਲੀ ਦਲ ਵੱਲੋਂ ਪਾਣੀਆਂ ਦੀ ਵੰਡ ਬਾਰੇ ਲਾਏ ਮੋਰਚੇ ਤੋਂ ਹੀ ਬੱਝਾ ਸੀ। ਵਿਧਾਨ ਸਭਾ ਨੂੰ ਚਾਹੀਦਾ ਹੈ ਕਿ ਇਸ ਸਬੰਧ ਵਿਚ ਪੰਜਾਬ ਦਾ ਸਾਂਝਾ ਪੱਖ ਕੇਂਦਰੀ ਸਰਕਾਰ ਸਾਹਮਣੇ ਰੱਖੇ।



ਪਿਛਲੇ ਦੋ ਦਹਾਕਿਆਂ ਤੋਂ ਵੱਧ ਸਮੇਂ ਦੌਰਾਨ ਨਸ਼ਿਆਂ ਦੇ ਫੈਲਾਓ ਕਾਰਨ ਹਜ਼ਾਰਾਂ ਨੌਜਵਾਨਾਂ ਦੀਆਂ ਜਾਨਾਂ ਗਈਆਂ ਹਨ। ਪਿਛਲੀਆਂ ਵਿਧਾਨ ਸਭਾ ਚੋਣਾਂ ਸਮੇਂ ਕੈਪਟਨ ਅਮਰਿੰਦਰ ਸਿੰਘ ਨੇ ਗੁਟਕਾ ਸਾਹਿਬ ਫੜ ਕੇ ਇਸ ਸੰਕਟ ਨੂੰ ਬਹੁਤ ਥੋੜ੍ਹੇ ਸਮੇਂ ਵਿਚ ਹੱਲ ਕਰਨ ਦੀ ਸਹੁੰ ਖਾਧੀ ਸੀ। ਸਰਕਾਰ ਇਹ ਦਾਅਵਾ ਕਰ ਰਹੀ ਹੈ ਕਿ ਨਸ਼ਾ ਤਸਕਰ ਪੰਜਾਬ ਛੱਡ ਗਏ ਹਨ ਪਰ ਜ਼ਮੀਨੀ ਹਕੀਕਤ ਇਸ ਦਾਅਵੇ ਦੀ ਤਾਈਦ ਨਹੀਂ ਕਰਦੀ। ਨਸ਼ੇ ਦੀ ਜ਼ਿਆਦਾ ਵਰਤੋਂ ਕਾਰਨ ਵੱਡੀ ਗਿਣਤੀ ਵਿਚ ਮੌਤਾਂ ਹੋ ਰਹੀਆਂ ਹਨ ਅਤੇ ਇਸ ਦੇ ਨਾਲ ਨਾਲ ਏਡਜ਼, ਐਚ.ਆਈ.ਵੀ. ਤੇ ਹੈਪੇਟਾਈਟਸ ਵਰਗੀਆਂ ਬਿਮਾਰੀਆਂ ਵੀ ਵਧ ਰਹੀਆਂ ਹਨ। ਪੁਲਿਸ ਨੇ ਬਹੁਤ ਸਾਰੇ ਨਸ਼ਾ ਕਰਨ ਤੇ ਛੋਟੀ ਪੱਧਰ 'ਤੇ ਨਸ਼ਾ ਵੇਚਣ ਵਾਲਿਆਂ ਨੂੰ ਗ੍ਰਿਫਤਾਰ ਕਰਕੇ ਜੇਲ੍ਹਾਂ ਵਿਚ ਡੱਕਿਆ ਹੈ। ਨਸ਼ੇੜੀਆਂ ਨੂੰ ਜੇਲ੍ਹਾਂ ਵਿਚ ਡੱਕ ਕੇ ਇਸ ਸਮੱਸਿਆ ਤੋਂ ਮੁਕਤੀ ਨਹੀਂ ਮਿਲ ਸਕਦੀ। ਇਸ ਸਬੰਧ ਵਿਚ ਸਰਕਾਰ ਤੇ ਸਮਾਜ ਨੂੰ ਇਹ ਸਵੀਕਾਰ ਕਰਨਾ ਜ਼ਰੂਰੀ ਹੈ ਕਿ ਨਸ਼ਾ ਕਰਨ ਵਾਲੇ ਨੌਜਵਾਨ ਬਿਪਤਾ ਵਿਚ ਹਨ ਅਤੇ ਉਨ੍ਹਾਂ ਨੂੰ ਸਹਾਇਤਾ ਦੀ ਜ਼ਰੂਰਤ ਹੈ। ਇਹ ਸਮੱਸਿਆ ਸਿਰਫ ਪੁਲਿਸ ਦੇ ਮਹਿਕਮੇ ਦੀ ਨਹੀਂ; ਇਹ ਸਿਹਤ ਅਤੇ ਸਮਾਜਿਕ ਸੁਰੱਖਿਆ ਦੇ ਵਿਭਾਗਾਂ ਨਾਲ ਜੁੜੀ ਹੋਈ ਹੈ ਅਤੇ ਵਿਧਾਨ ਸਭਾ ਵਿਚ ਇਸ ਬਾਰੇ ਵਿਚਾਰ-ਚਰਚਾ ਕੀਤੀ ਜਾਣੀ ਜ਼ਰੂਰੀ ਹੈ। ਸਿਆਸੀ ਪਾਰਟੀਆਂ ਨੂੰ ਚਾਹੀਦਾ ਹੈ ਕਿ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਪੰਜਾਬ ਦਾ ਸਾਂਝਾ ਏਜੰਡਾ ਬਣਾਉਣ।

ਬੇਰੁਜ਼ਗਾਰੀ, ਰਿਸ਼ਵਤਖੋਰੀ, ਪਰਵਾਸ, ਮਹਿੰਗੀ ਬਿਜਲੀ ਤੇ ਖੇਤ ਮਜ਼ਦੂਰਾਂ ਦੇ ਮਸਲਿਆਂ ਦੇ ਨਾਲ ਨਾਲ ਪੰਜਾਬ ਦੇ ਵੱਖ ਵੱਖ ਇਲਾਕਿਆਂ ਦੀਆਂ ਸਥਾਨਕ ਸਮੱਸਿਆਵਾਂ ਵੀ ਹਨ: ਕਿਤੇ ਬਰਸਾਤਾਂ ਦੌਰਾਨ ਹੜ੍ਹ ਦੀ ਸਮੱਸਿਆ ਹੈ ਅਤੇ ਕਿਤੇ ਖਣਨ ਮਾਫੀਆ ਦੁਆਰਾ ਗੈਰ-ਕਾਨੂੰਨੀ ਤੌਰ 'ਤੇ ਕੱਢੇ ਜਾਂਦੇ ਰੇਤ-ਬਜਰੀ ਦੀ। ਇਥੇ ਇਹ ਸਵਾਲ ਪੁੱਛਣਾ ਵੀ ਬਣਦਾ ਹੈ ਕਿ ਕੀ ਵਿਧਾਇਕਾਂ ਦੇ ਇਲਾਕਿਆਂ ਵਿਚ ਕੋਈ ਅਜਿਹੀ ਸਮੱਸਿਆ ਨਹੀਂ ਜਿਸ ਬਾਰੇ ਉਹ ਸਰਕਾਰ ਤੋਂ ਸਵਾਲ ਪੁੱਛਣਾ ਚਾਹੁੰਦੇ ਹੋਣ? ਹਰ ਵਿਧਾਇਕ ਆਪਣੇ ਇਲਾਕੇ ਦੀ ਨੁਮਾਇੰਦਗੀ ਕਰਦਾ ਹੈ। ਇਲਾਕੇ ਦੇ ਲੋਕ ਇਹ ਆਸ ਰੱਖਦੇ ਹਨ ਕਿ ਉਹ ਜ਼ਿੰਮੇਵਾਰ ਸਿਆਸਤਦਾਨ ਦੀ ਭੂਮਿਕਾ ਨਿਭਾਏਗਾ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਵਿਧਾਨ ਸਭਾ ਵਿਚ ਉਠਾਏਗਾ ਪਰ ਜੇਕਰ ਵਿਧਾਨ ਸਭਾ ਦੀ ਬਿਜਨਸ ਅਡਵਾਇਜ਼ਰੀ ਕਮੇਟੀ ਇਸ ਸਿੱਟੇ 'ਤੇ ਪਹੁੰਚਦੀ ਹੈ ਕਿ ਵਿਧਾਨ ਸਭਾ ਦੇ ਸਾਹਮਣੇ ਕਰਨ ਵਾਲੇ ਕੰਮ ਬਹੁਤ ਸੀਮਤ ਹਨ ਤਾਂ ਪੰਜਾਬ ਦੀ ਸਮੂਹਿਕ ਬੌਧਿਕ ਸਮਰੱਥਾ ਬਾਰੇ ਸਵਾਲ ਉਠਣੇ ਲਾਜ਼ਮੀ ਹਨ।

ਸੂਬੇ ਦੇ ਵਿਧਾਇਕਾਂ ਨੂੰ ਇਸ ਗੱਲ 'ਤੇ ਜ਼ੋਰ ਦੇਣਾ ਚਾਹੀਦਾ ਹੈ ਕਿ ਵਿਧਾਨ ਸਭਾ ਦੇ ਇਜਲਾਸ ਵਿਚ ਪੰਜਾਬ ਦੇ ਮੁੱਖ ਮੁੱਦੇ ਉਭਰ ਕੇ ਸਾਹਮਣੇ ਆਉਣ ਅਤੇ ਬਹੁਤ ਸਾਰੇ ਮੁੱਦਿਆਂ ਉਤੇ ਪਾਰਟੀਆਂ ਇਕਮਤ ਹੋ ਕੇ ਉਨ੍ਹਾਂ ਨੂੰ ਨਜਿੱਠਣ ਲਈ ਆਮ ਰਾਇ ਬਣਾਉਣ। ਜਿਹੜੇ ਮੁੱਦੇ ਕੇਂਦਰ ਸਰਕਾਰ ਨਾਲ ਸਬੰਧਤ ਹਨ, ਉਨ੍ਹਾਂ ਬਾਰੇ ਸਾਰੀਆਂ ਸਿਆਸੀ ਪਾਰਟੀਆਂ ਨੂੰ ਇਕਮੁੱਠ ਹੋ ਕੇ ਪੰਜਾਬ ਦਾ ਪੱਖ ਕੇਂਦਰ ਸਾਹਮਣੇ ਰੱਖਣਾ ਚਾਹੀਦਾ ਹੈ। ਵਿਧਾਨ ਸਭਾ ਵਿਚ ਉਠਾਈ ਗਈ ਆਵਾਜ਼ ਜ਼ਮੀਨੀ ਪੱਧਰ 'ਤੇ ਸੰਘਰਸ਼ ਕਰਦੇ ਤੇ ਗ਼ਰੀਬੀ ਵਿਚ ਪਿਸ ਰਹੇ ਲੋਕਾਂ ਦੀ ਬਾਂਹ ਫੜ ਸਕਦੀ ਹੈ; ਪਰ ਇਹ ਤਾਂ ਹੀ ਹੋ ਸਕਦਾ ਹੈ ਜੇ ਸਾਡੇ ਸਿਆਸਤਦਾਨ ਇਸ ਸਬੰਧੀ ਗੰਭੀਰ ਤੇ ਸੰਵੇਦਨਸ਼ੀਲ ਹੋਣ ਦੇ ਨਾਲ ਨਾਲ ਆਪਣੀਆਂ ਜਮਹੂਰੀ ਜ਼ਿੰਮੇਵਾਰੀਆਂ ਨੂੰ ਪਛਾਣਨ।

# ਭਾਜਪਾ ਅਤੇ ਅਯੁੱਧਿਆ ਦਾ ਮਸਲਾ

**ਅਭੈ ਕੁਮਾਰ ਦੂਬੇ**

ਸੁਪਰੀਮ ਕੋਰਟ ਦੀ ਬਣਾਈ ਵਿਚੋਲਾ ਧਿਰ ਦੇ ਯਤਨਾਂ ਦੀ ਨਾਕਾਮੀ ਪਿਛੋਂ ਹੁਣ ਅਦਾਲਤ ਅਯੁੱਧਿਆ ਮਸਲੇ ਦੀ ਰੋਜ਼ (ਇਸ ਦਾ ਵਿਹਾਰਕ ਮਤਲਬ ਹੈ, ਹਫਤੇ ਵਿਚ ਵੱਧ ਤੋਂ ਵੱਧ ਤਿੰਨ ਦਿਨ) ਸੁਣਵਾਈ ਕਰੇਗੀ। ਕੀ ਫੈਸਲਾ ਹੋਵੇਗਾ, ਕੀ ਨਹੀਂ? ਕੀ ਹੋ ਵੀ ਸਕੇਗਾ, ਕੀ ਮੁੱਖ ਜੱਜ ਆਪਣੇ ਸੇਵਾ-ਮੁਕਤ ਹੋਣ ਤੋਂ ਪਹਿਲਾਂ ਸੁਣਵਾਈ ਖਤਮ ਕਰ ਕੇ ਕਿਸੇ ਨਤੀਜੇ 'ਤੇ ਪਹੁੰਚ ਸਕਣਗੇ? ਜੇ ਕੋਈ ਫੈਸਲਾ ਹੋਇਆ ਵੀ, ਤਾਂ ਕੀ ਉਹ ਹਿੰਦੂ ਤੇ ਮੁਸਲਿਮ ਪੱਖਾਂ ਨੂੰ ਬਰਾਬਰ ਸਵੀਕਾਰ ਹੋਵੇਗਾ? ਭਾਵੇਂ ਉਹ ਕਿਸੇ ਦੇ ਵੀ ਪੱਖ ਜਾਂ ਵਿਰੋਧ ਵਿਚ ਹੋਵੇ, ਮੁਸਲਿਮ ਪੱਖ ਦੇ ਵਕੀਲ ਰਾਜੀਵ ਧਵਨ ਦੀਆਂ ਦਲੀਲਾਂ 'ਤੇ ਜੇ ਗ਼ੌਰ ਕੀਤਾ ਜਾਵੇ ਤਾਂ ਸਾਫ ਲਗਦਾ ਹੈ ਕਿ ਉਹ ਮੁਕੱਦਮੇ ਨੂੰ ਵੱਧ ਤੋਂ ਵੱਧ ਲੰਮਾ ਖਿੱਚਣਾ ਚਾਹੁੰਦੇ ਹਨ। ਜਾਹਰ ਹੈ, ਮੁਸਲਿਮ ਪੱਖ ਵਿਚ ਮੁਕੱਦਮਾ ਜਿੱਤਣ ਦਾ ਆਤਮ-ਵਿਸ਼ਵਾਸ ਨਹੀਂ ਹੈ। ਹਿੰਦੂ ਪੱਖ ਫਟਾਫਟ ਸੁਣਵਾਈ ਕਰ ਕੇ ਇਸ ਮਸਲੇ ਨੂੰ ਆਖਰੀ ਪੜਾਅ ਤੱਕ ਪਹੁੰਚਾਉਣਾ ਚਾਹੁੰਦਾ ਹੈ। ਉਨ੍ਹਾਂ ਦੇ ਲਿਹਾਜ਼ ਨਾਲ ਆਖਰੀ ਪੜਾਅ ਦਾ ਭਾਵ ਹੈ, ਉਨ੍ਹਾਂ ਦੇ ਪੱਖ ਵਿਚ ਫੈਸਲਾ ਆਉਣਾ ਅਤੇ ਫਿਰ ਵਿਵਾਦ ਵਾਲੀ ਜ਼ਮੀਨ 'ਤੇ ਵਿਸ਼ਾਲ ਰਾਮ ਮੰਦਰ ਦਾ ਨਿਰਮਾਣ ਹੋਣਾ।

ਸਵਾਲ ਇਹ ਹੈ ਕਿ ਜੇ ਅਦਾਲਤ ਨੇ ਫੈਸਲਾ ਕੁਝ ਅਜਿਹਾ ਦਿੱਤਾ ਜੋ ਨਾ ਇਧਰ ਦਾ ਹੋਵੇ ਅਤੇ ਨਾ ਹੀ ਉਧਰ ਦਾ, ਸਗੋਂ ਕੁਝ ਵਿਚਕਾਰਲਾ ਹੋਵੇ ਤਾਂ ਹਿੰਦੂ ਪੱਖ ਕੀ ਕਰੇਗਾ? ਇਹ ਸਵਾਲ ਉਠਦਿਆਂ ਹੀ ਸੰਘ ਪਰਿਵਾਰ ਵਿਚ ਇਸ ਸਵਾਲ 'ਤੇ ਮੱਤਭੇਦ ਸਾਹਮਣੇ ਆਉਣ ਲਗਦੇ ਹਨ। ਹਾਲਾਂਕਿ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਬੁਲਾਰੇ ਦੋ ਟੂਕ ਸ਼ਬਦਾਂ ਵਿਚ ਕਹਿੰਦੇ ਹਨ ਕਿ ਕੋਈ ਵਿਚਲਾ ਰਸਤਾ ਸੰਭਵ ਹੀ ਨਹੀਂ ਹੈ। ਅਯੁੱਧਿਆ ਦੇ 'ਸਭਿਆਚਾਰਕ ਭੂਗੋਲ' ਦੇ ਅੰਦਰ ਕੋਈ ਮਸਜਿਦ ਨਹੀਂ ਬਣਨ ਦਿੱਤੀ ਜਾਵੇਗੀ, ਭਾਵੇਂ ਕੁਝ ਵੀ ਹੋ ਜਾਵੇ ਪਰ ਭਾਜਪਾ ਦੇ ਜ਼ਿਆਦਾਤਰ ਬੁਲਾਰੇ ਏਨੀ ਸਖਤ ਭਾਸ਼ਾ ਵਰਤਣ ਤੋਂ ਪਰਹੇਜ਼ ਕਰਦੇ ਹਨ। ਉਹ ਪਾਰਟੀ ਦੀ ਰਾਇ ਦੱਸਣ ਦੀ ਥਾਂ ਆਪਣੀ ਨਿੱਜੀ ਰਾਇ ਦੱਸਦੇ ਨਜ਼ਰ ਆਉਂਦੇ ਹਨ। ਉਹ ਕਹਿੰਦੇ ਹਨ ਕਿ ਜੇ ਹਿੰਦੂ ਪੱਖ ਦੀ ਪਸੰਦ ਵਾਲਾ ਫੈਸਲਾ ਨਹੀਂ ਆਇਆ ਤਾਂ ਸੰਸਦ ਨੂੰ ਕਾਨੂੰਨ ਬਣਾ ਕੇ ਇਨਸਾਫ ਕਰਨਾ ਚਾਹੀਦਾ ਹੈ, ਭਾਵ ਰਾਮ ਮੰਦਰ ਬਣਾਉਣ ਲਈ ਕਾਨੂੰਨ ਬਣਾਉਣਾ ਚਾਹੀਦਾ ਹੈ। ਇਹ 'ਚਾਹੀਦਾ ਹੈ' ਨਾਮੀ ਗੱਲ ਦੱਸਦੀ ਹੈ ਕਿ ਭਾਜਪਾ ਅਤੇ ਮੋਦੀ ਦੀ ਸਰਕਾਰ ਨੇ ਆਪਣੀ ਸਬੰਧਿਤ ਨੀਤੀ ਦਾ ਆਖਰੀ ਸੂਤਰਕਰਨ ਨਹੀਂ ਕੀਤਾ ਹੈ। ਕਿਉਂ? ਮੇਰੇ ਕੋਲ ਇਸ ਦਾ ਜਵਾਬ ਹੈ। ਮੇਰੇ ਵਿਚਾਰ ਨਾਲ ਮੋਦੀ ਦੇ ਜ਼ਮਾਨੇ ਦੀ ਭਾਜਪਾ ਦੇ ਲਈ ਰਾਮ ਜਨਮ ਭੂਮੀ ਦਾ ਮਸਲਾ ਓਨਾ ਅਹਿਮ ਨਹੀਂ ਰਹਿ ਗਿਆ ਹੈ, ਜਿੰਨਾ ਮੋਦੀ ਤੋਂ ਪਹਿਲਾਂ ਦੀ ਭਾਜਪਾ ਲਈ ਸੀ।

ਸੋਚਣ ਵਾਲੀ ਗੱਲ ਇਹ ਹੈ ਕਿ ਜੇ ਮੋਦੀ ਲਈ ਰਾਮ ਮੰਦਰ ਦਾ ਮਸਲਾ ਸਿਆਸੀ ਰੂਪ ਨਾਲ ਮਹੱਤਵਪੂਰਨ ਹੁੰਦਾ ਤਾਂ ਪਿਛਲੇ ਪੰਜ ਸਾਲਾਂ ਵਿਚ ਉਹ ਜਾਂ ਤਾਂ ਇਸ ਦੇ ਨਿਪਟਾਰੇ ਲਈ ਕੁਝ ਕਦਮ ਚੁੱਕਦੇ ਅਤੇ ਜੇ ਇਸ ਨੂੰ ਉਲਝਾਈ ਰੱਖਣ ਵਿਚ ਉਨ੍ਹਾਂ ਦੀ ਕੋਈ ਦਿਲਚਸਪੀ ਹੁੰਦੀ ਤਾਂ ਇਸ ਦੇ ਆਲੇ-ਦੁਆਲੇ ਕਿਸੇ ਨਾ ਕਿਸੇ ਕਿਸਮ ਦੀ ਸਿਆਸੀ ਗੋਲਬੰਦੀ ਕਰਨ ਦਾ ਇਰਾਦਾ ਬਣਾਉਂਦੇ। ਪੂਰਨ ਬਹੁਮਤ ਦੀ ਬਹੁਤ ਹਰਮਨ-ਪਿਆਰੀ ਸਰਕਾਰ ਹੋਣ ਦੇ ਬਾਵਜੂਦ ਉਨ੍ਹਾਂ ਦਾ ਰਿਕਾਰਡ ਦੱਸਦਾ ਹੈ ਕਿ ਨਾ ਸਿਰਫ ਉਨ੍ਹਾਂ ਨੇ ਇਨ੍ਹਾਂ ਦੋਵਾਂ ਵਿਚੋਂ ਕੋਈ ਇਕ ਰਸਤਾ ਅਪਣਾਉਣਾ ਪਸੰਦ ਕੀਤਾ, ਸਗੋਂ ਇਸ ਮਾਮਲੇ ਵਿਚ ਇਕ ਸੋਚੀ-ਸਮਝੀ ਦੂਰੀ ਬਣਾ ਕੇ ਰੱਖੀ। ਪ੍ਰਧਾਨ ਮੰਤਰੀ ਦੇ ਤੌਰ 'ਤੇ ਮੋਦੀ ਨੇ ਪੰਜ ਸਾਲ ਵਿਚ ਇਕ ਵੀ ਵਾਰ ਅਯੁੱਧਿਆ ਵਿਚ ਪੈਰ ਨਹੀਂ ਰੱਖਿਆ। ਚੋਣਾਂ ਲੋਕ ਸਭਾ ਦੀਆਂ ਹੋਣ ਜਾਂ ਵਿਧਾਨ ਸਭਾ ਦੀਆਂ, ਉਹ ਪ੍ਰਚਾਰ ਕਰਨ ਲਈ ਅਯੁੱਧਿਆ ਗਏ ਹੀ ਨਹੀਂ। 2019 ਵਿਚ ਉਨ੍ਹਾਂ ਨੇ ਉਸ ਪਾਸੇ ਦਾ ਰੁਖ ਕੀਤਾ ਵੀ ਤਾਂ 16 ਕਿਲੋਮੀਟਰ ਪਹਿਲਾਂ ਰੁਕ ਗਏ। ਉਨ੍ਹਾਂ ਨੇ ਮਾਇਆ ਬਾਜ਼ਾਰ ਦੀ ਚੋਣ ਰੈਲੀ ਵਿਚ ਇਕ ਘੰਟੇ ਤੱਕ ਭਾਸ਼ਨ ਦਿੱਤਾ ਪਰ ਇਕ ਵਾਰ ਵੀ ਅਯੁੱਧਿਆ ਮਸਲੇ ਦਾ ਜ਼ਿਕਰ ਉਨ੍ਹਾਂ ਦੀ ਜ਼ਬਾਨ 'ਤੇ ਨਹੀਂ ਆਇਆ। ਇਸ ਮੁੱਦੇ ਨਾਲ ਉਨ੍ਹਾਂ ਦਾ ਇਹ ਅਣਐਲਾਨਿਆ ਪਰ ਸਪਸ਼ਟ ਤੌਰ 'ਤੇ ਲਗਾਅ ਨਾ ਹੋਣਾ ਦੱਸ ਰਿਹਾ ਸੀ ਕਿ ਉਹ 2014 ਵਾਂਗ 2019 ਵਿਚ ਵੀ ਬਿਨਾ ਇਸ ਦੇ ਹੀ ਚੋਣ ਜਿੱਤਣਾ ਚਾਹੁੰਦੇ ਹਨ। ਹੁਣ ਉਹ ਲਗਾਤਾਰ ਦੂਜੀ ਵਾਰ ਚੋਣ ਜਿੱਤ ਚੁੱਕੇ ਹਨ ਅਤੇ ਪਹਿਲਾਂ ਤੋਂ ਬਿਹਤਰ ਨਤੀਜੇ ਹਾਸਲ ਕਰ ਚੁੱਕੇ ਹਨ। ਅਜਿਹੇ ਵਿਚ ਉਹ ਸੋਚ ਸਕਦੇ ਹਨ ਕਿ ਅਯੁੱਧਿਆ ਨਾਲ ਉਨ੍ਹਾਂ ਦੀ ਸਿਆਸਤ ਪ੍ਰਭਾਵਿਤ ਕਿਉਂ ਹੋਵੇਗੀ?


ਮੋਦੀ ਦੇ ਇਸ ਦ੍ਰਿਸ਼ਟੀਕੋਣ ਪਿੱਛੇ ਗੁਜਰਾਤ ਦੇ ਮੁੱਖ ਮੰਤਰੀ ਦੇ ਤੌਰ 'ਤੇ ਹੀ ਨਹੀਂ, ਸਗੋਂ ਪ੍ਰਧਾਨ ਮੰਤਰੀ ਦੇ ਤੌਰ 'ਤੇ ਇਕ ਨੇੜਲਾ ਇਤਿਹਾਸ ਹੀ ਹੈ। ਨਾਲ ਹੀ ਇਸ ਦੀ ਇਕ ਵਿਸ਼ਾਲ ਵਿਆਖਿਆ ਵੀ ਕੀਤੀ ਜਾ ਸਕਦੀ ਹੈ। ਮੁੱਖ ਮੰਤਰੀ ਦੇ ਤੌਰ 'ਤੇ ਉਨ੍ਹਾਂ ਨੇ ਸੂਬੇ ਵਿਚ ਸੰਘ ਤੋਂ ਆਉਣ ਵਾਲੇ ਆਦੇਸ਼ਾਂ ਨੂੰ ਮੰਨਣ ਤੋਂ ਲਗਾਤਾਰ ਇਨਕਾਰ ਕੀਤਾ ਅਤੇ ਸ਼ਾਸਨ ਵਿਚ ਸੰਘ ਦੀ ਦਖਲਅੰਦਾਜ਼ੀ ਨੂੰ ਦ੍ਰਿੜ੍ਹਤਾ ਨਾਲ ਹਾਸ਼ੀਏ 'ਤੇ ਰੱਖਿਆ। ਸੰਘ ਅੰਦਰਖਾਤੇ ਉਨ੍ਹਾਂ ਪ੍ਰਤੀ ਕਦੀ ਖੁਸ਼ ਨਹੀਂ ਰਿਹਾ ਅਤੇ ਇਸ ਲਈ ਉਸ ਨੇ 2013 ਵਿਚ ਉਨ੍ਹਾਂ ਨੇ ਪ੍ਰਧਾਨ ਮੰਤਰੀ ਅਹੁਦੇ ਦੇ ਉਮੀਦਵਾਰ ਬਣਨ ਦਾ ਵਿਰੋਧ ਕੀਤਾ। ਮੋਦੀ ਨੇ ਇਹ ਉਮੀਦਵਾਰੀ ਸੰਘ ਦੇ ਸਮਰਥਨ ਨਾਲ ਨਹੀਂ ਸਗੋਂ ਉਨ੍ਹਾਂ ਦੇ ਵਿਰੋਧ ਦੇ ਬਾਵਜੂਦ ਹਾਸਲ ਕੀਤੀ ਸੀ। ਪ੍ਰਧਾਨ ਮੰਤਰੀ ਦੇ ਤੌਰ 'ਤੇ ਉਨ੍ਹਾਂ ਨੇ ਸੰਘ ਵਲੋਂ ਨਜ਼ਰ ਰੱਖਣ ਲਈ ਸਰਕਾਰ ਦੇ ਅੰਦਰ ਮੰਤਰਾਲਿਆਂ ਵਿਚ ਤਾਇਨਾਤ ਕੀਤੇ ਜਾਣ ਵਾਲੇ ਪ੍ਰਚਾਰਕਾਂ-ਕਾਰਕੁਨਾਂ ਦੀ ਗਿਣਤੀ ਅਟਲ ਬਿਹਾਰੀ ਵਾਜਪਾਈ ਦੇ ਜ਼ਮਾਨੇ ਤੋਂ ਕਿਤੇ ਘੱਟ ਕਰ ਦਿੱਤੀ। ਆਪਣੇ ਪਹਿਲੇ ਕਾਰਜਕਾਲ ਦੇ ਅੰਦਰ ਜਦੋਂ ਸੰਘ ਮੁਖੀ ਮੋਹਨ ਭਾਗਵਤ ਨੇ ਉਨ੍ਹਾਂ ਨੂੰ ਅਯੁੱਧਿਆ ਦਾ ਮਸਲਾ ਚੋਣ ਮੁੱਦੇ ਦੇ ਤੌਰ 'ਤੇ ਉਭਾਰਨ ਲਈ ਕਿਹਾ ਤਾਂ ਉਨ੍ਹਾਂ ਨੇ ਇਸ ਤੋਂ ਇਨਕਾਰ ਕਰ ਦਿੱਤਾ। ਸੰਘ ਦੇ ਦਬਾਅ ਦੇ ਬਾਵਜੂਦ ਉਨ੍ਹਾਂ ਨੇ 2019 ਦੇ ਪਹਿਲੇ ਦਿਨ ਇੰਟਰਵਿਊ ਦਿੰਦੇ ਹੋਏ ਸਪਸ਼ਟ ਕਰ ਦਿੱਤਾ ਕਿ ਉਹ ਰਾਮ ਮੰਦਰ ਬਣਾਉਣ ਲਈ ਆਰਡੀਨੈਂਸ ਨਹੀਂ ਲਿਆਉਣਗੇ ਕਿਉਂਕਿ ਇਹ ਮਾਮਲਾ ਅਦਾਲਤ ਵਿਚ ਵਿਚਾਰ ਅਧੀਨ ਹੈ। ਇਸ ਤੋਂ ਪਹਿਲਾਂ ਬਿਹਾਰ ਚੋਣਾਂ ਦੇ ਦੌਰਾਨ ਜਦੋਂ ਭਾਗਵਤ ਨੇ ਮੋਦੀ ਤੋਂ ਸਰਕਾਰ ਤੇ ਸੰਘ ਵਿਚਾਲੇ ਤਾਲਮੇਲ ਬਣਾਉਣ ਦੀ ਗੱਲ ਕੀਤੀ ਤਾਂ ਪ੍ਰਧਾਨ ਮੰਤਰੀ ਦਾ ਸਪਸ਼ਟ ਕਹਿਣਾ ਸੀ ਕਿ ਸੰਘ ਦਾ ਤਾਲਮੇਲ ਪਾਰਟੀ ਦੇ ਨਾਲ ਹੋਵੇਗਾ, ਸਰਕਾਰ ਨਾਲ ਨਹੀਂ।

ਦਰਅਸਲ, ਵਿਆਪਕ ਨਜ਼ਰੀਏ ਤੋਂ ਜੇ ਵੇਖਿਆ ਜਾਵੇ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਅਯੁੱਧਿਆ ਦਾ ਮਸਲਾ ਜਿੰਨੀ ਭੂਮਿਕਾ ਨਿਭਾਅ ਸਕਦਾ ਸੀ, ਨਿਭਾਅ ਚੁੱਕਾ ਹੈ। 90 ਦੇ ਦਹਾਕੇ ਵਿਚ ਇਕ ਵਾਰ ਇਸਤੇਮਾਲ ਕੀਤੇ ਜਾਣ ਤੋਂ ਬਾਅਦ ਮੋਦੀ ਦੇ ਪ੍ਰਧਾਨ ਮੰਤਰੀ ਬਣਨ ਤੱਕ ਇਹ ਸਵਾਲ ਭਾਜਪਾ ਲਈ ਹਮੇਸ਼ਾ ਇਕ ਸੰਭਾਵੀ ਚੋਣ ਮੁੱਦਾ ਰਿਹਾ। ਇਸ ਨੂੰ ਲਗਾਤਾਰ ਧੁਖਾਉਣ ਲਈ ਹਿੰਦੂਆਂ ਦੀ ਸਿਆਸੀ ਏਕਤਾ ਲਈ ਜ਼ਮੀਨ ਬਣਾਈ। ਇਹ ਜ਼ਮੀਨ ਹੁਣ ਸਿਆਸੀ ਫਸਲ ਦੇਣ ਲੱਗੀ ਹੈ। 40 ਤੋਂ 55 ਫੀਸਦੀ (ਕਿਤੇ ਘੱਟ ਕਿਤੇ ਜ਼ਿਆਦਾ) ਲੋਕ ਭਾਜਪਾ ਦੇ ਪੱਖ ਵਿਚ ਵੋਟ ਪਾਉਣ ਲੱਗੇ ਹਨ। ਇਸ ਹਿੰਦੂ ਗੋਲਬੰਦੀ (ਜਿਸ ਵਿਚ ਸਾਰੀਆਂ ਉਚ ਜਾਤਾਂ ਵੱਡੀ ਗਿਣਤੀ ਵਿਚ ਪਛੜੇ ਅਤੇ ਦਲਿਤ ਸ਼ਾਮਿਲ ਹਨ) ਦੇ ਕਾਰਨ ਘੱਟ-ਗਿਣਤੀ ਵੋਟਾਂ ਦਾ ਭਾਜਪਾ ਵਿਰੋਧ ਪ੍ਰਭਾਵ ਖਤਮ ਹੋ ਗਿਆ ਹੈ। ਮੋਦੀ ਦਾ ਇਹ ਮੰਨਣਾ ਹੈ ਕਿ ਉਹ ਮੁਸਲਮਾਨਾਂ ਦੀਆਂ ਸਿਆਸੀ ਦਾਅਵੇਦਾਰੀਆਂ ਨੂੰ ਮੰਦਰ ਦੇ ਮੁੱਦੇ ਤੋਂ ਇਲਾਵਾ ਵੀ ਹੋਰ ਤਰੀਕਿਆਂ ਨਾਲ ਤੋੜ ਸਕਦੇ ਹਨ। ਇਨ੍ਹਾਂ ਵਿਚੋਂ ਇਕ ਤਰੀਕਾ ਹੈ ਤਿੰਨ ਤਲਾਕ ਖਤਮ ਕਰਨ ਵਾਲਾ ਕਾਨੂੰਨ। ਮੋਦੀ ਦੇ ਥੈਲੇ ਵਿਚ ਹੋਰ ਵੀ ਹਿੰਦੂਵਾਦੀ ਤਰਕੀਬਾਂ ਹੋਣਗੀਆਂ, ਜੋ ਹੌਲੀ-ਹੌਲੀ ਸਾਹਮਣੇ ਆਉਣਗੀਆਂ।

ਮੇਰਾ ਵਿਚਾਰ ਤਾਂ ਇਥੋਂ ਤੱਕ ਕਹਿੰਦਾ ਹੈ ਕਿ ਭਾਜਪਾ ਦੀ ਵਰਤਮਾਨ ਸਿਆਸਤ (2014 ਤੋਂ ਹੁਣ ਤੱਕ ਦੀ) ਅਯੁੱਧਿਆ ਕੇਂਦਰਿਤ ਨਹੀਂ ਰਹਿ ਗਈ। ਅਯੁੱਧਿਆ ਵਿਚ ਕੀ ਹੁੰਦਾ ਹੈ, ਇਸ ਦਾ ਮੋਦੀ ਦੇ ਸਿਆਸੀ ਭਵਿਖ 'ਤੇ ਕੋਈ ਖਾਸ ਅਸਰ ਨਹੀਂ ਪੈਣ ਵਾਲਾ। ਗੱਲ ਇਹ ਨਹੀਂ ਹੈ ਕਿ ਮੋਦੀ ਦੀ ਹਿੰਦੂਵਾਦੀ ਸਮਰਪਣ ਭਾਵਨਾ ਵਿਚ ਕੋਈ ਕਮੀ ਆਈ ਹੈ ਜਾਂ ਉਹ ਭਾਰਤ ਨੂੰ ਕੋਈ ਹਿੰਦੂ ਰਾਸ਼ਟਰ ਨਹੀਂ ਬਣਾਉਣਾ ਚਾਹੁੰਦੇ। ਇਹ ਤਾਂ ਸੰਘ ਪਰਿਵਾਰ ਦੀਆਂ ਅੰਦਰਲੀਆਂ ਰਣਨੀਤੀਆਂ ਦਾ ਸੰਘਰਸ਼ ਹੈ। ਇਸ ਦੇ ਇਕ ਸਿਰੇ 'ਤੇ ਮੋਹਨ ਭਾਗਵਤ ਅਤੇ ਦੂਜੇ 'ਤੇ ਮੋਦੀ ਹਨ।

# ਕੈਪਟਨ ਸਰਕਾਰ ਦੀ ਆਨਲਾਈਨ ਤਬਾਦਲਾ ਨੀਤੀ 'ਚ ਵੀ ਘਾਲਾਮਾਲਾ

**ਮੁਹਾਲੀ:** ਸਿੱਖਿਆ ਵਿਭਾਗ ਪੰਜਾਬ ਦੀ ਆਨਲਾਈਨ ਤਬਾਦਲਾ ਨੀਤੀ ਦੀ ਪਹਿਲੇ ਹੀ ਦਿਨ ਫੂਕ ਨਿਕਲ ਗਈ। ਸਿੱਖਿਆ ਮੰਤਰੀ ਤੇ ਸਿੱਖਿਆ ਸਕੱਤਰ ਦੇ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਦੀਆਂ ਬਦਲੀਆਂ ਸਬੰਧੀ ਵਿਭਾਗ ਦੇ ਪਾਰਦਰਸ਼ਤਾ ਦੇ ਦਾਅਵੇ ਖੋਖਲੇ ਸਾਬਤ ਹੋਏ। ਸਿੱਖਿਆ ਵਿਭਾਗ ਵੱਲੋਂ ਆਨਲਾਈਨ ਤਬਾਦਲਾ ਨੀਤੀ ਤਹਿਤ ਅਧਿਆਪਕਾਂ ਦੀਆਂ ਕੀਤੀਆਂ ਬਦਲੀਆਂ ਦੇ ਮਾਮਲੇ ਵਿਚ ਗੜਬੜੀ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ।



ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਜਾਤੜੀ ਦੀ ਪੰਜਾਬੀ ਅਧਿਆਪਕ ਕਮਲਜੀਤ ਕੌਰ ਨੇ ਮੋਹਾਲੀ ਨੇੜਲੇ ਪਿੰਡ ਚਾਚੂਮਾਜਰਾ ਦੇ ਸਰਕਾਰੀ ਸਕੂਲ ਵਿਚ ਆਪਣੀ ਬਦਲੀ ਲਈ ਆਨਲਾਈਨ ਅਪਲਾਈ ਕੀਤਾ ਸੀ। ਉਨ੍ਹਾਂ ਦੀ ਕਾਰਗੁਜ਼ਾਰੀ ਸਬੰਧੀ ਸਕੂਲ ਮੁਖੀ ਵੱਲੋਂ ਪ੍ਰਮੁੱਖਤਾ ਨਾਲ ਤਸਦੀਕ ਕੀਤਾ ਗਿਆ ਸੀ ਤੇ ਉਨ੍ਹਾਂ ਦੇ 134 ਨੰਬਰ ਸਨ ਪਰ ਉਨ੍ਹਾਂ ਨੂੰ ਅੱਖੋਂ-ਪਰੋਖੇ ਕਰ ਕੇ 116 ਨੰਬਰਾਂ ਵਾਲੀ ਸਰਕਾਰੀ ਸਕੂਲ ਝੰਜੇੜੀ ਦੀ ਪੰਜਾਬੀ ਅਧਿਆਪਕਾ ਗੁਰਪ੍ਰੀਤ ਕੌਰ ਨੂੰ ਚਾਚੂਮਾਜਰਾ ਸਕੂਲ ਵਿਚ ਤਾਇਨਾਤ ਕੀਤਾ ਗਿਆ ਹੈ। ਇਸੇ ਤਰ੍ਹਾਂ ਹੋਰਨਾਂ ਸਕੂਲਾਂ ਵਿੱਚ ਵੀ ਅਜਿਹੀਆਂ ਸ਼ਿਕਾਇਤਾਂ ਮਿਲੀਆਂ ਹਨ।

ਉਧਰ, ਸਿੱਖਿਆ ਵਿਭਾਗ ਦੇ ਸੂਤਰ ਦੱਸਦੇ ਹਨ ਕਿ ਉੱਚ ਅਧਿਕਾਰੀਆਂ ਨੇ ਇਹ ਤੈਅ ਕੀਤਾ ਸੀ ਕਿ ਜਿਨ੍ਹਾਂ ਅਧਿਆਪਕਾਂ ਦੀਆਂ ਬਦਲੀਆਂ ਆਨਲਾਈਨ ਕੀਤੀਆਂ ਗਈਆਂ ਹਨ, ਉਨ੍ਹਾਂ ਨੂੰ ਰਿਲੀਵ ਹੋਣ ਲਈ ਪੱਤਰ ਜਾਰੀ ਕੀਤਾ ਜਾਵੇਗਾ ਪਰ ਬਦਲੀਆਂ ਦੀ ਸੂਚੀ ਜਾਰੀ ਹੁੰਦੇ ਹੀ ਅਧਿਆਪਕਾਂ ਨੇ ਨਵੀਆਂ ਥਾਵਾਂ 'ਤੇ ਜੁਆਇਨ ਕਰ ਲਿਆ।

ਇਸ ਸਬੰਧੀ ਸਿੱਖਿਆ ਵਿਭਾਗ ਦੇ ਸਕੱਤਰ ਕ੍ਰਿਸ਼ਨ ਕੁਮਾਰ ਨੇ ਕਿਹਾ ਕਿ ਬੀਤੇ ਦਿਨੀਂ ਆਨਲਾਈਨ 4551 ਅਧਿਆਪਕਾਂ ਦੀਆਂ ਬਦਲੀਆਂ ਕੀਤੀਆਂ ਗਈਆਂ। ਆਨਲਾਈਨ ਬਦਲੀਆਂ ਬਿਲਕੁਲ ਸਹੀ ਤੇ ਪਾਰਦਰਸ਼ੀ ਢੰਗ ਨਾਲ ਹੋਈਆਂ ਹਨ। ਉਨ੍ਹਾਂ ਕਿਹਾ ਕਿ ਸਿੱਖਿਆ ਵਿਭਾਗ ਵੱਲੋਂ ਆਨਲਾਈਨ ਬਦਲੀਆਂ ਸਬੰਧੀ ਪਹੁੰਚੇ ਇਤਰਾਜ਼ ਪੜਤਾਲ ਦੌਰਾਨ ਗਲਤ ਪਾਏ ਗਏ।

### ਪਾਰਦਰਸ਼ਤਾ ਯਕੀਨੀ ਬਣਾਉਣ ਦੇ ਦਾਅਵੇ ਹਵਾ

ਬੀਤੇ ਦਿਨੀਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਨਵੀਂ ਤਬਾਦਲਾ ਨੀਤੀ ਹੇਠ ਅਧਿਆਪਕਾਂ ਦੇ ਤਬਾਦਲੇ ਲਈ ਬਟਨ ਦਬਾਅ ਕੇ ਪਹਿਲੇ ਤਬਾਦਲੇ ਹੁਕਮ ਜਾਰੀ ਕੀਤਾ ਸੀ ਅਤੇ ਇਹ ਦਾਅਵਾ ਕੀਤਾ ਗਿਆ ਸੀ ਇਸ ਨੀਤੀ ਦਾ ਮੁੱਖ ਉਦੇਸ਼ ਤਬਾਦਲਾ ਪ੍ਰਣਾਲੀ ਵਿਚ ਮੁਕੰਮਲ ਪਾਰਦਰਸ਼ਤਾ ਨੂੰ ਯਕੀਨੀ ਬਣਾਉਣਾ ਹੈ।

ਸਕੂਲ ਸਿੱਖਿਆ ਵਿਭਾਗ ਦੀ ਇਸ ਨਵੀਂ ਨੀਤੀ ਨੂੰ ਇਸ ਸਾਲ ਜਨਵਰੀ ਵਿਚ ਪੰਜਾਬ ਕੈਬਨਿਟ ਨੇ ਹਰੀ ਝੰਡੀ ਦਿੱਤੀ ਸੀ ਅਤੇ ਜੂਨ ਵਿਚ ਇਸ ਨੂੰ ਨੋਟੀਫਾਈ ਕੀਤਾ ਗਿਆ ਸੀ। ਇਸ ਨੀਤੀ ਦੇ ਹੇਠ ਹੁਣ ਟੀਚਿੰਗ ਸਟਾਫ ਦੇ ਸਾਰੇ ਤਬਾਦਲੇ ਸਿਰਫ ਆਨਲਾਈਨ ਹੀ ਕੀਤੇ ਜਾਣਗੇ ਅਤੇ ਇਸ ਵਿਚ ਕੋਈ ਵੀ ਮਾਨਵੀ ਦਖਲ-ਅੰਦਾਜ਼ੀ ਨਹੀਂ ਹੋਵੇਗੀ।

# ਪੰਜਾਬ ਦੀਆਂ ਜੇਲ੍ਹਾਂ 'ਚ ਵੱਡੀ ਗਿਣਤੀ ਕੈਦੀ ਆਏ ਏਡਜ਼ ਦੇ ਲਪੇਟੇ ਵਿਚ

**ਚੰਡੀਗੜ੍ਹ:** ਪਿਛਲੇ ਪੰਜ ਸਾਲਾਂ ਤੋਂ ਪੰਜਾਬ 'ਚ ਐਚ.ਆਈ.ਵੀ. ਪੀੜਤਾਂ ਦੀ ਗਿਣਤੀ 'ਚ ਅਥਾਹ ਵਾਧਾ ਹੋ ਰਿਹਾ ਹੈ। ਇਸ ਦਾ ਕਾਰਨ ਪਿਛਲੇ ਦਸ ਪੰਦਰਾਂ ਸਾਲਾਂ ਤੋਂ ਨਸ਼ਿਆਂ ਦੇ ਵਗ ਰਹੇ ਦਰਿਆ ਨੂੰ ਦੱਸਿਆ ਜਾ ਰਿਹਾ ਹੈ, ਕਿਉਂਕਿ ਦੂਸ਼ਿਤ ਸਰਿੰਜਾਂ ਨਾਲ ਲਗਾਏ ਜਾ ਰਹੇ ਨਸ਼ੀਲੇ ਟੀਕਿਆਂ ਕਾਰਨ ਹੁਣ ਐਚ.ਆਈ.ਵੀ. ਵਾਇਰਸ ਤੋਂ ਪੀੜਤ ਮਰੀਜ਼ ਸਾਹਮਣੇ ਆਉਣ ਲੱਗ ਪਏ ਹਨ।

ਪੰਜਾਬ ਰਾਜ ਏਡਜ਼ ਕੰਟਰੋਲ ਸੁਸਾਇਟੀ ਦੇ ਅਧਿਕਾਰੀਆਂ ਮੁਤਾਬਕ ਪਿਛਲੇ ਸਾਲ ਪਹਿਲੀ ਅਪਰੈਲ 2018 ਤੋਂ 31 ਮਾਰਚ 2019 ਤੱਕ ਪੰਜਾਬ ਦੀਆਂ ਜੇਲ੍ਹਾਂ ਵਿਚ 727 ਕੈਦੀਆਂ ਤੇ ਹਵਾਲਾਤੀਆਂ ਦੇ ਐਚ.ਆਈ.ਵੀ. ਪਾਜੀਟਿਵ ਹੋਣ ਦੀ ਪਛਾਣ ਹੋਈ ਹੈ। ਅਧਿਕਾਰੀਆਂ ਨੇ ਦੱਸਿਆ ਕਿ ਜ਼ਿਲ੍ਹਾ ਜੇਲ੍ਹ ਸੰਗਰੂਰ 'ਚ ਵੀ ਇਸ ਸਮੇਂ ਸੱਤ ਵਿਅਕਤੀ ਐਚ.ਆਈ.ਵੀ. ਤੋਂ ਪੀੜਤ ਹਨ ਜਦ 17 ਕਾਲੇ ਪੀਲੀਏ ਤੋਂ ਪੀੜਤ ਹਨ, ਜਿਨ੍ਹਾਂ ਦਾ ਇਲਾਜ ਸਿਹਤ ਵਿਭਾਗ ਵਲੋਂ ਚੱਲ ਰਿਹਾ ਹੈ। ਪਾਜ਼ਿਟਿਵ ਆਏ ਕੈਦੀਆਂ ਤੇ ਹਵਾਲਾਤੀਆਂ ਦਾ ਇਲਾਜ ਕਰਨ ਦੇ ਨਾਲ-ਨਾਲ ਉਨ੍ਹਾਂ 'ਤੇ ਪੂਰੀ ਨਜ਼ਰ ਰੱਖੀ ਜਾਂਦੀ ਹੈ। ਜੇਲ੍ਹ 'ਚ ਹਰ ਪੱਖੋਂ ਸਖਤ ਸੁਰੱਖਿਆ ਪ੍ਰਬੰਧ ਹਨ।

ਸਿਹਤ ਸੇਵਾਵਾਂ 'ਚ ਡਾ. ਬੁੱਧ ਸਾਗਰ ਪ੍ਰਾਜੈਕਟ ਡਾਇਰੈਕਟਰ ਦੀ ਅਗਵਾਈ 'ਚ ਕੰਮ ਕਰ ਰਹੀ ਸੰਸਥਾ ਜਨ ਹਿਤ ਸੁਸਾਇਟੀ ਫ਼ਾਰ ਸੋਸ਼ਲ ਵੈਲਫੇਅਰ ਦੇ ਪ੍ਰਾਜੈਕਟ ਮੈਨੇਜਰ ਬਲਵਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ ਜ਼ਿਲ੍ਹਾ ਜੇਲ੍ਹ ਸੰਗਰੂਰ 'ਚ ਸਾਰੇ ਕੈਦੀਆਂ ਤੇ ਹਵਾਲਾਤੀਆਂ ਦਾ ਐਚ.ਆਈ.ਵੀ. ਤੇ ਵੀ.ਡੀ.ਆਰ.ਐਲ. ਦਾ ਟੈਸਟ ਕਰਵਾਉਣ ਦਾ ਕੰਮ ਮੁਕੰਮਲ ਕਰ ਲਿਆ ਹੈ।

# ਸਿੱਖ ਕਤਲੇਆਮ: ਦਿੱਲੀ ਸਰਕਾਰ ਤੋਂ ਨੌਕਰੀਆਂ ਬਾਰੇ ਰਿਪੋਰਟ ਮੰਗੀ

**ਨਵੀਂ ਦਿੱਲੀ:** ਸਿੱਖ ਕਤਲੇਆਮ ਦੇ ਪੀੜਤਾਂ ਨੂੰ ਨੌਕਰੀਆਂ ਦੇਣ ਦੇ ਮਾਮਲੇ 'ਤੇ ਦਿੱਲੀ ਸਰਕਾਰ ਦੀ ਨੀਅਤ ਸ਼ੱਕੀ ਨਜ਼ਰ ਆ ਰਹੀ ਹੈ। ਇਹ ਪ੍ਰਗਟਾਵਾ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਹਾਈ ਕੋਰਟ ਵਿਚ ਸੁਣਵਾਈ ਦੌਰਾਨ ਦਿੱਲੀ ਸਰਕਾਰ ਵੱਲੋਂ 1984 ਦੇ ਸਿੱਖ ਕਤਲੇਆਮ ਦੇ ਪੀੜਤਾਂ ਦੀਆਂ ਅਰਜ਼ੀਆਂ ਦੀ ਰਿਪੋਰਟ ਪੇਸ਼ ਨਾ ਕੀਤੇ ਜਾਣ ਮਗਰੋਂ ਕੀਤਾ। ਜ਼ਿਕਰਯੋਗ ਹੈ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧ ਕਮੇਟੀ ਨੇ ਸਿੱਖ ਕਤਲੇਆਮ ਦੇ ਪੀੜਤਾਂ ਨੂੰ ਸਰਕਾਰੀ ਨੌਕਰੀਆਂ ਦੇਣ ਬਾਰੇ ਪਟੀਸ਼ਨ ਹਾਈ ਕੋਰਟ 'ਚ ਦਾਖਲ ਕੀਤੀ ਸੀ ਤੇ ਦਿੱਲੀ ਸਰਕਾਰ ਨੇ ਆਪਣੀ ਵੈੱਬਸਾਈਟ 'ਤੇ ਮੰਨਿਆ ਕਿ 1115 ਅਰਜ਼ੀਆਂ ਪਹੁੰਚੀਆਂ ਹਨ ਪਰ ਅਦਾਲਤ ਦੇ ਸਟੇਟਸ ਰਿਪੋਰਟ ਮੰਗਣ 'ਤੇ ਵੀ ਸਰਕਾਰ ਵੱਲੋਂ ਇਸ ਕੇਸ ਨੂੰ ਲਟਕਾਇਆ ਜਾ ਰਿਹਾ ਹੈ।

ਇਸ ਕੇਸ ਦੀ ਸੁਣਵਾਈ ਦੌਰਾਨ ਸਰਕਾਰ ਨੇ ਸਟੇਟਸ ਰਿਪੋਰਟ ਪੇਸ਼ ਨਹੀਂ ਕੀਤੀ ਤੇ ਅਧੂਰੀ ਜਾਣਕਾਰੀ ਅਦਾਲਤ ਨੂੰ ਦੇਣ ਦੀ ਕੋਸ਼ਿਸ਼ ਕੀਤੀ ਗਈ ਜਿਸ ਤੋਂ ਇਹ ਗੱਲ ਬਿਲਕੁਲ ਸਾਫ ਹੋ ਜਾਂਦੀ ਹੈ ਕਿ ਦਿੱਲੀ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਸਿੱਖ ਕਤਲੇਆਮ ਦੇ ਪੀੜਤਾਂ ਦੀ ਭਲਾਈ ਲਈ ਸੁਹਿਰਦ ਨਹੀਂ ਹੈ।

# ਸੁਖਬੀਰ ਦੀ ਲੋਕ ਸਭਾ ਮੈਂਬਰ ਵਜੋਂ ਚੋਣ ਨੂੰ ਚੁਣੌਤੀ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਲੋਕ ਸਭਾ ਮੈਂਬਰ ਵਜੋਂ ਚੋਣ ਨੂੰ ਹਾਈਕੋਰਟ 'ਚ ਚੁਣੌਤੀ ਦਿੱਤੀ ਗਈ ਹੈ। ਘੁਬਾਇਆ ਦੇ ਰਹਿਣ ਵਾਲੇ ਤੇ ਲੋਕ ਸਭਾ ਹਲਕੇ ਫਿਰੋਜ਼ਪੁਰ ਤੋਂ ਆਜ਼ਾਦ ਉਮੀਦਵਾਰ ਕਸ਼ਮੀਰ ਸਿੰਘ ਵਲੋਂ ਦਾਖਲ ਪਟੀਸ਼ਨ 'ਤੇ ਹਾਈਕੋਰਟ ਨੇ ਸੁਖਬੀਰ ਨੂੰ ਨੋਟਿਸ ਜਾਰੀ ਕਰਕੇ ਸੁਣਵਾਈ 29 ਅਗਸਤ 'ਤੇ ਪਾ ਦਿੱਤੀ ਹੈ।



ਪਟੀਸ਼ਨ 'ਚ ਦੋਸ਼ ਲਾਇਆ ਗਿਆ ਹੈ ਕਿ ਸੱਤਵੇਂ ਫੇਜ਼ ਦੌਰਾਨ ਫਿਰੋਜ਼ਪੁਰ ਲੋਕ ਸਭਾ ਹਲਕੇ 'ਚ 19 ਮਈ ਨੂੰ ਹੋਈ ਵੋਟਿੰਗ ਦੌਰਾਨ ਕੁਲ 11 ਲੱਖ 57 ਹਜ਼ਾਰ 142 ਵੋਟਾਂ ਭੁਗਤੀਆਂ ਸੀ, ਜਦੋਂ ਕਿ ਗਿਣਤੀ 11 ਲੱਖ 66 ਹਜ਼ਾਰ 717 ਵੋਟਾਂ ਦੀ ਹੋਈ। ਪਟੀਸ਼ਨਰ ਨੇ ਇਹ ਅੰਕੜਾ ਭਾਰਤ ਦੇ ਚੋਣ ਕਮਿਸ਼ਨ ਦੀ ਵੈੱਬਸਾਈਟ 'ਤੇ ਦਰਜ ਹੋਣ ਦਾ ਹਵਾਲਾ ਦਿੱਤਾ ਹੈ। ਇਹ ਵੀ ਕਿਹਾ ਹੈ ਕਿ ਚੋਣ ਅਮਲੇ ਵਲੋਂ ਫਿਰੋਜ਼ਪੁਰ ਲੋਕ ਸਭਾ ਹਲਕੇ 'ਚ ਪੈਂਦੇ ਨੌਂ ਵਿਧਾਨ ਸਭਾ ਹਲਕਿਆਂ 'ਚ ਹਰੇਕ ਵਿਧਾਨ ਸਭਾ 'ਚ ਘੱਟੋ-ਘੱਟ ਪੰਜ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ (ਈ.ਵੀ.ਐਮ.) ਦੀ ਗਿਣਤੀ ਦਾ ਮਿਲਾਣ ਵੀ.ਵੀ.ਪੈਟ ਪਰਚੀਆਂ ਨਾਲ ਨਹੀਂ ਕਰਵਾਇਆ ਗਿਆ, ਜਦਕਿ ਸੁਪਰੀਮ ਕੋਰਟ ਨੇ ਇਕ ਵਿਧਾਨ ਸਭਾ ਹਲਕੇ 'ਚ ਪੰਜ ਥਾਵਾਂ 'ਤੇ ਵੀ.ਵੀ.ਪੈਟ ਦੇ ਮਿਲਾਨ ਦੀ ਛੋਟ ਦਿੱਤੀ ਸੀ। ਫਿਰੋਜ਼ਪੁਰ ਹਲਕੇ ਦੀ ਚੋਣ ਨੂੰ ਚੁਣੌਤੀ ਦੇਣ ਲਈ ਦਾਖਲ ਇਹ ਪਹਿਲੀ ਪਟੀਸ਼ਨ ਹੈ, ਜਿਸ ਵਿਚ ਵੋਟਾਂ ਦੇ ਅੰਕੜਿਆਂ ਵਿਚ ਫਰਕ ਅਤੇ ਵੀ.ਵੀ.ਪੈਟ ਦੇ ਮਿਲਾਨ ਨਾ ਕਰਵਾਉਣ ਦਾ ਦੋਸ਼ ਲਾਇਆ ਗਿਆ ਹੈ ਤੇ ਹਾਈਕੋਰਟ ਵੱਲੋਂ ਪਟੀਸ਼ਨ 'ਤੇ ਨੋਟਿਸ ਜਾਰੀ ਕਰਕੇ ਜਵਾਬ ਤਲਬ ਕਰ ਲਿਆ ਹੈ।

# ਦੋ ਮਹੀਨਿਆਂ ਵਿਚ 100 ਕਿਸਾਨਾਂ ਅਤੇ ਮਜ਼ਦੂਰਾਂ ਨੇ ਕੀਤੀ ਖੁਦਕੁਸ਼ੀ

**ਚੰਡੀਗੜ੍ਹ:** ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਨੇ ਪਿਛਲੇ ਦੋ ਮਹੀਨਿਆਂ ਦੌਰਾਨ ਕਿਸਾਨਾਂ-ਮਜ਼ਦੂਰਾਂ ਵੱਲੋਂ ਕੀਤੀਆਂ ਗਈਆਂ ਖੁਦਕੁਸ਼ੀਆਂ ਦੀ ਸੂਚੀ ਜਾਰੀ ਕੀਤੀ ਹੈ। ਉਨ੍ਹਾਂ ਦਾਅਵਾ ਕੀਤਾ ਹੈ ਕਿ ਪਿਛਲੇ 60 ਦਿਨਾਂ ਦੌਰਾਨ ਸੂਬੇ ਵਿਚ 100 ਕਿਸਾਨ-ਮਜ਼ਦੂਰ ਮੌਤ ਨੂੰ ਗਲੇ ਲਗਾਉਣ ਲਈ ਮਜਬੂਰ ਹੋਏ ਜਿਨ੍ਹਾਂ ਵਿਚ 74 ਕਿਸਾਨ, 17 ਮਜ਼ਦੂਰ ਅਤੇ 9 ਔਰਤਾਂ ਸ਼ਾਮਲ ਹਨ। ਯੂਨੀਅਨ ਦਾ ਦਾਅਵਾ ਹੈ ਕਿ ਕਾਂਗਰਸ ਸਰਕਾਰ ਦੇ ਹੁਣ ਤੱਕ ਦੇ ਕਾਰਜਕਾਲ ਦੌਰਾਨ 1172 ਕਿਸਾਨ-ਮਜ਼ਦੂਰ ਖੁਦਕੁਸ਼ੀਆਂ ਕਰ ਚੁੱਕੇ ਹਨ। ਉਨ੍ਹਾਂ ਖੁਦਕੁਸ਼ੀਆਂ ਲਈ ਪੰਜਾਬ ਸਰਕਾਰ ਨੂੰ ਬਰਾਬਰ ਦਾ ਜ਼ਿੰਮੇਵਾਰ ਠਹਿਰਾਇਆ ਹੈ।



ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਆਗੂ ਸੁਖਪਾਲ ਸਿੰਘ ਮਾਣਕ ਨੇ ਦਾਅਵਾ ਕੀਤਾ ਕਿ ਸੂਬੇ ਵਿਚ ਪਹਿਲੀ ਜੂਨ ਤੋਂ ਲੈ ਕੇ 31 ਜੁਲਾਈ ਤੱਕ ਲਗਭਗ 100 ਕਿਸਾਨ-ਮਜ਼ਦੂਰ ਖੁਦਕੁਸ਼ੀਆਂ ਲਈ ਮਜਬੂਰ ਹੋਏ ਹਨ। ਉਨ੍ਹਾਂ ਦੱਸਿਆ ਕਿ ਇਹ ਦੋ ਮਹੀਨਿਆਂ ਦਾ ਅੰਕੜਾ ਅਖ਼ਬਾਰਾਂ ਵਿਚ ਪ੍ਰਕਾਸ਼ਿਤ ਖ਼ਬਰਾਂ ਅਨੁਸਾਰ ਹੈ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪ੍ਰਚਾਰ ਦੌਰਾਨ ਕੈਪਟਨ ਅਮਰਿੰਦਰ ਸਿੰਘ ਨੇ ਦਾਅਵਾ ਕੀਤਾ ਸੀ ਕਿ ਉਨ੍ਹਾਂ ਦੇ ਰਾਜ ਵਿਚ ਕੋਈ ਕਿਸਾਨ ਖੁਦਕੁਸ਼ੀ ਨਹੀਂ ਕਰੇਗਾ ਅਤੇ ਸੂਬੇ ਦੇ ਸਾਰੇ ਕਿਸਾਨਾਂ ਦਾ ਕਰਜ਼ਾ ਮੁਆਫ ਕੀਤਾ ਜਾਵੇਗਾ ਪਰ ਕਾਂਗਰਸ ਦੀ ਇਹ ਲਾਰਾ ਲਾਊ ਨੀਤੀ ਕਰਕੇ ਵੱਡੇ ਪੱਧਰ 'ਤੇ ਕਿਸਾਨ ਬੈਂਕਾਂ ਦੇ ਡਿਫਾਲਟਰ ਹੋ ਗਏ ਹਨ ਅਤੇ ਬੈਂਕਾਂ ਵਾਲੇ ਕਿਸਾਨਾਂ ਨੂੰ ਜ਼ਲੀਲ ਕਰ ਰਹੇ ਹਨ।

ਅਜਿਹੀ ਜ਼ਲਾਲਤ ਨਾ ਸਹਾਰਦਿਆਂ ਕਿਸਾਨ ਖੁਦਕੁਸ਼ੀਆਂ ਕਰਨ ਲਈ ਮਜਬੂਰ ਹੋ ਗਏ ਹਨ। ਕਾਂਗਰਸ ਦੇ ਰਾਜ 'ਚ ਸੰਗਰੂਰ ਜ਼ਿਲ੍ਹੇ ਦੇ ਸਭ ਤੋਂ ਵੱਧ 216 ਕਿਸਾਨਾਂ ਨੇ ਖੁਦਕੁਸ਼ੀਆਂ ਕੀਤੀਆਂ। ਦੂਜੇ ਨੰਬਰ 'ਤੇ ਜ਼ਿਲ੍ਹਾ ਬਠਿੰਡਾ ਵਿਚ 170 ਕਿਸਾਨਾਂ ਨੇ ਮੌਤ ਗਲੇ ਲਗਾਈ ਅਤੇ ਮਾਨਸਾ ਜ਼ਿਲ੍ਹੇ 'ਚ 109 ਕਿਸਾਨ ਖੁਦਕੁਸ਼ੀਆਂ ਹੋਈਆਂ ਹਨ।

### ਖੁਦਕੁਸ਼ੀਆਂ ਠੱਲ੍ਹਣ ਲਈ ਕੇਂਦਰ, ਰਾਜਾਂ ਤੇ ਯੂ.ਟੀਜ਼ ਨੂੰ ਨੋਟਿਸ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਦੇਸ਼ ਭਰ ਵਿਚ ਖੁਦਕੁਸ਼ੀਆਂ ਦੇ ਰੁਝਾਨ ਨੂੰ ਠੱਲ੍ਹਣ ਲਈ ਜਨ ਸਿਹਤ ਪ੍ਰੋਗਰਾਮ ਨੂੰ ਅਸਰਦਾਰ ਤਰੀਕੇ ਨਾਲ ਅਮਲ ਵਿਚ ਲਿਆਉਣ ਦੀ ਮੰਗ ਕਰਦੀ ਪਟੀਸ਼ਨ 'ਤੇ ਕੇਂਦਰ, ਸਾਰੇ ਰਾਜਾਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਨੋਟਿਸ ਜਾਰੀ ਕੀਤਾ ਹੈ। ਪਟੀਸ਼ਨਰ ਨੇ ਮੰਗ ਕੀਤੀ ਸੀ ਕਿ ਸਿਖਰਲੀ ਅਦਾਲਤ ਰਾਜਾਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਹਦਾਇਤਾਂ ਜਾਰੀ ਕਰੇ।

# ਪੁਲਿਸ ਨੇ ਤਿਆਰ ਕੀਤੀ ਨਸ਼ੇੜੀਆਂ ਤੇ ਨਸ਼ਾ ਤਸਕਰਾਂ ਦੀ ਸੂਚੀ

**ਚੰਡੀਗੜ੍ਹ:** ਪੰਜਾਬ ਪੁਲਿਸ ਨੇ ਸੂਬੇ ਦੇ ਸਮੂਹ ਪਿੰਡਾਂ ਤੇ ਸ਼ਹਿਰਾਂ ਵਿਚੋਂ ਸਮਗਲਰਾਂ ਤੇ ਨਸ਼ਿਆਂ ਦੀ ਲਤ ਦਾ ਸ਼ਿਕਾਰ ਵਿਅਕਤੀਆਂ ਦੀਆਂ ਸੂਚੀਆਂ ਤਿਆਰ ਕਰ ਲਈਆਂ ਹਨ। ਭਰੋਸੇਯੋਗ ਸੂਤਰਾਂ ਅਨੁਸਾਰ ਇਨ੍ਹਾਂ ਸੂਚੀਆਂ ਦੇ ਆਧਾਰ 'ਤੇ ਹੀ ਤਸਕਰਾਂ ਖਿਲਾਫ ਕਾਰਵਾਈ ਕੀਤੀ ਜਾਵੇਗੀ ਤੇ ਨਸ਼ੇੜੀਆਂ ਦਾ ਇਲਾਜ ਸ਼ੁਰੂ ਕੀਤਾ ਜਾਵੇਗਾ।

ਪੁਲਿਸ ਵੱਲੋਂ ਨਸ਼ੇੜੀਆਂ ਦੇ ਜੋ ਤੱਥ ਇਕੱਤਰ ਕੀਤੇ ਗਏ ਹਨ, ਉਹ ਗਿਣਤੀ ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸਿਜ਼ ਨਵੀਂ ਦਿੱਲੀ (ਏਮਜ਼) ਦੇ ਨੇੜੇ ਤੇੜੇ ਹੀ ਢੁਕਦੀ ਹੈ ਹਾਲਾਂਕਿ ਕਈ ਪੰਚਾਇਤਾਂ ਨੇ ਨਸ਼ੇੜੀਆਂ ਦੀ ਗਿਣਤੀ ਦੱਸਣ ਸਬੰਧੀ ਸੰਕੋਚ ਤੋਂ ਕੰਮ ਵੀ ਲਿਆ ਹੈ। ਦੱਸਣਯੋਗ ਹੈ ਕਿ 'ਏਮਜ਼' ਨੇ ਪੰਜਾਬ ਵਿਚ ਅਫੀਮ ਤੇ ਭੁੱਕੀ ਸਣੇ ਸਮੈਕ ਤੇ ਹੈਰੋਇਨ ਵਰਗੇ ਭਿਆਨਕ ਨਸ਼ਿਆਂ ਦੀ ਲਪੇਟ 'ਚ ਆਏ ਵਿਅਕਤੀਆਂ ਦੀ ਗਿਣਤੀ ਤਕਰੀਬਨ 10 ਲੱਖ ਦੱਸੀ ਹੈ।

ਪੁਲਿਸ ਅਧਿਕਾਰੀਆਂ ਦਾ ਦੱਸਣਾ ਹੈ ਕਿ ਪਿੰਡਾਂ ਤੇ ਕਸਬਿਆਂ ਵਿਚਲੇ ਛੋਟੇ ਤਸਕਰਾਂ ਸਬੰਧੀ ਲੋਕਾਂ ਨੇ ਖੁੱਲ੍ਹ ਕੇ ਦੱਸਿਆ ਹੈ ਪੁਲਿਸ ਸੂਤਰਾਂ ਮੁਤਾਬਕ ਥਾਣਾ ਪੱਧਰ 'ਤੇ ਨਸ਼ੇੜੀਆਂ ਤੇ ਤਸਕਰਾਂ ਦੀ ਸੂਚੀ ਤਿਆਰ ਕਰਨ ਦਾ ਸਿਲਸਿਲਾ 20 ਕੁ ਦਿਨ ਪਹਿਲਾਂ ਆਰੰਭ ਕੀਤਾ ਗਿਆ ਸੀ। ਇਹ ਸਾਰੀਆਂ ਸੂਚੀਆਂ ਜ਼ਿਲ੍ਹਾ ਪੁਲਿਸ ਮੁਖੀਆਂ ਵੱਲੋਂ ਸਮੁੱਚੇ ਜ਼ਿਲ੍ਹਾ ਪੱਧਰ 'ਤੇ ਤਿਆਰ ਕੀਤੀਆਂ ਗਈਆਂ ਹਨ। ਨਸ਼ੇੜੀਆਂ ਅਤੇ ਤਸਕਰਾਂ ਸਬੰਧੀ ਜਾਣਕਾਰੀ ਵਿਸ਼ੇਸ਼ ਟਾਸਕ ਫੋਰਸ ਨਾਲ ਸਬੰਧਤ ਅਧਿਕਾਰੀਆਂ ਨਾਲ ਸਾਂਝੀ ਕੀਤੀ ਗਈ ਹੈ।

ਪੰਜਾਬ ਪੁਲਿਸ ਵੱਲੋਂ ਜ਼ਿਲ੍ਹਾ ਵਾਰ ਸੂਚੀਆਂ ਮੁਤਾਬਕ ਵੱਡੇ ਸ਼ਹਿਰਾਂ ਵਿਚ ਨਸ਼ੇੜੀਆਂ ਦੀ ਗਿਣਤੀ ਜ਼ਿਆਦਾ ਹੈ। ਸਰਹੱਦੀ ਖੇਤਰ ਵਿਚ ਵੀ ਇਹ ਸਮੱਸਿਆ ਭਿਆਨਕ ਰੂਪ ਅਖਤਿਆਰ ਕਰਦੀ ਜਾ ਰਹੀ ਹੈ। ਇਕ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਫਿਰੋਜ਼ਪੁਰ, ਤਰਨ ਤਾਰਨ ਅਤੇ ਅੰਮ੍ਰਿਤਸਰ ਜ਼ਿਲ੍ਹੇ ਵਿਚ ਸਰਹੱਦ ਨਾਲ ਲਗਦੇ ਪਿੰਡਾਂ ਵਿਚ ਗੱਭਰੂ ਭਿਆਨਕ ਨਸ਼ਿਆਂ ਦੀ ਪਕੜ 'ਚ ਆਏ ਹਨ ਤੇ ਸਰਹੱਦੀ ਪਿੰਡਾਂ ਵਿਚ ਮੌਤਾਂ ਵੀ ਜ਼ਿਆਦਾ ਹੋਈਆਂ ਹਨ। ਪੁਲਿਸ ਅਧਿਕਾਰੀਆਂ ਅਨੁਸਾਰ ਨਸ਼ੇ ਦੀ ਓਵਰਡੋਜ਼ ਜਾਂ ਨਸ਼ੇ ਦੀ ਤੋਟ ਨਾਲ ਸਾਲ 2019 ਦੇ ਪਹਿਲੇ ਸੱਤਾਂ ਮਹੀਨਿਆਂ ਦੌਰਾਨ ਹੀ ਹੁਣ ਤੱਕ 150 ਦੇ ਕਰੀਬ ਨੌਜਵਾਨਾਂ ਦੀਆਂ ਮੌਤਾਂ ਹੋ ਚੁੱਕੀਆਂ ਹਨ।

ਇਸੇ ਤਰ੍ਹਾਂ ਸਾਲ 2018 ਵਿਚ 200 ਤੋਂ ਵੱਧ ਨੌਜਵਾਨ ਨਸ਼ਿਆਂ ਕਾਰਨ ਹੀ ਮੌਤ ਦੇ ਮੂੰਹ 'ਚ ਜਾ ਪਏ ਸਨ। ਪੁਲਿਸ ਨੇ ਪਿੰਡਾਂ ਤੇ ਸ਼ਹਿਰਾਂ ਵਿਚ ਮੁਹੱਲਾ ਪੱਧਰ 'ਤੇ ਨਸ਼ੇੜੀਆਂ ਤੇ ਸਮਗਲਰਾਂ ਦੀਆਂ ਸੂਚੀਆਂ ਤਿਆਰ ਕਰਨ ਦਾ ਫੈਸਲਾ ਕੀਤਾ ਹੈ। ਪੰਜਾਬ ਪੁਲਿਸ ਵੱਲੋਂ ਚਲਾਈ ਤਲਾਸ਼ੀ ਮੁਹਿੰਮ ਦੇ ਵੀ ਉਸਾਰੂ ਸਿੱਟੇ ਨਿਕਲਣ ਦਾ ਦਾਅਵਾ ਕੀਤਾ ਜਾ ਰਿਹਾ ਹੈ।


ਪੁਲਿਸ ਅਧਿਕਾਰੀਆਂ ਅਨੁਸਾਰ ਮਾਰਚ 2017 ਤੋਂ ਲੈ ਕੇ ਚਾਰ ਜੁਲਾਈ 2019 ਤੱਕ ਨਸ਼ਾ ਤਸਕਰੀ ਨਾਲ ਸਬੰਧਿਤ 27,706 ਮਾਮਲੇ ਦਰਜ ਕੀਤੇ ਗਏ ਤੇ 33,500 ਤਸਕਰਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

# ਨਿਊ ਯਾਰਕ ’ਚ ਸ਼ਹੀਦ ਊਧਮ ਸਿੰਘ ਦਾ 79ਵਾਂ ਸ਼ਹੀਦੀ ਦਿਹਾੜਾ ਮਨਾਇਆ

**ਰਿਚਮੰਡ ਹਿੱਲ, ਨਿਊ ਯਾਰਕ (ਬਿਊਰੋ):** ਸ਼ਹੀਦ ਊਧਮ ਸਿੰਘ ਸਭਾ ਆਫ ਨਿਊ ਯਾਰਕ (ਇੰਕ.) ਵਲੋਂ ਮਹਾਨ ਸ਼ਹੀਦ ਊਧਮ ਸਿੰਘ ਦਾ 79ਵਾਂ ਸ਼ਹੀਦੀ ਦਿਹਾੜਾ ਲੰਘੀ 4 ਅਗਸਤ ਨੂੰ ਇਥੇ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਵਿਖੇ ਮਨਾਇਆ ਗਿਆ। ਅਖੰਡ ਪਾਠ ਦੇ ਭੋਗ ਉਪਰੰਤ ਹੈਡ ਗ੍ਰੰਥੀ ਗਿਆਨੀ ਭੁਪਿੰਦਰ ਸਿੰਘ ਅਤੇ ਕਥਾਵਾਚਕ ਭਾਈ ਹਰਦੇਵ ਸਿੰਘ ਨੇ ਗੁਰਬਾਣੀ ਦੀ ਵਿਆਖਿਆ ਕੀਤੀ ਤੇ ਸ਼ਹੀਦ ਦੇ ਜੀਵਨ ਬਾਰੇ ਚਾਨਣਾ ਪਾਇਆ। ਭਾਈ ਗੁਰਸੇਵਕ ਸਿੰਘ ਦੇ ਰਾਗੀ ਜਥੇ ਨੇ ਰਸਭਿੰਨਾ ਕੀਰਤਨ ਕੀਤਾ।

ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਦੇ ਪ੍ਰਧਾਨ ਕੁਲਦੀਪ ਸਿੰਘ ਨੇ ਜਿੰਦਾ ਸ਼ਹੀਦ ਭਾਈ ਕਰਮਜੀਤ ਸਿੰਘ ਸੁਨਾਮ, ਜੋ ਸੰਗਤਾਂ ਵਿਚ ਹਾਜ਼ਰ ਸਨ, ਵਲੋਂ 1984 ਦੇ ਕਤਲੇਆਮ ਦਾ ਬਦਲਾ ਲੈਣ ਲਈ ਕੀਤੀ ਕੁਰਬਾਨੀ ਬਾਰੇ ਦੱਸਿਆ।












ਭਾਈ ਕਰਮਜੀਤ ਸਿੰਘ ਸੁਨਾਮ ਨੇ ਸੰਗਤਾਂ ਦੇ ਰੂਬਰੂ ਹੁੰਦਿਆਂ ਦੱਸਿਆ ਕਿ ਕਿਸ ਤਰ੍ਹਾਂ ਉਸ ਨੇ ਰਾਜ ਘਾਟ, ਦਿੱਲੀ ਵਿਖੇ ਹਫਤਾ ਭਰ ਰੁੱਖ ਓਹਲੇ ਲੁਕ ਕੇ ਰਾਜੀਵ ਗਾਂਧੀ ਨੂੰ ਮਾਰਨ ਦਾ ਪਲਾਨ ਬਣਾਇਆ ਸੀ, ਪਰ ਅਸਲਾ ਮਾੜਾ ਹੋਣ ਕਰ ਕੇ ਰਾਜੀਵ ਗਾਂਧੀ ਬਚ ਗਿਆ। ਸ਼ਹੀਦ ਊਧਮ ਸਿੰਘ ਸਭਾ ਅਤੇ ਗੁਰਦੁਆਰਾ ਕਮੇਟੀ ਨੇ ਕਰਮਜੀਤ ਸਿੰਘ ਦਾ ਸਨਮਾਨ ਕੀਤਾ।

ਪ੍ਰਿੰ. ਬਲਬੀਰ ਸਿੰਘ ਨੇ ਸ਼ਹੀਦ ਊਧਮ ਸਿੰਘ ਦੀ ਜੀਵਨੀ ‘ਤੇ ਚਾਨਣਾ ਪਾਇਆ ਅਤੇ ਉਸ ਬਾਰੇ ਕੀਤੀ ਜਾ ਰਹੀ ਖੋਜ ਬਾਰੇ ਦੱਸਿਆ। ‘ਪ੍ਰਭੂ ਆਸਰਾ’ ਅਦਾਰੇ ਦੇ ਭਾਈ ਸ਼ਮਸ਼ੇਰ ਸਿੰਘ ਖਾਲਸਾ ਨੇ ਅਦਾਰੇ ਵਲੋਂ ਵਿਸਾਰੇ ਅਤੇ ਲਾਚਾਰ ਵਿਅਕਤੀਆਂ ਦੀ ਕੀਤੀ ਜਾ ਰਹੀ ਸੇਵਾ ਬਾਰੇ ਦੱਸਿਆ ਅਤੇ ਆਰਥਕ ਮਦਦ ਦੀ ਮੰਗ ਦੀ ਗੁਹਾਰ ਲਾਈ।

ਪ੍ਰੋਗਰਾਮ ਕੁਝ ਲੇਟ ਚੱਲ ਰਿਹਾ ਸੀ ਪਰ ਅੰਤ ਵਿਚ ਪ੍ਰਿਤਪਾਲ ਸਿੰਘ ਬੈਂਸ ਦੇ ਢਾਡੀ ਜਥੇ ਨੇ ਸੰਗਤਾਂ ਨੂੰ ਬੰਨ ਕੇ ਬਿਠਾ ਲਿਆ। ਉਨ੍ਹਾਂ ਨੇ ਸ਼ਹੀਦ ਦੀ ਜੀਵਨੀ ਬਾਰੇ ਵਿਸਥਾਰ ਨਾਲ ਦੱਸਿਆ ਅਤੇ ਬਹੁਤ ਹੀ ਜੋਸ਼ੀਲੀਆਂ ਵਾਰਾਂ ਗਾ ਕੇ ਸੰਗਤਾਂ ਵਿਚ ਜੋਸ਼ ਭਰ ਦਿੱਤਾ।

ਅੰਤ ਵਿਚ ਸਭਾ ਦੇ ਸਕੱਤਰ ਮਾਸਟਰ ਫੁੰਮਣ ਸਿੰਘ ਨੇ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ, ਬੁਲਾਰਿਆਂ, ਜਥੇਬੰਦੀਆਂ ਅਤੇ ਸੰਗਤਾਂ ਦਾ ਪ੍ਰੋਗਰਾਮ ‘ਚ ਸਹਿਯੋਗ ਦੇਣ ਲਈ ਧੰਨਵਾਦ ਕੀਤਾ।

ਸਭਾ ਦੇ ਪ੍ਰਧਾਨ ਜਸਵੰਤ ਸਿੰਘ ਜੱਸਾ ਨੇ ਸਭਾ ਦੇ ਹੋਰਨਾਂ ਮੈਂਬਰਾਂ ਤੇ ਅਹੁਦੇਦਾਰਾਂ-ਮੀਤ ਪ੍ਰਧਾਨ ਜਗੀਰ ਸਿੰਘ, ਸਰਪ੍ਰਸਤ ਸਵਿੰਦਰ ਸਿੰਘ ਜੋਸਨ, ਪ੍ਰੀਤਮ ਸਿੰਘ, ਦੇਵਿੰਦਰ ਸਿੰਘ ਲਾਲੀ, ਮਨਦੀਪ ਸਿੰਘ (ਵੁਡਹੈਵਨ ਰੈਸਟੋਰੈਂਟ), ਰਾਜਿੰਦਰ ਸਿੰਘ, ਭਜਨ ਸਿੰਘ (ਟਨਲ ਟਾਇਰ ਸਰਵਿਸ, ਨਿਊ ਜਰਸੀ), ਗੁਰਮੀਤ ਸਿੰਘ ਤੇ ਭਰਾ, ਪਰਮਜੀਤ ਸਿੰਘ ਜੋਸਨ (ਆਪਣਾ ਬਾਜ਼ਾਰ) ਅਤੇ ਹੋਰ ਸਭ ਸਹਿਯੋਗੀਆਂ ਦਾ ਧੰਨਵਾਦ ਕੀਤਾ। ਸੁਨਾਮ ਦੇ ਨੌਜਵਾਨਾਂ ਦਾ ਸਟਾਲ ਲਾਉਣ ਅਤੇ ਸਹਿਯੋਗ ਲਈ ਮੋਮੈਂਟੋ ਦੇ ਕੇ ਸਨਮਾਨ ਕੀਤਾ ਗਿਆ।

ਸਭਾ ਨੇ ਇਕ ਪ੍ਰੈਸ ਬਿਆਨ ਵਿਚ ਕਿਹਾ ਹੈ ਕਿ ਪੰਜਾਬ ਸੂਰਮਿਆਂ ਦੀ ਧਰਤੀ ਹੈ। ਇਨ੍ਹਾਂ ਨੇ ਦੇਸ਼ ਅਤੇ ਕੌਮ ਵਾਸਤੇ ਬਹੁਤ ਕੁਰਬਾਨੀਆਂ ਕੀਤੀਆਂ। 13 ਅਪਰੈਲ 1919 ਨੂੰ ਅੰਮ੍ਰਿਤਸਰ ਜੱਲ੍ਹਿਆਂਵਾਲਾ ਬਾਗ ਵਿਖੇ ਵਿਸਾਖੀ ਵਾਲੇ ਦਿਨ ਜਨਰਲ ਓਡਵਾਇਰ ਨੇ ਨਿਰਦੋਸ਼ ਭਾਰਤੀਆਂ ਉਤੇ ਗੋਲੀਆਂ ਦਾ ਮੀਂਹ ਵਰ੍ਹਾ ਕੇ ਸੈਂਕੜੇ ਭਾਰਤੀਆਂ ਦਾ ਕਤਲੇਆਮ ਕੀਤਾ। ਇਸ ਕਤਲੇਆਮ ਦਾ ਬਦਲਾ ਲੈਣ ਲਈ ਸ. ਊਧਮ ਸਿੰਘ ਨੇ ਇੰਗਲੈਂਡ ਪਹੁੰਚ ਕੇ ਜਨਰਲ ਓਡਵਾਇਰ ਨੂੰ ਗੋਲੀਆਂ ਮਾਰ ਕੇ ਜੱਲ੍ਹਿਆਂਵਾਲੇ ਬਾਗ ਦੇ ਖੂਨੀ ਸਾਕੇ ਦਾ ਬਦਲਾ ਲਿਆ ਅਤੇ ਪੰਜਾਬੀਆਂ ਦੀ ਅਣਖ ਨੂੰ ਉਚਾ ਕੀਤਾ। ਸ. ਉਧਮ ਸਿੰਘ ਉਤੇ ਕਤਲ ਦਾ ਮੁਕੱਦਮਾ ਚੱਲਿਆ ਅਤੇ ਉਸ ਨੂੰ 31 ਜੁਲਾਈ 1940 ਨੂੰ ਫਾਂਸੀ ਦੇ ਦਿੱਤੀ ਗਈ।








# ਪਰਵਾਸੀ ਪੰਜਾਬੀਆਂ ਵਲੋਂ ‘ਮੇਰਾ ਪਿੰਡ’ ਮੁਹਿੰਮ

ਫਰੈਂਡਜ਼ ਆਫ ਪੰਜਾਬ ਫਾਊਂਡੇਸ਼ਨ, ਪੰਜਾਬ ਦੇ ਪਿੰਡਾਂ ਵਿਚ ਲੋੜਵੰਦਾਂ ਦੀ ਮਦਦ ਲਈ ਵਿਸ਼ੇਸ਼ ਮੁਹਿੰਮ ਚਲਾ ਰਹੀ ਹੈ, ਜਿਸ ਤਹਿਤ ਪਿੰਡ ਦੇ ਲੋੜਵੰਦ ਪਰਿਵਾਰਾਂ ਦੇ ਵਿਦਿਆਰਥੀਆਂ, ਵਿਧਵਾਵਾਂ, ਔਲਾਦ ਵਿਹੂਣੇ ਬਜੁਰਗਾਂ ਅਤੇ ਅੰਗਹੀਣਾਂ ਨੂੰ ਮਹੀਨੇਵਾਰ ਮਦਦ ਦਿੱਤੀ ਜਾ ਰਹੀ ਹੈ। ਪੰਜਾਬ ਦੇ ਕਰੀਬ 40 ਪਿੰਡਾਂ ਵਿਚ ਇਹ ਮੁਹਿੰਮ ਚਲ ਰਹੀ ਹੈ ਅਤੇ ਹੋਰ ਪਿੰਡਾਂ ਲਈ ਯੋਜਨਾ ਘੜੀ ਜਾ ਰਹੀ ਹੈ।

ਇਸ ਤੋਂ ਇਲਾਵਾ ਸਮੁੱਚੇ ਭਾਈਚਾਰੇ ਨੂੰ ਫਾਇਦਾ ਪਹੁੰਚਾਉਣ ਲਈ ਇਕ ਹੋਰ ਕਾਰਜ ਤਹਿਤ ਕੰਮ ਚਲ ਰਿਹਾ ਹੈ। ਇਸ ਪ੍ਰਾਜੈਕਟ ਤਹਿਤ ਕਾਰਜ ਇਸ ਪ੍ਰਕਾਰ ਹਨ:

ਪਿੰਡ ਵਿਚ ਕੰਪਿਊਟਰ ਲੈਬ: ਪਿੰਡਾਂ ਦੇ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਲਈ ਉਚੇਚੀ ਸਿੱਖਿਆ ਦਿੱਤੀ ਜਾ ਰਹੀ ਹੈ ਤਾਂ ਕਿ ਉਹ ਆਪਣੇ ਪਰਿਵਾਰਾਂ ਨੂੰ ਗਰੀਬੀ ਦੀ ਜਕੜ ਤੋਂ ਮੁਕਤ ਕਰਵਾ ਸਕਣ। ਇਕ ਪਰਵਾਸੀ ਪਰਿਵਾਰ ਦੇ ਘਰ ਨੂੰ ਇੰਟਰਨੈਟ ਕੁਨੈਕਸ਼ਨ ਨਾਲ ਜੋੜਿਆ ਗਿਆ ਹੈ। ਕੁਝ ਹਫਤਿਆਂ ਵਿਚ ਹੀ ਮੁਫਤ ਪਾਸਵਰਡ ਵਾਲਾ ਵਾਈਫਾਈ ਸਿਗਨਲ ਸਾਰੇ ਪਿੰਡ ਲਈ ਚਾਲੂ ਕਰ ਦਿੱਤਾ ਜਾਵੇਗਾ। ਇਸ ਘਰ ਵਿਚ ਇਕ ਅਜਿਹਾ ਵੱਡਾ ਕਮਰਾ ਵੀ ਤਿਆਰ ਕੀਤਾ ਜਾ ਰਿਹਾ ਹੈ, ਜੋ ਲੈਪਟਾਪ ਆਦਿ ਚਲਾਉਣ ਲਈ ਵਰਤਿਆ ਜਾ ਸਕੇਗਾ। ਇਹ ਫਾਊਂਡੇਸ਼ਨ ਦੀ ਪਹਿਲੀ ਕੰਪਿਊਟਰ ਲੈਬ ਹੋਵੇਗੀ। ਇਸੇ ਦੌਰਾਨ ਡਿਜੀਟਲ ਡਿਜਾਈਨ ਹੁਨਰ ਸਿਖਾਉਣ ਲਈ ਪਹਿਲੀ ਕਲਾਸ ਅਰੰਭ ਕੀਤੀ ਜਾਵੇਗੀ। 45 ਦਿਨ ਦੀ ਸਿਖਲਾਈ ਤੋਂ ਬਾਅਦ ਇਸ ਸਿਖਲਾਈ ਵਿਚ ਹਿੱਸਾ ਲੈਣ ਵਾਲਿਆਂ ਨੂੰ ਡਿਜੀਟਲ ਡਿਜ਼ਾਈਨਰਾਂ ਵਜੋਂ ਸਰਟੀਫਿਕੇਟ ਦਿੱਤੇ ਜਾਣਗੇ। ਸੰਸਥਾ ਨਾਲ ਅਮਰੀਕਾ ਤੇ ਕੈਨੇਡਾ ਤੋਂ ਜੁੜੇ ਸਾਥੀ ਇਸ ਸਬੰਧੀ ਕਾਰੋਬਾਰ ਲੱਭਣ ਲਈ ਪਹਿਲਾਂ ਹੀ ਕਾਰਜਸ਼ੀਲ ਹਨ।



*ਫਰੈਂਡਜ਼ ਆਫ ਪੰਜਾਬ ਦੇ ਇਕ ਐਨ. ਆਰ. ਆਈ. ਸਹਿਯੋਗੀ ਦੀ ਬੇਟੀ ਪੰਜਾਬ ਦੇ ਇਕ ਪਿੰਡ ਵਿਚ ਗਰੀਬ ਲੋਕਾਂ ਨੂੰ ਨਕਦ ਮਦਦ ਦਿੰਦੀ ਹੋਈ*

ਜਲ ਸੰਭਾਲ ਲਈ ਟੋਆ: ਪੰਜਾਬ ਪਾਣੀ ਦੀ ਸਮੱਸਿਆ ਨਾਲ ਨਜਿਠਣ ਲਈ ਵੀ ਇਕ ਯੋਜਨਾ ਤਿਆਰ ਕੀਤੀ ਗਈ ਹੈ। ਅਪਨਾਏ ਗਏ ਇਕ ਪਿੰਡ ਵਿਚ ਪਾਣੀ ਦੀ ਸੰਭਾਲ ਲਈ ਟੋਆ ਪ੍ਰਾਜੈਕਟ ਤਿਆਰ ਕੀਤਾ ਜਾ ਰਿਹਾ ਹੈ। ਇਹ ਘਰ ਵਿਚ ਜਲ ਸੰਭਾਲ ਲਈ ਪੁਟਿਆ ਟੋਆ ਹੋਵੇਗਾ। ਗੁਸਲਖਾਨੇ ਤੇ ਮੀਂਹ ਦਾ ਪਾਣੀ ਅਤੇ ਵਰਤਿਆ ਗਿਆ ਹੋਰ ਪਾਣੀ ਸਿੱਧਾ ਇਸ ਸੋਕ ਪਿੱਟ (ਟੋਏ) ਵਿਚ ਜਾਵੇਗਾ।

ਸਿਹਤ ਅਤੇ ਵਾਤਾਵਰਨ: ਮੋਰਿੰਗਾ (ਸੁਹਾਂਜਣਾ) ਦੀ ਨਰਸਰੀ ਤਿਆਰ ਕੀਤੀ ਜਾਵੇਗੀ ਤਾਂ ਕਿ ਗੁਰੂ ਨਾਨਕ ਦੇਵ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਬਹੁਤ ਸਾਰੇ ਪਿੰਡਾਂ ਵਿਚ ਦੋ-ਦੋ ਪੌਦੇ ਲਾਏ ਜਾ ਸਕਣ। ਇਸ ਪੌਦੇ ਦਾ ਹਰ ਹਿੱਸਾ ਬਹੁਤ ਪੌਸ਼ਟਿਕ ਤੱਤਾਂ ਨਾਲ ਭਰਪੂਰ ਹੁੰਦਾ ਹੈ। ਇਸ ਸਬੰਧੀ ਜਾਣਕਾਰੀ ‘ਗੂਗਲ ਮੋਰਿੰਗਾ’ ਤੋਂ ਲਈ ਜਾ ਸਕਦੀ ਹੈ। ਇਹ ਪੌਦਾ ਹਵਾ ਨੂੰ ਵੀ ਸਾਫ ਕਰਦਾ ਹੈ। ਫਾਊਂਡੇਸ਼ਨ ਖਰੀਦਦਾਰੀ ਲਈ ਪਲਾਸਟਿਕ ਦੀ ਥਾਂ ਕੱਪੜੇ ਦੇ ਥੈਲੇ ਵੰਡਣ ਨੂੰ ਵੀ ਤਰਜੀਹ ਦੇਵੇਗੀ।

ਜ਼ਿਕਰਯੋਗ ਹੈ ਕਿ ਕੰਪਿਊਟਰ ਲੈਬ ਅਤੇ ਜਲ ਸੰਭਾਲ ਸਕੀਮਾਂ ਦਾ ਕਰੀਬ 95 ਫੀਸਦ ਖਰਚਾ ਕੇਂਦਰੀ ਸਰਕਾਰ ਦੀਆਂ ਸਕੀਮਾਂ ਤਹਿਤ ਮਿਲਦਾ ਹੈ। ਇਸ ਸੇਵਾ ਵਿਚ ਹਿੱਸਾ ਪਾਉਣ ਲਈ ਭੁਪਿੰਦਰ ਸਿੰਘ ਹੁੰਦਲ ਨਾਲ ਫੋਨ: 603-802-2179 ਜਾਂ ਵੈੱਬਸਾਈਟ ‘ਤੇ ਸੰਪਰਕ ਕੀਤਾ ਜਾ ਸਕਦਾ ਹੈ:

www.friendsofpunjabfoundation.org

# ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸ਼ਿਕਾਗੋ

## ਸ਼ਿਕਾਗੋ ਕਬੱਡੀ ਕੱਪ ਤੇ ਵਾਲੀਬਾਲ ਮੁਕਾਬਲੇ

ਨਾਮੀ ਕਬੱਡੀ ਟੀਮਾਂ ਦੇ ਮੁਕਾਬਲੇ ਹੋਣਗੇ

**24 ਅਗਸਤ 2019**

ਸਥਾਨ: ਬਸੀ ਵੁੱਡਜ਼, ਐਲਕ ਗਰੋਵ ਵਿਲੇਜ

ਬੱਚਿਆਂ ਦੀਆਂ ਖੇਡਾਂ ਕਰਵਾਈਆਂ ਜਾਣਗੀਆਂ, ਹਿੱਸਾ ਲੈਣ ਵਾਲੇ ਬੱਚਿਆਂ ਨੂੰ ਮੈਡਲ ਦਿੱਤਾ ਜਾਵੇਗਾ

ਪ੍ਰਸਿੱਧ ਗਾਇਕ ਸੁਰਜੀਤ ਖਾਨ ਤੇ ਮਿਸ ਪੂਜਾ ਖੁੱਲ੍ਹਾ ਅਖਾੜਾ ਲਾਉਣਗੇ



ਸੁਰਜੀਤ ਖਾਨ ਮਿਸ ਪੂਜਾ



ਵਾਲੀਬਾਲ ਦੇ ਇਨਾਮ ਢੀਂਡਸਾ ਪਰਿਵਾਰ ਵਲੋਂ ਸਵਰਗੀ ਮਿਹਰ ਸਿੰਘ ਢੀਂਡਸਾ ਦੀ ਯਾਦ 'ਚ

ਚੇਅਰਮੈਨ ਪ੍ਰਧਾਨ ਮੀਤ ਪ੍ਰਧਾਨ



ਹਰਦੀਪ ਸਿੰਘ ਭੱਟੀ ਜਿੰਦਰ ਬੈਨੀਪਾਲ ਕਾਬਲ ਸਿੰਘ ਭੁੱਲਰ

### ਸਾਬਕਾ ਚੇਅਰਮੈਨ



ਗੁਰਬਚਨ ਸਿੰਘ ਪੱਪੂ, ਪਰਮਿੰਦਰ ਸਿੰਘ ਗਰੇਵਾਲ, ਰਣਬੀਰ ਸਿੰਘ ਧਾਲੀਵਾਲ, ਹਰਇੰਦਰਜੀਤ ਧਾਲੀਵਾਲ, ਬਲਦੇਵ ਸਿੰਘ ਸੱਲ੍ਹਾਂ, ਗੁਰਮੀਤ ਸਿੰਘ ਸੱਲ੍ਹਾਂ, ਸਰਬਜੀਤ ਸਿੰਘ ਸੱਲ੍ਹਾਂ, ਦੀਦਾਰ ਸਿੰਘ ਧਨੋਆ, ਅਮਰਜੀਤ ਸਿੰਘ ਢੀਂਡਸਾ

ਖਾਣ-ਪੀਣ ਦਾ ਖੁੱਲ੍ਹਾ ਪ੍ਰਬੰਧ
ਮੁਫਤ ਪਾਰਕਿੰਗ
ਬੀਬੀਆਂ ਲਈ ਫਰੀ ਮਹਿੰਦੀ
ਰੱਸਾਕਸ਼ੀ ਦੇ ਮੁਕਾਬਲੇ ਵੀ ਹੋਣਗੇ
ਗਾਇਕ ਸੁਰਜੀਤ ਖਾਨ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਜਾਵੇਗਾ


### ਕਲੱਬ ਮੈਂਬਰ



ਬਲਜਿੰਦਰ ਨੀਲੋਂ, ਬਲਜੀਤ ਟਿਵਾਣਾ, ਦੀਪਇੰਦਰ ਵਿਰਕ, ਗਗਨ ਬਾਜਵਾ, ਗੋਲਡੀ ਲਾਲੀ, ਗੋਗਾ ਘੁਮਾਣ, ਸੁਖਰਾਜ ਸਿੰਘ ਤੱਖਰ, ਧਰਮਿੰਦਰ ਜਸਵਾਲ, ਹਨੀ ਖੰਗੂੜਾ, ਹਰਪ੍ਰੀਤ ਗਿੱਲ, ਹਰਬੰਤ ਗਰੇਵਾਲ, ਹਰਜਿੰਦਰ ਸਮਰਾ



ਇੰਦਰਜੀਤ ਸਿੰਘ, ਜਗਜੀਤ ਨਾਹਲ, ਜੰਗੀ ਬੋਲੀਨਾ, ਜਸਪ੍ਰੀਤ ਮਠਾੜੂ, ਜਿੰਦੀ ਖੰਗੂੜਾ, ਜੋਧ ਸਿੰਘ ਸਿੱਧੂ, ਜਸਵਿੰਦਰ ਗਿੱਲ, ਜੱਸੀ ਸਹੋਤਾ, ਜੋਤੀ ਸਹੋਤਾ, ਕਾਲਾ ਪੱਡਾ, ਕਮਲਜੀਤ ਘੁਮਾਣ, ਕੁਲਵਿੰਦਰ ਨੀਲੋਂ



ਲਖਵਿੰਦਰ ਬਿਹਾਰੀਪੁਰੀਆ, ਮਨਜੀਤ ਸਿੰਘ, ਮਨਮੋਹਨ ਸਿੰਘ ਭੱਠਲ, ਮਿੰਦਰ ਭੱਠਲ, ਨੰਨਾ ਸਹੋਤਾ, ਓਂਕਾਰ ਸਹੋਤਾ, ਪਰਮਿੰਦਰ ਸਿੰਘ, ਪਿੰਦੀ ਛੀਨਾ, ਰਾਜਾ ਤੱਲ੍ਹਣ, ਰਾਣਾ ਭੰਡਾਲ, ਰਾਣਾ ਗਾਖਲ, ਹਰਕਮਲਦੀਪ ਸਿੰਘ



ਸ਼ੇਰਾ ਖਾਂਬੜਾ, ਸੁਰਿੰਦਰ ਭੱਟੀ, ਸੋਨੂੰ ਸਹੋਤਾ, ਸੁਰਜੀਤ ਸਿੰਘ ਡੀ ਸੀ, ਵਿੱਕੀ ਸ਼ੰਮੀਪੁਰੀਆ, ਯਾਦਵਿੰਦਰ ਗਿੱਲ, ਜਗਦੀਸ਼ ਸੰਧੂ, ਸੁਖਦੀਪ ਸਿੰਘ, ਗੁਰਪਾਲ ਸੰਧੂ, ਗੁਰਜੀਤ ਸੰਧੂ, ਰਾਜਵੀਰ ਟਾਂਡੀ

**ਹੋਰ ਜਾਣਕਾਰੀ ਲਈ ਸੰਪਰਕ ਕਰੋ**

ਵਿੱਕੀ ਸ਼ੰਮੀਪੁਰੀਆ 215-917-9885
ਬਲਜੀਤ ਟਿਵਾਣਾ 773-469-9384
ਰਾਣਾ ਭੰਡਾਲ 847-778-7519
ਜਿੰਦੀ ਖੰਗੂੜਾ 847-529-1464
ਜੋਧ ਸਿੰਘ ਸਿੱਧੂ 630-669-7175
ਓਂਕਾਰ ਸਹੋਤਾ 708-745-1815
ਕਾਬਲ ਸਿੰਘ ਭੁੱਲਰ 847-732-9813
ਰਾਜਾ ਤੱਲ੍ਹਣ 608-566-6655
ਜੱਸੀ ਗਿੱਲ 773-759-0433

## ਮੁੱਖ ਮਹਿਮਾਨ



ਦਰਸ਼ਨ ਸਿੰਘ ਧਾਲੀਵਾਲ

## ਕਬੱਡੀ ਦਾ ਪਹਿਲਾ ਇਨਾਮ



ਸਵ. ਫੁੰਮਣ ਸਿੰਘ ਟਿਵਾਣਾ

ਸਵ. ਪ੍ਰੇਮ ਸਿੰਘ ਓਬਰਾਏ

ਟਿਵਾਣਾ ਪਰਿਵਾਰ ਅਤੇ ਭੁੱਲਰ ਪਰਿਵਾਰ ਵਲੋਂ ਸਵਰਗਵਾਸੀ ਫੁੰਮਣ ਸਿੰਘ ਟਿਵਾਣਾ ਅਤੇ ਸਵਰਗਵਾਸੀ ਪ੍ਰੇਮ ਸਿੰਘ ਓਬਰਾਏ ਦੀ ਯਾਦ ਵਿਚ ਕਬੱਡੀ ਦਾ ਪਹਿਲਾ ਇਨਾਮ ਦਿਤਾ ਜਾਵੇਗਾ

## ਕਬੱਡੀ ਦੇ ਦੂਜੇ ਇਨਾਮ ਦੇ ਸਪਾਂਸਰ



ਗੁਰਸਾਹਿਬ ਸਿੰਘ ਤੂਰ | ਗੁਰਦੀਪ ਤੂਰ | ਸਤੀਸ਼ ਭਾਰਦਵਾਜ | ਗੈਰੀ ਤੂਰ

ਕਬੱਡੀ ਦਾ ਦੂਜਾ ਇਨਾਮ ਤੂਰ ਪਰਿਵਾਰ ਅਤੇ ਭਾਰਦਵਾਜ ਪਰਿਵਾਰ ਵਲੋਂ

## ਕਬੱਡੀ ਦੇ ਤੀਜੇ ਇਨਾਮ ਦੇ ਸਪਾਂਸਰ



ਸਰਪੰਚ ਇੰਦਰ ਸਿੰਘ | ਸੁਖਵਿੰਦਰ ਸਿੰਘ ਘੱਗਰ | ਰਣਦੀਪ ਪਾਲ ਰਿੰਕੂ | ਹਰਜਿੰਦਰ ਸਿੰਘ ਜਿੰਦੀ | ਸਤਪਾਲ ਸੱਤਾ | ਭੁਪਿੰਦਰ ਸਿੰਘ

## ਬੱਚਿਆਂ ਲਈ ਫਰੀ ਪੀਜ਼ਾ

ਵਲੋਂ: Expedited Transport

ਮਨਮੋਹਨ ਸਿੰਘ ਭੱਠਲ

## Media Sponsor

ਰੇਡੀਓ ਚੰਨ ਪ੍ਰਦੇਸੀ

## ਵਿਸ਼ੇਸ਼ ਮਹਿਮਾਨ



ਬਚਨ ਸਿੰਘ ਗਿੱਲ | ਜਥੇਦਾਰ ਤਾਰਾ ਸਿੰਘ ਸੱਲ੍ਹਾਂ | ਬੱਬੂ ਐਪਲਟਨ | ਸੁਖਵੀਰ ਨਾਰੀਕੇ



ਸਵਰਗੀ ਅੰਮ੍ਰਿਤਪਾਲ ਧਾਮੀ | ਸਵਰਗੀ ਗੁਰਪ੍ਰੀਤ ਬੈਂਸ

ਸਵਰਗੀ ਅੰਮ੍ਰਿਤਪਾਲ ਧਾਮੀ ਅਤੇ ਸਵਰਗੀ ਗੁਰਪ੍ਰੀਤ ਬੈਂਸ ਦੀ ਯਾਦ 'ਚ ਧਾਮੀ ਪਰਿਵਾਰ ਵਲੋਂ ਕਬੱਡੀ ਦਾ ਚੌਥਾ ਇਨਾਮ

## ਚੌਥੀ ਟੀਮ ਦੇ ਸਪਾਂਸਰ ਬੱਬੂ ਅਤੇ ਸੰਨੀ ਧਾਮੀ (ਧਾਮੀ ਟਰਾਂਸਪੋਰਟ)

ਬੈਸਟ ਰੇਡਰ ਤੇ ਬੈਸਟ ਸਟਾਪਰ ਦਾ ਇਨਾਮ ਸਮਰਾ ਪਰਿਵਾਰ ਬਿਲੌਇਟ, ਵਿਸਕਾਨਿਸਨ ਵਲੋਂ

## ਗੈਸਟ ਆਫ ਆਨਰਜ਼



ਸੰਦੀਪ ਧਾਲੀਵਾਲ *Deputy Sheriff Harris County Sheriffs Office Houston TX.* | ਮਨਪ੍ਰੀਤ ਜਿੰਮੀ ਲਸੋਈ | ਪਰਮਿੰਦਰ ਸਿੰਘ ਗੋਲਡੀ | ਸਤਪਾਲ ਸਿੰਘ ਬੈਂਸ | ਜਸਵਿੰਦਰ ਅਟਵਾਲ | ਸੰਨੀ ਸ਼ੇਰਗਿੱਲ | ਅਵਤਾਰ ਸਿੰਘ | ਸੁੱਖੀ ਸਿੰਘ | ਕਰਨੈਲ ਸਿੰਘ ਮਿਆਣੀ | ਸੋਨੀ ਹਿਊਸਟਨ | ਸਤੀਸ਼ ਖਟਾਣਾ | ਲਖਵੀਰ ਸਿੰਘ ਭੁੱਲਰ | ਪਾਲ ਸਿੰਘ ਖਲੀਲ | ਜੇ. ਪੀ. ਖਹਿਰਾ

## ਗੋਲਡ ਸਪਾਂਸਰ



ਗੁਰਚਰਨ ਸਿੰਘ ਝੱਜ | ਹਰਕਿਸ਼ਨ ਸਿੰਘ ਭੱਟੀ | ਜੈਦੇਵ ਸਿੰਘ ਭੱਠਲ | ਲਖਵੀਰ ਸਿੰਘ ਸਹੋਤਾ | ਸਵਰਨ ਸਿੰਘ ਸੇਖੋਂ | ਬਿਕਰਮ ਸਿੱਧੂ | ਚਰਨ ਸਿੰਘ ਢੀਨਾ | ਬਲਵਿੰਦਰ ਸਿੰਘ | ਪਰਸਨ ਸਿੰਘ ਮਾਨ | ਕੁਲਵਿੰਦਰ ਮਾਨ ਅਤੇ ਸੁੱਖੀ ਮਾਨ | ਬਿਕਰਮਜੀਤ ਸਿੰਘ ਸੇਖੋਂ | ਜਸਜੀਤ ਸਿੰਘ ਸਿੱਧੂ



ਲਖਵੀਰ ਢੀਂਡਸਾ | ਰਿੰਪੀ ਖੱਟੜਾ | ਕੁਲਦੀਪ ਸਿੰਘ ਲੰਗ | ਧਰਮਿੰਦਰ ਖੱਟੜਾ | ਸਰਬਜੀਤ ਸਿੰਘ ਸਿੱਧੂ | ਬੌਬੀ ਖੱਟੜਾ | ਹਰਿੰਦਰ ਟਿਵਾਣਾ | ਸੱਤਾ ਖੱਟੜਾ | ਮਨਦੀਪ ਸਿੰਘ ਭੁਰਾ | ਰਾਜਿੰਦਰ ਸਿੰਘ ਬੈਂਸ | ਸਤਵਿੰਦਰ ਸੱਤਾ | ਲਵ ਮਿਨਹਾਸ | ਰਾਣਾ ਸਿੰਘ ਵਿਰਕ



ਪੰਜਾਬ ਸਪੋਰਟਸ ਕਲੱਬ ਸ਼ਿਕਾਗੋ ਦੇ ਅਹੁਦੇਦਾਰ | ਸੰਤੋਖ ਸਿੰਘ ਡੀ. ਸੀ. | ਪਰਮਿੰਦਰ ਵਾਲੀਆ | ਰਛਪਾਲ ਖੰਗੂੜਾ | ਚਰਨਜੀਤ ਸਮਰਾ | ਰਵੀ ਹੰਝਰਾ | ਬੱਬੂ ਧਾਮੀ | ਸਨੀ ਧਾਮੀ | ਗੁਰਲਾਲ ਸਿੰਘ ਭੱਠਲ | ਅਮਰੀਕ ਸਿੰਘ ਸ਼ਿਕਾਗੋ | ਜਤਿੰਦਰ ਸਿੰਘ ਢਿੱਲੋਂ | ਤਾਲੀ ਭੱਠਲ

# ਗੁਰੂ ਨਾਨਕ ਦੀਆਂ ਉਦਾਸੀਆਂ ਬਾਰੇ ਦਸਤਾਵੇਜ਼ੀ

ਇਸ ਸਾਲ ਸਾਰਾ ਸੰਸਾਰ ਸ੍ਰੀ ਗੁਰੂ ਨਾਨਕ ਦੇਵ ਦਾ 550ਵਾਂ ਪ੍ਰਕਾਸ਼ ਪੁਰਬ ਮਨਾ ਰਿਹਾ ਹੈ। ਇਸ ਮੌਕੇ ਫੋਟੋਗ੍ਰਾਫਰ, ਫਿਲਮਸਾਜ਼, ਲੇਖਕ ਅਤੇ ਸਿੱਖ ਇਤਿਹਾਸਕਾਰ ਅਮਰਦੀਪ ਸਿੰਘ ਉਨ੍ਹਾਂ ਨਾਲ ਸਬੰਧਤ ਦਸਤਾਵੇਜ਼ ਇਕੱਠੇ ਕਰ ਰਿਹਾ ਹੈ। ਜਿਨ੍ਹਾਂ ਥਾਵਾਂ 'ਤੇ ਉਹ ਇਹ ਦਸਤਾਵੇਜ਼ ਇਕੱਠੇ ਕਰ ਰਿਹਾ ਹੈ, ਉਨ੍ਹਾਂ ਵਿਚ ਬਹੁਤ ਸਾਰੇ ਸਥਾਨ ਭਾਰਤ, ਪਾਕਿਸਤਾਨ, ਇਰਾਨ, ਇਰਾਕ, ਚੀਨ, ਤਿੱਬਤ, ਬੰਗਲਾਦੇਸ਼, ਸਾਊਦੀ ਅਰਬ, ਸ੍ਰੀਲੰਕਾ, ਅਫਗਾਨਿਸਤਾਨ ਦੇਸ਼ਾਂ ਵਿਚ ਫੈਲੇ ਹੋਏ ਹਨ। ਇਨ੍ਹਾਂ ਵਿਚ ਕਈ ਖੇਤਰਾਂ ਅੱਜ ਕੱਲ੍ਹ ਕੁਝ ਉਥਲ-ਪੁਥਲ ਚੱਲ ਰਹੀ ਹੈ, ਇਸੇ ਕਰਕੇ ਟੀਮ ਦੀ ਪਹੁੰਚ ਤੋਂ ਫਿਲਹਾਲ ਦੂਰ ਹਨ।

ਗੁਰਬਾਣੀ ਕਹਿੰਦੀ ਹੈ: 'ਸਭਨਾ ਜੀਆ ਕਾ ਇਕੁ ਦਾਤਾ'; ਭਾਵ ਸਭ ਨੂੰ ਜ਼ਿੰਦਗੀ ਦੇਣ ਵਾਲਾ ਦਾਤਾ ਇਕ ਹੈ। ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਨੇ ਸੰਸਾਰ ਵਿਚ ਏਕਤਾ

**ਦਿਵਿਆ ਗੋਇਲ**
**ਅਨੁਵਾਦ: ਸੀਮਾ ਸ਼ਰਮਾ**

ਬਣਾਉਣ ਅਤੇ ਧਾਰਮਿਕ ਵਲਗਣਾਂ ਤੋੜਨ ਲਈ, ਨਾਲ ਹੀ ਲੋਕਾਂ ਨਾਲ ਅਧਿਆਤਮਕ ਸੰਵਾਦ ਰਚਾਉਣ ਖਾਤਰ 15ਵੀਂ ਅਤੇ 16ਵੀਂ ਸਦੀ ਵਿਚ ਦੂਰ-ਦੁਰਾਡੇ ਉਦਾਸੀਆਂ ਕੀਤੀਆਂ। ਗੁਰੂ ਨਾਨਕ ਆਪਣੀ ਉਦਾਸੀਆਂ ਦੌਰਾਨ ਮੱਕੇ ਤੋਂ ਹਰਿਦੁਆਰ, ਸਿਲਹੱਟ ਤੋਂ ਕੈਲਾਸ਼ ਪਰਬਤ ਤੱਕ ਕਈ ਧਾਰਮਿਕ ਸਥਾਨਾਂ 'ਤੇ ਗਏ। ਇਹ ਸਥਾਨ ਹਿੰਦੂ, ਇਸਲਾਮ, ਬੁੱਧ, ਜੈਨ ਆਦਿ ਧਰਮਾਂ ਨਾਲ ਸਬੰਧ ਰੱਖਦੇ ਸਨ। ਕਈ ਥਾਵਾਂ 'ਤੇ ਗੁਰੂ ਨਾਨਕ ਦੇ ਆਉਣ ਦੀ ਯਾਦ ਵਿਚ ਗੁਰਦੁਆਰੇ ਉਸਾਰੇ ਗਏ ਹਨ ਅਤੇ ਬਾਅਦ ਵਿਚ ਉਨ੍ਹਾਂ ਦੀਆਂ ਉਦਾਸੀਆਂ ਨੂੰ 'ਜਨਮ ਸਾਖੀਆਂ' ਦੇ ਰੂਪ ਵਿਚ ਸੰਭਾਲਿਆ ਵੀ ਗਿਆ।


ਅੱਜ ਕੱਲ੍ਹ ਸਿੰਗਾਪੁਰ ਦੇ ਵਸਨੀਕ ਅਤੇ ਉਤਰ ਪ੍ਰਦੇਸ਼ ਵਿਚ ਗੋਰਖਪੁਰ ਦੇ ਜੰਮਪਲ 52 ਸਾਲਾ ਅਮਰਦੀਪ ਸਿੰਘ ਜਿਹੜੇ ਪੇਸ਼ੇ ਤੋਂ ਫੋਟੋਗ੍ਰਾਫਰ, ਫਿਲਮਸਾਜ਼, ਲੇਖਕ ਅਤੇ ਸਿੱਖ ਇਤਿਹਾਸਕਾਰ ਹਨ, ਨੇ ਗੁਰੂ ਨਾਨਕ ਦੇਵ ਦੁਆਰਾ ਕੀਤੀਆਂ 9 ਦੇਸ਼ਾਂ ਦੀਆਂ ਉਦਾਸੀਆਂ ਵਿਚ ਦੁਰਲੱਭ ਚਿੱਤਰ ਸ਼ਾਮਿਲ ਕੀਤੇ ਗਏ ਹਨ। ਦਸਤਾਵੇਜ਼ੀ ਫਿਲਮ ਬਾਰੇ ਗੱਲ ਕਰਦਿਆਂ ਅਮਰਦੀਪ ਸਿੰਘ ਨੇ ਸਪਸ਼ਟ ਕਿਹਾ ਕਿ ਉਹ ਆਪਣੇ ਪ੍ਰੋਜੈਕਟ ਨੂੰ ਗੁਰੂ ਨਾਨਕ ਦੇਵ ਦੇ 550 ਸਾਲਾਂ ਪ੍ਰਕਾਸ਼ ਪੁਰਬ ਨਾਲ ਜੋੜ ਕੇ ਨਹੀਂ ਦੇਖਦੇ ਅਤੇ ਨਾ ਹੀ ਉਸ ਨੂੰ ਪ੍ਰਕਾਸ਼ ਪੁਰਬ ਤੱਕ ਇਹ ਪ੍ਰੋਜੈਕਟ ਮੁਕੰਮਲ ਕਰਨ ਦੀ ਕੋਈ ਕਾਹਲ ਹੈ। ਉਹ ਆਪਣਾ ਇਹ ਖੋਜ ਕਾਰਜ ਆਪਣੇ ਹਿਸਾਬ ਨਾਲ ਕਰ ਰਿਹਾ ਹੈ।

ਆਪਣੇ ਇਸ ਕਾਰਜ ਬਾਰੇ ਉਸ ਦਾ ਕਹਿਣਾ ਹੈ, "ਅਸੀਂ ਅਜੇ ਭਾਰਤ, ਇਰਾਕ, ਸਾਊਦੀ ਅਰਬ ਅਤੇ ਬੰਗਲਾਦੇਸ਼ ਵਿਚਲੀਆਂ ਥਾਵਾਂ 'ਤੇ ਜਾਣਾ ਹੈ। 9 ਦੇਸ਼ਾਂ ਵਿਚ ਕੁੱਲ 150 ਸਥਾਨ ਹਨ ਜਿਨ੍ਹਾਂ 'ਤੇ ਅਸੀਂ ਪਹੁੰਚਣਾ ਹੈ। ਇਹ ਲੁਪਤ ਹੋ ਰਹੀਆਂ ਵਸਤਾਂ ਨੂੰ ਸੰਭਾਲਣ ਦਾ ਉਪਰਾਲਾ ਹੈ। ਗੁਰੂ ਨਾਨਕ ਦੇਵ ਨੇ ਜਿਥੇ-ਜਿਥੇ ਉਦਾਸੀਆਂ ਕੀਤੀਆਂ ਹਨ, ਉਨ੍ਹਾਂ ਵਿਚ 60% ਸਥਾਨ ਅਜਿਹੇ ਹਨ ਜਿਹੜੇ ਵਰਤਮਾਨ ਸਮੇਂ ਵਿਚ ਪਹੁੰਚ ਤੋਂ ਦੂਰ ਹਨ। ਅਫਗਾਨਿਸਤਾਨ, ਇਰਾਨ, ਪਾਕਿਸਤਾਨ ਅਤੇ ਚੀਨ ਵਾਲੇ ਖੇਤਰ ਵਿਚ ਫਿਲਮ ਲਈ ਪ੍ਰਵਾਨਗੀ ਲੈਣਾ ਕੋਈ ਸੌਖਾ ਕੰਮ ਨਹੀਂ ਸੀ। ਉਦੋਂ ਗੁਰੂ ਨਾਨਕ ਦੇਵ ਜੀ ਲਈ ਉਦਾਸੀਆਂ 9 ਦੇਸ਼ਾਂ ਦੀਆਂ ਯਾਤਰਾਵਾਂ ਨਹੀਂ ਸਨ ਕਿਉਂਕਿ ਉਸ ਸਮੇਂ ਇਹ ਧਰਤੀ ਦੇਸ਼ਾਂ ਵਿਚ ਵੰਡੀ ਹੋਈ ਨਹੀਂ ਸੀ।"


ਇਸ ਦਸਤਾਵੇਜ਼ੀ ਫਿਲਮ ਦਾ ਨਾਂ "ਐਲੈਗਰੀ: ਏ ਟੈਪਸਟ੍ਰੀ ਆਫ ਨਾਨਕ'ਜ਼ ਟ੍ਰੈਵਲਜ਼" ਹੋਵੇਗਾ ਅਤੇ ਇਹ ਫਿਲਮ 2020 ਵਿਚ ਰਿਲੀਜ਼ ਹੋਵੇਗੀ। ਇਹ ਸਫਰ ਗੁਰੂ ਜੀ ਦੀਆਂ ਯਾਤਰਾਵਾਂ ਅਤੇ ਉਨ੍ਹਾਂ ਦੀ ਫਿਲਾਸਫੀ ਦਾ ਸਾਰ ਲੱਭਣ ਦਾ ਯਤਨ ਹੈ। ਗੁਰੂ ਨਾਨਕ ਕਿਸੇ ਵੀ ਤਰ੍ਹਾਂ ਦੀਆਂ ਧਾਰਮਿਕ ਵਲਗਣਾਂ ਤੋਂ ਦੂਰ ਸਨ। ਅਮਰਦੀਪ ਸਿੰਘ ਦੱਸਦਾ ਹੈ ਕਿ ਅੱਜ ਦੀ ਨੌਜਵਾਨ ਪੀੜ੍ਹੀ ਕਿਤਾਬਾਂ ਨਹੀਂ ਪੜ੍ਹਦੀ, ਇਸ ਲਈ ਉਨ੍ਹਾਂ ਦੀ ਟੀਮ ਨੇ ਗੁਰੂ ਨਾਨਕ ਦੀਆਂ ਉਦਾਸੀਆਂ ਨੂੰ ਤਸਵੀਰਾਂ ਰਾਹੀਂ ਦਸਤਾਵੇਜ਼ੀ ਰੂਪ ਵਿਚ ਪੇਸ਼ ਕਰਨ ਦਾ ਫੈਸਲਾ ਕੀਤਾ ਹੈ। ਇਸ ਦੇ ਨਾਲ ਹੀ ਉਨ੍ਹਾਂ ਦੱਸਿਆ ਕਿ ਉਹ ਹੁਣ 5 ਦੇਸ਼ਾਂ ਵਿਚ 70 ਧਾਰਮਿਕ ਸਥਾਨਾਂ 'ਤੇ ਪਹੁੰਚ ਕਰ ਚੁੱਕੇ ਹਨ ਅਤੇ 80 ਸਥਾਨ ਭਾਰਤ, ਇਰਾਕ, ਸਾਊਦੀ ਅਰਬ ਤੇ ਬੰਗਲਾਦੇਸ਼ ਵਿਚ ਹਨ।


ਗੁਰੂ ਨਾਨਕ ਨੇ ਕਿਤੇ ਵੀ ਆਪਣੀ ਲਿਖਤਾਂ ਵਿਚ ਆਪਣੀ ਯਾਤਰਾਵਾਂ ਦਾ ਜ਼ਿਕਰ ਨਹੀਂ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਉਨ੍ਹਾਂ ਦੀ ਬਾਣੀ ਅਧਿਆਤਮਕ ਅਤੇ ਦਰਸ਼ਨ ਬਾਰੇ ਹੈ। ਉਨ੍ਹਾਂ ਨੇ ਜ਼ਿਆਦਾਤਰ ਉਦਾਸੀਆਂ ਪੈਦਲ ਕੀਤੀਆਂ ਹਨ ਤੇ ਉਹ ਆਵਾਜਾਈ ਲਈ ਕਦੇ-ਕਦੇ ਕਿਸ਼ਤੀ ਦਾ ਇਸਤੇਮਾਲ ਕਰਦੇ ਸੀ।

ਪਾਕਿਸਤਾਨ ਵਿਚ ਅਮਰਦੀਪ ਸਿੰਘ ਨੇ ਆਪਣੀ ਯਾਤਰਾ ਦੌਰਾਨ ਨਾਨਕਪੰਥੀ ਸਭਿਆਚਾਰ ਵੀ ਦੇਖਿਆ ਜਿਹੜਾ ਹੁਣ ਤੱਕ ਕਾਇਮ ਹੈ। ਇਸ ਖੇਤਰ ਵਿਚਲੇ ਲੋਕਾਂ ਦੇ ਅਜਿਹੇ ਸਮੂਹ ਅੱਜ ਵੀ ਮੌਜੂਦ ਹਨ ਜੋ ਗੁਰੂ ਨਾਨਕ ਦੇਵ ਦੇ ਅਨੁਆਈ ਹਨ। ਸਿੰਧ ਖੇਤਰ ਵਿਚ ਨਾਨਕਪੰਥੀ ਸਮਾਜਾਂ ਦਾ ਉਹ ਸਮੂਹਿਕ ਵਿਸ਼ਵਾਸ ਹਾਲੇ ਵੀ ਕਾਇਮ ਹੈ ਜਿਹੜੇ 1947 ਦੀ ਵੰਡ ਤੋਂ ਪਹਿਲਾਂ ਉਨ੍ਹਾਂ ਦੇ ਦਾਦੇ-ਪੜਦਾਦੇ ਕਰਦੇ ਸਨ। ਉਨ੍ਹਾਂ ਕੋਲ ਸਭਿਆਚਾਰ ਅਤੇ ਵਿਸ਼ਵਾਸ ਦੇ ਵਿਚਾਲੇ ਕੋਈ ਉਘੜਵੀਂ ਲਕੀਰ ਨਹੀਂ ਹੈ। ਉਹ ਖੁਦ ਨੂੰ ਭਾਵੇਂ ਹਿੰਦੂ ਆਖਣ ਜਾਂ ਸਿੱਖ ਪਰ ਗੁਰੂ ਨਾਨਕ ਉਨ੍ਹਾਂ ਵਿਚਕਾਰ ਸਾਂਝੀ ਕੜੀ ਹਨ। ਇਨ੍ਹਾਂ ਕਾਰਨਾਂ ਕਰਕੇ ਹੀ ਮੰਦਰ ਅਤੇ ਗੁਰਦੁਆਰੇ ਗੁਰੂ ਨਾਨਕ ਨੂੰ ਬਰਾਬਰ ਦਾ ਸਥਾਨ ਦਿੰਦੇ ਹਨ ਜਿਸ ਦੇ ਨਿਸ਼ਾਨ ਅਤੀਤ ਤੋਂ ਭਵਿਖ ਵਿਚ ਦਿਖਾਈ ਦਿੰਦੇ ਹਨ।



*ਚਿੱਤਰਕਾਰ ਜਸਵੰਤ ਸਿੰਘ ਵੱਲੋਂ ਗੁਰੂ ਨਾਨਕ ਦੀਆਂ ਉਦਾਸੀਆਂ ਬਾਰੇ ਬਣਾਈ ਪੇਂਟਿੰਗ*




*ਅਮਰਦੀਪ ਸਿੰਘ ਦੀਆਂ ਕਿਤਾਬਾਂ ਦੇ ਮੁਖੜੇ*

ਬਾਰੇ ਦਸਤਾਵੇਜ਼ੀ ਫਿਲਮ ਬਣਾਉਣੀ ਸ਼ੁਰੂ ਕੀਤੀ ਹੋਈ ਹੈ। ਇਹ ਕਾਰਜ ਉਨ੍ਹਾਂ ਨੇ ਇਸੇ ਸਾਲ ਜਨਵਰੀ ਮਹੀਨੇ ਤੋਂ ਸ਼ੁਰੂ ਕੀਤਾ ਅਤੇ ਹੁਣ ਤੱਕ ਉਹ ਆਪਣੀ ਟੀਮ ਨਾਲ ਸ੍ਰੀਲੰਕਾ, ਅਫਗਾਨਿਸਤਾਨ, ਇਰਾਨ, ਤਿੱਬਤ ਅਤੇ ਪਾਕਿਸਤਾਨ ਦੇ ਕਈ ਸਥਾਨਾਂ ਤੱਕ ਪਹੁੰਚ ਕਰ ਚੁੱਕੇ ਹਨ।

ਅਮਰਦੀਪ ਸਿੰਘ ਇਸ ਤੋਂ ਪਹਿਲਾਂ ਦੋ ਕਿਤਾਬਾਂ ਲਿਖ ਚੁੱਕੇ ਹਨ ਜਿਨ੍ਹਾਂ ਦੇ ਸਿਰਲੇਖ ਹਨ: "ਲੌਸਟ ਹੈਰੀਟੇਜ: ਦਿ ਸਿੱਖ ਲਿਗੈਸੀ ਇਨ ਪਾਕਿਸਤਾਨ" ਅਤੇ "ਦਿ ਕੁਐਸਟ ਕਾਂਟੀਨਿਊਸ"। ਇਨ੍ਹਾਂ ਵਿਆਪਕ ਖੋਜ ਕਾਰਜਾਂ

ਇਸ ਫਿਲਮ ਦਾ ਕਾਫੀ ਹਿੱਸਾ ਜਿਵੇਂ ਮੁਲਤਾਨ ਵਿਚ ਬਹਾਉਦੀਨ ਜ਼ਕਰੀਆ ਦਾ ਸਮਾਰਕ, ਪਾਕਪਟਨ ਵਿਚ ਬਾਬਾ ਫਰੀਦ ਦੀ ਦਰਗਾਹ, ਬਲੋਚਿਸਤਾਨ ਵਿਚ ਹਿੰਗਲਾਜ ਮੰਦਰ, ਤਿੱਬਤ ਵਿਚ ਕੈਲਾਸ਼ ਪਰਬਤ, ਇਰਾਨ ਵਿਚ ਇਮਾਮ ਰਜ਼ਾ ਦਾ ਸਮਾਰਕ, ਅਫਗਾਨਿਸਤਾਨ ਵਿਚ ਕੰਧਾਰ ਤੇ ਖੋਸਟ ਅਤੇ ਸ੍ਰੀਲੰਕਾ ਵਿਚ ਨੁਵਾਰਾ ਇਲੀਆ ਆਦਿ ਵਿਚ ਪਹਿਲਾਂ ਹੀ ਸ਼ੂਟ ਕੀਤਾ ਜਾ ਚੁੱਕਾ ਹੈ।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 17 ਅਗਸਤ 2019 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-390



*ਟੈਡੀਬੀਅਰ ਨਾਲ ਲੱਗ ਸੌਂ ਜਾ ਭੁੱਚਰ, ਕਰ ਲੈ ਨੀਂਦਰ ਪੂਰੀ।*
*ਤੇਰੇ ਸੁੱਤਿਆਂ ਕੰਮ ਮੁਕਾਵਾਂ, ਇਹ ਵੀ ਕਰਨੇ ਜ਼ਰੂਰੀ।*

### ਕੈਪਸ਼ਨ ਮੁਕਾਬਲਾ-388



ਬੇਕਸ਼ਾਂ 'ਤੇ ਬੰਬ ਵਰਸਾ ਕੇ
ਅਮਨਾਂ ਨੂੰ ਅੱਗ ਲਾਈ।
ਕਹਿਣ ਨੂੰ ਸ਼ਾਂਤੀ ਦੇ ਨਾਂ 'ਤੇ
ਮਾਰ 'ਤੀ ਅੰਧੀ ਲੋਕਾਈ।
ਵਿਧਵਾ, ਜ਼ਖਮੀ ਤੇ ਯਤੀਮ
ਸਾਰੇ ਰਲ ਦੇਣ ਦੁਹਾਈ।
ਰਹਿਮ ਕਰੋ ਜੰਗਾਂ ਵਾਲਿਓ
ਮਨੁੱਖਤਾ ਲਉ ਬਚਾਈ।
*-ਸੇਵਾ ਸਿੰਘ ਨੂਰਪੁਰੀ*

---

ਹਾਕਮ ਲੋਕਾਂ ਦੀ ਸਿਆਸਤ
ਢਾਹੁੰਦੀ ਹੈ ਜਨਤਾ 'ਤੇ ਕਿਆਮਤ।
ਖੂਨ ਖਰਾਬੇ, ਹੋਣ ਉਜਾੜੇ
ਪਾਈ ਰੱਖਦੇ ਸਦਾ ਪੁਆੜੇ।
ਲੱਖਾਂ ਬੱਚੇ ਹੋ ਜਾਵਣ ਲਾਵਾਰਸ
ਕੌਣ ਦੇਵੇਗਾ ਉਨ੍ਹਾਂ ਨੂੰ ਢਾਰਸ।
ਜ਼ਿੰਦਗੀ ਭਰ ਦੇ ਪੈਣ ਹਉਕੇ ਪੱਲੇ
ਦੁੱਖ ਉਨ੍ਹਾਂ ਦੇ ਜਾਣ ਨਾ ਝੱਲੇ।
*-ਦਵਿੰਦਰ ਕੌਰ*

---

ਵਿਚ ਗਰੀਬੀ ਰੁਲਿਆ ਬਚਪਨ
ਜਬਰ ਜ਼ੁਲਮ ਸਭ ਝੱਲੀ ਜਾਵੇ।
ਨੈਣੀਂ ਅੱਥਰੂ, ਮਨ ਵਿਚ ਗੁੱਸਾ
ਅੰਦਰੋ ਅੰਦਰੀ ਲਾਂਬੂ ਲਾਵੇ।
ਸਮਾਂ ਆਏ ਤੋਂ ਰੰਗ ਦਿਖਾਊ
ਅੱਜ ਨਾ ਸਮਝ ਕਿਸੇ ਦੇ ਆਵੇ।
*-ਜਗਮੀਤ ਸਿੰਘ ਪੰਧੇਰ*
*ਵਿਨੀਪੈਗ, ਐਮ.ਬੀ. (ਕੈਨੇਡਾ)*
*ਫੋਨ: 1-431-887-7222*

---

ਸਿਆਸਤ ਨਿਗਲਿਆ ਅੱਜ ਪੰਜਾਬ ਮੇਰਾ
ਨਸ਼ੇ ਚੜ੍ਹਦੀ ਜਵਾਨੀ ਨੂੰ ਖਾਣ ਲੱਗੇ।
ਮੁੰਡੇ-ਕੁੜੀਆਂ ਪੰਜਾਬੀਆਂ ਦੇ ਕਰ ਕੇ
ਆਈਲੈਟਸ ਵਿਦੇਸ਼ਾਂ ਨੂੰ ਜਾਣ ਲੱਗੇ।
ਸਰਮਾਏਦਾਰਾਂ ਦੇ ਨਸ਼ੇ ਨੂੰ ਫੜੂ ਕਿਹੜਾ?
ਲੋਕ ਆਪਣਾ ਆਪ ਬਚਾਉਣ ਲੱਗੇ।
ਤੁਰਿਆ ਜਾਂਦਾ ਹੈ ਕੋਈ ਆਸਟਰੇਲੀਆ
ਬਾਕੀ ਵਿਚ ਕੈਨੇਡਾ ਦੇ ਆਉਣ ਲੱਗੇ।
ਖਾੜਕੂਵਾਦ ਜਵਾਨੀ ਕੁਝ ਹਜ਼ਮ ਕੀਤੀ
ਮੁੱਲ ਪਿਆ ਨਾ ਜ਼ਿੰਦੜੀਆਂ ਵਾਰੀਆਂ ਦਾ,
ਪੰਜਾਬ ਤੋਂ ਭੰਗ ਹੋਇਆ
ਮੋਹ ਪੰਜਾਬੀਆਂ ਦਾ
ਪੰਜਾਬ ਸੂਬਾ ਹੁਣ
ਬਣ ਗਿਆ ਬਿਹਾਰੀਆਂ ਦਾ।
*-ਮਾਸਟਰ ਪ੍ਰੀਤਮ ਸਿੰਘ ਲੰਮੇ*
*ਫੋਨ: 925-325-2486*

---

ਹੋਵੇ ਅਰਬ, ਅਫਗਾਨ ਜਾਂ ਕਸ਼ਮੀਰ
ਜ਼ੁਲਮ, ਸਿਤਮ ਹੱਦਾਂ ਪਾਰ ਕਰ ਗਿਆ।
ਆਰਥਕ ਜੰਗਾਂ, ਖਣਿਜ ਪਦਾਰਥ,
ਤੇਲ ਦੇ ਭੰਡਾਰਾਂ ਦੀ ਲੁੱਟ
ਬੱਚੇ, ਬੁੱਢੇ ਸਭ ਦਾ ਖੂਨ ਡੁਲ੍ਹਿਆ।
ਜੰਗਬਾਜ਼ ਮਗਰਮੱਛ ਵਾਂਗ
ਫਿਰ ਕੇਰਦੇ ਹੰਝੂ।
ਦਿਖਾਵਾ ਹੀ ਦਿਖਾਵਾ
ਸਿਆਸਤਾਂ ਕਰਦੀਆਂ
ਪਰਿਵਾਰਾਂ ਦੇ ਪਰਿਵਾਰ ਖਤਮ ਹੋ ਗਏ
ਅਨਾਥ ਹੋ ਬੱਚੇ ਵਿਲਕਦੇ
ਕਰ ਕਰ ਯਾਦ ਮਾਪਿਆਂ ਨੂੰ।
ਰਿਸਦੇ ਅੱਲ੍ਹੇ ਜਖਮ ਨਹੀਂ ਭਰੇ ਜਾਂਦੇ।
ਤਬਾਹੀ ਹੀ ਤਬਾਹੀ ਬੰਜਰ ਬਣ ਗਏ ਘਰ
ਕਿੰਨੀਆਂ ਲੋਥਾਂ, ਖੂਨ ਧਰਤ 'ਚ ਦੱਬਿਆ
ਕੌਣ ਕਿਸੇ ਦਾ ਕਿੱਥੇ?
ਬੱਚੇ ਫੁੱਟ ਫੁੱਟ ਰੋਵਣ।
*-ਦਰਸ਼ਨਪਾਲ ਦੋਸਾਂਝ*

### ਕੈਪਸ਼ਨ ਮੁਕਾਬਲਾ-387

ਬੀਤੇ ਸਮੇਂ ਦੀਆਂ ਗੱਲਾਂ ਨੇ
ਨਹੀਂ ਰਹੇ ਉਹ ਸਮੇਂ ਪੁਰਾਣੇ।
ਹੁਣ ਤੇ ਬੱਸ ਟਾਈਮ ਪਾਸ ਆ
ਨਾ ਰਹੇ ਉਹ ਰਿਵਾਜ਼ ਤੇ ਲੋਕ ਸਿਆਣੇ।
ਬਣਾਉਣੇ ਦੇਸੀ ਘਿਓ ਦੇ ਬਿਸਕੁਟ
ਧੀ ਲਈ ਸੂਟ, ਜਵਾਈ ਲਈ ਵਰਦੀ।
ਮਾਂ-ਪਿਓ ਤੋਂ ਬਿਨਾ ਧੀਆਂ ਦਾ
ਨਹੀਂ ਹੁੰਦਾ ਕੋਈ ਦਰਦੀ।
ਸਾਰੀਆਂ ਧੀਆਂ ਰਹਿਣ ਸਦਾ ਖੁਸ਼
ਪਰਮਾਤਮਾ ਅੱਗੇ ਇਹੋ ਮੇਰੀ ਅਰਜੀ,
ਫੋਟੋ ਵਿਚ ਮਾਂ ਇਹੋ ਪਈ ਦਰਸਾਵੇ।
ਭਰ ਕੇ ਬਿਸਕੁਟ ਦਾ ਪੀਪਾ,
ਤੇ ਵਾਧੂ ਨਿੱਕ ਸੁੱਕ ਪਾ ਝੋਲੇ ਵਿਚ
ਬੇਬੇ ਪਿੰਡ ਨੂੰ ਮੁੜੀ ਆਏ।
*-ਗੋਰਾ ਪ੍ਰਜਾਪਤ, ਨਿਊ ਯਾਰਕ*
*ਫੋਨ: 718-640-6660*

# ਵਿਦੇਸ਼ ਪੜ੍ਹਾਈ ਦੇ ਚਾਅ ਨੇ ਖਾਲੀ ਕੀਤੇ ਪੰਜਾਬ ਦੇ ਕਾਲਜ

**ਚੰਡੀਗੜ੍ਹ:** 'ਸਟੱਡੀ ਵੀਜ਼ੇ' ਨੇ ਪੰਜਾਬ ਦੇ ਕਾਲਜ ਖਾਲੀ ਕਰ ਦਿੱਤੇ ਹਨ। ਪ੍ਰਾਈਵੇਟ ਕਾਲਜਾਂ ਦੀ ਭੀੜ ਨੂੰ ਆਈਲੈਟਸ ਸੈਂਟਰਾਂ ਨੇ ਖਿੱਚ ਲਿਆ ਹੈ। ਦੁਆਬੇ ਮਗਰੋਂ ਮਾਲਵੇ 'ਚ 'ਸਟੱਡੀ ਵੀਜ਼ੇ' ਦਾ ਰੁਝਾਨ ਇਕਦਮ ਵਧਿਆ ਹੈ। ਪਰਵਾਸੀਆਂ ਦੇ ਗੜ੍ਹ ਵਜੋਂ ਜਾਣੇ ਜਾਂਦੇ ਦੋਆਬੇ ਖੇਤਰ ਦੇ ਵਿਦਿਆਰਥੀ ਬਾਰ੍ਹਵੀਂ ਜਮਾਤ ਤੋਂ ਬਾਅਦ ਉਚੇਰੀ ਪੜ੍ਹਾਈ ਕਰਨ ਨੂੰ ਤਰਜੀਹ ਦੇਣ ਦੀ ਥਾਂ ਆਈਲੈਟਸ (ਆਇਲਜ਼) ਕਰ ਰਹੇ ਹਨ।

ਜਲੰਧਰ ਬੱਸ ਅੱਡੇ ਦੁਆਲੇ ਆਈਲੈਟਸ ਕਰਵਾਉਣ ਲਈ ਵੱਡੀ ਗਿਣਤੀ ਸੈਂਟਰ ਖੁੱਲ੍ਹੇ ਹੋਏ ਹਨ। ਨਵੀਆਂ-ਨਵੀਆਂ ਵੱਡੀਆਂ ਉਸਾਰੀਆਂ ਬਹੁ-ਮੰਜ਼ਿਲੀ ਇਮਾਰਤਾਂ ਦੇ ਜ਼ਿਆਦਾਤਰ ਦਫਤਰ ਇਮੀਗ੍ਰੇਸ਼ਨ ਤੇ ਆਈਲੈਟਸ ਵਾਲੇ ਹੀ ਹਨ। ਇਨ੍ਹਾਂ ਦਫਤਰਾਂ ਅੱਗੇ ਲੱਗਦੀ ਭੀੜ ਦੇਖ ਕੇ ਸਪੱਸ਼ਟ ਹੋ ਜਾਂਦਾ ਹੈ ਕਿ ਵੱਡੀ ਗਿਣਤੀ ਪਾੜ੍ਹੇ ਵਿਦੇਸ਼ਾਂ ਨੂੰ ਉਡਾਰੀ ਮਾਰਨ ਦੀ ਤਾਂਘ ਵਿਚ ਹਨ। ਬੇਰੁਜ਼ਗਾਰੀ ਨੇ ਵੀ ਵਿਦਿਆਰਥੀਆਂ ਦਾ ਅੱਗੇ ਪੜ੍ਹਨ ਤੋਂ ਮੂੰਹ ਮੋੜ ਦਿੱਤਾ ਹੈ। ਦੱਸਣਯੋਗ ਹੈ ਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਘੱਟ ਦਾਖਲਿਆਂ ਨੂੰ ਦੇਖਦਿਆਂ ਬਿਨਾਂ ਲੇਟ ਫੀਸ ਦਾਖਲਾ ਲੈਣ ਦੀ ਤਰੀਕ ਵਿਚ ਵਾਧਾ ਕਰ ਦਿੱਤਾ ਹੈ। ਮਾਨਸਾ ਦੇ ਸਰਕਾਰੀ ਕਾਲਜ ਨੂੰ ਆਈਲੈਟਸ ਨੇ ਸੱਟ ਮਾਰੀ ਹੈ। ਪਹਿਲਾਂ ਕਾਲਜ ਵਿਚ ਕਰੀਬ 1700 ਵਿਦਿਆਰਥੀ ਹੁੰਦੇ ਸਨ ਅਤੇ ਹੁਣ ਗਿਣਤੀ 1350 ਦੇ ਕਰੀਬ ਹੀ ਰਹਿ ਗਈ ਹੈ।

ਦੱਸਣਯੋਗ ਹੈ ਕਿ ਬਠਿੰਡਾ ਖਿੱਤੇ 'ਚ ਆਈਲੈਟਸ ਸੈਂਟਰਾਂ ਦੀ ਗਿਣਤੀ ਤੇਜ਼ੀ ਨਾਲ ਵਧੀ ਹੈ। ਬਰਨਾਲਾ ਜ਼ਿਲ੍ਹੇ ਵਿਚ ਸੰਘੇੜਾ ਕਾਲਜ ਵਿਚ ਪਿਛਲੇ ਵਰ੍ਹੇ 1450 ਦੇ ਕਰੀਬ ਵਿਦਿਆਰਥੀ ਸਨ ਤੇ ਐਤਕੀਂ ਇਹ ਗਿਣਤੀ 950 ਦੇ ਕਰੀਬ ਹੈ। ਸੂਤਰ ਆਖਦੇ ਹਨ ਕਿ ਪ੍ਰਾਈਵੇਟ ਕਾਲਜਾਂ ਦੀ ਫੀਸ ਜ਼ਿਆਦਾ ਹੈ ਜਿਸ ਕਰ ਕੇ ਵਿਦਿਆਰਥੀ ਸਰਕਾਰੀ ਕਾਲਜਾਂ ਨੂੰ ਤਰਜੀਹ ਦਿੰਦੇ ਹਨ। ਪੰਜਾਬੀ ਯੂਨੀਵਰਸਿਟੀ ਪ੍ਰਸ਼ਾਸਨ ਵੱਲੋਂ ਐਤਕੀਂ ਭਾਵੇਂ ਦਾਖਲਿਆਂ ਸਬੰਧੀ ਪਿਛਲੇ ਸਾਲ ਨਾਲੋਂ ਵੱਧ ਹੁੰਗਾਰਾ ਮਿਲਣ ਦਾ ਦਾਅਵਾ ਕੀਤਾ ਗਿਆ ਹੈ, ਪਰ ਸਾਹਮਣੇ ਆਇਆ ਹੈ ਕਿ ਦਰਜਨ ਦੇ ਕਰੀਬ ਕੋਰਸਾਂ 'ਚ ਦਾਖਲੇ ਐਤਕੀਂ ਵੀ ਸੰਤੁਸ਼ਟੀਜਨਕ ਬਿੰਦੂ ਨਹੀਂ ਛੂਹ ਸਕੇ। ਸਮਝਿਆ ਜਾ ਰਿਹਾ ਹੈ ਕਿ ਰੁਜ਼ਗਾਰ ਦੇ ਵਸੀਲੇ ਭੀੜੇ ਪੈਣ ਅਤੇ ਪੜ੍ਹਾਈ ਦੇ ਖਰਚਿਆਂ ਕਾਰਨ ਵਿਦਿਆਰਥੀ ਉਚ ਸਿੱਖਿਆ



ਤੋਂ ਮੂੰਹ ਮੋੜ ਰਹੇ ਹਨ। ਕੈਂਪਸ 'ਚ ਪਲੇਸਮੈਂਟ ਪ੍ਰਤੀ ਉਚਿਤਤਾ ਨਾਲ ਇਜ਼ਾਫਾ ਨਾ ਹੋਣ ਅਤੇ ਨੌਜਵਾਨਾਂ ਦਾ ਵਿਦੇਸ਼ਾਂ ਵੱਲ ਉਡਾਰੀ ਦਾ ਬਣਿਆ ਰੁਝਾਨ ਵੀ ਦਾਖਲਿਆਂ ਨੂੰ ਪ੍ਰਭਾਵਿਤ ਕਰ ਰਿਹਾ ਹੈ।

ਪੰਜਾਬੀ ਯੂਨੀਵਰਸਿਟੀ 'ਚ ਕਦੇ ਨਵੇਂ ਦਾਖਲਿਆਂ ਵੇਲੇ ਇਹ ਹਾਲਾਤ ਹੁੰਦੇ ਸਨ ਕਿ ਵਿਦਿਆਰਥੀਆਂ ਦੀ ਗਿਣਤੀ ਨੂੰ ਦੇਖ ਕੇ ਫਿਕਰ ਹੁੰਦਾ ਸੀ ਕਿ ਉਨ੍ਹਾਂ ਨੂੰ ਵੱਖ-ਵੱਖ ਕੋਰਸਾਂ 'ਚ ਦਾਖਲਾ ਕਿਵੇਂ ਮਿਲੇਗਾ, ਪਰ ਪਿਛਲੇ ਕੁਝ ਸਾਲਾਂ ਤੋਂ ਹਾਲਾਤ ਬਦਲ ਰਹੇ ਹਨ। ਪਿਛਲੇ ਸਾਲ ਦਾਖਲਿਆਂ ਦੀ ਦਰ ਕਾਫੀ ਹੇਠਾਂ ਡਿੱਗਣ ਤੋਂ ਭਾਵੇਂ ਯੂਨੀਵਰਸਿਟੀ ਪ੍ਰਸ਼ਾਸਨ ਨੇ ਇਸ ਸਾਲ ਦੇ ਦਾਖਲਿਆਂ ਲਈ ਕਾਫੀ ਚਿਰ ਤੋਂ ਜ਼ੋਰ ਅਜ਼ਮਾਈ ਵਿੱਢੀ ਹੋਈ ਸੀ, ਇਸ ਦੇ ਬਾਵਜੂਦ ਦਾਖਲਿਆਂ ਪ੍ਰਤੀ ਰੁਝਾਨ 'ਚ ਸੰਤੁਸ਼ਟੀਜਨਕ ਉਤਸ਼ਾਹ ਨਹੀਂ ਬਣ ਸਕਿਆ। ਭਾਵੇਂ ਯੂਨੀਵਰਸਿਟੀ ਪ੍ਰਸ਼ਾਸਨ ਨੇ ਕਈ ਕੋਰਸਾਂ ਵਿਚ ਦਾਖਲਿਆਂ ਨੂੰ ਪਿਛਲੇ ਸਾਲ ਦੇ ਮੁਕਾਬਲੇ ਵੱਧ ਗਰਦਾਨਿਆ ਹੈ ਤੇ ਕੁਝ ਕੁ ਕੋਰਸਾਂ ਵਿਚ ਸੀਟਾਂ ਵੀ ਵਧਾਈਆਂ ਹਨ, ਫਿਰ ਵੀ ਕੁਝ ਕੋਰਸਾਂ ਵਿਚ ਮੱਠਾ ਹੁੰਗਾਰਾ ਹੋਣਾ ਚਿੰਤਾ ਵਾਲੀ ਗੱਲ ਹੈ। ਪੰਜਾਬੀ ਯੂਨੀਵਰਸਿਟੀ ਤੋਂ ਹੁਣ ਤੱਕ ਕੈਂਪਸ ਵਿਚ ਹੋਏ ਦਾਖਲਿਆਂ ਬਾਬਤ ਮਿਲੀ ਜਾਣਕਾਰੀ ਮੁਤਾਬਕ ਕਰੈਸ਼ ਕੋਰਸ ਇਨ ਪੰਜਾਬੀ 'ਲਿੰਗੁਇਸਟਿਕ ਐਂਡ ਲੈਕਸੀਕੋਗ੍ਰਾਫੀ' ਵਿਚ ਹਾਲੇ ਤੱਕ ਇਕ ਵਿਦਿਆਰਥੀ ਹੀ ਦਾਖਲ ਹੋ ਸਕਿਆ ਹੈ, ਜਦੋਂਕਿ ਡਿਪਲੋਮਾ ਇਨ ਉਰਦੂ ਵਿਚ ਦੋ ਸੀਟਾਂ ਹੀ ਭਰੀਆਂ ਜਾ ਸਕੀਆਂ ਹਨ। ਐਮ.ਏ. ਪਰਸ਼ੀਅਨ ਵਿਚ ਵੀ ਇਕ ਹੀ ਸੀਟ ਭਰੀ ਜਾ ਸਕੀ ਹੈ। ਇਸੇ ਤਰ੍ਹਾਂ ਐਮ.ਏ. ਪਾਲਿਸੀ ਐਂਡ ਗਵਰਨੈਂਸ 'ਪਬਲਿਕ ਐਡਮਿਨਸਟ੍ਰੇਸ਼ਨ' ਵਿਚ ਪਿਛਲੇ ਸਾਲ 22 ਦੇ ਮੁਕਾਬਲੇ ਐਤਕੀਂ ਹਾਲੇ ਤੱਕ 12 ਉਮੀਦਵਾਰ ਹੀ ਆਏ ਹਨ। ਐਮ.ਏ. ਡਿਜ਼ਾਸਟਰ ਮੈਨੇਜਮੈਂਟ 'ਪਬਲਿਕ ਐਡਮਨ' ਵਿਚ ਪਿਛਲੇ ਸਾਲ 13 ਦੇ ਮੁਕਾਬਲੇ ਐਤਕੀਂ 8 ਸੀਟਾਂ ਹੀ ਭਰੀਆਂ ਗਈਆਂ ਹਨ। ਇਸੇ ਤਰ੍ਹਾਂ ਪੀ.ਜੀ. ਡਿਪਲੋਮਾ ਇਨ ਡਾਇਸਪੋਰਾ ਸਟੱਡੀਜ਼ ਵਿਚ ਸਿਰਫ ਦੋ ਵਿਦਿਆਰਥੀਆਂ ਨੇ ਹੀ ਦਾਖਲਾ ਲਿਆ ਹੈ।

ਮਾਸਟਰ ਆਫ ਸੋਸ਼ਲ ਵਰਕ 'ਐਮ. ਐਸ. ਡਬਲਿਊ' ਵਿਚ ਪਿਛਲੇ ਸਾਲ 32 ਦੇ ਮੁਕਾਬਲੇ ਐਤਕੀਂ 29 ਸੀਟਾਂ ਹੀ ਭਰੀਆਂ ਜਾ ਸਕੀਆਂ ਹਨ। ਐਮ.ਏ. ਮਿਊਜ਼ਿਕ 'ਇੰਸਟਰੂਮੈਂਟਲ' ਵਿਚ ਪਿਛਲੇ ਸਾਲ 11 ਦੇ ਮੁਕਾਬਲੇ ਅੱਠ ਵਿਦਿਆਰਥੀ ਹੀ ਦਾਖਲ ਹੋਏ ਹਨ, ਜਦੋਂਕਿ ਐਮ.ਏ. ਹਿੰਦੀ ਵਿਚ ਪਿਛਲੇ 30 ਵਿਦਿਆਰਥੀਆਂ ਦੇ ਮੁਕਾਬਲੇ ਐਤਕੀਂ ਹੁਣ ਤੱਕ 20 ਦਾਖਲੇ ਹੋਏ ਹਨ। ਇਸੇ ਤਰ੍ਹਾਂ ਐਮ.ਐਸ.ਸੀ. ਐਸਟ੍ਰੋਨਮੀ ਐਂਡ ਸਪੇਸ ਫਿਜ਼ਿਕਸ ਵਿਚ ਪਿਛਲੇ ਸਾਲ ਨਾਲੋਂ ਅੱਧੇ ਹੀ ਉਮੀਦਵਾਰ ਦਾਖਲ ਹੋ ਸਕੇ ਹਨ।

ਇੰਜੀਨੀਅਰਿੰਗ ਖੇਤਰ ਵੱਲ ਐਤਕੀਂ ਵੀ ਰੁਝਾਨ ਮੱਠਾ ਹੀ ਰਿਹਾ ਹੈ। ਇਸ ਖੇਤਰ ਦੀ ਜਾਣਕਾਰੀ ਮੁਤਾਬਕ ਐਮ.ਟੈਕ. 'ਰੈਗੂਲਰ' ਇਲੈਕਟ੍ਰਾਨਿਕਸ ਐਂਡ ਕਮਿਊਨੀਕੇਸ਼ਨਜ਼ ਇੰਜੀਨੀਅਰਿੰਗ ਵਿਚ ਪਿਛਲੇ ਸਾਲ 17 ਦੇ ਮੁਕਾਬਲੇ ਦੇ ਐਤਕੀਂ ਸਿਰਫ 3 ਸੀਟਾਂ ਹੀ ਭਰੀਆਂ ਜਾ ਸਕੀਆਂ ਹਨ, ਜਦੋਂਕਿ ਐਮ.ਟੈਕ. 'ਰੈਗੂਲਰ' ਮਕੈਨੀਕਲ ਇੰਜੀਨੀਅਰਿੰਗ ਵਿਚ ਪਿਛਲੇ ਸਾਲ 13 ਦੇ ਮੁਕਾਬਲੇ ਐਤਕੀਂ ਅੱਠ ਸੀਟਾਂ ਹੀ ਭਰੀਆਂ ਜਾ ਸਕੀਆਂ ਹਨ।

ਉਂਜ ਐਮ.ਬੀ.ਏ. ਪ੍ਰਤੀ ਯੂਨੀਵਰਸਿਟੀ ਕੈਂਪਸ ਵਿਚ ਹਾਂ ਪੱਖੀ ਰੁਝਾਨ ਦੇਖਣ ਨੂੰ ਮਿਲਿਆ। ਇਸ ਕੋਰਸ ਦੀਆਂ ਸਮੁੱਚੀਆਂ 220 ਸੀਟਾਂ ਦੇ ਮੁਕਾਬਲੇ ਵਧਾ ਕੇ 235 ਭਰੀਆਂ ਗਈਆਂ ਹਨ। ਐਮ.ਬੀ.ਏ. ਦੇ ਰੁਝਾਨ ਵੱਲ ਵਿਦੇਸ਼ੀ ਵਿਦਿਆਰਥੀ ਵੀ ਉਲਾਰ ਰਹੇ ਹਨ। ਉਂਜ, ਰਿਜਨਲ ਸੈਂਟਰਾਂ ਵਿਚ ਇਹ ਕੋਰਸ ਬੁਰੀ ਤਰ੍ਹਾਂ ਮਾਤ ਖਾ ਗਿਆ, ਤਲਵੰਡੀ ਸਾਬੋ ਤੇ ਮੁਹਾਲੀ ਸੈਂਟਰ ਦਾਖਲਿਆਂ ਮੁਤੱਲਕ ਬੁਰੀ ਤਰ੍ਹਾਂ ਪਛੜ ਚੁੱਕੇ ਹਨ। ਯੂਨੀਵਰਸਿਟੀ ਕੈਂਪਸ ਵਿਚ ਕੁੱਲ 112 ਕੋਰਸਾਂ ਵਿਚੋਂ ਦਰਜਨ ਦੇ ਕਰੀਬ ਅਜਿਹੇ ਕੋਰਸ ਦੱਸੇ ਜਾਂਦੇ ਹਨ, ਜਿਥੇ ਦਾਖਲਿਆਂ ਦੇ ਆਖਰੀ ਦੌਰ ਤੱਕ ਸੀਟਾਂ ਖਾਲੀ ਰਹਿ ਗਈਆਂ ਹਨ। ਡੇਢ ਦਰਜਨ ਅਹਿਮ ਕੋਰਸ ਹੀ ਹੋਣਗੇ, ਜਿਥੇ ਪਿਛਲੇ ਸਾਲ ਨਾਲੋਂ ਕੁਝ ਕੁ ਸੰਖਿਆ ਵਿਚ ਵੱਧ ਦਾਖਲੇ ਹੋਏ ਹਨ। ਉਂਜ, ਅੱਧੀ ਦਰਜਨ ਕੋਰਸ ਅਜਿਹੇ ਵੀ ਰਹੇ ਹਨ, ਜਿਥੇ ਹੁੰਗਾਰਾ ਸੰਤੁਸ਼ਟੀਜਨਕ ਰਿਹਾ ਹੈ।

## ਪੰਜਾਬ ਸਭ ਤੋਂ ਜ਼ਿਆਦਾ ਪਾਸਪੋਰਟ ਬਣਾਉਣ ਵਾਲੇ ਰਾਜਾਂ 'ਚ ਸ਼ਾਮਲ

**ਜਲੰਧਰ:** ਦੇਸ਼ ਭਰ 'ਚ ਸਭ ਤੋਂ ਜ਼ਿਆਦਾ ਪਾਸਪੋਰਟ ਜਿਨ੍ਹਾਂ ਰਾਜਾਂ 'ਚ ਬਣ ਰਹੇ ਹਨ, ਉਨ੍ਹਾਂ 'ਚ ਪੰਜਾਬ ਦਾ ਪੰਜਵਾਂ ਨੰਬਰ ਹੈ। ਵਿਦੇਸ਼ ਮੰਤਰਾਲੇ ਦੀ ਇਕ ਸੂਚਨਾ ਮੁਤਾਬਕ ਪੰਜਾਬ 'ਚ 49 ਲੱਖ ਉਹ ਯੋਗ ਪਾਸਪੋਰਟ ਹਨ ਜਿਨ੍ਹਾਂ ਦੀ ਲੋਕ ਵਰਤੋਂ ਕਰ ਰਹੇ ਹਨ। ਦੇਸ਼ 'ਚ ਪਹਿਲਾ ਨੰਬਰ ਕੇਰਲਾ ਦਾ ਹੈ, ਜਿਸ 'ਚ 7228834 ਯੋਗ ਪਾਸਪੋਰਟ ਹਨ ਤੇ ਮਹਾਰਾਸ਼ਟਰ 'ਚ ਇਸ ਵਰਗ ਵਿਚ ਪਾਸਪੋਰਟ 7139748, ਤਾਮਿਲਨਾਡੂ ਵਿਚ 670181 ਤੇ ਉੱਤਰ ਪ੍ਰਦੇਸ਼ 'ਚ 5817825 ਪਾਸਪੋਰਟ ਹਨ।

ਜਾਣਕਾਰੀ ਅਨੁਸਾਰ ਇਸ ਵੇਲੇ ਪੰਜਾਬ ਵਿਚ 49 ਲੱਖ ਦੇ ਕਰੀਬ ਯੋਗ ਪਾਸਪੋਰਟ ਹੀ ਵਿਦੇਸ਼ ਮੰਤਰਾਲੇ ਦੇ ਰਿਕਾਰਡ 'ਚ ਬੋਲ ਰਹੇ ਹਨ। ਚਾਹੇ ਇਸ ਤੋਂ ਜ਼ਿਆਦਾ ਗਿਣਤੀ 'ਚ ਪਾਸਪੋਰਟ ਜਾਰੀ ਹੋਏ ਹੋਣਗੇ ਪਰ ਕਈ ਲੋਕਾਂ ਕੋਲ ਉਹ ਪਾਸਪੋਰਟ ਵੀ ਹੋਣਗੇ ਜਿਨ੍ਹਾਂ ਦੀ ਮਿਆਦ ਖਤਮ ਹੋ ਚੁੱਕੀ ਹੈ ਤੇ ਉਨ੍ਹਾਂ ਨੇ ਅਜੇ ਪਾਸਪੋਰਟਾਂ ਦਾ ਨਵੀਨੀਕਰਨ ਨਹੀਂ ਕਰਵਾਇਆ। ਪੰਜਾਬ 'ਚ ਵੱਡੀ ਗਿਣਤੀ ਵਿਚ ਲੋਕਾਂ ਤੋਂ ਇਲਾਵਾ ਨੌਜਵਾਨ ਵਿਦੇਸ਼ ਜਾ ਰਹੇ ਹਨ, ਜਿਸ ਕਰਕੇ ਪਿਛਲੇ ਦੱਸ ਸਾਲ 'ਚ ਪਾਸਪੋਰਟਾਂ ਦੀ ਗਿਣਤੀ 'ਚ ਤੇਜ਼ੀ ਨਾਲ ਵਾਧਾ ਹੋਇਆ ਹੈ। ਦੋਆਬਾ ਤੇ ਮਾਝੇ ਦੇ ਜ਼ਿਲ੍ਹਿਆਂ ਵਿਚ ਸਾਲ 2012 'ਚ 1.19 ਲੱਖ ਦੇ ਕਰੀਬ ਪਾਸਪੋਰਟ ਜਾਰੀ ਕੀਤੇ ਗਏ ਅਤੇ ਸਾਲ 2013 'ਚ 1.66, ਸਾਲ 2014 'ਚ 2.12 ਲੱਖ, ਸਾਲ 2015 'ਚ 2.53, ਸਾਲ 2016 'ਚ 2.69 ਲੱਖ, ਸਾਲ 2017 'ਚ 4.21 ਲੱਖ ਦੇ ਕਰੀਬ ਪਾਸਪੋਰਟ ਜਾਰੀ ਕੀਤੇ ਗਏ।

# ਸਿਆਸਤ ਚਮਕਾਉਣ ਜੋਗੇ ਰਹਿ ਗਏ ਗਰੀਬੀ ਤੇ ਰੁਜ਼ਗਾਰ ਵਰਗੇ ਮੁੱਦੇ

**ਚੰਡੀਗੜ੍ਹ:** ਗਰੀਬੀ ਅਤੇ ਰੁਜ਼ਗਾਰ ਵਰਗੇ ਮੁੱਦਿਆਂ ਉਤੇ ਕੇਂਦਰ ਤੇ ਸੂਬਾ ਸਰਕਾਰਾਂ ਜਨਤਾ ਨੂੰ ਕੋਈ ਰਾਹ ਦੇਣ ਦੇ ਮੂਡ ਵਿਚ ਨਹੀਂ ਹਨ। ਭਾਵੇਂ ਚੋਣਾਂ ਸਮੇਂ ਹਰ ਵਾਰ ਸਿਆਸੀ ਪਾਰਟੀਆਂ ਲਈ ਇਹ ਦੋ ਮੁੱਦੇ ਮੁੱਖ ਏਜੰਡੇ ਉਤੇ ਹੁੰਦੇ ਹਨ, ਪਰ ਚੋਣਾਂ ਤੋਂ ਬਾਅਦ ਕੋਈ ਵੀ ਪਾਰਟੀ ਇਨ੍ਹਾਂ ਵੱਲ ਮੂੰਹ ਨਹੀਂ ਕਰਦੀ।

ਨੌਕਰੀ ਦੇ ਯੋਗ ਨੌਜਵਾਨਾਂ ਅਤੇ ਵਿਭਾਗਾਂ ਵਿਚ ਖਾਲੀ ਪਈਆਂ ਅਸਾਮੀਆਂ ਵਿਚਕਾਰ ਪਾੜਾ ਵਧਦਾ ਹੀ ਜਾ ਰਿਹਾ ਹੈ, ਸਰਕਾਰਾਂ ਇਨ੍ਹਾਂ ਮੁੱਦਿਆਂ ਨੂੰ ਗੌਲਣ ਲਈ ਤਿਆਰ ਨਹੀਂ। ਸਰਕਾਰੀ ਖੇਤਰ ਦੇ ਮਹਿਕਮੇ ਸਿਹਤ, ਸਿੱਖਿਆ, ਨਿਆਂ ਅਤੇ ਸੁਰੱਖਿਆ ਵਿਭਾਗਾਂ ਵਿਚ ਖਾਲੀ ਪਈਆਂ ਅਸਾਮੀਆਂ ਦੀ ਗੱਲ ਕੀਤੀ ਜਾਵੇ ਤਾਂ ਇਹ ਖਾਲੀ ਅਸਾਮੀਆਂ ਦੀ ਗਿਣਤੀ 40 ਤੋਂ 50 ਲੱਖ ਦੇ ਵਿਚਕਾਰ ਬਣਦੀ ਹੈ ਅਤੇ ਇਨ੍ਹਾਂ ਅਸਾਮੀਆਂ ਨੂੰ ਭਰਨ ਦੀ ਯੋਗਤਾ ਪੂਰੀ ਕਰਨ ਵਾਲੇ ਕਈ ਲੱਖਾਂ ਨਹੀਂ ਸਗੋਂ ਕਈ ਕਰੋੜਾਂ ਨੌਜਵਾਨ ਮੌਜੂਦ ਹਨ ਪਰ ਕਦੇ ਵੀ ਇਨ੍ਹਾਂ ਖਾਲੀ ਅਸਾਮੀਆਂ ਦਾ ਖਾਤਮਾ ਨਹੀਂ ਹੋ ਸਕਿਆ। ਜਦਕਿ ਹਰ ਸਾਲ 1 ਕਰੋੜ, 28 ਲੱਖ ਲੋਕ ਬੇਰੁਜ਼ਗਾਰਾਂ ਦੀ ਭੀੜ ਵਿਚ ਸ਼ਾਮਲ ਹੋ ਜਾਂਦੇ ਹਨ, ਜਿਨ੍ਹਾਂ ਵਿਚੋਂ 90 ਲੱਖ ਲੋਕ ਖੇਤੀਬਾੜੀ ਤੋਂ ਪਾਸੇ ਹਟ ਕੇ ਕੰਮ ਦੀ ਭਾਲ ਵਿਚ ਸ਼ਹਿਰਾਂ ਵੱਲ ਰੁਖ ਕਰਨ ਵਾਲੇ ਹਨ। ਇਸ ਤੋਂ ਸਾਫ ਹੈ ਕਿ ਸਰਕਾਰਾਂ ਦੀ ਨੀਅਤ ਤੇ ਨੀਤੀ ਸਵਾਲਾਂ ਦੇ ਘੇਰੇ ਵਿਚ ਹੈ। ਇਸੇ ਕਰਕੇ ਬੇਰੁਜ਼ਗਾਰ ਨੌਜਵਾਨ ਨਿਰਾਸ਼ਾ, ਨਸ਼ੇ ਅਤੇ ਜੁਰਮ ਦੇ ਘੇਰੇ ਵਿਚ ਆ ਰਹੇ ਹਨ। ਦੇਸ਼ ਵਿਚ ਸਰਬਉੱਚ ਅਹਿਮੀਅਤ ਵਾਲੇ ਸੁਰੱਖਿਆ ਵਿਭਾਗਾਂ ਭਾਵ ਦੇਸ਼ ਦੀ ਫੌਜ ਦੇ ਵੱਖ-ਵੱਖ ਵਿਭਾਗਾਂ ਵਿਚ 45,634 ਅਸਾਮੀਆਂ ਖਾਲੀ ਹਨ, ਜਿਨ੍ਹਾਂ ਵਿਚੋਂ 7,399 ਅਸਾਮੀਆਂ ਅਫਸਰ ਪੱਧਰ ਦੀਆਂ ਹਨ। ਇਹ ਦੇਸ਼ ਦੇ ਰੱਖਿਆ ਮੰਤਰੀ ਸ੍ਰੀ ਰਾਜਨਾਥ ਸਿੰਘ ਵੱਲੋਂ ਕੀਤੇ ਖੁਲਾਸੇ ਹਨ। ਦੇਸ਼ ਦੀ ਸਿਵਲ ਸੁਰੱਖਿਆ ਦੇ ਪ੍ਰਬੰਧਨ ਲਈ ਆਈ.ਪੀ.ਐਸ. ਅਫਸਰਾਂ ਦੀਆਂ ਕੁਲ 4940 ਅਸਾਮੀਆਂ ਵਿਚੋਂ 1000 ਤੋਂ ਵੱਧ ਅਸਾਮੀਆਂ ਖਾਲੀ ਹਨ।

ਦੇਸ਼ ਦੀਆਂ ਯੂਨੀਵਰਸਿਟੀਆਂ ਅਤੇ ਇਨ੍ਹਾਂ ਨਾਲ ਸਬੰਧਤ ਕਾਲਜਾਂ ਵਿਚ ਵੀ ਐਸੋਸੀਏਟ ਪ੍ਰੋਫੈਸਰ ਪੱਧਰ ਦੀਆਂ ਹਜ਼ਾਰਾਂ ਅਸਾਮੀਆਂ ਖਾਲੀ ਹਨ। ਸਿੱਖਿਆ ਸਬੰਧੀ ਮੰਤਰਾਲੇ ਮਨੁੱਖੀ ਸਾਧਨ ਤੇ ਵਿਕਾਸ ਦੇ ਆਪਣੇ ਇਕ ਅਧਿਐਨ ਅਨੁਸਾਰ 2016-17 ਤੋਂ 2017-18 ਦੇ ਵਿਦਿਅਕ ਸੈਸ਼ਨ ਵਿਚ ਉੱਚ ਸਿੱਖਿਆ ਸੈਕਟਰ ਵਿਚ 81,031 ਅਸਾਮੀਆਂ ਖਾਲੀ ਹੋਈਆਂ। ਉਨ੍ਹਾਂ ਦੀਆਂ ਖਾਲੀ ਥਾਵਾਂ ਭਰਨ ਦੀ ਥਾਂ ਸਰਕਾਰ ਆਰਜ਼ੀ ਜਾਂ ਠੇਕਾ ਪ੍ਰਬੰਧ ਰਾਹੀਂ ਕੰਮ ਚਲਾ ਰਹੀ ਹੈ। ਰਾਜਾਂ ਨਾਲ ਸਬੰਧਤ ਯੂਨੀਵਰਸਿਟੀਆਂ ਅਤੇ ਕਾਲਜਾਂ ਦਾ ਵੀ ਇਹੋ ਹਾਲ ਹੈ। ਕੇਂਦਰ ਅਤੇ ਸੂਬਾ ਸਰਕਾਰਾਂ ਸੇਵਾ-ਮੁਕਤ ਹੋਣ ਵਾਲੇ ਮੁਲਾਜ਼ਮਾਂ ਅਤੇ ਅਧਿਕਾਰੀਆਂ ਨੂੰ 2 ਸਾਲ ਦਾ ਸੇਵਾ ਕਾਲ ਵਾਧਾ ਦੇ ਰਹੀਆਂ ਹਨ, ਜਿਸ ਨਾਲ ਨੌਜਵਾਨਾਂ ਦੀ ਰੁਜ਼ਗਾਰ ਪ੍ਰਾਪਤੀ ਦੀ ਉਡੀਕ ਹੋਰ ਲੰਬੀ ਹੋਈ ਜਾ ਰਹੀ ਹੈ।

ਅਪ੍ਰੈਲ ਵਿਚ ਇਕ ਅਮਰੀਕਾ ਆਧਾਰਿਤ ਸੈਂਟਰ ਫਾਰ ਡਿਜ਼ੀਜ਼ ਡਾਇਨਾਮਿਕਸ ਇਕਨਾਮਿਕਸ ਐਂਡ ਪਾਲਿਸੀ ਦੇ ਅਧਿਐਨ ਅਨੁਸਾਰ ਦੇਸ਼ ਵਿਚ 6 ਲੱਖ ਡਾਕਟਰਾਂ ਅਤੇ 20 ਲੱਖ ਨਰਸਾਂ ਦੀ ਕਮੀ ਹੈ ਜਦ ਕਿ ਇਸ ਤੋਂ ਕਈ ਗੁਣਾਂ ਜ਼ਿਆਦਾ ਕਾਬਲ ਡਾਕਟਰ ਅਤੇ ਸਿੱਖਿਅਤ ਨਰਸਾਂ ਦੇਸ਼ ਵਿਚ ਮੌਜੂਦ ਹਨ ਪਰ ਉਨ੍ਹਾਂ ਨੂੰ ਯੋਗ ਰੁਜ਼ਗਾਰ ਮੁਹੱਈਆ ਨਹੀਂ ਹੈ, ਨਤੀਜੇ ਵਜੋਂ 65 ਫੀਸਦੀ ਸਿਹਤ ਖਰਚ ਸਿੱਧਾ ਲੋਕਾਂ ਦੀਆਂ ਜੇਬਾਂ ਵਿਚੋਂ ਜਾਂਦਾ ਹੈ ਅਤੇ ਹਰ ਸਾਲ ਵੱਡੇ ਸਿਹਤ ਖਰਚ ਉਠਾਉਣ ਵਾਲੇ ਲਗਭਗ 6 ਕਰੋੜ ਲੋਕ ਗਰੀਬੀ ਵੱਲ ਧੱਕੇ ਜਾਂਦੇ ਹਨ। ਇਸੇ ਤਰ੍ਹਾਂ ਭਾਰਤ ਵਿਚ ਦੇਸ਼ ਦੇ ਨਿਰੰਤਰ ਵਿਕਾਸ ਵਿਚਲੇ ਅਹਿਮ ਖੇਤਰ ਇੰਜੀਨੀਅਰਿੰਗ ਦਾ ਵੀ ਇਹੋ ਹਾਲ ਹੈ। ਦੇਸ਼ ਦੀਆਂ ਯੂਨੀਵਰਸਿਟੀਆਂ ਅਤੇ ਕਾਲਜਾਂ ਵਿਚੋਂ ਹਰ ਸਾਲ 15 ਲੱਖ ਵਿਦਿਆਰਥੀ ਇੰਜੀਨੀਅਰ ਬਣ ਕੇ ਨਿਕਲਦੇ ਹਨ ਪਰ ਯੋਗ ਨੌਕਰੀ ਨਾ ਮਿਲਣ ਕਰਕੇ ਜਾਂ ਤਾਂ ਉਹ ਵਿਦੇਸ਼ਾਂ ਦਾ ਰੁਖ ਕਰ ਲੈਂਦੇ ਹਨ ਜਾਂ ਫਿਰ ਆਪਣੇ ਅਧਿਐਨ ਖੇਤਰ ਤੋਂ ਲਾਂਭੇ ਦੇ ਖੇਤਰ ਜਿਵੇਂ ਪ੍ਰਸ਼ਾਸਨਿਕ ਸੇਵਾਵਾਂ ਆਦਿ ਵਿਚ ਜਾਣ ਲਈ ਮਜਬੂਰ ਹੋ ਜਾਂਦੇ ਹਨ। ਇੰਜੀਨੀਅਰਿੰਗ ਕਰਨ ਵਾਲੇ 50 ਫੀਸਦੀ ਵਿਦਿਆਰਥੀ ਬੇਰੁਜ਼ਗਾਰ ਹਨ।

ਸਰਕਾਰ ਦਾ ਅਹਿਮ ਨਿਆਂ ਵਿਭਾਗ ਵੀ ਇਸ ਸਮੱਸਿਆ ਤੋਂ ਨਹੀਂ ਬਚ ਸਕਿਆ। ਦੇਸ਼ ਵਿਚ ਇਕ ਸਰਬਉੱਚ ਅਦਾਲਤ ਅਤੇ 25 ਉੱਚ ਅਦਾਲਤਾਂ ਸਮੇਤ ਜ਼ਿਲ੍ਹਾ ਅਦਾਲਤਾਂ ਵਿਚ ਕੁੱਲ ਮਿਲਾ ਕੇ 3 ਕਰੋੜ ਤੋਂ ਵੱਧ ਕੇਸ ਲਟਕ ਰਹੇ ਹਨ, ਜਿਨ੍ਹਾਂ ਵਿਚੋਂ 60 ਹਜ਼ਾਰ ਕੇਸ ਸਰਬਉੱਚ ਅਦਾਲਤ ਵਿਚ, 42 ਲੱਖ ਕੇਸ ਉੱਚ ਅਦਾਲਤਾਂ ਵਿਚ ਅਤੇ 2.7 ਕਰੋੜ ਕੇਸ ਜ਼ਿਲ੍ਹਾ ਅਦਾਲਤਾਂ ਵਿਚ ਲਟਕ ਰਹੇ ਹਨ ਜਦ ਕਿ ਇਨਸਾਫ ਦੀ ਕੁਰਸੀ 'ਤੇ ਬੈਠਣ ਵਾਲੇ ਭਾਵ ਜੱਜਾਂ ਦੀ ਗਿਣਤੀ 21 ਹਜ਼ਾਰ ਹੈ ਜਦ ਕਿ ਚਾਹੀਦੇ 40 ਹਜ਼ਾਰ ਹਨ ਅਤੇ ਬਾਰ ਕੌਂਸਲ ਇੰਡੀਆ ਕੋਲ ਸਿਰਫ 20 ਲੱਖ ਵਕੀਲ ਰਜਿਸਟਰਡ ਹਨ, ਜੋ ਪੀੜਤਾਂ ਨੂੰ ਸਮੇਂ ਸਿਰ ਨਿਆਂ ਅਤੇ ਅਪਰਾਧੀਆਂ ਨੂੰ ਸਜ਼ਾ ਦੁਆਉਣ ਲਈ ਨਾਕਾਫੀ ਹਨ। 2018 ਵਿਚ ਕਾਨੂੰਨ ਮੰਤਰਾਲੇ ਨੇ ਕਿਹਾ ਸੀ ਕਿ ਸਾਨੂੰ 6000 ਜੱਜ ਹੋਰ ਲੋੜੀਂਦੇ ਹਨ। ਇਸ ਦਾ ਹੋਰ ਪੱਖ ਇਹ ਵੀ ਹੈ ਕਿ ਔਰਤਾਂ, ਲੜਕੀਆਂ ਅਤੇ ਬਾਲੜੀਆਂ ਵਿਰੁੱਧ ਅਪਰਾਧਾਂ ਵਿਚ ਲਗਾਤਾਰ ਵਾਧਾ ਹੋਈ ਜਾ ਰਿਹਾ ਹੈ, ਉਨ੍ਹਾਂ ਨੂੰ ਨਿਆਂ ਦਿਵਾਉਣ ਲਈ ਦੇਸ਼ ਵਿਚ ਔਰਤ ਵਕੀਲਾਂ ਅਤੇ ਔਰਤ ਜੱਜਾਂ ਦੀ ਵੱਡੀ ਘਾਟ ਹੈ।

ਨਿਆਂ ਨਾਲ ਜੁੜਿਆ ਇਕ ਹੋਰ ਪੱਖ ਹੈ ਅਪਰਾਧਿਕ ਜਾਂਚ ਦਾ, ਇਸ ਖੇਤਰ ਵਿਚ ਵੀ ਜਾਂਚ ਮਾਹਰਾਂ ਦੀ ਵੱਡੀ ਘਾਟ ਹੈ ਭਾਰਤ ਵਿਚ 7 ਸੈਂਟਰਲ ਅਤੇ 25 ਸਟੇਟ ਫੋਰੈਂਸਿਕ ਲੈਬਾਂ ਹਨ, ਜਿਨ੍ਹਾਂ ਵਿਚ ਸਿਰਫ 5 ਹਜ਼ਾਰ ਜਾਂਚ ਮਾਹਰ ਕਾਰਜਸ਼ੀਲ ਹਨ, ਜਿਨ੍ਹਾਂ ਵਿਚੋਂ 3 ਹਜ਼ਾਰ ਫੋਰੈਂਸਿਕ ਮਾਹਰ, 300 ਮੈਡੀਕੋ-ਲੀਗਲ ਮਾਹਰ, 900 ਫਿੰਗਰ ਪ੍ਰਿੰਟ ਮਾਹਰ ਅਤੇ ਸਿਰਫ 25 ਡੀ. ਐਨ.ਏ. ਮਾਹਰ ਹਨ, ਇਸ ਦੇ ਬਾਵਜੂਦ 9000 ਡੀ.ਐਨ.ਏ. ਟੈਸਟ ਲਟਕ ਰਹੇ ਹਨ। ਦੇਸ਼ ਵਿਚ ਵਧਦੀ ਅਪਰਾਧ ਦਰ ਦਾ ਟਾਕਰਾ ਕਰਨ ਲਈ ਫੋਰੈਂਸਿਕ ਜਾਂਚ ਵਿਚ ਨਵੀਨਤਮ ਵਿਧੀਆਂ ਤੇ ਤਕਨੀਕਾਂ ਲਾਗੂ ਕਰਕੇ ਇਸ ਦਾ ਵਿਸਤਾਰ ਕਰਨ ਦੀ ਸਖਤ ਲੋੜ ਹੈ। ਇਨ੍ਹਾਂ ਲੋੜੀਂਦੀਆਂ ਅਸਾਮੀਆਂ ਲਈ ਭਰਤੀ ਹੋਣ ਵਾਲੇ ਲੱਖਾਂ ਨੌਜਵਾਨ ਉੱਚ ਸਿੱਖਿਆ ਯੋਗਤਾ ਰੱਖਦੇ ਹਨ ਪਰ ਉਚਿਤ ਰੁਜ਼ਗਾਰ ਤੋਂ ਅਜੇ ਵੀ ਵਾਂਝੇ ਹਨ।

ਹਾਲ ਹੀ ਵਿਚ ਕੇਂਦਰ ਸਰਕਾਰ ਨੇ ਆਪਣੇ ਲੋਕਾਂ ਨੂੰ ਤਕਨੀਕੀ ਸਿੱਖਿਆ ਰਾਹੀਂ ਹੁਨਰਮੰਦ ਕਰਨ ਦੇ 2016-2020 ਤੱਕ 3000 ਕਰੋੜ ਰੁਪਏ ਦੇ 'ਸਕਿਲ ਇੰਡੀਆ ਫੰਡ' ਵਿਚ 600 ਕਰੋੜ ਦੀ ਕਟੌਤੀ ਕੀਤੀ ਹੈ, ਕਾਰਨ ਕਿ ਰਾਜਾਂ ਨੂੰ ਭੇਜਿਆ ਗਿਆ ਇਹ ਫੰਡ ਕਈ ਥਾਈਂ ਅਣਵਰਤਿਆ ਹੀ ਰਹਿ ਗਿਆ।

## ਰਾਹੁਲ ਨੇ ਡਿੱਗਦੀ ਅਰਥ ਵਿਵਸਥਾ ਦੇ ਮੁੱਦੇ 'ਤੇ ਕੇਂਦਰ ਨੂੰ ਬਣਾਇਆ ਨਿਸ਼ਾਨਾ

**ਨਵੀਂ ਦਿੱਲੀ:** ਕਾਂਗਰਸ ਆਗੂ ਰਾਹੁਲ ਗਾਂਧੀ ਨੇ ਭਾਰਤੀ ਅਰਥਵਿਵਸਥਾ ਵਿਚ ਕਥਿਤ ਤੌਰ 'ਤੇ ਘਾਟਾ ਪੈਣ ਦੇ ਮੁੱਦੇ 'ਤੇ ਕੇਂਦਰ ਨੂੰ ਨਿਸ਼ਾਨਾ ਬਣਾਉਂਦਿਆਂ ਕਿਹਾ ਕਿ ਦਹਾਕਿਆਂ ਦੀ ਮਿਹਨਤ ਨਾਲ ਖੜ੍ਹੀ ਹੋਈ ਅਰਥ ਵਿਵਸਥਾ ਨੂੰ ਸਰਕਾਰ ਤਬਾਹ ਕਰ ਰਹੀ ਹੈ। ਉਨ੍ਹਾਂ ਟਵਿੱਟਰ 'ਤੇ ਟਵੀਟ ਕਰਦਿਆਂ ਕਿਹਾ ਕਿ ਭਾਜਪਾ ਸਰਕਾਰ ਕੁੱਝ ਵੀ ਬਣਾ ਨਹੀਂ ਸਕਦੀ, ਇਹ ਸਿਰਫ ਦਹਾਕਿਆਂ ਦੀ ਮਿਹਨਤ ਅਤੇ ਜਜ਼ਬੇ ਨਾਲ ਖੜ੍ਹੀ ਕੀਤੀ ਅਰਥ ਵਿਵਸਥਾ ਨੂੰ ਢਹਿ-ਢੇਰੀ ਕਰ ਸਕਦੀ ਹੈ। ਰਾਹੁਲ ਗਾਂਧੀ ਨੇ ਕੁੱਝ ਮੀਡੀਆ ਰਿਪੋਰਟਾਂ ਵੀ ਆਪਣੀ ਇਸ ਪੋਸਟ ਨਾਲ ਟੈਗ ਕੀਤੀਆਂ ਹਨ, ਜਿਨ੍ਹਾਂ 'ਚ ਕੁੱਝ ਨਾਮੀ ਕਾਰੋਬਾਰੀ ਡਿੱਗ ਰਹੀ ਅਰਥ-ਵਿਵਸਥਾ ਸਬੰਧੀ ਚਿਤਾਵਨੀ ਦੇ ਰਹੇ ਹਨ।

## ਗੈਂਗਸਟਰਾਂ ਵੱਲੋਂ ਅਕਾਲੀ ਆਗੂ 'ਤੇ ਜਾਨਲੇਵਾ ਹਮਲਾ

**ਫਾਜ਼ਿਲਕਾ:** ਵਿਧਾਨ ਸਭਾ ਹਲਕਾ ਬੱਲੂਆਣਾ ਨਾਲ ਸਬੰਧਤ ਇਕ ਅਕਾਲੀ ਆਗੂ ਅਤੇ ਨਗਰ ਸੁਧਾਰ ਟਰੱਸਟ ਦੇ ਸਾਬਕਾ ਚੇਅਰਮੈਨ ਪ੍ਰਹਿਲਾਦ ਖਾਟਵਾਂ 'ਤੇ ਕੁਝ ਹਥਿਆਰਬੰਦ ਅਨਸਰਾਂ ਵੱਲੋਂ ਜਾਨਲੇਵਾ ਹਮਲਾ ਕੀਤਾ ਗਿਆ। ਪ੍ਰਹਿਲਾਦ ਖਾਟਵਾਂ ਉਸ ਵੇਲੇ ਆਪਣੇ ਘਰ ਦੇ ਬਾਹਰ ਪਿੱਪਲ ਦੇ ਦਰਖੱਤ ਹੇਠ ਆਪਣੇ ਪ੍ਰਾਈਵੇਟ ਸੁਰੱਖਿਆ ਕਰਮਚਾਰੀ ਨਾਲ ਬੈਠੇ ਸਨ।

ਇਸ ਮੌਕੇ ਹਥਿਆਰਬੰਦ ਗੁੰਡਿਆਂ ਨੇ ਪ੍ਰਹਿਲਾਦ ਖਾਟਵਾਂ ਉਪਰ ਸਿੱਧੇ ਵਾਰ ਕੀਤੇ। ਮੌਕੇ 'ਤੇ ਪ੍ਰਹਿਲਾਦ ਖਾਟਵਾਂ ਨੇ ਵੀ ਜਵਾਬੀ ਕਾਰਵਾਈ ਕੀਤੀ। ਗੈਂਗਸਟਰ ਆਪਣੀ ਸਕਾਰਪੀਓ ਗੱਡੀ ਵਿਚ ਸਵਾਰ ਹੋ ਕੇ ਪਿੰਡ ਸ਼ੇਰੇਵਾਲਾ ਵੱਲ ਭੱਜ ਗਏ। ਪਿੰਡ ਤੋਂ ਬਾਹਰ ਨਿਕਲਦਿਆਂ ਸੰਤੁਲਨ ਵਿਗੜਨ ਕਾਰਨ ਗੱਡੀ ਨਰਮੇ ਦੇ ਖੇਤ ਵਿਚ ਪਲਟ ਗਈ, ਜਿਥੋਂ ਗੈਂਗਸਟਰ ਗੱਡੀ ਛੱਡ ਕੇ ਖੇਤਾਂ ਵੱਲ ਭੱਜਣ ਲੱਗੇ। ਸੂਚਨਾ ਮਿਲਦਿਆਂ ਹੀ ਪੁਲਿਸ ਮੌਕੇ 'ਤੇ ਪਹੁੰਚੀ ਅਤੇ ਗੈਂਗਸਟਰਾਂ ਨੂੰ ਘੇਰਾ ਪਾ ਲਿਆ। ਇਸ ਮੌਕੇ ਡਰਦਿਆਂ ਇਕ ਹਥਿਆਰਬੰਦ ਅਨਸਰ ਨੇ ਆਪਣੇ ਆਪ ਨੂੰ ਗੋਲੀ ਮਾਰ ਲਈ, ਜਦੋਂ ਕਿ ਇਕ ਹੋਰ ਨੂੰ ਲੋਕਾਂ ਨੇ ਕਾਬੂ ਕਰ ਲਿਆ। ਗੈਂਗਸਟਰਾਂ ਨੇ ਪੁਲਿਸ ਤੋਂ ਬਚਣ ਲਈ ਆਮ ਲੋਕਾਂ ਉਪਰ ਵੀ ਗੋਲੀਆਂ ਚਲਾਈਆਂ, ਜਿਸ ਕਾਰਨ ਸ਼ੇਰੇਵਾਲਾ ਦੇ ਦੋ ਨੌਜਵਾਨ ਉਜਵਲ ਪੁੱਤਰ ਰਾਮ ਚੰਦਰ ਅਤੇ ਹਰੀ ਕ੍ਰਿਸ਼ਨ ਪੁੱਤਰ ਆਸਾ ਰਾਮ ਜ਼ਖਮੀ ਹੋ ਗਏ। ਪੁਲਿਸ ਨੇ ਕਾਬੂ ਕੀਤੇ ਗੈਂਗਸਟਰ ਕੋਲੋਂ ਇਕ ਪਿਸਤੌਲ ਬਰਾਮਦ ਕੀਤਾ ਹੈ। ਕਾਬੂ ਕੀਤੇ ਮੁਲਜ਼ਮ ਦੀ ਪਛਾਣ ਜਤਿੰਦਰਪਾਲ ਸਿੰਘ ਵਾਸੀ ਗਲੀ ਨੰਬਰ 2 ਨੇੜੇ ਅੰਮ੍ਰਿਤ ਮਾਡਲ ਸਕੂਲ ਸੁੰਦਰ ਨਗਰੀ ਅਬੋਹਰ ਵਜੋਂ ਹੋਈ ਹੈ। ਤਿੰਨ ਗੈਂਗਸਟਰ ਖੇਤਾਂ ਦਾ ਸਾਹਾਰਾ ਲੈ ਕੇ ਰਾਜਸਥਾਨ ਵੱਲ ਭੱਜ ਗਏ ਅਤੇ ਇਸ ਸਬੰਧੀ ਰਾਜਸਥਾਨ ਪੁਲਿਸ ਨੂੰ ਸੂਚਿਤ ਕੀਤਾ ਗਿਆ ਹੈ।

# ਪੰਜਾਬੀ, ਅਦਾਲਤਾਂ ਦੀ ਭਾਸ਼ਾ ਅਤੇ ਸਰਕਾਰਾਂ

**ਬੂਟਾ ਸਿੰਘ ਬਰਾੜ**

ਦੁਨੀਆ ਭਰ ਵਿਚ ਬਹੁਤ ਘੱਟ ਸੰਵਿਧਾਨ ਅਜਿਹੇ ਹਨ ਜਿਨ੍ਹਾਂ ਵਿਚ ਭਾਸ਼ਾ ਨੀਤੀ ਬਾਰੇ ਵਿਸਥਾਰ ਸਹਿਤ ਵਿਚਾਰ ਕਰ ਕੇ ਭਾਸ਼ਾ ਨੀਤੀ ਨੂੰ ਸੰਵਿਧਾਨ ਦੇ ਵਿਸ਼ੇਸ਼ ਉਪਬੰਧਾਂ ਦਾ ਭਾਗ ਬਣਾਇਆ ਗਿਆ ਹੈ। ਦਰਅਸਲ ਇਹ ਅਜਿਹੇ ਮੁਲਕ ਹਨ ਜਿਥੇ ਬਹੁਭਾਸ਼ਾਵਾਂ ਹਨ। ਭਾਰਤ ਵੀ ਬਹੁਭਾਸ਼ੀ ਦੇਸ਼ ਹੈ। ਜੇ ਭਾਰਤ ਦੇ ਭਾਸ਼ਾਈ ਨਕਸ਼ੇ ਉਪਰ ਨਜ਼ਰ ਮਾਰੀ ਜਾਵੇ ਤਾਂ ਸਹਿਵਨ ਹੀ ਸਾਨੂੰ ਭਾਸ਼ਾਈ ਵੰਨ-ਸਵੰਨਤਾ ਦਾ ਅਹਿਸਾਸ ਹੋ ਜਾਂਦਾ ਹੈ। ਭਾਸ਼ਾਈ ਵੰਨ-ਸਵੰਨਤਾ ਇਸ ਮੁਲਕ ਨੂੰ ਬਹੁਰੰਗਾ ਮਹੱਤਵ ਮੁਹੱਈਆ ਕਰਦੀ ਹੈ। ਭਾਰਤੀ ਸਮਾਜ ਦੀ ਭਾਸ਼ਾਈ ਵੰਨ-ਸਵੰਨਤਾ ਕਾਰਨ ਭਾਸ਼ਾਈ ਘੱਟ ਗਿਣਤੀਆਂ ਆਪੋ-ਆਪਣੀ ਹੋਂਦ ਤੇ ਹਸਤੀ ਲਈ ਚੇਤੰਨ ਹਨ।

ਖੁਸ਼ਗਵਾਰ ਗੱਲ ਇਹ ਹੈ ਕਿ ਭਾਸ਼ਾਈ ਵਖਰੇਵਿਆਂ ਦੇ ਬਾਵਜੂਦ ਇਥੇ ਲੋਕਾਂ ਵਿਚ ਸਭਿਅਕ ਸੰਤੁਲਨ ਕਾਇਮ ਰਿਹਾ ਹੈ ਪਰ ਮੁਲਕ ਦੀ ਵੰਡ ਤੋਂ ਬਾਅਦ ਹਾਲਾਤ ਇਹ ਬਣ ਗਏ ਕਿ ਅੰਗਰੇਜ਼ੀ, ਹਿੰਦੀ, ਉਰਦੂ ਨੂੰ ਵੱਖ-ਵੱਖ ਭਾਈਚਾਰਿਆਂ ਵਲੋਂ ਰਾਜ ਭਾਸ਼ਾ ਜਾਂ ਕੌਮੀ ਭਾਸ਼ਾ ਬਣਾਉਣ ਦੀ ਵਕਾਲਤ ਕੀਤੀ ਜਾਣ ਲੱਗੀ ਜਦਕਿ ਇਹ ਤਿੰਨੇ ਭਾਸ਼ਾਵਾਂ ਹੀ ਭਾਰਤ ਦੇ ਕਿਸੇ ਖਿੱਤੇ ਦੀਆਂ ਮਾਤ-ਭਾਸ਼ਾਵਾਂ ਨਹੀਂ ਸਨ। ਭਾਰਤੀ ਸੰਵਿਧਾਨ ਸਭਾ ਦੇ ਸਾਰੇ ਹੀ ਮੈਂਬਰ ਭਾਵੇਂ ਇਸ ਗੱਲ ਨੂੰ ਮੰਨਦੇ ਸਨ ਕਿ ਸਾਨੂੰ ਅਜਿਹੀ ਭਾਸ਼ਾ ਨੂੰ ਰਾਜ ਭਾਸ਼ਾ ਚੁਣਨਾ ਚਾਹੀਦਾ ਹੈ ਜੋ ਸਾਰਿਆਂ ਦੀ ਸਾਂਝੀ ਹੋਵੇ ਪਰ ਇਹ ਭਾਸ਼ਾ ਕਿਹੜੀ ਹੋਵੇ, ਵਿਵਾਦ ਵਾਲਾ ਵਿਸ਼ਾ ਸੀ।

ਅਖੀਰ ਹਿੰਦੀ ਨੂੰ ਚੁਣ ਲਿਆ ਗਿਆ ਪਰ ਨਾਲ ਇਹ ਵੀ ਤੈਅ ਕੀਤਾ ਗਿਆ ਕਿ ਅੰਗਰੇਜ਼ੀ ਭਾਸ਼ਾ ਨੂੰ ਇਕਦਮ ਨਹੀਂ ਛੱਡਿਆ ਜਾ ਸਕਦਾ, ਇਸ ਲਈ ਅੰਗਰੇਜ਼ੀ ਦੀ ਵਰਤੋਂ ਦੀ ਛੋਟ ਉਦੋਂ ਤੱਕ ਦੇ ਦਿੱਤੀ ਗਈ ਜਦ ਤੱਕ ਹਿੰਦੀ ਨੂੰ ਪੂਰਨ ਤੌਰ 'ਤੇ ਵਿਕਸਿਤ ਨਹੀਂ ਕਰ ਲਿਆ ਜਾਂਦਾ। ਅੰਤਰਕਾਲੀ ਸਮੇਂ ਦੀ ਮਿਆਦ 15 ਸਾਲ ਰੱਖੀ ਗਈ। ਫਿਰ ਹਿੰਦੀ ਨੂੰ ਸੰਪਰਕ ਭਾਸ਼ਾ ਵਜੋਂ ਅਪਨਾਇਆ ਜਾਣਾ ਸੀ ਪਰ ਦੱਖਣੀ ਰਾਜ ਹਿੰਦੀ ਦੇ ਕੱਟੜ ਵਿਰੋਧੀ ਸਨ। ਦਰਅਸਲ ਉਹ ਆਪੋ-ਆਪਣੀ ਖੇਤਰੀ ਭਾਸ਼ਾ ਨੂੰ ਆਪਣੀ ਮਾਤ ਭੂਮੀ ਵਾਂਗ ਹੀ ਪਿਆਰ ਕਰਦੇ ਹਨ। ਮਾਤ ਭਾਸ਼ਾ ਨਾਲ ਮੋਹ ਹੋਣ ਕਾਰਨ ਦੱਖਣ ਵਾਲਿਆਂ ਨੇ 1965 ਮਗਰੋਂ ਹਿੰਦੀ ਨੂੰ ਸੰਪਰਕ ਭਾਸ਼ਾ ਵਜੋਂ ਅਪਨਾਉਣ ਦਾ ਸਖਤ ਵਿਰੋਧ ਕੀਤਾ। ਕੇਂਦਰ ਸਰਕਾਰ ਉਨ੍ਹਾਂ ਅੱਗੇ ਝੁਕੀ ਅਤੇ ਹਿੰਦੀ ਨੂੰ ਅੰਗਰੇਜ਼ੀ ਦੀ ਥਾਂ ਦੇਣ ਦੇ ਸਮੇਂ ਨੂੰ ਅੱਗੇ ਪਾ ਦਿੱਤਾ ਗਿਆ।

ਮੁਲਕ ਦੇ ਇਸ ਸਮਾਜ-ਭਾਸ਼ਾਈ ਹਾਲਾਤ ਨੂੰ ਧਿਆਨ ਵਿਚ ਰੱਖਦਿਆਂ, ਉਚ ਅਦਾਲਤਾਂ ਦੇ ਕੰਮਕਾਜ ਨੂੰ ਅੰਗਰੇਜ਼ੀ ਵਿਚ ਕੀਤੇ ਜਾਣ ਦੀ ਵਿਵਸਥਾ ਸੰਵਿਧਾਨ ਵਿਚ ਹੀ ਕਰ ਦਿੱਤੀ ਗਈ। ਇਸ ਵਿਵਸਥਾ ਦੇ ਹੱਕ ਵਿਚ ਕਈ ਦਲੀਲਾਂ ਦਿੱਤੀਆਂ ਗਈਆਂ ਜਿਨ੍ਹਾਂ ਬਾਰੇ ਪ੍ਰਸਿੱਧ ਨਾਵਲਕਾਰ ਤੇ ਕਾਨੂੰਨੀ ਮਾਹਿਰ ਮਿਤਰ ਸੈਨ ਮੀਤ ਨੇ ਆਪਣੇ ਵੱਖ ਵੱਖ ਲੇਖਾਂ ਵਿਚ ਵਿਚਾਰ ਕੀਤੀ ਹੈ। ਮਸਲਨ ਸੁਪਰੀਮ ਕੋਰਟ ਦੇ ਜੱਜਾਂ ਦੀ ਨਿਯੁਕਤੀ ਵੇਲੇ ਭਾਰਤ ਦੇ ਹਰ ਖਿੱਤੇ ਨੂੰ ਨੁਮਾਇੰਦਗੀ ਦੇਣ ਦਾ ਵਿਸ਼ੇਸ਼ ਖਿਆਲ ਰੱਖਿਆ ਜਾਂਦਾ ਹੈ। ਸੁਪਰੀਮ ਕੋਰਟ ਦਾ ਹਰ ਜੱਜ ਭਾਰਤ ਦੀਆਂ ਸਾਰੀਆਂ ਕੌਮੀ ਭਾਸ਼ਾਵਾਂ ਦਾ ਜਾਣਕਾਰ ਨਹੀਂ ਹੋ ਸਕਦਾ। ਨਾਲੇ ਅੰਗਰੇਜ਼ੀ ਇਕੋ-ਇਕ ਅਜਿਹੀ ਭਾਸ਼ਾ ਹੈ ਜੋ ਸਾਰੇ ਖਿੱਤਿਆਂ ਨੂੰ ਪ੍ਰਵਾਨ ਹੈ ਅਤੇ ਇਸ ਬਾਰੇ ਕਿਸੇ ਕਿਸਮ ਦਾ ਕੋਈ ਰਾਜਸੀ ਜਾਂ ਧਾਰਮਿਕ ਵਾਦ-ਵਿਵਾਦ ਵੀ ਨਹੀਂ ਹੈ। ਭਾਰਤ ਵਿਚ ਲਾਗੂ ਸਾਰੇ ਕਾਨੂੰਨ ਤੇ ਹਾਈ ਕੋਰਟਾਂ ਦੇ ਫੈਸਲੇ ਮੁੱਢਲੇ ਰੂਪ 'ਚ ਅੰਗਰੇਜ਼ੀ ਵਿਚ ਹੀ ਹਾਸਲ ਹੁੰਦੇ ਹਨ। ਅਜਿਹੇ ਹਾਲਾਤ 'ਚ ਜੱਜਾਂ ਨੂੰ ਆਪਣਾ ਕੰਮ ਹਰ ਖਿੱਤੇ ਦੀ ਸਾਂਝੀ ਭਾਸ਼ਾ ਅੰਗਰੇਜ਼ੀ ਵਿਚ ਨਿਬੇੜਨਾ ਸੌਖਾ ਹੈ।

ਇਸ ਤੋਂ ਇਲਾਵਾ ਸੁਪਰੀਮ ਕੋਰਟ ਦੇ ਕੰਮਕਾਜ ਨੂੰ ਅੰਗਰੇਜ਼ੀ ਵਿਚ ਕੀਤੇ ਜਾਣ ਤੇ ਕਿਸੇ ਪਾਸਿਓਂ ਕੋਈ ਪ੍ਰਤੀਕਰਮ ਨਹੀਂ ਹੋਇਆ। ਇਸੇ ਕਾਰਨ ਅੱਜ ਤਕ ਸੁਪਰੀਮ ਕੋਰਟ ਦੇ ਕੰਮਕਾਜ ਨੂੰ ਅੰਗਰੇਜ਼ੀ ਵਿਚ ਕੀਤੇ ਜਾਣ ਦਾ ਪ੍ਰਬੰਧ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਸੁਪਰੀਮ ਕੋਰਟ ਵਿਚ ਹੋਣ ਵਾਲੀ ਅਦਾਲਤੀ ਪ੍ਰਕਿਰਿਆ ਨਾਲ ਮੁਕੱਦਮੇ ਦੀਆਂ ਧਿਰਾਂ ਦਾ ਕੋਈ ਸਿੱਧਾ ਸਬੰਧ ਨਹੀਂ ਹੁੰਦਾ, ਕਿਉਂਕਿ ਅਦਾਲਤ ਦੀ ਸਾਰੀ ਕਾਰਵਾਈ ਵਕੀਲਾਂ ਰਾਹੀਂ ਹੁੰਦੀ ਹੈ। ਬਹਿਸ-ਮੁਬਾਹਸਾ ਕਾਨੂੰਨੀ ਗੁੰਝਲਾਂ ਉਪਰ ਕੇਂਦਰਿਤ ਹੁੰਦਾ ਹੈ। ਇਸ ਤੋਂ ਇਲਾਵਾ ਮੁਲਕ ਦੇ ਹਰ ਸੂਬੇ ਦੀ ਆਪੋ-ਆਪਣੀ ਹਾਈ ਕੋਰਟ ਹੈ ਅਤੇ ਸੁਪਰੀਮ ਕੋਰਟ ਜਾਣ ਤੋਂ ਪਹਿਲਾਂ ਝਗੜਿਆਂ ਨੂੰ ਬਰਾਸਤਾ ਹਾਈ ਕੋਰਟ ਹੀ ਨਿਕਲਣਾ ਪੈਂਦਾ ਹੈ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਰਗੀ ਕਿਸੇ ਕਿਸੇ ਹਾਈ ਕੋਰਟ ਨੂੰ ਦੋ ਦੋ ਸੂਬਿਆਂ ਦਾ ਕੰਮ ਵੀ ਦੇਖਣਾ ਪੈਂਦਾ ਹੈ।

ਸੰਵਿਧਾਨ ਵਿਚ ਤੈਅ 15 ਸਾਲ ਦਾ ਸਮਾਂ ਬੀਤ ਜਾਣ ਬਾਅਦ ਵੀ ਜਦੋਂ ਕੇਂਦਰ ਸਰਕਾਰ ਨੂੰ ਹਿੰਦੀ ਨੂੰ ਰਾਜ ਭਾਸ਼ਾ ਬਣਾਉਣ ਵਿਚ ਸਫਲਤਾ ਨਾ ਮਿਲੀ ਤਾਂ ਅੰਗਰੇਜ਼ੀ ਨੂੰ ਹੀ ਕੰਮਕਾਜ ਦੀ ਭਾਸ਼ਾ ਦੇ ਤੌਰ 'ਤੇ ਜਾਰੀ ਰੱਖਣ ਲਈ ਕੇਂਦਰ ਸਰਕਾਰ ਨੂੰ ਰਾਜ ਭਾਸ਼ਾ ਐਕਟ-1963 ਬਣਾਉਣਾ ਪਿਆ। ਇਸ ਐਕਟ ਨੇ ਹਾਈ ਕੋਰਟਾਂ ਨੂੰ ਆਪਣੇ ਵਲੋਂ ਕੀਤੇ ਜਾਂਦੇ ਕੰਮਕਾਜ ਨੂੰ ਅੰਗਰੇਜ਼ੀ ਦੇ ਨਾਲ ਨਾਲ ਹਿੰਦੀ ਜਾਂ ਰਾਜ ਭਾਸ਼ਾ ਵਿਚ ਕੀਤੇ ਜਾਣ ਦੀ ਖੁੱਲ੍ਹ ਵੀ ਦੇ ਦਿੱਤੀ ਸੀ। ਇਉਂ ਹਾਈ ਕੋਰਟ ਵਿਚ ਕੀਤੇ ਜਾਣ ਵਾਲੇ ਕੰਮਕਾਜ ਨੂੰ ਖੇਤਰੀ ਜਾਂ ਰਾਜ ਭਾਸ਼ਾਵਾਂ ਵਿਚ ਕੀਤੇ ਜਾਣ ਦੀ ਵਿਵਸਥਾ ਵੀ ਸੰਵਿਧਾਨ ਨੇ ਹੀ ਕਰ ਦਿੱਤੀ ਅਤੇ ਸੂਬਾ ਸਰਕਾਰਾਂ ਨੂੰ ਵੀ ਆਪਣੀ ਸਾਰੀ ਕਾਰਜ ਪ੍ਰਕਿਰਿਆ ਵਿਚ ਲੋਕਾਂ ਦੀ ਭਾਸ਼ਾ ਵਰਤਣ ਦੀ ਖੁੱਲ੍ਹ ਦਿੱਤੀ ਗਈ।

ਦੂਜੇ ਪਾਸੇ ਉਚ ਅਦਾਲਤਾਂ ਦੀ ਭਾਸ਼ਾ ਹਿੰਦੀ ਜਾਂ ਖੇਤਰੀ/ਰਾਜ ਭਾਸ਼ਾ ਕਰਨ ਦਾ ਕੁਝ ਦਲੀਲਾਂ ਦੇ ਆਧਾਰ ਉਤੇ ਵਿਰੋਧ ਵੀ ਕੀਤਾ ਗਿਆ। ਮਸਲਨ ਜੇ ਜੱਜਾਂ ਅਤੇ ਵਕੀਲਾਂ ਵਿਚ ਇਕਸਾਰਤਾ ਬਹਾਲ ਰੱਖਣੀ ਹੈ ਤਾਂ ਹਾਈ ਕੋਰਟਾਂ ਵਿਚ ਖੇਤਰੀ/ਰਾਜ ਭਾਸ਼ਾ ਦੀ ਵਰਤੋਂ ਦੀ ਆਗਿਆ ਨਹੀਂ ਦਿੱਤੀ ਜਾਣੀ ਚਾਹੀਦੀ। ਅੰਗਰੇਜ਼ੀ ਭਾਸ਼ਾ ਨਾਲ ਕੋਈ ਵੀ ਵਕੀਲ ਮੁਲਕ ਦੇ ਕਿਸੇ ਵੀ ਹਿੱਸੇ ਵਿਚ ਜਾ ਕੇ ਵਕਾਲਤ ਕਰ ਸਕਦਾ ਹੈ। ਭਾਸ਼ਾ ਦੀ ਬੰਦਿਸ਼ ਕਾਰਨ ਇਕ ਹਾਈ ਕੋਰਟ, ਦੂਜੀ ਕੋਰਟ ਦੇ ਸੁਣਾਏ ਅਹਿਮ ਫੈਸਲਿਆਂ ਦੀ ਸਹਾਇਤਾ ਲੈਣ ਦੀ ਸਹੂਲਤ ਤੋਂ ਵਾਂਝੀ ਹੋ ਜਾਵੇਗੀ। ਕੇਂਦਰ ਸਰਕਾਰ ਵਲੋਂ ਬਣਾਏ ਕਾਨੂੰਨਾਂ ਦੀ ਇਕਸਾਰ ਵਿਆਖਿਆ, ਜੋ ਸਫਲ ਨਿਆਂ-ਪ੍ਰਬੰਧ ਦੀ ਨੀਂਹ ਹੈ, ਮੁਸ਼ਕਿਲ ਹੋ ਜਾਵੇਗੀ।

ਇਸੇ ਤਰ੍ਹਾਂ ਸੁਪਰੀਮ ਕੋਰਟ ਦੇ ਕੰਮਕਾਜ ਵਿਚ ਇਕਸੁਰਤਾ ਰੱਖਣ ਅਤੇ ਸੁਪਰੀਮ ਕੋਰਟ ਵਿਚ ਜੱਜਾਂ ਦੀ ਨਿਯੁਕਤੀ ਵੇਲੇ ਵੱਡੀ ਮੁਸ਼ਕਿਲ ਦਾ ਸਾਹਮਣਾ ਕਰਨਾ ਪਵੇਗਾ, ਕਿਉਂਕਿ ਸੁਪਰੀਮ ਕੋਰਟ ਦੀ ਭਾਸ਼ਾ ਅੰਗਰੇਜ਼ੀ ਹੈ ਅਤੇ ਵੱਖ ਵੱਖ ਹਾਈ ਕੋਰਟਾਂ ਦੇ ਖੇਤਰੀ ਭਾਸ਼ਾਵਾਂ ਵਿਚ ਕੰਮ ਕਰਨ ਵਾਲੇ ਜੱਜ ਇਕਦਮ ਅੰਗਰੇਜ਼ੀ ਵਿਚ ਕੰਮ ਕਿਵੇਂ ਕਰਨ ਲੱਗਣਗੇ? ਇਉਂ ਇਸ ਨਾਲ ਨਿਆਂ ਪ੍ਰਬੰਧ ਨੂੰ ਇਕਸੁਰ ਰੱਖਣ ਦੀ ਸੁਪਰੀਮ ਕੋਰਟ ਦੀ ਪ੍ਰਥਾ ਅਤੇ ਫੈਸਲਿਆਂ ਦੀ ਗੁਣਵੱਤਾ ਵੀ ਪ੍ਰਭਾਵਿਤ ਹੋਵੇਗੀ।

ਹਾਈ ਕੋਰਟਾਂ ਵਿਚ ਰਾਜ ਭਾਸ਼ਾਵਾਂ ਵਿਚ ਕੰਮਕਾਜ ਕਰਨ ਦੇ ਹਮਾਇਤੀਆਂ ਦੀ ਦਲੀਲ ਇਹ ਸੀ ਕਿ ਇਹ ਮਸਲਾ ਵਕੀਲਾਂ ਦੀ ਸਮੱਸਿਆ ਦੇ ਮੱਦੇਨਜ਼ਰ ਨਹੀਂ ਬਲਕਿ ਮੁਕੱਦਮੇ ਨਾਲ ਸਬੰਧਿਤ ਧਿਰਾਂ ਦੀ ਸਹੂਲਤ ਨੂੰ ਧਿਆਨ ਵਿਚ ਰੱਖ ਕੇ ਕਰਨਾ ਚਾਹੀਦਾ ਹੈ। ਇਉਂ ਅੰਗਰੇਜ਼ੀ ਪੱਖੀ ਆਵਾਜ਼ ਦੀ ਪ੍ਰਵਾਹ ਨਾ ਕਰਦਿਆਂ, ਸੰਵਿਧਾਨ ਅਤੇ ਹੋਰ ਕਾਨੂੰਨੀ ਵਿਵਸਥਾ ਦਾ ਲਾਭ ਉਠਾਉਂਦਿਆਂ, ਮੁਲਕ ਦੇ ਚਾਰ ਹਿੰਦੀ ਬੋਲਦੇ ਵੱਡੇ ਸੂਬਿਆਂ- ਰਾਜਸਥਾਨ, ਉਤਰ ਪ੍ਰਦੇਸ਼, ਬਿਹਾਰ, ਮੱਧ ਪ੍ਰਦੇਸ਼ ਆਦਿ ਨੇ ਹਾਈ ਕੋਰਟ ਵਲੋਂ ਸੁਣਾਏ ਜਾਂਦੇ ਫੈਸਲਿਆਂ ਲਈ ਅੰਗਰੇਜ਼ੀ ਦੇ ਨਾਲ ਨਾਲ ਹਿੰਦੀ ਵਿਚ ਲਿਖੇ ਜਾਣ ਦਾ ਕਾਨੂੰਨ ਬਣਾ ਦਿੱਤਾ। ਅੱਜਕੱਲ੍ਹ ਉਤਰ ਪ੍ਰਦੇਸ਼ ਹਾਈ ਕੋਰਟ ਵਿਚ ਹਰ ਤਰ੍ਹਾਂ ਦਾ ਅਦਾਲਤੀ ਕੰਮਕਾਜ ਰਾਜ ਭਾਸ਼ਾ ਹਿੰਦੀ ਵਿਚ ਹੁੰਦਾ ਹੈ। ਇਹੋ ਹਾਲ ਰਾਜਸਥਾਨ, ਬਿਹਾਰ ਤੇ ਮੱਧ ਪ੍ਰਦੇਸ਼ ਦਾ ਹੈ।

ਪੰਜਾਬ ਵਿਚ ਕਿਸੇ ਵੀ ਪਾਰਟੀ ਦੀ ਸਰਕਾਰ ਨੇ ਪੰਜਾਬੀ ਨੂੰ ਪੰਜਾਬ ਹਾਈ ਕੋਰਟ ਦੇ ਅਦਾਲਤੀ ਕੰਮਕਾਜ ਦੀ ਭਾਸ਼ਾ ਬਣਾਉਣ ਬਾਰੇ ਸੁਹਿਰਦ ਯਤਨ ਨਹੀਂ ਕੀਤੇ। ਇਸ ਲਈ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਅਦਾਲਤੀ ਕੰਮਕਾਜ ਦੀ ਭਾਸ਼ਾ ਅਜੇ ਤੱਕ ਅੰਗਰੇਜ਼ੀ ਹੀ ਹੈ। ਪੰਜਾਬ ਰਾਜ ਭਾਸ਼ਾ ਐਕਟ-1967 ਵਿਚ ਭਾਵੇਂ 2008 ਵਿਚ ਹੋਈ ਸੋਧ ਅਨੁਸਾਰ, ਪੰਜਾਬ ਸਰਕਾਰ ਵਲੋਂ ਪੰਜਾਬ ਦੀਆਂ ਅਦਾਲਤਾਂ ਵਿਚ ਹੁੰਦੀ ਕਾਰਵਾਈ ਨੂੰ ਪੰਜਾਬੀ ਵਿਚ ਕਰਨ ਦੀ ਵਿਵਸਥਾ ਕੀਤੀ ਗਈ ਹੈ ਪਰ ਇਸ ਬਾਬਤ ਨੋਟੀਫਿਕੇਸ਼ਨ ਜਾਰੀ ਕਰ ਕੇ ਅਦਾਲਤੀ ਕੰਮਕਾਜ ਨੂੰ ਪੰਜਾਬੀ ਵਿਚ ਸ਼ੁਰੂ ਕਰਨ ਦਾ ਹੁਕਮ ਜਾਰੀ ਨਹੀਂ ਕੀਤਾ ਗਿਆ।

ਸੁਪਰੀਮ ਕੋਰਟ ਨੇ ਵਿਉਂਤ ਮੁਤਾਬਿਕ, ਆਪਣੇ ਦੇ ਫੈਸਲਿਆਂ ਦੀਆਂ ਨਕਲਾਂ ਜੁਲਾਈ ਮਹੀਨੇ ਤੋਂ ਹਿੰਦੀ ਸਮੇਤ ਕਈ ਹੋਰ ਭਾਸ਼ਾਵਾਂ ਵਿਚ ਮੁਹੱਈਆ ਕਰਵਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ। ਅਦਾਲਤੀ ਫੈਸਲੇ ਦਾ ਅਸਲ ਖਰੜਾ ਤਾਂ ਅੰਗਰੇਜ਼ੀ ਵਿਚ ਹੀ ਹੋਵੇਗਾ ਪਰ ਉਸ ਨੂੰ ਅਨੁਵਾਦ ਕਰਕੇ ਕੋਰਟ ਦੀ ਵੈੱਬਸਾਈਟ ਉਤੇ ਪਾਇਆ ਜਾਵੇਗਾ। ਫਿਲਹਾਲ ਅਨੁਵਾਦ ਵਾਲੀਆਂ ਭਾਸ਼ਾਵਾਂ ਵਿਚ ਨੌਂ ਭਾਸ਼ਾਵਾਂ- ਅਸਾਮੀ, ਬੰਗਲਾ, ਮਰਾਠੀ, ਉੜੀਆ, ਤਮਿਲ, ਤੇਲਗੂ, ਉਰਦੂ, ਹਿੰਦੀ ਅਤੇ ਕੰਨੜ ਸ਼ਾਮਿਲ ਹਨ।

ਇਹ ਅਜੇ ਪਹਿਲਾ ਪੜਾਅ ਹੈ। ਦੂਸਰੇ ਪੜਾਅ ਵਿਚ ਕੁਝ ਹੋਰ ਖੇਤਰੀ ਭਾਸ਼ਾਵਾਂ ਨੂੰ ਇਸ ਸੂਚੀ ਵਿਚ ਸ਼ਾਮਲ ਕਰਨ ਦੀ ਵਿਉਂਤ ਹੈ। ਸੁਪਰੀਮ ਕੋਰਟ ਨੇ ਇਹ ਫੈਸਲਾ ਕਰ ਕੇ ਮੁਲਕ ਦੇ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਦੇ ਉਨ੍ਹਾਂ ਵਿਚਾਰਾਂ ਨੂੰ ਅਮਲੀ ਰੂਪ ਦਿੱਤਾ ਹੈ ਜੋ ਉਨ੍ਹਾਂ ਨੇ ਦੋ ਸਾਲ ਪਹਿਲਾਂ ਕੇਰਲ ਹਾਈ ਕੋਰਟ ਦੇ ਡਾਇਮੰਡ ਜੁਬਲੀ ਸਮਾਗਮ ਦੌਰਾਨ ਆਪਣੇ ਪ੍ਰਧਾਨਗੀ ਭਾਸ਼ਨ ਵਿਚ ਪ੍ਰਗਟਾਏ ਸਨ। ਰਾਸ਼ਟਰਪਤੀ ਦਾ ਵਿਚਾਰ ਸੀ ਕਿ ਲੋਕਾਂ ਨੂੰ ਨਿਆਂ ਦੇਣਾ ਹੀ ਮਹੱਤਵਪੂਰਨ ਨਹੀਂ ਹੈ ਸਗੋਂ ਇਸ ਤੋਂ ਵੀ ਅਹਿਮ ਗੱਲ ਇਹ ਹੈ ਕਿ ਜੋ ਨਿਆਂ ਉਨ੍ਹਾਂ ਨੂੰ ਮਿਲਿਆ ਹੈ, ਉਹ ਉਸ ਨੂੰ ਖੁਦ ਪੜ੍ਹ, ਸਮਝ ਤੇ ਜਾਣ ਸਕਣ। ਇਹ ਤਾਂ ਹੀ ਸੰਭਵ ਹੈ, ਜੇ ਇਹ ਉਨ੍ਹਾਂ ਦੀ ਆਪਣੀ ਭਾਸ਼ਾ ਵਿਚ ਹੋਵੇਗਾ।

ਉਂਜ ਵੀ, ਇਹ ਸਿਰਫ ਖੇਤਰੀ ਭਾਸ਼ਾਵਾਂ ਦੇ ਵਿਕਾਸ ਦਾ ਮਸਲਾ ਹੀ ਨਹੀਂ ਹੈ ਸਗੋਂ ਇਹ ਤਾਂ ਭਾਰਤ ਦੇ ਵੱਖ ਵੱਖ ਖੇਤਰਾਂ ਦੇ ਸਰਵਪੱਖੀ ਵਿਕਾਸ ਦਾ ਮਸਲਾ ਹੈ। ਅਦਾਲਤੀ ਫੈਸਲੇ ਖੇਤਰੀ ਭਾਸ਼ਾਵਾਂ ਵਿਚ ਮੁਹੱਈਆ ਕਰਾਉਣ ਬਾਰੇ ਸੁਪਰੀਮ ਕੋਰਟ ਵਲੋਂ ਕੀਤੇ ਇਸ ਇੰਤਜ਼ਾਮ ਦੇ ਮੱਦੇਨਜ਼ਰ ਪੰਜਾਬ ਸਰਕਾਰ ਨੂੰ ਵੀ ਸੁਪਰੀਮ ਕੋਰਟ ਵਲੋਂ ਦੂਜੇ ਪੜਾਅ ਵਿਚ ਜਾਰੀ ਹੋਣ ਵਾਲੀ ਹੋਰ ਖੇਤਰੀ ਭਾਸ਼ਾਵਾਂ ਦੀ ਸੂਚੀ ਵਿਚ ਪੰਜਾਬੀ ਭਾਸ਼ਾ ਨੂੰ ਸ਼ਾਮਲ ਕਰਾਉਣ ਲਈ ਅਤੇ ਪੰਜਾਬ ਹਾਈ ਕੋਰਟ ਸਮੇਤ ਸਾਰੀਆਂ ਅਦਾਲਤਾਂ ਵਿਚ ਪੰਜਾਬੀ ਨੂੰ ਅਮਲੀ ਰੂਪ ਵਿਚ ਲਾਗੂ ਕਰਾਉਣ ਵਾਸਤੇ ਤਰਜੀਹੀ ਤੌਰ ਤੇ ਤਰੱਦਦ ਕਰਨਾ ਚਾਹੀਦਾ ਹੈ।

# ਬੋਲ ਕਿ ਲਬ ਆਜ਼ਾਦ ਹੈਂ ਤੇਰੇ...

**ਰਾਮਚੰਦਰ ਗੁਹਾ**

ਪਿਛਲੇ ਮਹੀਨੇ ਮੈਂ ਫਿਲਮਸਾਜ਼ਾਂ ਤੇ ਵਿਦਵਾਨਾਂ ਦੇ ਉਸ ਗਰੁਪ ਵਿਚ ਸ਼ਾਮਲ ਸਾਂ ਜਿਸ ਨੇ ਭਾਰਤ ਵਿਚ ਜਾਤ ਤੇ ਧਰਮ ਦੇ ਨਾਂ 'ਤੇ ਵੱਡੇ ਪੱਧਰ 'ਤੇ ਵਾਪਰ ਰਹੇ ਨਫਰਤੀ ਜੁਰਮਾਂ ਵੱਲ ਪ੍ਰਧਾਨ ਮੰਤਰੀ ਦਾ ਧਿਆਨ ਖਿੱਚਣ ਲਈ ਉਨ੍ਹਾਂ ਨੂੰ ਚਿੱਠੀ ਲਿਖੀ। ਅਸੀਂ ਇਸ ਚਿੱਠੀ ਵਿਚ ਗੁਜ਼ਾਰਿਸ਼ ਕੀਤੀ, "ਮੁਸਲਮਾਨਾਂ, ਦਲਿਤਾਂ ਅਤੇ ਹੋਰ ਘੱਟਗਿਣਤੀਆਂ ਦੇ ਹੋ ਰਹੇ ਹਜੂਮੀ ਕਤਲਾਂ ਨੂੰ ਫੌਰੀ ਰੋਕਿਆ ਜਾਵੇ।"

ਕੇਂਦਰ ਸਰਕਾਰ ਦੀ ਆਪਣੀ ਆਲੋਚਨਾ ਬਿਲਕੁਲ ਵੀ ਨਾ ਬਰਦਾਸ਼ਤ ਕਰ ਸਕਣ ਦੀ ਅਤਿ-ਸੰਵੇਦਨਸ਼ੀਲਤਾ ਬਾਰੇ ਵਾਕਫ ਹੋਣ ਕਾਰਨ ਅਸੀਂ ਚਿੱਠੀ ਵਿਚ ਪ੍ਰਧਾਨ ਮੰਤਰੀ ਨੂੰ ਚੇਤੇ ਕਰਾਇਆ ਕਿ "ਹਾਕਮ ਪਾਰਟੀ ਦੀ ਆਲੋਚਨਾ ਦਾ ਮਤਲਬ ਦੇਸ਼ ਦੀ ਆਲੋਚਨਾ ਨਹੀਂ ਹੁੰਦਾ। ਕੋਈ ਵੀ ਹਾਕਮ ਪਾਰਟੀ ਕਦੇ ਵੀ ਉਸ ਮੁਲਕ ਦੇ ਤੁਲ ਨਹੀਂ ਹੁੰਦੀ। ਉਹ ਸਿਰਫ ਉਥੋਂ ਦੀਆਂ ਦੂਜੀਆਂ ਸਿਆਸੀ ਪਾਰਟੀਆਂ ਵਰਗੀ ਹੀ ਹੁੰਦੀ ਹੈ। ਇਸ ਕਾਰਨ ਸਰਕਾਰ ਵਿਰੋਧੀ ਸਟੈਂਡ ਨੂੰ ਦੇਸ਼-ਵਿਰੋਧੀ ਨਹੀਂ ਕਰਾਰ ਦਿੱਤਾ ਜਾ ਸਕਦਾ। ਅਜਿਹਾ ਖੁੱਲ੍ਹਾ ਮਾਹੌਲ, ਜਿਥੇ ਵਿਰੋਧ ਨੂੰ ਦਬਾਇਆ ਨਹੀਂ ਜਾਂਦਾ, ਮੁਲਕ ਨੂੰ ਮਜ਼ਬੂਤ ਹੀ ਬਣਾਉਂਦਾ ਹੈ।"

ਚਿੱਠੀ ਦੀ ਸਮਾਪਤੀ ਇਨ੍ਹਾਂ ਸ਼ਬਦਾਂ ਨਾਲ ਹੁੰਦੀ ਹੈ: "ਸਾਨੂੰ ਉਮੀਦ ਹੈ ਕਿ ਸਾਡੇ ਸੁਝਾਵਾਂ ਨੂੰ ਉਸੇ ਭਾਵਨਾ ਵਿਚ ਲਿਆ ਜਾਵੇਗਾ ਜਿਸ ਤਹਿਤ ਇਹ ਲਿਖੇ ਗਏ ਹਨ- ਭਾਰਤੀ ਹੋਣ ਨਾਤੇ ਅਸੀਂ ਆਪਣੇ ਵਤਨ ਦੀ ਹਾਲਤ ਬਾਰੇ ਚਿੰਤਤ ਤੇ ਫਿਕਰਮੰਦ ਹਾਂ।"

ਸਾਡੀ ਚਿੱਠੀ ਦੀ ਫੌਰੀ ਜੁਆਬੀ-ਚਿੱਠੀ ਆ ਗਈ ਜਿਸ ਵਿਚ ਸਾਡੀ ਨਿਮਰ ਪਹਿਲਕਦਮੀ ਨੂੰ 'ਦੇਸ਼ ਨੂੰ ਬਦਨਾਮ ਕਰਨ ਦੀ ਸਾਜ਼ਿਸ਼' ਕਰਾਰ ਦਿੱਤਾ ਗਿਆ। ਆਲੋਚਕਾਂ ਨੇ ਦਾਅਵਾ ਕੀਤਾ ਕਿ ਸਾਡਾ ਮਕਸਦ 'ਭਾਰਤ ਦੀ ਕੌਮਾਂਤਰੀ ਪੱਧਰ 'ਤੇ ਦਿੱਖ ਨੂੰ ਖਰਾਬ ਕਰਨਾ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਹਕੂਮਤ ਨੂੰ ਹਾਂ-ਪੱਖੀ ਰਾਸ਼ਟਰਵਾਦੀ ਅਤੇ ਮਾਨਵਵਾਦੀ ਬੁਨਿਆਦਾਂ ਉਤੇ ਚਲਾਉਣ ਦੀਆਂ ਅਣਥੱਕ ਕੋਸ਼ਿਸ਼ਾਂ ਨੂੰ ਨਾਂਹਪੱਖੀ ਢੰਗ ਨਾਲ ਪੇਸ਼ ਕਰਨਾ ਸੀ।' ਸ਼ਾਇਦ ਅਸੀਂ ਆਪਣੀ ਚਿੱਠੀ ਨੂੰ ਨਾਗਰਿਕ ਸ਼ਿਸ਼ਟਾਚਾਰ ਬਣਾਈ ਰੱਖਣ ਦੀ ਇਕ ਅਪੀਲ ਵਜੋਂ ਦੇਖਿਆ ਹੋਵੇ, ਜੋ ਭਾਰਤੀ ਸੰਵਿਧਾਨ ਦੇ ਆਦਰਸ਼ਾਂ ਦਾ ਪਾਲਣ ਕਰਨ ਦਾ ਸੱਦਾ ਦਿੰਦੀ ਸੀ ਕਿਉਂਕਿ ਭਾਰਤੀ ਸੰਵਿਧਾਨ ਸਾਨੂੰ ਜਾਤ, ਲਿੰਗ ਜਾਂ ਧਰਮ ਦੇ ਆਧਾਰ 'ਤੇ ਵਿਤਕਰਾ ਨਾ ਕਰਨ ਲਈ ਕਹਿੰਦਾ ਹੈ ਪਰ ਸਾਡੇ ਆਲੋਚਕਾਂ ਨੇ ਖਾਹਮਖਾਹ ਇਲਜ਼ਾਮ ਮੜ੍ਹ ਦਿੱਤਾ ਕਿ ਅਸੀਂ 'ਕਿਸੇ ਖਾਸ ਏਜੰਡੇ 'ਤੇ ਕੰਮ ਕਰ ਰਹੇ ਸਾਂ ਤੇ ਉਨ੍ਹਾਂ ਤਾਕਤਾਂ ਦੇ ਹੱਥਾਂ 'ਚ ਖੇਡ ਰਹੇ ਸਾਂ ਜੋ ਭਾਰਤ ਨੂੰ ਵੰਡਣਾ ਚਾਹੁੰਦੀਆਂ ਹਨ।'

ਇੰਨੀ ਛੋਟੀ ਤੇ ਇੰਨੀ ਤਿੱਖੀ ਸ਼ਬਦਾਵਲੀ ਵਾਲੀ ਜੁਆਬੀ-ਚਿੱਠੀ ਨੇ ਮੈਨੂੰ ਹੈਰਾਨ ਨਹੀਂ ਕੀਤਾ। ਅਪਰਨਾ ਸੇਨ ਤੇ ਸ਼ਿਆਮ ਬੈਨੇਗਲ ਵਰਗਿਆਂ ਨੂੰ ਦੇਸ਼-ਵਿਰੋਧੀ ਕਰਾਰ ਦਿੱਤਾ ਜਾਣਾ ਪੂਰੀ ਤਰ੍ਹਾਂ ਉਸ ਜ਼ਹਿਰੀਲੀ ਹਵਾ ਦੇ ਅਨੁਰੂਪ ਹੈ ਜਿਹੜੀ ਇਸ ਸਮੇਂ ਭਾਰਤੀ ਵਰਤ-ਵਿਹਾਰ ਤੇ ਵਿਚਾਰ-ਚਰਚਾ ਵਿਚ ਵਗ ਰਹੀ ਹੈ। ਇਸ ਤੋਂ ਵੀ ਵੱਧ ਪ੍ਰੇਸ਼ਾਨ ਕਰਨ ਵਾਲੀ ਗੱਲ ਇਹ ਕਿ ਇਸ ਜੁਆਬੀ-ਚਿੱਠੀ ਤੋਂ ਬਾਅਦ ਬੇਸ਼ਰਮੀ ਦੀ ਹੱਦ ਤਕ ਜਾਂਦਿਆਂ ਇਸ ਮਾਮਲੇ ਵਿਚ ਕਾਨੂੰਨੀ ਕਾਰਵਾਈ ਦੇ ਡਰਾਵੇ ਦਿੱਤੇ ਗਏ। ਬਿਹਾਰ ਦੀ ਇਕ ਅਦਾਲਤ ਵਿਚ ਇਕ ਫੌਜਦਾਰੀ ਸ਼ਿਕਾਇਤ ਰਾਹੀਂ ਦੋਸ਼ ਲਾਇਆ ਗਿਆ ਕਿ ਸਾਡੀ ਚਿੱਠੀ ਭਾਰਤੀ ਦੰਡ ਵਿਧਾਨ (ਆਈ.ਪੀ.ਸੀ.) ਦੀਆਂ ਵੱਖ-ਵੱਖ ਧਾਰਾਵਾਂ - 124 ਏ (ਦੇਸ਼ਧ੍ਰੋਹ), 153 ਬੀ (ਕੌਮੀ ਏਕਤਾ ਪ੍ਰਤੀ ਬਦਨੀਅਤੀ), 290 (ਜਨਤਕ ਬਦਅਮਨੀ), 297 (ਧਾਰਮਿਕ ਭਾਵਨਾਵਾਂ ਭੜਕਾਉਣਾ), 504 (ਜਾਣ-ਬੁੱਝ ਕੇ ਬੇਇੱਜ਼ਤੀ ਕਰਨਾ) ਦਾ ਉਲੰਘਣ ਕਰਦੀ ਹੈ।

ਜੇ ਭਾਰਤ ਵਿਚ ਨਿਰਪੱਖ ਤੇ ਪਾਰਦਰਸ਼ੀ ਅਦਾਲਤੀ ਨਿਜ਼ਾਮ ਵਰਗੀ ਕੋਈ ਚੀਜ਼ ਹੁੰਦੀ, ਜੇ ਸਾਡੇ ਵਤਨ ਵਿਚ ਵੀ ਉਸ ਤਰ੍ਹਾਂ ਦੀ ਪ੍ਰਗਟਾਵੇ ਦੀ ਅਜ਼ਾਦੀ ਹੁੰਦੀ, ਜਿਹੋ ਜਿਹੀ ਪਰਪੱਕ ਜਮਹੂਰੀਅਤਾਂ ਵਿਚ ਹੁੰਦੀ ਹੈ ਤਾਂ ਅਜਿਹੀ ਸਾਫ ਤੌਰ 'ਤੇ ਬਦਨੀਅਤੀ ਵਾਲੀ ਤੇ ਮਾੜੀ ਸ਼ਿਕਾਇਤ ਕਦੇ ਵੀ ਕਿਸੇ ਅਦਾਲਤ ਵਿਚ ਸੁਣੀ ਨਾ ਜਾਂਦੀ। ਅਫਸੋਸ, ਸਾਡਾ ਅਦਾਲਤੀ ਪ੍ਰਬੰਧ ਨੁਕਸਦਾਰ ਹੈ ਕਿਉਂਕਿ ਸਾਡੀ ਜਮਹੂਰੀਅਤ ਵੀ ਨੁਕਸਦਾਰ ਹੈ।

ਦੇਸੀ ਬੋਲੀ ਵਿਚ ਆਖੀਏ ਤਾਂ ਬਿਹਾਰ ਵਿਚ ਦਰਜ ਇਹ ਕੇਸ ਮਹਿਜ਼ ਧਮਕੀ ਹੈ। ਇਸ ਦਾ ਇਕੋ-ਇਕ ਟੀਚਾ ਮੌਜੂਦਾ ਸਰਕਾਰ ਦੀ ਕਿਸੇ ਵੀ ਆਲੋਚਨਾ ਦਾ ਮੂੰਹ ਬੰਦ ਕਰਾਉਣਾ ਤੇ ਇਸ ਦੀ ਰਾਹ ਵਿਚ ਆਉਣ ਵਾਲਿਆਂ ਜਮਹੂਰੀ ਬਹਿਸਾਂ ਨੂੰ ਖਾਮੋਸ਼ ਕਰਨਾ ਹੈ। ਗੌਰਤਲਬ ਹੈ ਕਿ ਪ੍ਰਧਾਨ ਮੰਤਰੀ ਨੂੰ ਭੇਜੀ ਗਈ ਇਸ ਚਿੱਠੀ ਉਤੇ ਸਹੀ ਪਾਉਣ ਵਾਲਿਆਂ ਨੂੰ ਉਨ੍ਹਾਂ ਕਾਨੂੰਨੀ ਪ੍ਰਬੰਧਾਂ ਰਾਹੀਂ ਚੁੱਪ ਕਰਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਜਿਹੜੇ 19ਵੀਂ ਸਦੀ ਦੀ ਸਾਮਰਾਜਵਾਦੀ ਤੇ ਨਸਲਪ੍ਰਸਤ ਹਕੂਮਤ ਨੇ ਘੜੇ ਸਨ। ਇਨ੍ਹਾਂ ਧਾਰਾਵਾਂ ਦਾ ਹਾਲੇ ਤੱਕ ਵੀ ਸਾਡੀਆਂ ਕਾਨੂੰਨ ਦੀਆਂ ਕਿਤਾਬਾਂ ਵਿਚ ਹੋਣਾ ਹੀ ਸ਼ਰਮ ਦੀ ਗੱਲ ਹੈ। ਪਿਛਲਝਾਤ ਮਾਰੀਏ ਤਾਂ ਬਰਤਾਨਵੀ ਹਕੂਮਤ ਨੇ ਆਈ.ਪੀ.ਸੀ. ਦੀ ਦੇਸ਼ਧ੍ਰੋਹ ਵਾਲੀ ਬਦਨਾਮ ਦਫਾ 124 ਏ ਤਹਿਤ ਦ੍ਰਿੜ੍ਹ ਇਰਾਦੇ ਵਾਲੇ ਮੋਹਨਦਾਸ ਕਰਮਚੰਦ ਗਾਂਧੀ ਨੂੰ ਕੈਦ ਕੀਤਾ ਸੀ। ਅੱਜ ਅਪਰਨਾ ਸੇਨ ਤੇ ਸ਼ਿਆਮ ਬੈਨੇਗਲ ਵਾਂਗ ਹੀ ਉਦੋਂ ਗਾਂਧੀ ਨੇ ਵੀ ਕੋਈ ਗੋਲੀ ਨਹੀਂ ਸੀ ਚਲਾਈ ਜਾਂ ਬੰਬ ਨਹੀਂ ਸੀ ਸੁੱਟਿਆ ਕਿਉਂਕਿ (ਇਨ੍ਹਾਂ ਵਾਂਗ ਹੀ) ਉਹ ਵੀ ਅਜਿਹਾ ਨਹੀਂ ਸੀ ਕਰ ਸਕਦਾ। ਅਪਰਨਾ ਸੇਨ ਤੇ ਸ਼ਿਆਮ ਬੈਨੇਗਲ ਅਤੇ ਚਿੱਠੀ 'ਤੇ ਦਸਤਖਤ ਕਰਨ ਵਾਲੇ ਹੋਰਨਾਂ ਵਾਂਗ ਹੀ ਗਾਂਧੀ ਕੋਲ ਵੀ ਉਸ ਦੇ ਸ਼ਬਦ ਤੇ ਸੋਚ ਹੀ ਸੀ ਜਿਸ ਨੂੰ ਉਸ ਨੇ ਆਪਣੇ ਅਖਬਾਰ 'ਯੰਗ ਇੰਡੀਆ' ਵਿਚ ਇਸਤੇਮਾਲ ਕੀਤਾ ਤੇ ਵਕਤ ਦੀ ਹਕੂਮਤ ਦੀਆਂ ਨੀਤੀਆਂ ਦੀ ਵਾਜਬ ਆਲੋਚਨਾ ਕੀਤੀ। ਇਸ ਲਈ ਉਸ ਨੂੰ 'ਰਾਜਧ੍ਰੋਹ' ਦਾ ਦੋਸ਼ੀ ਠਹਿਰਾਇਆ ਗਿਆ।

ਜੇਲ੍ਹ 'ਚੋਂ ਬਾਹਰ ਆਉਣ ਤੋਂ ਬਾਅਦ ਗਾਂਧੀ ਨੇ ਦਫਾ 124 ਏ ਨੂੰ ਮਨਸੂਖ ਕਰਨ ਲਈ ਦੇਸ਼ ਵਿਆਪੀ ਅੰਦੋਲਨ ਦਾ ਸੱਦਾ ਦਿੱਤਾ। ਗਾਂਧੀ ਦਾ ਕਹਿਣਾ ਸੀ ਕਿ ਇਹ ਧਾਰਾ 'ਇਕ ਤਰ੍ਹਾਂ 'ਕਾਨੂੰਨ' ਨਾਮੀ ਸ਼ਬਦ ਨਾਲ ਜਬਰ-ਜਨਾਹ' ਹੈ; ਇਸ ਨੂੰ 'ਨੰਗੀ ਤਲਵਾਰ ਰਾਹੀਂ ਕਾਇਮ ਕੀਤਾ ਗਿਆ ਹੈ ਜੋ ਸਾਡੇ ਉਤੇ ਆਪਹੁਦਰੇ ਹਾਕਮਾਂ (ਜਿਨ੍ਹਾਂ ਨੂੰ ਸੱਤਾ ਸੌਂਪਣ ਵਿਚ ਆਮ ਆਦਮੀ ਦਾ ਕੋਈ ਹੱਥ ਨਹੀਂ ਹੁੰਦਾ) ਦੀ ਮਨਮਰਜ਼ੀ ਮੁਤਾਬਿਕ ਵਰਤਣ ਲਈ ਤਿਆਰ ਰੱਖੀ ਗਈ ਹੈ।'

ਦਰਅਸਲ, ਬਸਤੀਵਾਦੀ ਹਕੂਮਤ ਨੇ ਗਾਂਧੀ ਦੀ ਬੋਲਣ ਦੀ ਆਜ਼ਾਦੀ ਨੂੰ ਉਦੋਂ ਵੀ ਦਬਾਉਣ ਦੀ ਕੋਸ਼ਿਸ਼ ਕੀਤੀ, ਜਦੋਂ ਉਹ ਹਾਲੇ ਦੱਖਣੀ ਅਫਰੀਕਾ ਵਿਚ ਹੀ ਸੀ। ਉਨ੍ਹਾਂ ਦੀ ਕਿਤਾਬ 'ਹਿੰਦ ਸਵਰਾਜ' ਨੂੰ 1910 ਵਿਚ ਬੰਬਈ ਵਿਚ ਕਸਟਮ ਵਿਭਾਗ ਨੇ ਜ਼ਬਤ ਕਰ ਲਿਆ ਤੇ ਇਸ ਨੂੰ ਭਾਰਤ ਵਿਚ ਵੰਡਣ 'ਤੇ ਪਾਬੰਦੀ ਲਾ ਦਿੱਤੀ ਸੀ। ਇਸ ਪਾਬੰਦੀ ਖਿਲਾਫ ਅਪੀਲ ਕਰਦਿਆਂ ਗਾਂਧੀ ਨੇ ਲਿਖਿਆ ਸੀ: 'ਮੇਰੀ ਇਹ ਨਿਮਾਣੀ ਰਾਇ ਹੈ ਕਿ ਹਰ ਵਿਅਕਤੀ ਆਪਣੀ ਪਸੰਦ ਦੀ ਕੋਈ ਵੀ ਰਾਇ ਰੱਖਣ ਦਾ ਹੱਕਦਾਰ ਹੈ, ਜਦੋਂ ਤੱਕ, ਅਜਿਹਾ ਕਰਦਿਆਂ, ਇਸ ਨੂੰ ਅਮਲ ਵਿਚ ਲਿਆਉਣ ਲਈ ਉਹ ਕਿਸੇ ਖਿਲਾਫ ਜਿਸਮਾਨੀ ਹਿੰਸਾ ਦੀ ਵਰਤੋਂ ਨਹੀਂ ਕਰਦਾ।'

ਗਾਂਧੀ ਤੇ ਹੋਰ ਰਾਸ਼ਟਰਵਾਦੀਆਂ ਨੂੰ ਉਮੀਦ ਸੀ ਕਿ ਸਵਰਾਜ ਆਉਣ ਦਾ ਮਤਲਬ ਅਜਿਹੇ ਦਮਨਕਾਰੀ ਕਾਨੂੰਨਾਂ ਨੂੰ ਕੂੜਾਦਾਨ ਵਿਚ ਸੁੱਟਣਾ ਹੋਵੇਗਾ, ਕਿਉਂਕਿ ਆਜ਼ਾਦ ਭਾਰਤ ਵਿਚ ਇਨ੍ਹਾਂ ਲਈ ਕੋਈ ਥਾਂ ਨਹੀਂ ਹੋਵੇਗੀ। ਤ੍ਰਾਸਦੀ ਹੈ ਕਿ ਇਨ੍ਹਾਂ ਕਾਨੂੰਨਾਂ ਨੂੰ ਨਾ ਹਟਾਇਆ ਗਿਆ ਤੇ ਨਾ ਹੀ ਬਦਲਿਆ ਗਿਆ; ਇਨ੍ਹਾਂ ਦੀ ਤਲਵਾਰ ਅੱਜ ਵੀ ਸਾਡੇ ਭਾਵ ਭਾਰਤੀ ਨਾਗਰਿਕਾਂ ਦੇ ਸਿਰਾਂ ਉਤੇ ਲਮਕਦੀ ਹੈ ਤਾਂ ਕਿ ਸਾਨੂੰ ਚੁੱਪ-ਚਾਪ ਦੜ ਵੱਟੀ ਰੱਖਣ ਲਈ ਡਰਾਇਆ-ਧਮਕਾਇਆ ਜਾ ਸਕੇ।

ਸੱਜੇ-ਪੱਖੀ ਹਕੂਮਤਾਂ ਅਤੇ ਸੱਜੇ-ਪੱਖੀ ਸਿਧਾਂਤਕਾਰਾਂ ਨੇ ਬਸਤੀਵਾਦੀ ਦੌਰ ਦੇ ਇਨ੍ਹਾਂ ਕਾਨੂੰਨਾਂ ਦੀ ਪ੍ਰਗਟਾਵੇ ਦੀ ਆਜ਼ਾਦੀ ਨੂੰ ਦਬਾਉਣ ਵਾਸਤੇ ਦੁਰਵਰਤੋਂ ਕਰਨ ਲਈ ਯਕੀਨਨ ਕਾਫੀ ਫੁਰਤੀ ਦਿਖਾਈ ਹੈ। ਰਾਸ਼ਟਰ ਦੀ ਆਪਣੇ ਵਲੋਂ ਵਡਿਆਈ ਅਤੇ ਰਾਸ਼ਟਰਵਾਦ ਦੇ ਕੀਤੇ ਜਾ ਰਹੇ ਆਪਣੇ ਵੱਡੇ-ਵੱਡੇ ਦਾਅਵਿਆਂ ਲਈ ਉਹ ਖੁਸ਼ੀ-ਖੁਸ਼ੀ ਆਪਣੇ ਟੀਚਿਆਂ ਦੀ ਪੂਰਤੀ ਵਾਸਤੇ ਇਨ੍ਹਾਂ ਸਾਮਰਾਜਵਾਦੀ ਢੰਗ-ਤਰੀਕਿਆਂ ਦੀ ਵਰਤੋਂ ਕਰ ਰਹੇ ਹਨ। ਇੰਨਾ ਹੀ ਨਹੀਂ, ਹੋਰ ਪਾਰਟੀਆਂ ਅਤੇ ਆਗੂ ਵੀ ਇਸ ਮਾਮਲੇ ਵਿਚ ਉਨ੍ਹਾਂ ਤੋਂ ਕਿਸੇ ਤਰ੍ਹਾਂ ਪਿੱਛੇ ਨਹੀਂ। ਪੱਛਮੀ ਬੰਗਾਲ ਵਿਚ ਮਮਤਾ ਬੈਨਰਜੀ ਕਿਸੇ ਵੀ ਭਾਜਪਾ ਮੁੱਖ ਮੰਤਰੀ ਵਾਂਗ ਹੀ ਲੋਕਤੰਤਰੀ ਅਸਹਿਮਤੀ ਨੂੰ ਦਬਾਉਣ ਲਈ ਕਾਹਲੀ ਰਹਿੰਦੀ ਹੈ। ਇਸੇ ਤਰ੍ਹਾਂ ਪਿਛਲੀ ਯੂ.ਪੀ.ਏ. ਸਰਕਾਰ ਨੇ ਡਾ. ਮਨਮੋਹਨ ਸਿੰਘ ਦੇ ਪ੍ਰਧਾਨ ਮੰਤਰੀ ਅਤੇ ਪੀ. ਚਿਦੰਬਰਮ ਦੇ ਗ੍ਰਹਿ ਮੰਤਰੀ ਹੁੰਦਿਆਂ ਤਾਮਿਲਨਾਡੂ ਦੇ ਕੁਡਾਨਕੁਲਮ ਪਰਮਾਣੂ ਊਰਜਾ ਪਲਾਂਟ ਖਿਲਾਫ ਪੁਰਅਮਨ ਮੁਜ਼ਾਹਰਾ ਕਰਦੇ ਲੋਕਾਂ ਨੂੰ ਜੇਲ੍ਹ ਵਿਚ ਸੁੱਟਣ ਲਈ ਬੇਸ਼ਰਮੀ ਨਾਲ ਦੇਸ਼ਧ੍ਰੋਹ ਦੀਆਂ ਇਨ੍ਹਾਂ ਧਾਰਾਵਾਂ ਦਾ ਇਸਤੇਮਾਲ ਕੀਤਾ ਸੀ।

ਵੱਖ-ਵੱਖ ਪਾਰਟੀਆਂ ਨਾਲ ਸਬੰਧਤ ਭਾਰਤੀ ਹਾਕਮਾਂ ਵੱਲੋਂ ਪ੍ਰਗਟਾਵੇ ਦੀ ਆਜ਼ਾਦੀ ਦਾ ਗਲ਼ਾ ਘੁੱਟਣ ਲਈ ਬਸਤੀਵਾਦੀ ਦੌਰ ਦੇ ਕਾਨੂੰਨਾਂ ਦੇ ਕੀਤੇ ਗਏ ਇਸਤੇਮਾਲ ਉਤੇ ਕਿਸੇ ਨੂੰ ਹੈਰਾਨੀ ਨਹੀਂ ਹੋਣੀ ਚਾਹੀਦੀ। ਇਸ ਤੋਂ ਵੀ ਵੱਧ ਅਫਸੋਸਨਾਕ ਇਹ ਹੈ ਕਿ ਦੇਸ਼ ਦੇ ਨਿਆਂ ਪ੍ਰਬੰਧ ਨੇ ਵੀ ਸੁੰਗੜ ਰਹੀ ਇਸ ਲੋਕਤੰਤਰੀ ਖੁੱਲ੍ਹ ਨੂੰ ਬਚਾਉਣ ਲਈ ਬਹੁਤਾ ਕੁਝ ਨਹੀਂ ਕੀਤਾ। ਜਮਹੂਰੀਅਤ ਪੱਖੀ ਤੇ ਆਜ਼ਾਦ ਆਵਾਜ਼ਾਂ ਨੂੰ ਬੰਦ ਕਰਾਉਣ ਲਈ ਗਿਣ-ਮਿੱਥ ਕੇ ਦਾਇਰ ਕੀਤੀਆਂ ਜਾਂਦੀਆਂ ਪਟੀਸ਼ਨਾਂ ਦੀ ਯਕੀਨਨ ਕਾਨੂੰਨ ਦੀਆਂ ਅਦਾਲਤਾਂ ਵਿਚ ਕੋਈ ਥਾਂ ਨਹੀਂ ਹੁੰਦੀ। ਵਕਤ ਆ ਗਿਆ ਹੈ ਕਿ ਇਸ ਸਬੰਧੀ ਸੁਪਰੀਮ ਕੋਰਟ ਵੱਲੋਂ ਹੇਠਲੀਆਂ ਅਦਾਲਤਾਂ ਨੂੰ ਸਪਸ਼ਟ ਹਦਾਇਤਾਂ ਕੀਤੀਆਂ ਜਾਣ ਤਾਂ ਕਿ ਇੰਝ ਡਰਾਉਣ-ਧਮਕਾਉਣ ਦਾ ਮਾੜਾ ਰੁਝਾਨ ਰੁਕ ਸਕੇ।

# ਕਵਿਤਾ ਲਿਖਾਂਗਾ ਜੋ ਲਿਖੀ ਨਹੀਂ ਗਈ

## ਚਿਰਾਗ-ਡਾਰ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ-ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ! ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਸੱਚ ਦਾ ਸੱਚ ਬਿਆਨਿਆ ਸੀ ਕਿ ਸੱਚ ਸੁਣਨ ਦਾ ਆਦੀ ਨਹੀਂ ਹੈ ਮਨੁੱਖ। ਕੂੜ ਦੀ ਦੁਨੀਆਂ 'ਚ ਕੂੜ ਦਾ ਵਪਾਰ ਕਰਦਾ, ਸੱਚ ਦਾ ਸਾਹਮਣਾ ਕਰਨ ਤੋਂ ਡਰਦਾ।...ਸੱਚ ਕਦੇ ਖੁਦਕੁਸ਼ੀ ਨਹੀਂ ਕਰਦਾ। ਹਥਲੇ ਲੇਖ ਵਿਚ ਡਾ. ਭੰਡਾਲ ਨੇ ਕਵਿਤਾ ਦੀ ਕਵਿਤਾ ਬਣਾਉਂਦਿਆਂ ਕਿਹਾ ਹੈ, "ਕਵਿਤਾ ਲਿਖਣੀ ਏ ਮਾਂ ਦੀ ਡੱਬੀਦਾਰ ਖੇਸੀ ਦੀ, ਬਰਕਤ ਬਣੇ ਬਾਪੂ ਦੇਸੀ ਦੀ, ਪੀੜਾ ਪੁੱਤ ਪਰਦੇਸੀ ਦੀ, ਉਮਰਾ ਦਰਦ-ਵਰੇਸੀ ਦੀ ਅਤੇ ਹਉਕਿਆਂ-ਹਾਰ ਦਰਵੇਸ਼ੀ ਦੀ।" -ਸੰਪਾਦਕ***

ਕਵਿਤਾ, ਮਨ ਦੀਆਂ ਭਾਵਨਾਵਾਂ ਨੂੰ ਰਾਹਤ, ਝਰੀਟਾਂ ਦੀ ਚੀਸ-ਚੱਸ, ਦਰਦਮੰਦਾਂ ਦੀਆਂ ਆਹਾਂ, ਸੂਖਮ ਅਹਿਸਾਸਾਂ ਦੀ ਆਹਟ, ਮਿਲਣ ਦੀ ਚਾਹਤ ਜਾਂ ਵਿਛੜਨ ਦੀ ਓਦਰੀ ਉਕਸਾਹਟ।

ਕਵਿਤਾ, ਗੁੰਗੇ ਬੋਲਾਂ ਨੂੰ ਜ਼ੁਬਾਨ, ਚੁੱਪ ਨੂੰ ਬੋਲ, ਦੱਬੇ ਦਰਦ ਨੂੰ ਤਹਿਜ਼ੀਬ, ਕੋਰੇ ਵਰਕੇ ਨੂੰ ਸ਼ਬਦ-ਸ਼ਗਨ ਅਤੇ ਹਰਫਾਂ ਵਿਚ ਅਰਥ ਸੰਵੇਦਨਾ ਦੀ ਭਾਅ।

ਕਵਿਤਾ, ਪੀੜ 'ਚ ਪੀੜ ਹੋ ਜਾਣ ਦੀ ਇੰਤਹਾ, ਜਿੰਦ ਦੀ ਬਾਜੀ ਲਾਉਣ ਦਾ ਸੁਦਾਅ ਅਤੇ ਆਪਣੇ 'ਚੋਂ ਆਪੇ ਨੂੰ ਮਨਫੀ ਕਰ ਖੁਦਾ 'ਚ ਵਿਸਰਤ ਹੋ ਜਾਣ ਦਾ ਚਾਅ।

ਕਵਿਤਾ, ਭਾਵਨਾਵਾਂ ਨੂੰ ਸੋਚ ਦਾ ਹਾਸਲ ਅਤੇ ਸੋਚ ਨੂੰ ਸ਼ਬਦਾਂ ਰਾਹੀਂ ਰਾਹਤ। ਕਵਿਤਾ, ਸੁਖਦ ਪਲਾਂ ਦੀ ਨਿਸ਼ਾਨਦੇਹੀ ਜਾਂ ਦੁਖਦ ਪਲਾਂ ਵਿਚ ਖੁਦ ਨਾਲ ਸੰਵਾਦ ਅਤੇ ਆਪਣੀ ਪੀੜਾ ਵਿਚ ਉਭਰਨ ਦਾ ਸੁਚੇਤ ਹੰਭਲਾ।

ਕਵਿਤਾ, ਕਵੀ ਦਾ ਹਰਫਾਂ ਵਿਚ ਖੁਦ ਨੂੰ ਉਲਥਾਉਣਾ, ਆਲੇ-ਦੁਆਲੇ ਨੂੰ ਸ਼ਬਦ-ਜਾਮਾ ਪਹਿਨਾਉਣਾ ਅਤੇ ਪਸਰੀ ਸੁੰਨ 'ਚ ਬਿਰਤੀ ਨੂੰ ਜਗਾਉਣਾ।

ਕਵਿਤਾ, ਸੂਖਮ ਮਨ ਦਾ ਪ੍ਰਗਟਾਅ, ਚੰਚਲ ਅਹਿਸਾਸਾਂ ਨੂੰ ਪਲੋਸਣਾ, ਖੁਦ ਨੂੰ ਹਰਫ-ਸੂਝ ਵਿਚ ਛੁਪਾਉਣਾ ਅਤੇ ਅਗਿਆਤ ਹੋ ਕੇ ਬਹੁਤ ਕੁਝ ਕਹਿ ਜਾਣਾ।

ਕਵਿਤਾ, ਕਵੀ ਵੱਲ ਨੂੰ ਖੁਲ੍ਹਦੀ ਖਿੜਕੀ ਜਦ ਕਿ ਕਵੀ, ਕਵਿਤਾ ਵੱਲ ਨੂੰ ਅਹੁਲਦਾ ਮਨ। ਤੇ ਅਖੀਰ ਵਿਚ ਦੋਹਾਂ ਦਾ ਇਕ ਦੂਜੇ 'ਚ ਅਭੇਦ ਹੋਣਾ।

ਕਵਿਤਾ ਲਿਖਣ ਨੂੰ ਬਹੁਤ ਮਨ ਕਰਦਾ, ਪਰ ਉਹ ਕਵਿਤਾ ਲਿਖ ਨਹੀਂ ਹੁੰਦੀ, ਜਿਸ ਦਾ ਮੁਹਾਂਦਰਾ ਸੁਰਖ ਸੁਨੇਹਾ ਹੋਵੇ, ਜਿਸ ਦੀ ਆਭਾ ਵਿਚ ਹਨੇਰਿਆਂ ਨੂੰ ਓਹਲੇ ਦੀ ਭਾਲ ਹੋਵੇ ਅਤੇ ਜਿਸ ਦੀ ਤਲਬ 'ਚ ਅਨਹੋਣੀਆਂ ਨੂੰ ਹੋਣੀਆਂ 'ਚ ਬਦਲਣ ਦੀ ਲਾਲਸਾ ਹੋਵੇ।

ਕਵਿਤਾ ਲਿਖਣੀ ਚਾਹੁੰਨਾਂ, ਜਿਸ ਦੇ ਹਰਫਾਂ ਵਿਚ ਅਰਥਾਂ ਦੀ ਅੰਬਰੀ ਵਿਸ਼ਾਲਤਾ ਹੋਵੇ, ਜਿਸ ਦੀ ਲੈਅ ਵਿਚ ਸੰਗੀਤ ਦਾ ਵੈਰਾਗ ਹੋਵੇ, ਜਿਸ ਵਿਚ ਯੁੱਗ ਜਿਉਣ ਦੀ ਲਾਗ ਹੋਵੇ ਅਤੇ ਜਿਸ ਦੀ ਹਰਫ-ਬੰਦਨਾ ਵਿਚ ਕਲਮਾਂ ਬੀਜਣ ਦੀ ਜਾਗ ਹੋਵੇ।

ਕਵਿਤਾ, ਜੋ ਖੁਦ ਕਵਿਤਾ ਹੋ ਜਿਉਣ ਲਈ ਪ੍ਰੇਰਿਤ ਕਰੇ, ਜਿਸ ਦੀ ਬੰਦਗੀ ਵਿਚੋਂ ਚਾਨਣ ਝਰੇ, ਜਿਸ ਦੀ ਸੰਵੇਦਨਾ ਵਿਚ ਦਿਮਾਗੀ ਧੁੰਦਲ ਦੀ ਗਰਦ ਝੜੇ, ਜੋ ਪਰਾਇਆਂ ਨੂੰ ਕੋਲ ਕਰੇ, ਆਪਣਿਆਂ ਦੇ ਲਾਏ ਫੱਟਾਂ ਦੀ ਪੀੜਾ ਹਰੇ ਅਤੇ ਜਖਮਾਂ ਦੀ ਰੁੱਤੇ ਮਰਹਮ, ਫਹਿਆਂ ਤੇ ਪੱਟੀਆਂ ਦੀ ਖੇਤੀ ਕਰੇ।

ਕਵਿਤਾ, ਜੋ ਅੰਬਰ ਨੂੰ ਗਾਹੁੰਦਿਆਂ ਪਤਾਲ ਦੀ ਹਾਥ ਵੀ ਲਵੇ, ਜੋ ਚੁੱਪ ਰਹਿ ਕੇ ਵੀ ਬਹੁਤ ਕੁਝ ਕਹੇ, ਜਿਸ ਦੀ ਸੂਖਮਤਾ ਵਿਚੋਂ ਸਕੂਨ-ਸਰਵਰ ਭਰ ਉਛਲੇ ਅਤੇ ਮਨ ਦੀ ਸ਼ਾਂਤੀ ਲਈ ਹੀਲਾ ਕਰੇ।

ਕਵਿਤਾ, ਜੋ ਧੁਖਦੇ ਸਮਿਆਂ ਵਿਚ ਸੂਝ-ਧੂਣੀ ਮਘਾਏ, ਧੂੰਏਂ 'ਚ ਧੂੰਆਂ ਹੋਏ ਚਾਵਾਂ ਨੂੰ ਸਹਿਲਾਏ, ਨਫਰਤ ਦੀ ਅੱਗ ਬੁਝਾਵੇ, ਮਜ਼ਹਬੀ ਜਨੂਨ ਸਾਹਵੇਂ ਹਿੱਕ ਤਣ ਜਾਵੇ ਅਤੇ ਨਿਹੱਥਿਆਂ, ਨਿਤਾਣਿਆਂ, ਨਿਮਾਣਿਆਂ ਅਤੇ ਨਿਥਾਵਿਆਂ ਦੀ ਧਿਰ ਬਣ ਜਾਵੇ।

ਕਵਿਤਾ, ਜੋ ਕਵਿਤਾ ਹੋਣ ਦਾ ਧਰਮ ਨਿਭਾਵੇ, ਆਪਣੀ ਕਰਮ ਜੋਤ ਨਾਲ ਗਿਆਨ-ਹੀਣਾਂ ਨੂੰ ਰੌਸ਼ਨ ਕਰ ਜਾਵੇ, ਆਪੇ ਨੂੰ ਖੋਜਦਿਆਂ ਖੁਦ ਨੂੰ ਜਗਾਵੇ ਅਤੇ ਆਪਣਾ ਚਿਰਾਗ ਖੁਦ ਹੀ ਬਣ ਜਾਵੇ।

ਕਵਿਤਾਵਾਂ ਸਾਡੇ ਆਲੇ-ਦੁਆਲੇ 'ਚ ਪਸਰੀਆਂ, ਸਾਨੂੰ ਹਲੂਣਦੀਆਂ, ਸੁਣਨ ਅਤੇ ਦੇਖਣ ਲਈ ਉਕਸਾਉਂਦੀਆਂ ਹਰਫਾਂ ਦਾ ਜਾਮਾ ਪਾਉਣਾ ਲੋਚਦੀਆਂ। ਸਿਰਫ ਸੂਖਮ ਮਨ ਵਾਲੇ ਵਿਅਕਤੀ ਹੀ ਇਸ ਦਾ ਮੁਹਾਂਦਰਾ ਪਛਾਣਦੇ ਅਤੇ ਇਨ੍ਹਾਂ ਦੀਆਂ ਰਮਜ਼ਾਂ ਦੀ ਥਾਹ ਪਾਉਂਦੇ।

ਕਵਿਤਾ, ਕੁਦਰਤ ਤੇ ਵਗਦੇ ਪਾਣੀ ਵੀ, ਪਹਾੜ ਤੇ ਜੰਗਲ-ਜੂਹ ਵੀ, ਲਹਿਰਾਉਂਦੀਆਂ ਫਸਲਾਂ, ਖਿੜੀ ਬਹਾਰ ਤੇ ਫੁੱਲਾਂ 'ਤੇ ਲਟਬੌਰੇ ਹੋਏ ਭੌਰੇ/ਤਿਤਲੀਆਂ ਦੀ ਪਰਵਾਜ਼ ਵੀ, ਪੰਛੀਆਂ ਦਾ ਚਹਿਕਣਾ ਤੇ ਬੋਟਾਂ ਦੀ ਵਿਲਕਣੀ ਵੀ, ਬੱਚੇ ਦੀ ਰਿਹਾੜ ਤੇ ਮਾਂ ਦੀ ਲੋਰੀ ਵੀ, ਬਾਪ ਦੀ ਝਿੜਕ ਤੇ ਕੌੜੀ ਨਸੀਹਤ ਵੀ। ਸਿਰਫ ਸੋਝੀ ਚਾਹੀਦੀ ਏ, ਇਨ੍ਹਾਂ ਦੀਆਂ ਤਰੰਗਾਂ ਤੇ ਸਹਿਹੋਂਦ ਨੂੰ ਸਮਝਣ ਦੀ।

ਕਵਿਤਾ, ਬੋਲਦੀ ਤੇ ਹੁੰਗਾਰੇ ਭਰਦੀ ਪੇਂਟਿੰਗ ਜਦ ਕਿ ਪੇਂਟਿੰਗ, ਖਾਮੋਸ਼ ਕਵਿਤਾ ਹੈ, ਜਿਸ ਦੀਆਂ ਪਰਤਾਂ ਦੇਖਣ ਵਾਲੇ ਦੀ ਅੱਖ ਹੀ ਫਰੋਲਦੀ।

ਕਵਿਤਾ ਮਨ ਦੀ ਉਡਾਣ, ਸ਼ਬਦਾਂ ਦੀ ਸਮਰੱਥਾ, ਲੋਕ-ਮੁਹਾਵਰੇ ਦਾ ਗਿਆਨ ਅਤੇ ਅਚੇਤ ਮਨ ਵਿਚ ਸੁੱਤੀ ਕਲਾ ਦਾ ਬਿਰਤਾਂਤੀ ਪੱਖ, ਜੋ ਕਾਵਿ-ਬਿੰਬਾਵਲੀ 'ਚੋਂ ਪ੍ਰਗਟਦਾ।

ਕਵਿਤਾ, ਜੋ ਕਹਿਣੀ ਅਤੇ ਕਥਨੀ ਦੀ ਪੂਰੀ, ਕਦੇ ਨਾ ਰਹੇ ਅਧੂਰੀ, ਨਾ ਹੀ ਬਣੇ ਕਿਸੇ ਦੀ ਮਜਬੂਰੀ, ਪਰ ਉਦਾਸ ਚਿਹਰੇ ਲਈ ਬਣ ਜਾਵੇ ਰੰਗਤ-ਸੰਧੂਰੀ।

ਕਵਿਤਾ ਵਾਸਤੇ ਹਰਫਾਂ ਲਈ ਮੰਗਤਾ ਬਣ ਕੂਕਦਾ ਹਾਂ,

ਹਰਫ-ਦਰਗਾਹੇ ਜਾ ਕੇ ਮੰਨਤਾਂ ਮੰਗਦਾ ਹਾਂ।
ਖੁਦ ਹੀ ਖੁਦ ਨੂੰ ਸੂਲੀ ਉਤੇ ਟੰਗਦਾ ਹਾਂ।

ਅੱਖਰ ਅੱਖਰ ਹੋ ਕੇ ਸਰਘੀ ਬਣ ਜਾਵਾਂ,
ਬਿਖਮ-ਬੀਹੀ 'ਚ ਵਾਂਗ ਫਕੀਰਾਂ ਲੰਘਦਾ ਹਾਂ।

ਸ਼ਬਦ-ਅੱਖ ਦਾ ਅੱਥਰੂ ਬਣ ਜੇ ਉਹ ਬੰਦਾ,
ਜਿਸ ਦਾ ਹੌਕਾ ਰੂਹ-ਰੰਗਤਾ ਲਈ ਮੰਗਦਾ ਹਾਂ।

ਅਰਥ-ਦਵਾਖੀਏ ਘਿਓ ਦਾ ਦੀਵਾ ਬਾਲਣ ਲਈ,
ਨੀਲੀ ਲਾਟ ਨਾਲ ਅੰਤਰ-ਜੂਹ ਨੂੰ ਰੰਗਦਾ ਹਾਂ।

ਪੀੜ-ਪਤਿੱਖਣੇ ਬਹਿ ਕੇ ਜਿੰਦ ਨੂੰ ਪੱਥਦਾ ਹਾਂ,
ਵਾਕ-ਤ੍ਰੇਹ ਨੂੰ ਖਾਰਾ ਪਾਣੀ ਅੰਗਦਾ ਹਾਂ।

ਹਰਫ-ਕਿਰਤ ਦਾ ਕਲਮਾ ਪੜ੍ਹਦੇ ਕਬਰ ਮਿਲੇ,
ਕਲਮ-ਕਰਮ 'ਚ ਜਖਮੀ, ਮੈਦਾਨੇ ਜੰਗ ਦਾ ਹਾਂ।

ਸੂਰਜ-ਸਰਗਮ ਸਫਿਆਂ ਉਤੇ ਮੌਲ ਪਵੇ,
ਤਾਰੇ-ਤਰਲਾ ਮਾਰਨੋਂ ਰਤਾ ਨਾ ਸੰਗਦਾ ਹਾਂ।

ਕਵਿਤਾ, ਜੋ ਕਾਵਿ-ਯਾਤਰਾ ਦਾ ਪੈਗਾਮ ਘਰ ਘਰ ਪਹੁੰਚਾਵੇ, ਕਵੀਆਂ ਨੂੰ ਕਵਿਤਾ-ਕਵਿਤਾ ਹੋਣਾ ਸਿਖਾਵੇ ਅਤੇ ਕਾਵਿ-ਸੁਨੇਹੇ ਨੂੰ ਅੰਤਰੀਵ ਵਿਚ ਵਸਾਵੇ। ਕਾਵਿ ਨੂੰ ਜ਼ਿੰਦਗੀ ਦੀ ਰੂਹ ਵਿਚ ਵਸਾਵੇ ਅਤੇ ਫਿਰ ਜੀਵਨੀ ਅਕਵਿਤਾ ਨੂੰ ਕਵਿਤਾ ਬਣਾਵੇ।

ਕਵਿਤਾ, ਜੋ ਝੁੱਗੀਆਂ ਝੌਂਪੜੀਆਂ ਦੀ ਵੇਦਨਾ, ਵਿਚਾਰਹੀਣਾਂ ਲਈ ਸੰਵੇਦਨਾ, ਗੈਰ-ਗੰਭੀਰਾਂ ਲਈ ਚੇਤਨਾ, ਅਲਸਾਈਆਂ ਜਿੰਦਾਂ ਲਈ ਪ੍ਰੇਰਨਾ ਅਤੇ ਬੁਝੇ ਦੀਵਿਆਂ ਲਈ ਚਾਨਣ ਬਣੇ। ਠੰਢੇ ਚੁੱਲ੍ਹਿਆਂ ਨੂੰ ਅੱਗ, ਤੌੜੀ ਤੇ ਚੌਂਕਾ ਦੇਵੇ।

ਕਵਿਤਾ, ਜੋ ਕਰਨੀਆਂ ਅਤੇ ਕਥਨੀਆਂ ਦੀ ਪੂਰੀ, ਮੁਖੌਟਿਆਂ ਤੋਂ ਰਹਿਤ ਅਤੇ ਚੋਲੇ ਬਦਲਣ ਤੋਂ ਬਾਗੀ ਹੋਵੇ। ਸੁਰਖ-ਸੁਨੇਹਿਆਂ ਨੂੰ ਹਰ ਘਰ ਪਹੁੰਚਾਉਣ ਅਤੇ ਜੀਵਨ-ਜੁਗਤ ਨੂੰ ਹਰ ਸੋਚ-ਬੀਹੀ ਵਿਚ ਉਪਜਾਉਣ ਲਈ ਸਾਧਨ ਬਣੇ।

ਕਵਿਤਾ, ਜੋ ਮੁਰਝਾਈਆਂ ਫਸਲਾਂ ਦੀ ਬਾਤ ਕਰੇ, ਜੋ ਬਲਦ-ਜੋਗ ਦਾ ਦਰਦ ਹਰੇ, ਜਿਨ੍ਹਾਂ ਦਾ ਮਾਲਕ ਜਦ ਹੱਥੀਂ ਲਾਏ ਰੁੱਖ 'ਤੇ ਪੱਗ ਨਾਲ ਫਾਹਾ ਲਵੇ। ਉਨ੍ਹਾਂ ਦੀਆਂ ਅੱਖਾਂ 'ਚ ਤਿਪ ਤਿਪ ਚੋਂਦੇ ਹੰਝੂਆਂ ਦਾ ਦਰਦ, ਹਰਫ-ਬਿਆਨੀ ਦਾ ਮੁਥਾਜ ਨਾ ਰਹੇ। ਬਹੁਤ ਕੁਝ ਅਣਕਿਹਾ ਕਹੇ, ਜਿਸ ਨੂੰ ਸੁਣਨ ਤੋਂ ਆਕੀ ਨੇ ਸਮੇਂ ਦੇ ਹਾਕਮ।

ਕਵਿਤਾ ਤਾਂ ਲਿਖਾਂਗਾ, ਰੱਦੀ ਬਣ ਗਈਆਂ ਝੋਲੇ 'ਚ ਪਈਆਂ ਡਿਗਰੀਆਂ ਦੀ, ਮਾਂ ਦੇ ਮਰੇ ਸੁਪਨਿਆਂ ਦੀ, ਭੈਣ ਦੇ ਕਲੀਰਿਆਂ ਵਿਚਲੀ ਵੇਦਨਾ ਦੀ, ਬਾਪ ਦੇ ਸਿਰ 'ਤੇ ਜਟੂਰੀ ਦੇ ਵਾਲਾਂ ਜਿੰਨੇ ਕਰਜ਼ੇ ਦੀ, ਤਿੜਕੇ ਸ਼ਤੀਰਾਂ ਦੀ, ਲੱਥ ਰਹੇ ਲਿਓੜਾਂ ਦੀ, ਦੀਵੇ ਤੋਂ ਸੱਖਣੀ ਦੀਵਾਖੀ ਦੀ, ਆਲ੍ਹੇ 'ਚ ਪਈ ਸਲਫਾਸ ਦੀ ਸ਼ੀਸ਼ੀ ਦੀ, ਨਸ਼ਿਆਂ 'ਚ ਨਿਲਾਮ ਹੋ ਗਈ ਗੈਰਤ, ਇੱਜਤ ਅਤੇ ਇਨਸਾਨੀਅਤ ਦੀ, ਵਿੱਕ ਰਹੇ ਖੇਤਾਂ ਦੀ, ਹੋ ਰਹੀਆਂ ਕੁਰਕੀਆਂ ਦੀ ਅਤੇ ਖੇਤੀਂ ਉਗ ਰਹੀਆਂ ਖੁਦਕੁਸ਼ੀਆਂ ਦੀ।

ਕਵਿਤਾ ਲਿਖਣੀ ਹੀ ਪੈਣੀ ਏ, ਬਾਲ ਮਨਾਂ ਵਿਚ ਉਗ ਰਹੇ ਸੁਪਨਿਆਂ 'ਤੇ ਹੋ ਰਹੀ ਗੜ੍ਹੇਮਾਰ ਦੀ, ਸੁਪਨ-ਤਾਜਪੋਸ਼ੀ 'ਚ ਆ ਰਹੀਆਂ ਰੁਕਾਵਟਾਂ ਦੀ, ਹਰਫਹੀਣ ਹੋ ਰਹੀ ਸੋਚ ਦੀ, ਬੁੱਧਹੀਣ ਹੋ ਰਹੇ ਵਿਵੇਕ ਦੀ, ਬੇਆਸ ਹੋ ਰਹੇ ਵਿਸ਼ਵਾਸ ਦੀ ਅਤੇ ਤਿੜਕ ਰਹੇ ਧਰਵਾਸ ਦੀ।

ਕਵਿਤਾ ਤਾਂ ਲਿਖਣੀ ਹੈ, ਆਪਣਿਆਂ ਹੱਥੋਂ ਹੋਈ ਜਲਾਲਤ ਦੀ, ਆਲੇ-ਦੁਆਲੇ 'ਚ ਫੈਲੀ ਗਲਾਜ਼ਤ ਦੀ, ਉਛਾਲੀ ਜਾ ਰਹੀ ਮਲੀਨਤਾ ਦੀ ਅਤੇ ਮਨ 'ਚ ਪੈਦਾ ਹੋ ਰਹੀ ਹੀਣਤਾ ਦੀ।

ਕਵਿਤਾ ਲਿਖਣਾ ਚਾਹੁੰਨਾਂ, ਚੱਲੀਆਂ ਅਦਿੱਖ ਕੁਚਾਲਾਂ ਦੀ, ਬੇਹਾਲ ਹੋ ਗਏ ਹਾਲਾਂ ਦੀ, ਲੁੱਟ ਕੇ ਲੈ ਗਏ ਭਿਆਲਾਂ ਦੀ, ਨਿਰਮੋਹੇ ਹੋ ਗਏ ਸਾਥ-ਸਿਆਲਾਂ ਦੀ, ਕਰਮ-ਹੀਣ ਹੋ ਗਏ ਖਿਆਲਾਂ ਦੀ ਅਤੇ ਤੰਗੀਆਂ-ਤੁਰਸ਼ੀਆਂ 'ਚ ਬਾਲਗ ਬਣ ਗਏ ਬਾਲਾਂ ਦੀ।

ਕਵਿਤਾ ਲਿਖਾਂਗਾ, ਪੈਰਾਂ 'ਚ ਰੁਲਦੀ ਪੱਗ ਦੀ, ਮਨਾਂ 'ਚ ਲਾਈ ਅੱਗ ਦੀ, ਸਾਹਾਂ 'ਚ ਸੁਲਘਦੀ ਸੋਚ ਦੀ, ਬੇਹੋਸ਼ ਹੋਏ ਹੋਸ਼ ਦੀ, ਬੇਸੁੱਧ ਹੋਈ ਬੇਬਾਕੀ ਦੀ, ਹਰ ਮੋੜ 'ਤੇ ਉਕਰੀ ਚਲਾਕੀ ਦੀ, ਇਖਲਾਕ ਤੋਂ ਗਿਰੀ ਇਖਲਾਕੀ ਦੀ, ਟੁੱਟ ਚੁਕੀ ਵੈਸਾਖੀ ਦੀ ਅਤੇ ਲੁਟੇਰਿਆਂ ਦੀ ਕੀਤੀ ਜਾ ਰਹੀ ਰਾਖੀ ਦੀ।

ਕਵਿਤਾਂ ਤਾਂ ਲਿਖਾਂਗਾ, ਹੱਕ ਤੇ ਸੱਚ ਦੀ, ਜੋਰ ਤੇ ਜਬਰ ਦੀ, ਮਨੁੱਖੀ ਹਿੰਮਤ ਤੇ ਦਲੇਰੀ ਦੀ, ਬੇਹਿੰਮਤਿਆਂ ਦੀ ਢਾਹੀ ਢੇਰੀ ਦੀ, ਵਾਟ ਲੰਮੇਰੀ ਦੀ, ਹੋ ਰਹੀ ਦੇਰੀ ਦੀ, ਮਸਤਕ 'ਚ ਸੋਚ ਹਨੇਰੀ ਦੀ ਅਤੇ ਆਪਣਾ ਬਣ ਕੇ ਕੀਤੀ ਹੇਰਾਫੇਰੀ ਦੀ।

ਕਵਿਤਾ ਲਿਖਣੀ ਹੈ ਕਲਮ ਕਰਾਮਾਤ ਦੀ, ਕਲਮਾਂ ਬੀਜਣ ਦੀ ਵੱਤਰ ਤੇ ਵਿਉਂਤ ਦੀ, ਕਲਮਾਂ 'ਚੋਂ ਉਗਮਣ ਵਾਲੀ ਸੋਚ ਦੀ, ਕਲਮ ਰਾਹੀਂ ਪੈਦਾ ਹੋਏ ਹੋਸ਼ ਤੇ ਜੋਸ਼ ਦੀ, ਕਲਮ-ਕੀਰਤੀ ਦੀ ਕਰਤਾਰੀ ਆਭਾ ਦੀ, ਫੱਟੀ 'ਤੇ ਪਾਏ ਪੂਰਨਿਆਂ ਦੀ ਪੁੱਗ ਚੁਕੀ ਅਉਧ ਦੀ, ਦਵਾਤ ਵਿਚ ਪਈ ਸਿਆਹੀ ਅਤੇ ਇਸ 'ਚੋਂ ਉਘੜਵੀਂ ਲਿਖਾਈ ਦੀ।

ਕਵਿਤਾ ਲਿਖਣੀ ਹੈ ਵਕਤ ਤੇ ਵਿਹਾਰ ਦੀ, ਵਸਤ ਤੇ ਵਿਚਾਰ ਦੀ, ਵਹਿਮ ਤੇ ਉਪਚਾਰ ਦੀ, ਵਹਿੰਗੀ ਤੇ ਕਿਰਦਾਰ ਦੀ, ਵਿਭਚਾਰ ਤੇ ਅਚਾਰ ਦੀ, ਵੈਣ ਦੀ ਤੇ ਆਏ ਲੰਗਾਰ ਦੀ, ਵਸੀਅਤ ਤੇ ਸੋਚ-ਸੰਸਾਰ ਦੀ, ਵਡੱਪਣ ਤੇ ਨਿੱਕੜੇ ਅਕਾਰ ਦੀ ਅਤੇ ਵਰਮੀ ਤੇ ਸੱਪ-ਮਾਰ ਦੀ।

ਕਵਿਤਾ ਲਿਖਣੀ ਚਾਹਾਂਗਾ, ਚੰਗਿਆਈ ਤੇ ਨੀਚਤਾ ਦੀ, ਭਲਾਈ ਤੇ ਬੁਰਾਈ ਦੀ, ਬੰਦਿਆਈ ਤੇ ਬਦਇਖਲਾਕੀ ਦੀ, ਬੰਦਗੀ ਤੇ ਗੰਦਗੀ ਦੀ, ਬਖਸ਼ਿਸ਼ ਤੇ ਬੇਰੁਹਮਤੀ ਦੀ, ਭਾਣੇ ਤੇ ਹੋਣੀ ਦੀ, ਹਾਦਸੇ ਤੇ ਹਾਸਲ ਦੀ, ਸਿਸਕੀਆਂ ਤੇ ਸ਼ਿਕਵਿਆਂ ਦੀ ਅਤੇ ਰੋਸਿਆਂ ਤੇ ਮਨੌਤਾਂ ਦੀ।

ਕਵਿਤਾ ਤਾਂ ਜਰੂਰ ਲਿਖਾਂਗਾ, ਪੈਰਾਂ 'ਚ ਉਗੀਆਂ ਸੂਲਾਂ ਦੀ, ਪੱਥਰਾਂ ਦੀਆਂ ਵੱਜੀਆਂ ਠੋਕਰਾਂ ਦੀ, ਵਾੜਾਂ ਨੇ ਪਾਈਆਂ ਝਰੀਟਾਂ ਦੀ, ਫੁੱਲਪੱਤੀ 'ਚ ਉਪਜੇ ਸੋਗ ਦੀ, ਮਹਿਕਾਂ ਨੂੰ ਲੱਗੇ ਅਸਾਧ ਰੋਗ ਦੀ, ਜੋਗੀਆਂ 'ਚੋਂ ਵਿਸਰੇ ਜੋਗ ਦੀ, ਹੀਣੀ ਸੋਚ ਦੀ, ਬੌਣੀ ਹੋਸ਼ ਦੀ ਅਤੇ ਪਿੰਡੇ 'ਤੇ ਆਈ ਖਰੋਸ਼ ਦੀ।

ਕਵਿਤਾ ਤਾਂ ਅਹੁੜਦੀ ਏ ਫਿਰਨੀ 'ਤੇ ਉਗੀਆਂ ਰੋਕਾਂ ਦੀ, ਬੇਗਾਨੇ ਹੋ ਗਏ ਆਪਣੇ ਲੋਕਾਂ ਦੀ, ਬੇਅਰਥੇ ਹੋ ਗਏ ਸ਼ਲੋਕਾਂ ਦੀ, ਬਜੁਰਗਾਂ ਦੀਆਂ ਵਿਸਾਰੀਆਂ ਟੋਕਾਂ ਦੀ ਅਤੇ ਸੋਚ-ਸਮਾਜ ਨੂੰ ਚਿੰਬੜੀਆਂ ਜੋਕਾਂ ਦੀ।

ਕਵਿਤਾ ਲਿਖੀ ਤਾਂ ਲਿਖਾਂਗਾ, ਆਪਣਿਆਂ ਨੂੰ ਮਿਲਣ ਲਈ ਤਰਸੀ ਆਸ ਦੀ, ਉਨ੍ਹਾਂ 'ਚੋਂ ਗੁੰਮ ਹੁਲਾਸ ਦੀ, ਖਿਆਲੋਂ ਖੁੱਥੇ ਕਿਆਸ ਦੀ, ਪਿੰਡ ਵਿਚਲੇ ਉਜੜੇ ਖਰਾਸ ਦੀ, ਖਾਲੀ ਘਰਾਂ ਵਿਚਲੇ ਪਰਵਾਸ ਦੀ ਅਤੇ ਬੇਵਾ ਹੋ ਚੁਕੀ ਨਾ ਪਰਤਣ ਦੀ ਆਸ ਦੀ।

ਕਵਿਤਾ ਲਿਖਾਂਗਾ ਘਰਾਂ ਦੀ ਉਦਾਸੀ ਦੀ, ਕਮਰਿਆਂ ਵਿਚੋਂ ਗੁੰਮਸ਼ੁਦਾ ਹਾਸੀ ਦੀ, ਭੈਅ 'ਚ ਕੀਤੀ ਜਾ ਰਹੀ ਉਦਾਸੀ ਦੀ, ਖਿਡੌਣਿਆਂ ਦੀ ਲਾਚਾਰੀ ਦੀ ਅਤੇ ਬਚਪਨੇ 'ਤੇ ਚਿੱਪਕੀ ਬੇਚਾਰਗੀ ਦੀ।

ਕਵਿਤਾ ਲਿਖਣੀ ਏ ਮਾਂ ਦੀ ਡੱਬੀਦਾਰ ਖੇਸੀ ਦੀ, ਬਰਕਤ ਬਣੇ ਬਾਪੂ ਦੇਸੀ ਦੀ, ਪੀੜਾ ਪੁੱਤ ਪਰਦੇਸੀ ਦੀ, ਉਮਰਾ ਦਰਦ-ਵਰੇਸੀ ਦੀ ਅਤੇ ਹਉਕਿਆਂ-ਹਾਰ ਦਰਵੇਸ਼ੀ ਦੀ।

ਕਵਿਤਾ ਲਿਖਣ ਲਈ ਮਨ ਹੈ, ਚਾਅ ਦੀ ਉਲਝੀ ਤਾਣੀ ਦੀ, ਰੁੱਤ ਉਤਰੀ ਖਸਮਾਂ ਖਾਣੀ ਦੀ, ਗੁਆਚੀ ਚੀਜ਼ ਪੁਰਾਣੀ ਦੀ, ਡਾਰੋਂ ਵਿਛੜੇ ਹਾਣੀ ਦੀ, ਜਿੰਦ ਹੰਝੂਆਂ ਹਾਰ ਨਿਤਾਣੀ ਦੀ ਅਤੇ ਹੰਝੂ 'ਚ ਹੰਝੂ ਹੋ ਜਾਣੀ ਦੀ।

ਕਵਿਤਾ ਉਤਰਦੀ ਏ, ਮਨੀਂ ਲਰਜ਼ੇ ਸੁਖਨ-ਸਕੂਨ ਲਈ, ਕੁਝ ਕਰਨ ਲਈ ਜ਼ੁਰਅਤ ਜਨੂੰਨ ਲਈ, ਰੂੜੀ 'ਤੇ ਪਏ ਭਰੂਣ ਲਈ, ਜੱਟਾਂ ਦੀ ਵਿਗੜੀ ਜੂਨ ਲਈ ਅਤੇ ਚਿੱਟੇ ਹੋ ਗਏ ਖੂਨ ਲਈ। ਕਵਿਤਾ ਹੋਕਰਾ ਬਣਨਾ ਚਾਹੁੰਦੀ ਏ, ਹੱਕਾਂ 'ਤੇ ਪੈਂਦੇ ਡਾਕਿਆਂ ਦੀ, ਉਚੱਕੇ ਬਣ ਗਏ ਰਾਖਿਆਂ ਦੀ, ਧਰਮ ਦੇ ਨਾਂ 'ਤੇ ਵੰਡੇ ਇਲਾਕਿਆਂ ਦੀ, ਰੱਤ ਲਿਬੜੀ ਕੰਧ 'ਤੇ ਖਾਕਿਆਂ ਦੀ ਅਤੇ ਬੇਲੋੜੇ ਪੈਂਦੇ ਸਿਆਪਿਆਂ ਦੀ।

ਕਵਿਤਾ ਲਿਖਾਂਗਾ ਕਵਿਤਾ ਦੀ ਸਲਾਮਤੀ ਲਈ, ਇਸ ਦੀ ਆਭਾ ਦੇ ਨਿਖਾਰ ਲਈ, ਅਰਥ-ਅਰਾਧਨਾ ਦੀ ਅਰਦਾਸ ਲਈ, ਆਸ-ਅਰਜੋਈ ਲਈ, ਸੁਹਜ-ਸੰਵੇਦਨਾ ਲਈ, ਹਰਫ-ਮੌਲਤਾ ਤੇ ਸਦਾ-ਬਹਾਰੀ ਲਈ, ਨਿਰੰਤਰਤਾ ਤੇ ਚਿਰੰਜੀਵਤਾ ਲਈ, ਸਾਦਗੀ ਤੇ ਸਮਰਪਣ ਲਈ, ਸਹਿਜ ਤੇ ਸੰਤੋਖ ਲਈ ਅਤੇ ਅੱਖਰ-ਸਾਧਨਾ ਤੇ ਸੇਧ ਲਈ।

ਕਵਿਤਾ ਤਾਂ ਲਿਖਾਂਗਾ ਬਚਪਨਾ ਹੰਢਾਉਣ ਦੀ ਤਮੰਨਾ ਦੇ ਪ੍ਰਗਟਾਅ ਦੀ, ਬਚਪਨੀ ਸ਼ਰਾਰਤਾਂ 'ਚ ਬਚਪਨਾ ਨਿਹਾਰਨ ਦੀ, ਬਾਪ ਨਾਲ ਬੀਤੇ ਨੂੰ ਮੋੜ ਲਿਆਉਣ ਦੀ, ਕਵਿਤਾ ਨੂੰ ਰਿਝਾਉਣ ਅਤੇ ਇਸ ਦੀ ਉਚਮਤਾ ਤੇ ਸੁੱਚਮ ਨੂੰ ਸਦਾ-ਬਹਾਰ ਬਣਾਉਣ ਦੀ।

ਕਵਿਤਾ, ਜੋ ਕਹਿਣਾ ਚਾਹੁੰਦੀ ਏ, ਇਸ ਨੂੰ ਰੋਕਾਂਗਾ ਨਹੀਂ, ਇਸ ਦੀ ਬੁਲੰਦੀ ਤੇ ਬੇਬਾਕੀ ਨੂੰ ਸਲਾਮ ਕਰਾਂਗਾ। ਇਸ ਵਿਚੋਂ ਖੁਦ ਨੂੰ ਪੜ੍ਹਾਂਗਾ ਅਤੇ ਕੁਝ ਚੰਗੇਰਾ ਸਮਿਆਂ ਦੇ ਵਰਕੇ ਦੇ ਨਾਂ ਕਰਾਂਗਾ।

ਕਵਿਤਾ ਜਿਉਂਦੀ, ਜਾਗਦੀ, ਹੱਸਦੀ, ਹਸਾਉਂਦੀ, ਰੁਆਉਂਦੀ, ਪਤਿਆਉਂਦੀ, ਨਾਰਾਜ਼ਗੀ ਉਪਜਾਉਂਦੀ, ਸਲਾਹਾਂ ਦਿੰਦੀ, ਸਲਾਮਤੀ ਦਾ ਸਬੱਬ, ਮਾਣਮੱਤੀਆਂ ਮੱਤਾਂ, ਸੁਲੱਗ ਸੁਨੇਹੇ, ਅਦਬੀ ਹੁਲਾਰੇ, ਅੰਬਰੀ ਨਜ਼ਾਰੇ ਅਤੇ ਅਜ਼ੀਮ ਝਲਕਾਰੇ।

ਕਵਿਤਾ ਨੂੰ ਜਦ ਪੁੰਗਰਨ, ਵਿਗਸਣ ਅਤੇ ਪ੍ਰਫੁਲਤਾ ਵੰਨੀਂ ਤੋਰੀਦਾ ਤਾਂ ਕਵਿਤਾ ਨੂੰ ਮਿਲਦਾ ਮਾਣ, ਇਸ ਦੀ ਉਤਪਤੀ ਵਿਚ ਸਮਿਆਂ ਦਾ ਸੱਚ ਅਤੇ ਇਸ ਦੀ ਰਵਾਨਗੀ, ਰਿਦਮ ਅਤੇ ਰਸੀਲੇਪਣ ਵਿਚ ਰਚਿਆ ਹੋਇਆ ਏ ਮਨੁੱਖ ਦਾ ਵਿਕਾਸ।

ਕਵਿਤਾ ਲਿਖਾਂਗਾ ਕਰੁਣਾ ਤੇ ਕਰੋਧ ਦੀ, ਕਰੋਪੀ ਤੇ ਕਹਿਰ ਦੀ, ਕੁਦਰਤ ਤੇ ਕਾਇਨਾਤ ਦੀ, ਕਮੀਨਗੀ ਤੇ ਕੁਰੀਤੀਆਂ ਦੀ, ਕਾਲਖ ਤੇ ਕਾਲ ਕੋਠੜੀਆਂ ਦੀ, ਕਿਤਾਬਾਂ ਤੇ ਕਿਤਾਬੀ ਮੋਹ-ਭੰਗ ਦੀ, ਕੀਰਨਿਆਂ ਤੇ ਕੁਬੋਲਾਂ ਦੀ, ਕੂੜ ਤੇ ਕੁਕਰਮਾਂ ਦੀ, ਕਿਆਮਤ ਤੇ ਕਠੋਰਤਾ ਦੀ, ਕੁਰਹਿਤ ਤੇ ਕਰਮ-ਹੀਣਤਾ ਦੀ ਅਤੇ ਕਲਯੁਗ ਤੇ ਕਰਮਵੇਤਾ ਦੀ।

ਕਵਿਤਾ ਲਿਖਾਂਗਾ, ਫੁੱਲਾਂ ਤੇ ਫੁਲਵਾੜੀਆਂ ਦੀ, ਬਹਾਰਾਂ ਤੇ ਬਾਗ-ਬਗੀਚਿਆਂ ਦੀ, ਮਹਿਕਾਂ ਤੇ ਲਬਰੇਜ਼ਤਾ ਦੀ, ਤਿਤਲੀਆਂ ਤੇ ਭੌਰਿਆਂ ਦੀ, ਬਿਰਖ-ਗਲਵੱਕੜੀ ਤੇ ਫੁੱਲ-ਗੁਫਤਗੂ ਦੀ ਅਤੇ ਫਿਜ਼ਾ ਤੇ ਫਿਜ਼ਾਈ ਰੰਗਰੇਜ਼ਤਾ ਦੀ।

ਕਵਿਤਾ ਲਿਖਾਂਗਾ ਸੂਹੇ ਬਿੰਬਾਂ ਤੇ ਸੰਦਲੀ ਬੋਲਾਂ ਦੀ, ਚੁੱਪ ਵਿਚੋਂ ਨਿਹਾਰਨ ਦੀ, ਸੁੰਦਰ ਮੁਖੜਿਆਂ ਨੂੰ ਪੜ੍ਹਨ ਦੀ, ਸੀਰਤ ਤੇ ਸੂਰਤ ਵਿਚਲੇ ਸੁਮੇਲ ਦੀ ਅਤੇ ਚਾਵਾਂ ਭਿੱਜੇ ਜੀਵਨੀ-ਖੇਲ ਦੀ।

ਕਵਿਤਾ ਲਿਖਾਂਗਾ, ਖੁਦ ਤੋਂ ਖੁਦ ਤੀਕ ਦੇ ਸਫਰ ਦੀ, ਖੁਦੀ ਵਿਚੋਂ ਮਿਟਾ ਦਿਤੇ ਗਏ ਅੱਖੜ-ਅੱਖਰ ਦੀ, ਮਰ ਜਾਣੇ ਮਿੱਤਰਾਂ ਦੀ, ਜੋ ਪੈ ਗਏ ਨੇ ਜੂਨੇ ਪੱਥਰ ਦੀ ਅਤੇ ਸੱਜਣ, ਜਿਨ੍ਹਾਂ ਨੂੰ ਮੇਰੀ ਹਾਕ ਨਹੀਂ ਟੱਕਰਦੀ, ਪਰ ਹੋਂਦ ਕਿਉਂ ਹੈ ਅੱਖਰਦੀ!

ਕਵਿਤਾ ਤਾਂ ਲਿਖਾਂਗਾ ਹੀ ਰੋਂਦੀਆਂ ਹਵਾਵਾਂ ਦੀ, ਸਿਸਕਦੀਆਂ ਫਿਜ਼ਾਵਾਂ ਦੀ, ਸੁੱਕਦੇ ਦਰਿਆਵਾਂ ਦੀ, ਸਾਹ-ਸੱਤਹੀਣ ਹੋਈਆਂ ਧਰਤ-ਦੁਆਵਾਂ ਦੀ, ਤਿੱਤਰਖੰਭੀ ਬਣੀਆਂ ਸੰਘਣੀਆਂ ਛਾਂਵਾਂ ਦੀ, ਬਿਰਖੀ ਹਾਵਿਆਂ ਦੀ, ਫੋਕੇ ਦਾਅਵਿਆਂ ਦੀ, ਪਾਣੀ 'ਚ ਉਗਦੇ ਹਉਕਿਆਂ ਦੀ ਅਤੇ ਪੈ ਰਹੇ ਸੋਕਿਆਂ ਦੀ।

ਕਵਿਤਾਂ ਲਿਖਾਂਗਾ ਆਪਣੇ ਹੱਥੀਂ ਮੌਤ ਦਾ ਸਮਾਨ ਬੰਨ ਰਹੇ ਮਨੁੱਖ ਦੀ, ਆਲ੍ਹਣੇ ਵਿਹੂਣੇ ਰੁੱਖ ਦੀ, ਬਾਂਝ ਹੋਈ ਕੁੱਖ ਦੀ ਅਤੇ ਅਮਾਨਵੀ ਭੁੱਖ ਦੀ, ਜਾਨ ਦਾ ਖੌਅ ਬਣ ਗਏ ਸੁੱਖ ਦੀ ਅਤੇ ਹਰਫਾਂ ਵਿਚ ਸਹਿਮੀ ਚੁੱਪ ਦੀ।

ਕਵਿਤਾ ਲਿਖਾਂਗਾ ਵੱਡੇ ਵੱਡੇ ਘਰਾਂ ਵਿਚ ਰਹਿੰਦੇ ਬੌਣੇ ਲੋਕਾਂ ਦੀ, ਵੱਡੀਆਂ ਕਾਰਾਂ ਵਿਚ ਤੁਰੀ ਫਿਰਦੀ ਜੰਗਾਲੀ ਜ਼ਹਿਨੀਅਤ ਦੀ, ਕੁਰਸੀਆਂ 'ਤੇ ਬੈਠੇ ਹੀਣੇ ਚੌਧਰੀਆਂ ਦੀ ਅਤੇ ਤਖਤਾਂ ਦੇ ਵਸੀਅਤੀ ਵਾਰਸਾਂ ਦੀ।

ਕਵਿਤਾਂ ਲਿਖਾਂਗਾ ਅਣਹੋਣੀ ਨੂੰ ਹੋਣੀ ਵਿਚ ਬਦਲਣ ਵਾਲੇ ਇਤਿਹਾਸ ਦੀ, ਪੈਰਾਂ ਵਿਚ ਸਫਰ ਉਗਾਉਣ ਅਤੇ ਮੰਜ਼ਿਲਾਂ ਪਾਉਣ ਵਾਲੇ ਸ਼ਖਸਾਂ ਦੀ ਅਤੇ ਸਮਿਆਂ 'ਤੇ ਉਕਰੇ ਨਕਸ਼ਾਂ ਦੀ।

ਕਵਿਤਾ ਲਿਖਾਂਗਾ ਉਸ ਕਵਿਤਾ ਬਾਰੇ, ਜੋ ਵਰਕੇ 'ਤੇ ਉਤਰਨ ਤੋਂ ਨਾਬਰ ਹੋ, ਗੁੰਗੀ ਹੋ ਗਈ। ਜਿਸ ਦੇ ਹਰਫਾਂ ਵਿਚ ਡਰ ਦਾ ਡੇਰਾ ਅਤੇ ਅਰਥਾਂ ਵਿਚ ਸਹਿਮ ਦਾ ਸੰਤਾਪ। ਜਿਸ ਦੀ ਹੋਂਦ ਹੈ, ਸਮਾਜਕ ਕੁਰਹਿਤਾਂ ਲਈ ਖਤਰਾ। ਉਹ ਅਬੋਲ, ਮੂਕ, ਮੰਤਰੀ ਅਤੇ ਮਰਜਾਣੀ ਕਵਿਤਾ ਦਿਲ ਦੇ ਬਹੁਤ ਹੈ ਕਰੀਬ ਅਤੇ ਮਾਰਗ-ਦਰਸ਼ਨਾ ਲਈ ਹੈ ਅਦੀਬ।

ਕਵਿਤਾ ਤਾਂ ਉਨ੍ਹਾਂ ਦੋਸਤਾਂ ਬਾਰੇ ਲਿਖਾਗਾਂ, ਜੋ ਮਿਲਣੋਂ ਵੀ ਗਏ। ਮਰਨ ਤੋਂ ਬਾਅਦ ਆ ਕੇ ਕਿਹੜੀਆਂ ਗੱਲਾਂ ਕਰਨਗੇ, ਕਿਥੋਂ ਭਾਲਣਗੇ ਹੁੰਗਾਰਾ ਅਤੇ ਕਿਹੜੀਆਂ ਯਾਦਾਂ ਨੂੰ ਸੱਥਰ 'ਤੇ ਬਹਿ ਕੇ ਸਾਂਝਾ ਕਰਨਗੇ? ਕਿੰਨਾ ਸਹੀ ਹੈ, ਮਹਾਨ ਸ਼ਾਇਰ ਗੁਲਜ਼ਾਰ ਦਾ ਕਹਿਣਾ, "ਜੀਅ ਕਰਦੈ ਕਿ ਦੋਸਤਾਂ 'ਤੇ ਮੁਕੱਦਮਾ ਹੀ ਕਰ ਦਿਆਂ, ਇਸ ਬਹਾਨੇ ਉਹ ਕਚਹਿਰੀ ਵਿਚ ਤਾਰੀਕ 'ਤੇ ਤਾਂ ਮਿਲ ਹੀ ਪਿਆ ਕਰਨਗੇ।" ਮਿਲਣ ਦੀ ਜੁਸਤਜੂ ਪਾਲਣ ਵਾਲੀ ਕਵਿਤਾ ਜਰੂਰ ਲਿਖਾਂਗਾ, ਆਪਣੇ ਮਿੱਤਰਾਂ ਲਈ, ਜਿਨ੍ਹਾਂ ਕਾਰਨ ਲਏ ਹੋਏ ਸਾਹ ਮੇਰੀ ਜ਼ਿੰਦਗੀ ਬਣ ਗਏ।

ਅਜਿਹੀ ਕਵਿਤਾ ਜਰੂਰ ਲਿਖਾਂਗਾ...।

***ਕਵਿਤਾ ਤਾਂ ਲਿਖਾਂਗਾ, ਰੱਦੀ ਬਣ ਗਈਆਂ ਝੋਲੇ 'ਚ ਪਈਆਂ ਡਿਗਰੀਆਂ ਦੀ, ਮਾਂ ਦੇ ਮਰੇ ਸੁਪਨਿਆਂ ਦੀ, ਭੈਣ ਦੇ ਕਲੀਰਿਆਂ ਵਿਚਲੀ ਵੇਦਨਾ ਦੀ, ਬਾਪ ਦੇ ਸਿਰ 'ਤੇ ਜਟੂਰੀ ਦੇ ਵਾਲਾਂ ਜਿੰਨੇ ਕਰਜ਼ੇ ਦੀ, ਤਿੜਕੇ ਸ਼ਤੀਰਾਂ ਦੀ, ਲੱਥ ਰਹੇ ਲਿਓੜਾਂ ਦੀ, ਦੀਵੇ ਤੋਂ ਸੱਖਣੀ ਦੀਵਾਖੀ ਦੀ, ਆਲ੍ਹੇ 'ਚ ਪਈ ਸਲਫਾਸ ਦੀ ਸ਼ੀਸ਼ੀ ਦੀ, ਨਸ਼ਿਆਂ 'ਚ ਨਿਲਾਮ ਹੋ ਗਈ ਗੈਰਤ, ਇੱਜਤ ਅਤੇ ਇਨਸਾਨੀਅਤ ਦੀ, ਵਿੱਕ ਰਹੇ ਖੇਤਾਂ ਦੀ, ਹੋ ਰਹੀਆਂ ਕੁਰਕੀਆਂ ਦੀ ਅਤੇ ਖੇਤੀਂ ਉਗ ਰਹੀਆਂ ਖੁਦਕੁਸ਼ੀਆਂ ਦੀ।***

## ਪ੍ਰਤੀਕਰਮ

# ‘ਬੱਕਰੇ ਦੀ ਬਲੀ ਤੇ ਬਲੀ ਦਾ ਬੱਕਰਾ:ਬੁੱਝ ਤੋਂ ਭੁੱਝ ਤੱਕ’

‘ਪੰਜਾਬ ਟਾਈਮਜ਼’ ਦੇ 3 ਅਗਸਤ ਦੇ ਅੰਕ ਵਿਚ ਪ੍ਰੋ. ਅਵਤਾਰ ਸਿੰਘ ਨੇ ਆਪਣਾ ਲੇਖ ‘ਬੱਕਰੇ ਦੀ ਬਲੀ ਤੇ ਬਲੀ ਦਾ ਬੱਕਰਾ: ਬੁੱਝ ਤੋਂ ਭੁੱਝ ਤੱਕ’ ਚੂਹੇ, ਕਬੂਤਰ, ਮੁਰਗੇ ਅਤੇ ਬੱਕਰੇ ਦੀ ‘ਬਾਤ’ ਪਾ ਕੇ ਸ਼ੁਰੂ ਕੀਤਾ ਹੈ ਕਿ ਕਿਵੇਂ ਦੁਕਾਨਦਾਰ ਆਪਣੀ ਦੁਕਾਨ ਵਿਚ ਰਹਿ ਰਹੇ ਚੂਹੇ ਲਈ ਕੁੜਿੱਕੀ ਲਿਆਇਆ, ਜੋ ਚੂਹੇ ਨੇ ਦੇਖ ਲਈ। ਆਪਣੀ ਮਦਦ ਲਈ ਚੂਹਾ ਵਾਰੀ ਵਾਰੀ ਕਬੂਤਰ, ਕੁੱਕੜ ਤੇ ਬੱਕਰੇ ਕੋਲ ਗਿਆ, ਪਰ ਸਭ ਨੇ ਉਸ ਦਾ ਮਖੌਲ ਉਡਾਇਆ। ਕੁੜਿੱਕੀ ਵਿਚ ਸੱਪ ਫਸ ਜਾਣ ’ਤੇ ਹਨੇਰੇ ਵਿਚ ਦੁਕਾਨਦਾਰ ਦੀ ਘਰ ਵਾਲੀ ਨੇ ਚੂਹਾ ਸਮਝ ਕੇ ਕੁੜਿੱਕੀ ਚੱਕ ਲਈ ਤੇ ਸੱਪ ਲੜ ਬੈਠੀ। ਸੱਪ ਲੜ ਜਾਣ ’ਤੇ ਕਬੂਤਰ, ਮੁਰਗਾ ਅਤੇ ਬੱਕਰਾ, ਜਿਨ੍ਹਾਂ ਨੇ ਚੂਹੇ ਦਾ ਸਾਥ ਨਹੀਂ ਸੀ ਦਿੱਤਾ, ਵਾਰੋ ਵਾਰੀ ਉਸ ਬੀਬੀ ਅਤੇ ਆਏ-ਗਏ ਦਾ ਖਾਜਾ ਬਣ ਗਏ ਤੇ ਜਾਨ ਤੋਂ ਹੱਥ ਧੋ ਬੈਠੇ।



ਡਾ. ਗੁਰਨਾਮ ਕੌਰ, ਕੈਨੇਡਾ

ਇਸ ਕਹਾਣੀ ਨੂੰ ਅੱਗੇ ਵਧਾਉਂਦਿਆਂ ਪ੍ਰੋ. ਅਵਤਾਰ ਸਿੰਘ ਲਿਖਦੇ ਨੇ, “ਸ਼ਰਾਬ ਦਾ ਧੰਦਾ ਗੈਰਕਾਨੂੰਨੀ ਹੋ ਜਾਣ ਨਾਲ ਕਲਾਲ ਵਿਹਲਾ ਹੋ ਗਿਆ, ਬਾਟਾ ਨੇ ਮੋਚੀ ਦਾ ਧੰਦਾ ਚੌਪਟ ਕਰ ਦਿਤਾ, ਜੇ. ਸੀ. ਟੀ. ਨੇ ਜੁਲਾਹੇ ਦੀ ਖੱਡੀ ਖੋਹ ਲਈ; ਦਰੀਆਂ, ਖੇਸੀਆਂ ਦਾ ਦੌਰ ਖਤਮ ਹੋ ਗਿਆ। ਟਰੈਕਟਰ, ਟਿਊਬਵੈਲ ਤੇ ਕੰਬਾਈਨ ਆਈ ਤਾਂ ਲੁਹਾਰ, ਤਰਖਾਣ ਦਾ ਭੁੱਗਾ ਚੌੜ ਹੋ ਗਿਆ। ਅਖਬਾਰੀ ਮੈਟਰੀਮੋਨੀਅਲ ਨੇ ਨਾਈ ਨਿਗਲ ਲਿਆ; ਰੇਡੀਓ, ਟੇਪਾਂ ਤੇ ਟੀ. ਵੀ. ਨੇ ਮਰਾਸੀ ਘਰੇ ਬਹਾ ਦਿੱਤੇ। ਫਰਿਜ ਨੇ ਘੜੇ ਖਾ ਲਏ, ਘੁਮਾਰ ਗਿਆ ਤੇ ਝਿਊਰ ਦੀ ਵੀ ਠੰਢੇ ਪਾਣੀ ਦੀ ਮਸ਼ਕ ਗਈ। ਬਸ ਆਈ ਤਾਂ ਟਾਂਗੇ ਵਾਲੇ ਬਾਰੂ ਦਾ ਕੀ ਬਣਿਆ? ਇੱਕ ਇੱਕ ਕਰਕੇ ਸਭ ਉਜੜ ਗਏ ਤੇ ਆਪਣੇ ਦਮ ਖਮ ’ਤੇ ਵਸਦੇ ਵੀ ਰਹੇ। ਨਾ ਕਿਸੇ ਨੇ ਹਾਲ ਪਾਹਰਿਆ ਪਾਈ, ਨਾ ਪਿੱਟ ਸਿਆਪਾ ਕੀਤਾ। ਕਿਸੇ ਨੂੰ ਕੋਈ ਮੁਆਵਜ਼ਾ ਨਾ ਮਿਲਿਆ। ਨਾ ਕਿਸੇ ਮੰਗਿਆ, ਨਾ ਕਿਸੇ ਦਿੱਤਾ।”

ਪ੍ਰੋ. ਅਵਤਾਰ ਸਿੰਘ ਨੂੰ ਕਿਸ ਨੇ ਕਹਿ ਦਿੱਤਾ ਕਿ ਕਿਸਾਨ ਕਿਰਤੀ ਨਹੀਂ ਹੈ? ਉਹ ਸਦੀਆਂ ਤੋਂ ਹੱਡ ਭੰਨ ਕੇ ਮਿਹਨਤ ਕਰਦਾ ਆ ਰਿਹਾ ਹੈ। ਜਦੋਂ ਰਾਤਾਂ ਨੂੰ ਹੋਰ ਕਿਰਤੀ ਲੋਕ ਆਪਣੇ ਕੰਮਾਂ-ਕਾਰਾਂ ਤੋਂ ਥੱਕ-ਟੁੱਟ ਕੇ ਆਪਣੇ ਟੱਬਰਾਂ ਵਿਚ ਸੌਂ ਜਾਂਦੇ ਰਹੇ ਹਨ, ਕਿਸਾਨ ਤਾਂ ਉਦੋਂ ਵੀ ਨੱਕੇ ਛੱਡਦਾ, ਸੱਪਾਂ ਦੀਆਂ ਸਿਰੀਆਂ ਮਿੱਧਦਾ ਖੇਤਾਂ ਦੀਆਂ ਵੱਟਾਂ ’ਤੇ ਤੁਰਿਆ ਫਿਰਦਾ ਰਿਹਾ; ਤਾਰਿਆ ਦੀ ਛਾਂਵੇਂ ਹੱਲ ਵਾਹੁੰਦਾ, ਤਿੱਖੜ ਦੁਪਹਿਰੇ ਫਲ੍ਹੇ ਹੱਕਦਾ ਨਾ ਗਰਮੀ ਦੇਖਦਾ, ਨਾ ਘਲਾਈਆਂ ਵਾਹੁੰਦਾ ਸਰਦੀ ਦੇਖਦਾ। ਉਹ ਕਿਰਤੀ ਹੈ-ਪੂਰੀ ਤਰ੍ਹਾਂ ਕਿਰਤੀ, ਪਰ ਕਾਰੀਗਰ ਨਹੀਂ। ਖੇਤੀ ਕਰਦਾ ਕਿਸਾਨ ਅਤੇ ਖੇਤੀ ਨਾਲ ਜੁੜਿਆ ਮਜ਼ਦੂਰ ਕਾਰੀਗਰ ਨਹੀਂ ਹੈ, ਕਿਉਂਕਿ ਉਸ ਨੂੰ ਤਾਂ ਖੇਤਾਂ ਵਿਚ ਕੰਮ ਕਰਨ ਤੋਂ ਬਿਨਾ ਹੋਰ ਕੁਝ ਆਉਂਦਾ ਹੀ ਨਹੀਂ ਹੈ, ਉਹ ਕੋਈ ਹੁਨਰ ਨਹੀਂ ਜਾਣਦਾ। ਜੇ ਖੇਤੀ ਤੋਂ ਬਿਨਾ ਹੋਰ ਕੋਈ ਕਿੱਤਾ ਜਾਣਦਾ ਹੁੰਦਾ ਤਾਂ ਖੁਦਕੁਸ਼ੀਆਂ ਦਾ ਰਾਹ ਛੱਡ ਕੇ ਉਹ ਵੀ ਸ਼ਹਿਰ ਵੱਲ ਤੁਰਦਾ ਤੇ ਕੋਈ ਕਿੱਤਾ ਅਪਨਾਉਂਦਾ।

ਕਲਾਲ ਜੇ ਸ਼ਰਾਬ ਬਣਾਉਣ ਤੋਂ ਵਿਹਲਾ ਹੋਇਆ ਹੋਵੇਗਾ, ਹੋ ਸਕਦਾ ਹੈ ਉਹ ਸ਼ਰਾਬ ਦੇ ਕਿਸੇ ਕਾਰਖਾਨੇ ਵਿਚ ਕੰਮ ਕਰਨ ਲੱਗ ਪਿਆ ਹੋਵੇ ਜਾਂ ਤਿਆਰ ਸ਼ਰਾਬ ਦਾ ਠੇਕਾ ਲੈ ਕੇ ਸ਼ਰਾਬ ਹੀ ਵੇਚਣ ਲੱਗ ਪਿਆ ਹੋਵੇ, ਕਿਉਂਕਿ ਉਸ ਨੂੰ ਵਪਾਰ ਕਰਨ ਦਾ ਵੱਲ ਆਉਂਦਾ ਹੈ। ਮੋਚੀ ਜਦੋਂ ਹੱਥੀਂ ਜੁੱਤੀਆਂ ਬਣਾਉਣ ਦਾ ਕੰਮ ਠੱਪ ਹੋ ਗਿਆ ਤਾਂ ਉਹ ਕਿਸੇ ‘ਬਾਟਾ’ ਕੰਪਨੀ ਦੇ ਕਾਰਖਾਨੇ ਵਿਚ ਵੱਧ ਪੈਸਿਆਂ ’ਤੇ ਕੰਮ ਕਰਦਾ ਹੋ ਸਕਦਾ ਹੈ, ਕਿਉਂਕਿ ਮਸ਼ੀਨੀਕਰਨ ਨੇ ਤਾਂ ਰੁਜ਼ਗਾਰ ਵਧਾਏ ਨੇ, ਘਟਾਏ ਨਹੀਂ। ਕੰਬਾਈਨਾਂ-ਟਿਊਬਵੈਲਾਂ, ਟਰੈਕਟਰਾਂ ਦੀ ਮੁਰੰਮਤ ਕਿਹੜਾ ਕਿਸਾਨ ਨੇ ਆਪ ਕਰਨੀ ਸੀ? ਉਹ ਵੀ ਕਿਸੇ ਤਰਖਾਣ ਜਾਂ ਲੁਹਾਰ ਕਾਰੀਗਰ ਨੇ ਹੀ ਕਰਨੀ ਸੀ ਅਤੇ ਪਤਾ ਨਹੀਂ ਕਿੰਨੇ ਪੈਸੇ ਕਿਸਾਨ ਤੋਂ ਬਟੋਰਦਾ ਹੋਵੇਗਾ? ਝਿਊਰ ਵੀ ਹੋ ਸਕਦਾ ਹੈ, ਕਿਸੇ ਢਾਬੇ ’ਤੇ ਕੰਮ ਕਰਦਾ ਕਰਦਾ ਢਾਬੇ ਦਾ ਮਾਲਕ ਹੀ ਬਣ ਗਿਆ ਹੋਵੇ। ਨਾਈ ਦਾ ਕਿੱਤਾ ਜਾਣਦੇ ਦੀਆਂ ਤਾਂ ਅੱਜ ਕੱਲ ਵੈਸੇ ਹੀ ਪੌਂ ਬਾਰਾਂ ਨੇ, ਕਿਉਂਕਿ ਹੁਣ ਸਿੱਖ ਮੁੰਡੇ ਤਾਂ ਕੀ, ਬੀਬੀਆਂ ਵੀ ਵਾਲ ਕਟਾਉਣ ਲੱਗ ਪਈਆਂ ਨੇ। ਤੁਸੀਂ ਦਰਜ਼ੀ ਤਾਂ ਗਿਣਿਆ ਹੀ ਨਹੀਂ। ਅੱਜ ਕੱਲ ‘ਨਾਈ’ ਤੇ ਦਰਜ਼ੀ ਦਾ ਕਿੱਤਾ ਜਾਣਨ ਵਾਲੇ ਲਈ ਸਭ ਤੋਂ ਵੱਧ ਸੌਖਾ ਹੈ, ਘਰ ਬੈਠੇ ਬਿਠਾਏ ਰੁਜ਼ਗਾਰ ਤੋਰਨਾ।

ਖੇਤੀ ਕਰਨ ਵਾਲਾ ਕਿਸਾਨ ਤੇ ਉਸ ਦਾ ਸਾਥੀ ਖੇਤ ਮਜ਼ਦੂਰ ਕਿਉਂਕਿ ਹੋਰ ਕੋਈ ਕਿੱਤਾ ਜਾਣਦੇ ਹੀ ਨਹੀਂ, ਇਸ ਲਈ ਸਮੇਂ ਦੀਆਂ ਸਰਕਾਰਾਂ ਅਤੇ ਉਨ੍ਹਾਂ ਦੀਆਂ ਚਹੇਤੀਆਂ ਕਾਰਪੋਰੇਸ਼ਨਾਂ ਵੱਲੋਂ ਜ਼ਮੀਨਾਂ ਹਥਿਆ ਲੈਣ ’ਤੇ ਲੇਬਰ ਚੌਕਾਂ ਵਿਚ ਜਾ ਕੇ ਆਪਣੇ ਵਰਗਾ ਕੰਮ/ਮਜ਼ਦੂਰੀ ਲੱਭਣ ਲਈ ਖੜ੍ਹਾ ਹੋ ਗਿਆ। ਜਦੋਂ ਨਾ ਕੁਝ ਪੱਲੇ ਪਿਆ ਤਾਂ ਖੁਦਕੁਸ਼ੀਆਂ ਵੱਲ ਦੌੜ ਪਿਆ, ਖੇਤ ਮਜ਼ਦੂਰ ਵੀ ਅਤੇ ‘ਖੇਤ ਦਾ ਮਾਲਕ’ ਕਹਾਉਣ ਵਾਲਾ ਕਿਸਾਨ ਵੀ। ਉਹ ਧਰਤੀ ਦਾ ਪੁੱਤਰ ਹੈ; ਕੇਵਲ ਧਰਤੀ ਦਾ ਪੁੱਤਰ ਹੀ ਨਹੀਂ, ਧਰਤੀ ਹੇਠਲਾ ਬਲਦ ਵੀ ਹੈ। ਕਿਸਾਨ ਖੇਤਾਂ ਲਈ ਮੁਫਤ ਬਿਜਲੀ ਨਹੀਂ ਮੰਗਦਾ, ਬਿਜਲੀ ਮਿਲਦੀ ਰਹਿਣੀ ਮੰਗਦਾ ਹੈ।

ਦਰਿਆਵਾਂ ਦੀ ਧਰਤੀ ’ਤੇ ਖੇਤੀ ਕਰਨ ਵਾਲੇ ਨੂੰ ਮੁਫਤ ਬਿਜਲੀ ਕਿਉਂ ਦਿੱਤੀ ਜਾਂਦੀ ਹੈ, ਉਨ੍ਹਾਂ ਨਹਿਰਾਂ ਦਾ ਨਹਿਰੀ ਪਾਣੀ ਕਿਉਂ ਨਹੀਂ ਦਿੱਤਾ ਜਾਂਦਾ, ਜੋ ਉਸ ਦੀ ਜ਼ਮੀਨ ਦੀ ਹਿੱਕ ਚੀਰ ਕੇ ਕੱਢੀਆਂ ਗਈਆਂ? ਉਸ ਦੇ ਹਿੱਸੇ ਦਾ ਪਾਣੀ ਦੂਜੇ ਰਾਜਾਂ ਨੂੰ ਕਿਉਂ ਜਾਂਦਾ ਹੈ? ਕੀ ਇਸ ਲਈ ਵੀ ਉਹ ਖੁਦ ਜ਼ਿੰਮੇਵਾਰ ਹੈ? ਧਰਤੀ ਵਿਚ ਜ਼ਹਿਰਾਂ ਬੀਜਣ ਤੇ ਕਰਜ਼ੇ ਲੈਣ ਦੇ ਰਾਹ ਵੀ ਉਨ੍ਹਾਂ ਨੂੰ ਸਰਕਾਰਾਂ ਤੇ ਕਾਰਪੋਰੇਸ਼ਨਾਂ ਨੇ ਹੀ ਤੋਰਿਆ ਹੈ, ਜਿਨ੍ਹਾਂ ਨੇ ਤਰਖਾਣਾਂ, ਲੁਹਾਰਾਂ ਅਤੇ ਹੋਰਨਾਂ ਨੂੰ ਵਿਹਲੇ ਕੀਤਾ ਹੈ। ਫਰਕ ਸਿਰਫ ਇਹ ਰਿਹਾ ਕਿ ਉਨ੍ਹਾਂ ਲਈ ਤਾਂ ਬਦਲਵੇਂ ਰਾਹ ਕੱਢ ਦਿੱਤੇ ਗਏ ਜਾਂ ਨਿਕਲ ਆਏ, ਪਰ ‘ਧਰਤੀ ਹੇਠਲੇ ਬਲਦ’ ਲਈ ਨਹੀਂ ਕੋਈ ਰਾਹ ਛੱਡਿਆ। ਉਸ ਦੀ ਫਸਲ ਦੇ ਮੰਡੀ ਵਿਚ ਵਿਕਣ ਦਾ, ਮਿਹਨਤ ਦਾ ਪੂਰਾ ਮੁੱਲ ਮਿਲਣ ਦਾ ਕੋਈ ਪ੍ਰਬੰਧ ਨਹੀਂ ਕੀਤਾ, ਉਸ ਨੂੰ ਕੋਈ ਬਦਲਵਾਂ ਪ੍ਰਬੰਧ ਦਿੱਤਾ ਹੀ ਨਹੀਂ? ਉਸ ਨੂੰ ਤਰ੍ਹਾਂ ਤਰ੍ਹਾਂ ਦੇ ਸਬਜ਼ਬਾਗ ਦਿਖਾ ਕੇ ਇੱਕ ਆਜ਼ਾਦ ਮਨੁੱਖ ਤੋਂ ਕਾਰਪੋਰੇਸ਼ਨਾਂ, ਬੈਂਕਾਂ ਅਤੇ ਸਰਕਾਰਾਂ ਦਾ ਗੁਲਾਮ ਬਣਾ ਦਿੱਤਾ, ਜਿਸ ਨੇ ਕਿਸੇ ਵੇਲੇ ਮੁਲਕ ਦੀ ਆਜ਼ਾਦੀ ਲਈ ਘਾਲਣਾ ਘਾਲੀਆਂ, ਜੇਲ੍ਹਾਂ ਕੱਟੀਆਂ ਅਤੇ ਮੋਰਚੇ ਲਾਏ ਸਨ।

ਲੇਖਕ ਨੇ ਲਿਖਿਆ ਹੈ ਕਿ ਖੁਦਕੁਸ਼ੀ ਤਾਂ ਕਾਇਰ ਕਰਦੇ ਹਨ। ਕਿਰਤੀ ਲੋਕ ਹੋਰ ਜੋ ਮਰਜ਼ੀ ਹੋਣ, ਕਾਇਰ ਨਹੀਂ ਹੁੰਦੇ। ਕਿਰਤੀ ਨੇ ਕੋਈ ਨਾ ਕੋਈ ਆਹਰ ਲੱਭ ਹੀ ਲੈਣਾ ਹੁੰਦਾ ਹੈ। ਵਿਹਲੇ ਰਹਿਣਾ ਉਹਦੀ ਪ੍ਰਕ੍ਰਿਤੀ ਨਹੀਂ ਹੁੰਦੀ। ਸਾਰੇ ਕਿਰਤੀ ਕਿਤੇ ਨਾ ਕਿਤੇ ਆਪਣੇ ਬਲਬੂਤੇ ਆਹਰ ਲੱਗੇ ਹੋਏ ਹਨ। ਬੱਚੇ ਪਾਲਦੇ ਨੇ, ਖੁਦ ਨੂੰ ਸੰਭਾਲਦੇ ਹਨ। ਪੰਜਾਬ ਦਾ ਇੱਕੋ ਇੱਕ ਬੱਬਰ ਸ਼ੇਰ ਹੈ, ਜਿਸ ਦੀਆਂ ਦਹਾੜਾਂ ਜੈਜ਼ੀ, ਗਰੇਵਾਲ, ਗਿੱਪੀ ਤੇ ਦਲਜੀਤ ਦੇ ਗੀਤਾਂ ’ਚ ਸੁਣਨ ਨੂੰ ਮਿਲਦੀਆਂ ਹਨ। ਇਹ ਬੱਬਰ ਸ਼ੇਰ ਇੱਕ ਢਿੱਡ ਹੈ, ਜੋ ਰੱਜਦਾ ਨਹੀਂ ਤੇ ਸਦਾ ਮੰਗਦਾ ਹੀ ਰਹਿੰਦਾ ਹੈ।

ਅਸਲ ਵਿਚ ਕਿਸਾਨ ਨੇ ਆਪਣਾ ਹੀ ਨਹੀਂ, ਸਗੋਂ ਸਾਰੇ ਮੁਲਕ ਦਾ ਢਿੱਡ ਭਰਿਆ ਹੈ। ਹਿੰਦੁਸਤਾਨ, ਜੋ ਬਾਹਰੋਂ ਅੰਨ ਮੰਗਵਾਉਂਦਾ ਸੀ, ਕਿਸਾਨ ਨੇ ਅੰਨ ਦੀ ਲੋੜ ਹੀ ਪੂਰੀ ਨਹੀਂ ਕੀਤੀ, ਸਗੋਂ ਅੰਨ ਵਾਧੂ ਕਰ ਦਿੱਤਾ। ਧਰਤੀ ਹੇਠਲਾ ਬਲਦ ਜੋ ਹੋਇਆ, ਸਭ ਦੇ ਢਿੱਡ ਦੀ ਫਿਕਰ ਕਰਨ ਵਾਲਾ। ਐਵੇਂ ਸਾਰੇ ਮੁਲਕ ਦਾ ਬੋਝ ਆਪਣੇ ਉਤੇ ਚੁੱਕੀ ਫਿਰਦਾ ਰਿਹਾ। ਮੁਲਕ ਭੁੱਖਾ ਮਰਦਾ ਸੀ ਤਾਂ ਮਰ ਜਾਂਦਾ? ਕਿਉਂ ਸਰਕਾਰਾਂ, ਕਾਰਪੋਰੇਸ਼ਨਾ ਦੇ ਆਖੇ ਲੱਗ ਕੇ ਜ਼ਹਿਰਾਂ ਬੀਜਦਾ ਰਿਹਾ?

ਕੁਝ ਅਰਸਾ ਪਹਿਲਾਂ ਜਨਾਬ ਗੁਲਾਮ ਮੁਸਤਫਾ ਡੋਗਰ ਨੇ ‘ਪੰਜਾਬ ਟਾਈਮਜ਼’ ਵਿਚ ਛਪੇ ਆਪਣੇ ਇੱਕ ਲੇਖ ਵਿਚ ਪੰਜਾਬ ਦੇ ਮਰਾਸੀਆਂ ਬਾਰੇ ਕਿਹਾ ਸੀ ਕਿ ਪਾਕਿਸਤਾਨ ਬਣਨ ਨਾਲ ਸਾਰੇ ਮਰਾਸੀ ਤਾਂ ਪਾਕਿਸਤਾਨ ਚਲੇ ਗਏ, ਪਰ ਪੂਰਬੀ ਪੰਜਾਬ ਦੇ ਜੱਟਾਂ ਦੇ ਮੁੰਡਿਆਂ ਨੇ ਮਰਾਸੀਆਂ ਦਾ ਕੰਮ ਸਾਂਭ ਲਿਆ। ਉਸ ਦਾ ਇਸ਼ਾਰਾ ਗਾਇਕ ਬਣੇ ਜੱਟਾਂ ਦੇ ਮੁੰਡਿਆਂ ਵੱਲ ਸੀ।

ਜਨਾਬ ਮੁਸਤਫਾ ਅਨੁਸਾਰ ਪਾਕਿਸਤਾਨ ਵਿਚ ਤਿੰਨ ਹੀ ਜੱਟ ਗਾਇਕ ਹੋਏ ਨੇ, ਜਿਨ੍ਹਾਂ ਵਿਚੋਂ ਇੱਕ ਤਾਂ ਅੱਲ੍ਹਾ ਨੂੰ ਪਿਆਰਾ ਹੋ ਗਿਆ, ਦੋ ਸੁੱਖ ਨਾਲ ਗਾ ਰਹੇ ਨੇ। ਮੈਂ ਉਦੋਂ ਜਨਾਬ ਮੁਸਤਫਾ ਨੂੰ ਫੋਨ ਕਰਕੇ ਕਹਿਣਾ ਚਾਹਿਆ ਸੀ ਕਿ ਸ਼ੁਕਰ ਹੈ, ਪਾਕਿਸਤਾਨ ਵਿਚ ਜੱਟਾਂ ਦੇ ਬਹੁਤੇ ਮੁੰਡੇ ਗਾਉਣ ਨਹੀਂ ਲੱਗੇ; ਉਥੇ ਹਾਲੇ ਵੀ ਇਹ ਕਿੱਤਾ ਮਰਾਸੀਆਂ ਜਾਂ ਦੂਜੇ ਭਾਈਚਾਰਿਆਂ ਦੇ ਲੋਕਾਂ ਨੇ ਸਾਂਭਿਆ ਹੋਇਆ ਹੈ। ਨਹੀਂ ਤਾਂ ਪਾਕਿਸਤਾਨੀ ਗੀਤਾਂ ਵਿਚ ਵੀ ‘ਜੱਟਵਾਦ’ ਹੀ ਭਾਰੂ ਹੋਣਾ ਸੀ, ਬਾਕੀ ਸਭ ਕੋਮਲ ਅਹਿਸਾਸ ਗੁੰਮ ਹੋ ਜਾਣੇ ਸਨ।

ਇੱਕ ਕਹਾਵਤ ਹੈ, ‘ਕੁਕੜ, ਕਾਂ, ਕੰਬੋ ਕਬੀਲਾ ਪਾਲਦੇ, ਜੱਟ, ਮੈਹਾਂ, ਸੰਸਾਰ ਕਬੀਲਾ ਗਾਲਦੇ।’ ਜੱਟਾਂ ਦੇ ਬਹੁਤੇ ਮੁੰਡਿਆਂ ਨੇ ਗਾਇਕ ਬਣ ਕੇ ‘ਬੱਬਰ ਸ਼ੇਰ’ ਦਾ ਨੁਕਸਾਨ ਹੀ ਕੀਤਾ ਹੈ। ਉਸ ਨੂੰ ਮਿਹਨਤੀ, ਕਿਰਤੀ ਕਿਸਾਨ ਤੋਂ ਸਿਰਫ ਤੇ ਸਿਰਫ ‘ਜੱਟ’ ਬਣਾ ਦਿੱਤਾ, ਜਿਸ ਦੇ ਹੱਥ ਵਿਚ ਪਤਾ ਨਹੀਂ ਕਿੰਨੀ ਕਿਸਮ ਦੇ ਹਥਿਆਰ ਫੜਾ ਦਿੱਤੇ, ਕੁੜੀਆਂ ਦੇ ਕਾਲਜਾਂ ਦੇ ਚੱਕਰ ਕੱਢਣ ਲਾ ਦਿੱਤਾ, ਹੱਥਾਂ ਵਿਚ ਦਾਰੂ ਦੇ ਗਲਾਸ ਫੜਾ ਕੇ ਬੱਕਰੇ ਬੁਲਾਉਣ ਲਾ ਦਿੱਤਾ। ਰੱਬ ਜਾਣੇ ਉਨ੍ਹਾਂ ਨੇ ਕਿਹੜੀ ਸਰਕਾਰ ਦੇ ਆਖੇ ਲੱਗ ਕੇ ਸ਼ਰਾਬ ਦੇ ਠੇਕਿਆਂ ਦੀ ਆਮਦਨ ਦਾ ਜ਼ਰੀਆ ਇਸ ‘ਬੱਬਰ ਸ਼ੇਰ’ ਨੂੰ ਬਣਾ ਦਿੱਤਾ, ਕਿਨ੍ਹਾਂ ਕੰਪਨੀਆਂ ਦੇ ਆਖੇ ਲੱਗ ਕੇ ਉਸ ਨੂੰ ਕਿਰਤੀ ਤੋਂ ‘ਚੱਕਵੇਂ’ ਗੀਤਾਂ ਦਾ ਹੀਰੋ ਬਣਾ ਦਿੱਤਾ? ਕਿਸ ਖਜਾਨੇ ਦੇ ਮੂੰਹ ਉਸ ਲਈ ਖੁੱਲ੍ਹ ਗਏ ਕਿ ਉਹ ਮਹਿੰਗੇ ਮਹਿੰਗੇ ਮੋਟਰ ਸਾਈਕਲਾਂ, ਗੱਡੀਆਂ ਦਾ ਮਾਲਕ ਬਣ ਗਿਆ ਅਤੇ ‘ਡਾਇਮੰਡ ਦੀ ਝਾਂਜਰ’ ਆਪਣੀ ਹੋਣ ਵਾਲੀ ਤੀਵੀਂ ਲਈ ਖਰੀਦਣ ਜੋਗਾ ਹੋ ਗਿਆ? ਗਾਇਕ ਬਣੇ ਇਨ੍ਹਾਂ ਜੱਟਾਂ ਦੇ ਮੁੰਡਿਆਂ ਨੇ ਇਸ ‘ਬੱਬਰ ਸ਼ੇਰ’ ਦਾ ਮੂੰਹ ਜਾਤ-ਪਾਤ ਦਾ ਤਿਆਗ ਕਰਨ, ਸੁੱਚੀ ਕਿਰਤ ਕਮਾਈ ਕਰਨ ਤੇ ਵੰਡ ਕੇ ਛਕਣ ਵਾਲੀ ਗੁਰੂ ਦੀ ਸਿੱਖਿਆ ਵਲੋਂ ਮੋੜ ਕੇ ਇਸ ਨੂੰ ਝੂਠੀ ‘ਜੱਟਵਾਦ’ ਦੀ ਹੈਂਕੜ ਨਾਲ ਭਰ ਦਿੱਤਾ।

ਇੱਥੇ ਇੱਕ ਨਿਜੀ ਗੱਲ ਸਾਂਝੀ ਕਰਨ ਨੂੰ ਮਨ ਕਰ ਆਇਐ। ਸਾਡਾ ਇੱਕ ਨੇੜੇ ਦਾ ਰਿਸ਼ਤੇਦਾਰ ਮੁੰਡਾ ਹੈ, ਜਿਸ ਦਾ ਪਿੰਡ ਲੁਧਿਆਣੇ ਦੇ ਬਹੁਤ ਨੇੜੇ ਹੈ ਅਤੇ ਉਸ ਦਾ ਘਰ ਖੇਤ ਵਿਚ ਹੈ। ਉਸ ਨੂੰ ਸਾਰਿਆਂ ਸਲਾਹ ਦਿੱਤੀ ਕਿ ਖੇਤ ਵਿਚ ਘਰ ਹੈ, ਬੱਕਰੀਆਂ ਪਾਲ ਲੈ, ਕਿਉਂਕਿ ਬੱਕਰੀ ਦਾ ਦੁੱਧ ਮਹਿੰਗਾ ਵਿਕਦਾ ਹੈ ਤੇ ਪਾਲਣੀਆਂ ਵੀ ਸੌਖੀਆਂ ਨੇ। ਕਹਿੰਦਾ, ਕਿਉਂ ਪਾਲਾਂ? ਸਾਰੇ ਮੈਨੂੰ ਬੱਕਰੀਆਂ ਵਾਲਾ ਕਹਿਣ ਲੱਗ ਜਾਣਗੇ।

ਜਨਾਬ ਮੁਸਤਫਾ ਦਾ ਲੇਖ ਪੜ੍ਹ ਕੇ ਮੈਂ ਸੋਚਦੀ ਰਹੀ ਕਿ ਚੰਗਾ ਹੁੰਦਾ ਮਰਾਸੀ ਇਥੋਂ ਨਾ ਜਾਂਦੇ ਤੇ ਗਾਉਣ-ਵਜਾਉਣ ਦਾ ਕਿੱਤਾ ਜਾਰੀ ਰੱਖਦੇ। ਉਹ ਜਜ਼ਮਾਨ ਤੋਂ ਦੱਖਣਾ ਲੈਣ ਲਈ ਥੋੜ੍ਹੀ ਜਿਹੀ ਵਡਿਆਈ ਹੀ ਕਰਦੇ ਸਨ, ਪਰ ਵੱਡੀਆਂ ਮਿਊਜ਼ਿਕ ਕੰਪਨੀਆਂ ਦੇ ਆਖੇ ਲੱਗ ਕੇ ‘ਬੱਬਰ ਸ਼ੇਰ’ ਦੇ ਹੱਥ ’ਚ ਕਈ ਤਰ੍ਹਾਂ ਦੇ ਮਾਰੂ ਹਥਿਆਰ ਨਹੀਂ ਸੀ ਫੜਾਉਂਦੇ, ਕੁੜੀਆਂ ਦੇ ਪਿੱਛੇ ਗੇੜੀਆਂ ਨਹੀਂ ਸੀ ਲੁਆਉਂਦੇ ਤੇ ਨਾ ਹੀ ਮਹਿੰਗੀਆਂ ਮਹਿੰਗੀਆਂ ਗੱਡੀਆਂ ਖਰੀਦਣ ਲਈ ‘ਘਰ ਫੂਕ ਕੇ ਤਮਾਸ਼ਾ ਦੇਖਣ’ ਦੀ ਪ੍ਰੇਰਨਾ ਕਰਦੇ ਸਨ।

ਇੱਕ ਸਤਿਕਾਰਯੋਗ ਖੇਤੀ ਅਰਥ ਸ਼ਾਸਤਰੀ ਤੋਂ ਮੈਂ ਸੁਣਦੀ ਆਈ ਹਾਂ ਕਿ ਜੱਟ ਜਦੋਂ ਤੱਕ ਜ਼ਮੀਨ ਨਾਲ ਜੁੜਿਆ ਹੋਇਆ ਹੈ, ਉਦੋਂ ਤੱਕ ਉਹ ਤਰੱਕੀ ਨਹੀਂ ਕਰ ਸਕਦਾ। ‘ਬੱਬਰ ਸ਼ੇਰ’ ਨੂੰ ਹੁਣ ਚਾਹੀਦਾ ਹੈ ਕਿ ਜ਼ਮੀਨ ਦਾ ਮੋਹ ਛੱਡ ਕੇ ਗੁਰੂ ਦੀ ਸਿੱਖਿਆ ’ਤੇ ਚੱਲਦਿਆਂ ‘ਕਿਰਤੀ’ ਹੋਣ ਦੇ ਨਾਲ ਨਾਲ ‘ਕਾਰੀਗਰ’ ਵੀ ਬਣੇ ਅਤੇ ਆਪਣੀ ਰੋਜ਼ੀ-ਰੋਟੀ ਹੋਰਾਂ ਵਾਂਗ ਹੀ ਕਮਾਵੇ। ਖੁਦਕਸ਼ੀ ਦਾ ਰਾਹ ਕਾਇਰ ਅਖਤਿਆਰ ਕਰਦੇ ਹਨ। ਕਿਸਾਨ ਗੁਰੂ ਦਾ ਸਿੱਖ ਹੈ, ਬੁਜ਼ਦਿਲ ਬਣਨਾ ਉਸ ਨੂੰ ਸ਼ੋਭਾ ਨਹੀਂ ਦਿੰਦਾ। ਸਰਕਾਰਾਂ ਤਾਂ ਸਮੇਂ ਸਮੇਂ ਉਸ ਦੀਆਂ ਹਿਤੈਸ਼ੀ ਹੋਣ ਦਾ ਢੌਂਗ ਰਚ ਕੇ ਉਸ ਨੂੰ ਲੁੱਟਦੀਆਂ ਰਹੀਆਂ ਹਨ ਅਤੇ ਆਪਣਾ ਵੋਟ ਬੈਂਕ ਪੱਕਾ ਕਰਦੀਆਂ ਰਹੀਆਂ ਹਨ।

ਸਰਕਾਰਾਂ ਵੱਲੋਂ ਪਿੰਡ ਪਿੰਡ, ਥਾਂ ਥਾਂ ਖੋਲ੍ਹੇ ਠੇਕਿਆਂ ਨੂੰ ਜੰਦਰੇ ਹੁਣ ਬੱਬਰ ਸ਼ੇਰ ਨੂੰ ਆਪ ਮਾਰਨੇ ਪੈਣਗੇ ਅਤੇ ਨਸ਼ਿਆਂ ਦੇ ਸੌਦਾਗਰ, ਜੋ ਸਰਕਾਰਾਂ ਅਤੇ ਪੁਲਿਸ ਦੀ ਪੁਸ਼ਤਪਨਾਹੀ ਨਾਲ ਆਪਣਾ ਧੰਦਾ ਕਰ ਰਹੇ ਹਨ, ਉਨ੍ਹਾਂ ਨੂੰ ਵੀ ਨੱਥ ਆਪ ਹੀ ਪਾਉਣੀ ਪੈਣੀ ਹੈ। ਖੁਦਕੁਸ਼ੀਆਂ ਦੇ ਰਾਹ ਕਿਉਂ ਪੈਣਾ ਹੈ? ਗੁਰੂ ਨੇ ਤਾਂ ਜਿਉਣ ਅਤੇ ਮਰਨ-ਦੋਹਾਂ ਦਾ ਸਹੀ ਰਸਤਾ ਦੱਸਿਆ ਹੈ।

# ਗੁਰਬਾਣੀ ਦਾ ਸਹੀ ਉਚਾਰਨ ਕਿਵੇਂ ਕਰੀਏ?

ਗੁਰਬਾਣੀ ਸਿੱਖਾਂ ਲਈ ਹੀ ਨਹੀਂ, ਸਗੋਂ ਦੁਨੀਆਂ ਦੇ ਹਰ ਵਿਅਕਤੀ ਲਈ ਗਿਆਨ ਦਾ ਚਾਨਣ ਮੁਨਾਰਾ ਹੈ। ਇਹ ਗੱਲ ਤਾਂ ਹੀ ਸਮਝ ਪੈਂਦੀ ਹੈ, ਜੇ ਗੁਰਬਾਣੀ ਠੀਕ ਢੰਗ ਨਾਲ ਪੜ੍ਹੀ ਤੇ ਸਹੀ ਢੰਗ ਨਾਲ ਸਮਝੀ ਜਾਵੇ। ਸਭ ਤੋਂ ਵੱਡੀ ਤੇ ਪਹਿਲੀ ਸਮੱਸਿਆ ਬਾਣੀ ਦੇ ਸ਼ੁੱਧ ਉਚਾਰਨ ਦੀ ਹੈ, ਜੋ ਨਵੇਂ ਪੜ੍ਹਨ ਵਾਲਿਆਂ ਨੂੰ ਅਕਸਰ ਆਉਂਦੀ ਹੈ। ਨਵੇਂ ਪਾਠਕ ਬਾਣੀ ਪੜ੍ਹਨ ਤੋਂ ਇਸ ਲਈ ਝਿਜਕਦੇ ਹਨ ਕਿ ਉਨ੍ਹਾਂ ਨੂੰ ਇਹ ਸਾਧਾਰਨ ਪ੍ਰਤੀਤ ਨਹੀਂ ਹੁੰਦੀ। ਉਹ ਬਾਣੀ ਪੜ੍ਹਨ ਤੋਂ ਕੰਨੀ ਕਤਰਾਉਂਦੇ ਹਨ ਕਿ ਕਿਤੇ ਅਸ਼ੁੱਧ ਉਚਾਰਨ ਹੀ ਨਾ ਕਰ ਬੈਠਣ ਤੇ ਉਨ੍ਹਾਂ

ਡਾ. ਗੋਬਿੰਦਰ ਸਿੰਘ ਸਮਰਾਓ
ਫੋਨ: 408-634-2310

ਨੂੰ ਕੋਈ ਪਾਪ ਹੀ ਨਾ ਲੱਗ ਜਾਵੇ। ਦਰਅਸਲ ਅਜਿਹੀ ਕੋਈ ਗੱਲ ਨਹੀਂ ਹੈ, ਪਰ ਪਾਠ ਸਮਝ ਕੇ ਹੀ ਕਰਨਾ ਚਾਹੀਦਾ ਹੈ।

ਸਮਝਣ ਵਾਲੀ ਪਹਿਲੀ ਗੱਲ ਇਹ ਹੈ ਕਿ ਗੁਰਬਾਣੀ ਦੀ ਰਚਨਾ ਗੁਰਬਾਣੀ ਵਿਆਕਰਣ ਅਨੁਸਾਰ ਹੋਈ ਹੈ, ਜੋ ਆਮ ਪੰਜਾਬੀ ਵਿਆਕਰਣ ਤੋਂ ਥੋੜ੍ਹੀ ਭਿੰਨ ਹੈ। ਗੁਰਬਾਣੀ ਕਾਵਿ ਰੂਪ ਵਿਚ ਹੋਣ ਕਰਕੇ ਇਸ ਵਿਚ ਘਟ ਤੋਂ ਘਟ ਸ਼ਬਦ ਵਰਤੇ ਗਏ ਹਨ। ਖਾਸ ਕਰ ਕ੍ਰਿਆਵਾਚਕ ਤੇ ਸੰਗਿਆਵਾਚਕ ਸ਼ਬਦ ਵਧੇਰੇ ਨਾ ਵਰਤ ਕੇ ਕੇਵਲ ਵਾਧੂ ਲਗਾਂ ਮਾਤਰਾਵਾਂ ਲਾ ਕੇ ਹੀ ਸ਼ਬਦਾਂ ਵਿਚ ਅਜਿਹੇ ਅਰਥ ਪਾਏ ਗਏ ਹਨ। ਇਹ ਵਿਧੀ ਉਨ੍ਹਾਂ ਦਿਨਾਂ ਵਿਚ ਪ੍ਰਚਲਿਤ ਸੀ, ਜਦੋਂ ਲਿਖਤ-ਪੜ੍ਹਤ ਵਿਚ ਵਾਰਤਕ ਦੀ ਵਰਤੋਂ ਨਹੀਂ ਸੀ ਹੁੰਦੀ ਜਾਂ ਬਹੁਤ ਘਟ ਹੁੰਦੀ ਸੀ ਤੇ ਗੱਲ ਸੰਖੇਪ ਜਾਂ ਕਾਵਿ ਰੂਪ ਵਿਚ ਹੀ ਲਿਖੀ ਜਾਂਦੀ ਸੀ।

ਗੁਰਬਾਣੀ ਵਿਚ ਸਾਨੂੰ ਕਈ ਅਜਿਹੀਆਂ ਲਗਾਂ ਮਾਤਰਾਵਾਂ ਵੇਖਣ ਨੂੰ ਮਿਲਦੀਆਂ ਹਨ, ਜੋ ਉਚਾਰੀਆਂ ਨਹੀਂ ਜਾਂਦੀਆਂ, ਪਰ ਸ਼ਬਦਾਂ ਦੇ ਅਰਥ ਨਿਰਧਾਰਤ ਕਰਨ ਲਈ ਲਿਖੀਆਂ ਜ਼ਰੂਰ ਜਾਂਦੀਆਂ ਹਨ। ਇਨ੍ਹਾਂ ਦੇ ਹੁੰਦਿਆਂ ਬਹੁਤ ਸਾਰੇ ਨਵੇਂ ਪਾਠਕਾਂ, ਖਾਸ ਕਰ ਵਿਦਿਆਰਥੀਆਂ ਨੂੰ, ਗੁਰਬਾਣੀ ਦੇ ਸਹੀ ਉਚਾਰਨ ਵਿਚ ਇਹ ਮੁਸ਼ਕਿਲ ਆਉਂਦੀ ਹੈ ਕਿ ਕਿਸ ਨੂੰ ਉਚਾਰੀਏ ਤੇ ਕਿਸ ਨੂੰ ਨਾ? ਪਰ ਘਬਰਾਉਣ ਦੀ ਲੋੜ ਨਹੀਂ, ਇਹ ਇੰਨਾ ਔਖਾ ਕੰਮ ਨਹੀਂ ਹੈ।

ਹਰ ਪੰਜਾਬੀ ਪੜ੍ਹਨ ਵਾਲੇ ਨੂੰ ਇਹ ਤਾਂ ਪਤਾ ਹੀ ਹੈ ਕਿ ਪੰਜਾਬੀ ਦੇ 35 ਅੱਖਰ ਹਨ। ਇਨ੍ਹਾਂ ਸਭ ਅੱਖਰਾਂ ਦੀ ਇਕ ਇਕ ਮੂਲ ਮੁਕਤਾ ਅਵਾਜ਼ ਹੁੰਦੀ ਹੈ, ਜਿਸ ਦੀ ਕੋਈ ਦਿਸ਼ਾ ਜਾਂ ਸੇਧ ਨਹੀਂ ਹੁੰਦੀ। ਇਸ ਤੋਂ ਇਲਾਵਾ ਬਾਰਾਂ ਭਿੰਨ ਭਿੰਨ ਲਗਾਂ ਮਾਤਰਾਵਾਂ ਹਨ, ਜੋ ਇਨ੍ਹਾਂ ਅੱਖਰਾਂ ਦੇ ਖੱਬੇ-ਸੱਜੇ ਜਾਂ ਉਪਰ ਹੇਠ ਲਗਦੀਆਂ ਹਨ। ਇਹ ਲਗਾਂ ਮਾਤਰਾਵਾਂ ਵੱਖ ਵੱਖ ਅੱਖਰਾਂ ਨਾਲ ਲੱਗ ਕੇ ਇਨ੍ਹਾਂ ਦੀ ਧੁਨੀ ਨੂੰ ਇਕ ਖਾਸ ਢੰਗ ਨਾਲ ਬਦਲ ਦਿੰਦੀਆਂ ਹਨ। ਇਨ੍ਹਾਂ ਲਗਾਂ ਮਾਤਰਾਵਾਂ ਦੀ ਸਿੱਖਿਆ ਹਰ ਪੰਜਾਬੀ ਪੜ੍ਹਨ ਵਾਲੇ ਨੂੰ ਮੁਹਾਰਨੀ ਦ੍ਰਿੜਾਉਣ ਵੇਲੇ ਦਿੱਤੀ ਜਾਂਦੀ ਹੈ। ਸੋ, ਬੁਨਿਆਦੀ ਗੱਲ ਇਹ ਹੈ ਕਿ ਇਹ ਸਭ ਅਵਾਜ਼ਾਂ ਤੇ ਧੁਨੀਆਂ ਗੁਰਬਾਣੀ ਵਿਚ ਆਮ ਪੰਜਾਬੀ ਦੀ ਤਰ੍ਹਾਂ ਹੀ ਪੜ੍ਹੀਆਂ ਤੇ ਉਚਾਰੀਆਂ ਜਾਂਦੀਆਂ ਹਨ, ਪਰ ਇਨ੍ਹਾਂ ਨੂੰ ਕਦੋਂ ਉਚਾਰਿਆ ਜਾਵੇਗਾ ਤੇ ਕਦੋਂ ਨਹੀਂ? ਇਹ ਗੱਲ ਗੁਰਬਾਣੀ ਵਿਚ ਆਮ ਪੰਜਾਬੀ ਤੋਂ ਭਿੰਨ ਹੈ। ਜੇ ਜਗਿਆਸੂ ਇਹ ਗੱਲ ਧਿਆਨ ਨਾਲ ਸਮਝ ਲੈਣ ਤਾਂ ਕੇਵਲ ਦੋ ਮਿੰਟ ਵਿਚ ਸ਼ੁੱਧ ਬਾਣੀ ਉਚਾਰਨ ਦਾ ਗੁਰ ਜਾਂ ਢੰਗ ਜਾਣ ਸਕਦੇ ਹਨ।

ਪਹਿਲੀ ਗੱਲ, ਗੁਰਬਾਣੀ ਨੂੰ ਮੁੱਖ ਤੌਰ ’ਤੇ ਉਵੇਂ ਹੀ ਪੜ੍ਹੋ ਜਿਵੇਂ ਸਾਧਾਰਨ ਪੰਜਾਬੀ ਪੜ੍ਹੀ ਜਾਂਦੀ ਹੈ। ਸਭ ਅੱਖਰਾਂ ਦੀਆਂ ਅਵਾਜ਼ਾਂ ਤੇ ਸਭ ਲਗਾਂ ਮਾਤਰਾਵਾਂ ਦੀਆਂ ਧੁਨੀਆਂ ਇਥੇ ਵੀ ਆਮ ਪੰਜਾਬੀ ਵਾਲੀਆਂ ਹਨ। ਫਰਕ ਇਹ ਹੈ ਕਿ ਗੁਰਬਾਣੀ ਵਿਚ ਕਿਸੇ ਸ਼ਬਦ ਦੇ ਆਖਰੀ ਅੱਖਰ ਨਾਲ ਆਈਆਂ ਸਿਹਾਰੀ ਤੇ ਔਂਕੜ ਦੀਆਂ ਲਗਾਂ ਮਾਤਰਾਵਾਂ ਅਵਾਜ਼ ਨਹੀਂ ਦਿੰਦੀਆਂ, ਭਾਵ ਸਾਈਲੈਂਟ ਹੁੰਦੀਆਂ ਹਨ। ਅਜਿਹੇ ਸ਼ਬਦ ਵਿਚ ਆਖਰੀ ਅੱਖਰ ਨੂੰ ਮੁਕਤੇ ਵਾਂਗ ਉਚਾਰਿਆ ਜਾਂਦਾ ਹੈ। ਮਿਸਾਲ ਵਜੋਂ ‘ਆਖਣਿ’ ਤੇ ‘ਆਖਣੁ’ ਦੋਵੇਂ ਆਖਣ ਹੀ ਪੜ੍ਹੇ ਜਾਣਗੇ, ਆਖਣੀ ਤੇ ਆਖਣੂ ਨਹੀਂ। ਯਾਦ ਰਹੇ, ਸ਼ਬਦ ਦੇ ਆਖਰੀ ਅੱਖਰ ਨਾਲ ਜੇ ਸਿਹਾਰੀ ਜਾਂ ਔਂਕੜ ਲੱਗਾ ਹੋਵੇ ਤਾਂ ਇਹ ਅੱਖਰ ਧੁਨੀ ਮੁਕਤ ਭਾਵ ਮੁਕਤਾ ਅਵਾਜ਼ ਨਾਲ ਪੜ੍ਹਿਆ ਜਾਵੇਗਾ।

ਦੂਜੀ ਯਾਦ ਰੱਖਣ ਯੋਗ ਗੱਲ ਇਹ ਹੈ ਕਿ ਹੁਣੇ ਹੁਣੇ ਦੱਸਿਆ ਗੁਰ ਵਾਵਲ ਅੱਖਰਾਂ ’ਤੇ ਲਾਗੂ ਨਹੀਂ ਹੁੰਦਾ। ਵਾਵਲ ਅਖਰ ਉਹ ਹੁੰਦੇ ਹਨ, ਜਿਨ੍ਹਾਂ ਦੀਆਂ ਅਵਾਜ਼ਾਂ ਸਿੱਧੀਆਂ ਗਲੇ ’ਚੋਂ ਨਿਕਲਦੀਆਂ ਹਨ ਤੇ ਇਨ੍ਹਾਂ ਦੇ ਉਚਾਰਨ ਸਮੇਂ ਜੀਭ, ਤਾਲੂ, ਦੰਦ ਤੇ ਬੁੱਲ੍ਹ ਨਹੀਂ ਵਰਤ ਹੁੰਦੇ। ਪੰਜਾਬੀ ਵਿਚ ਇਹ ਅਖਰ ‘ੳ’, ‘ਅ’ ਤੇ ‘ੲ’ ਹਨ। ‘ਹ’ ਭਾਵੇਂ ਪੂਰਾ ਵਾਵਲ ਨਹੀਂ, ਪਰ ਅਰਧ-ਵਾਵਲ ਹੋਣ ਕਰਕੇ ਇਹ ਵੀ ਇਨ੍ਹਾਂ ਵਿਚ ਸ਼ਾਮਲ ਹੈ। ਇਸ ਦੀ ਅਵਾਜ਼ ਵੀ ਗਲੇ ਤੋਂ ਨਿਕਲਦੀ ਹੈ। ਇਸ ਲਈ ਜੇ ਕਿਸੇ ਸ਼ਬਦ ਦੇ ਆਖਰ ਵਿਚ ‘ੳ’, ‘ਅ’, ‘ੲ’ ਤੇ ‘ਹ’ ਹੋਣ ਤੇ ਇਨ੍ਹਾਂ ਨੂੰ ਸਿਹਾਰੀ ਜਾਂ ਔਂਕੜ ਲੱਗੇ ਹੋਣ ਤਾਂ ਇਨ੍ਹਾਂ ਅੱਖਰਾਂ ਨਾਲ ਇਨ੍ਹਾਂ ਦੋ ਲਗਾਂ ਮਾਤਰਾਵਾਂ ਦੀ ਅਵਾਜ਼ ਉਚਾਰੀ ਜਾਵੇਗੀ।

ਤੀਜੀ ਗੱਲ, ਇਸ ਗੁਰ ਨੂੰ ਛੋਟਾ ਵੀ ਕੀਤਾ ਜਾ ਸਕਦਾ ਹੈ, ਕਿਉਂਕਿ ‘ਅ’ ਨਾਲ ਔਂਕੜ ਤੇ ਸਿਹਾਰੀ ਨਹੀਂ ਲਗਦੇ, ਇਸ ਲਈ ਇਸ ਨੂੰ ਗੁਰ ਵਿਚੋਂ ਬਾਹਰ ਕੱਢਿਆ ਜਾ ਸਕਦਾ ਹੈ। ਸੋ, ਸਿੱਧਾ ਅਸੂਲ ਇਹ ਹੋਇਆ ਕਿ ਗੁਰਮੁਖੀ ਪੜ੍ਹਨ ਵੇਲੇ ਕਿਸੇ ਵੀ ਸ਼ਬਦ ਦੇ ਅਖੀਰਲੇ ਅੱਖਰ ਨਾਲ ਲੱਗੀ ਸਿਹਾਰੀ ਤੇ ਔਂਕੜ ਦੀ ਮਾਤਰਾ ਅਵਾਜ਼ ਨਹੀਂ ਦੇਵੇਗੀ, ਪਰ ਜੇ ਕਿਸੇ ਸ਼ਬਦ ਦਾ ਅਖੀਰਲਾ ਅੱਖਰ ‘ੳ’, ‘ੲ’ ਜਾਂ ‘ਹ’ ਹੋਵੇ ਤਾਂ ਉਸ ਨਾਲ ਇਹ ਦੋਵੇਂ ਲਗਾਂ ਮਾਤਰਾਵਾਂ ਅਵਾਜ਼ ਦੇਣਗੀਆਂ ਤੇ ਉਚਾਰੀਆਂ ਜਾਣਗੀਆਂ।

ਇਨ੍ਹਾਂ ਸਭ ਨਿਯਮਾਂ ਨੂੰ ਇਕੋ ਸੌਖੇ ਨਿਯਮ ਵਿਚ ਵੀ ਸਮੇਟਿਆ ਜਾ ਸਕਦਾ ਹੈ। ਇਹ ਸਰਲ ਨਿਯਮ ਇਹ ਹੈ ਕਿ ਸਭ ਅੱਖਰਾਂ ਨਾਲ ਲੱਗੀਆਂ ਲਗਾਂ ਮਾਤਰਾਵਾਂ ਨੂੰ ਸਾਧਾਰਨ ਪੰਜਾਬੀ ਵਾਂਗ ਹੀ ਪੜ੍ਹੋ, ਪਰ ਜੇ ਕਿਸੇ ਸ਼ਬਦ ਦੇ ਆਖਰੀ ਅੱਖਰ ਨੂੰ ਸਿਹਾਰੀ ਜਾਂ ਔਂਕੜ ਲੱਗਾ ਹੋਵੇ ਤਾਂ ਉਸ ਅੱਖਰ ਨੂੰ ਉਸ ਦੀ ਮੁਕਤਾ ਅਵਾਜ਼ ਨਾਲ ਉਚਾਰੋ। ਇਥੇ ਇਹ ਸਮਝਣਾ ਜ਼ਰੂਰੀ ਹੈ ਕਿ ‘ੳ’ ਦੀ ਮੁਕਤਾ ਅਵਾਜ਼ ‘ਉ’, ‘ਅ’ ਦੀ ਮੁਕਤਾ ਅਵਾਜ਼ ‘ਆ’, ‘ੲ’ ਦੀ ਮੁਕਤਾ ਅਵਾਜ਼ ‘ਈ’ ਹੁੰਦੀ ਹੈ ਤੇ ‘ਹ’ ਦੀ ਮੁਕਤਾ ਅਵਾਜ਼ ‘ਹਿ’ ਤੇ ‘ਹੁ’ ਦੇ ਵਿਚਕਾਰ ਦੀ ਹੁੰਦੀ ਹੈ। ਇਨ੍ਹਾਂ ਵਾਵਲ ਅੱਖਰਾਂ ਦੀਆਂ ਮੁਕਤਾ ਅਵਾਜ਼ਾਂ ਪਹਿਲਾਂ ਹੀ ਧੁਨੀਆਤਮਕ ਹੋਣ ਕਾਰਨ ਇਨ੍ਹਾਂ ਨੂੰ ਸਿਹਾਰੀ ਜਾਂ ਔਂਕੜ ਲੱਗੇ ਦਾ ਕੋਈ ਅਸਰ ਨਹੀਂ ਪੈਂਦਾ।

## ਬੜੇ ਲੋਕ ਮਿਲੇ

ਬੜੇ ਮਿਲੇ! ਰਾਹ ਦਾ ਰੋੜਾ ਬਣ ਅਟਕਾਉਣ ਵਾਲੇ,
ਘੱਟ ਹੀ ਮਿਲੇ ਬਾਹ ਫੜ ਕੇ ਉਠਾਉਣ ਵਾਲੇ।

ਬੜੇ ਮਿਲੇ! ਮਤਲਬ ਲਈ ਜੱਫੀਆਂ ਪਾਉਣ ਵਾਲੇ,
ਘੱਟ ਹੀ ਮਿਲੇ ਸੱਚੇ ਦਿਲੋਂ ਚਾਹੁਣ ਵਾਲੇ।

ਬੜੇ ਮਿਲੇ! ਮੈਨੂੰ ਖੂਨ ਦੇ ਹੰਝੂ ਰੁਆਉਣ ਵਾਲੇ
ਘੱਟ ਹੀ ਮਿਲੇ ਖੁਸ਼ੀ ਦੇ ਕੇ ਹਸਾਉਣ ਵਾਲੇ।

ਬੜੇ ਮਿਲੇ! ਮਹਿਫਿਲ ਵਿਚ ਪੈਗ ਪਾਉਣ ਵਾਲੇ,
ਘੱਟ ਹੀ ਮਿਲੇ ਦੁੱਖ ਸੁੱਖ ਦੀਆ ਸਾਂਝਾਂ ਪਾਉਣ ਵਾਲੇ।

ਬੜੇ ਮਿਲੇ! ਜ਼ਿੰਦਗੀ ਦੇ ਰਸਤੇ ਤੋਂ ਭਟਕਾਉਣ ਵਾਲੇ,
ਘੱਟ ਹੀ ਮਿਲੇ ਧਾਲੀਵਾਲ ਨੂੰ ਸਿੱਧੇ ਰਸਤੇ ਪਾਉਣ ਵਾਲੇ।

-ਜਗਤਾਰ ਸਿੰਘ ਧਾਲੀਵਾਲ
ਫੋਨ: 91-99143-15191

# ਲਾਹੌਰ ਦਰਬਾਰ ਅਤੇ ਮਹਾਰਾਜਾ ਰਣਜੀਤ ਸਿੰਘ ਦਾ ਬੁੱਤ

***ਲਾਹੌਰ ਵੱਸਦੇ ਲੇਖਕ ਅਤੇ ਪੱਤਰਕਾਰ ਹਾਰੂਨ ਖਾਲਿਦ ਨੇ 'ਵਾਕਿੰਗ ਵਿਦ ਨਾਨਕ' ਅਤੇ 'ਇਮੈਜਿਨਿੰਗ ਲਾਹੌਰ' ਵਰਗੀਆਂ ਕਿਤਾਬਾਂ ਲਿਖ ਕੇ ਇਹ ਦਰਸਾਇਆ ਹੈ ਕਿ ਇਤਿਹਾਸ, ਸਿਆਸਤ ਅਤੇ ਸਭਿਆਚਾਰ ਬਾਰੇ ਉਹ ਕਿੰਨੇ ਸਹਿਜ ਨਾਲ ਗੱਲਾਂ ਕਰ ਸਕਦਾ ਹੈ। ਇਸ ਲੇਖ ਵਿਚ ਉਸ ਨੇ ਪਿਛਲੇ ਦਿਨੀਂ ਲਾਹੌਰ ਕਿਲ੍ਹੇ ਅੰਦਰ ਲਾਏ ਮਹਾਰਾਜਾ ਰਣਜੀਤ ਸਿੰਘ ਦੇ ਬੁੱਤ ਦੇ ਬਹਾਨੇ ਉਸ ਦੌਰ ਅਤੇ ਉਸ ਦੇ ਪਿਛੋਕੜ ਵਿਚ ਸਰਗਰਮ ਸਿਆਸਤ ਅਤੇ ਕਈ ਹੋਰ ਅਹਿਮ ਪੱਖਾਂ ਬਾਰੇ ਚਰਚਾ ਕੀਤੀ ਹੈ। -ਸੰਪਾਦਕ***



ਹਾਰੂਨ ਖਾਲਿਦ

ਲਾਹੌਰ ਸਿਰਫ ਸ਼ਹਿਰ ਨਹੀਂ ਸਗੋਂ ਸੁਪਨਾ, ਵਿਚਾਰ ਅਤੇ ਪ੍ਰਤੀਕ ਵੀ ਹੈ ਜਿਸ ਉਤੇ ਇਸ ਦੇ ਲੰਮੇ ਇਤਿਹਾਸ ਦੌਰਾਨ ਤਰ੍ਹਾਂ ਤਰ੍ਹਾਂ ਦੇ ਸਾਮਰਾਜਾਂ ਤੇ ਰਾਜ ਘਰਾਣਿਆਂ ਨੇ ਹਕੂਮਤ ਕੀਤੀ। ਜੇ ਇਸ ਸ਼ਹਿਰ ਨੂੰ ਇਸ ਪ੍ਰਸੰਗ ਨਾਲ ਜੋੜ ਕੇ ਦੇਖਿਆ ਜਾਵੇ ਤਾਂ ਇਹ ਅਜਿਹਾ ਮਾਧਿਅਮ ਬਣ ਜਾਂਦਾ ਹੈ ਜਿਸ ਰਾਹੀਂ ਰਾਜੇ, ਰਾਣੀਆਂ, ਹੁਕਮਰਾਨ ਤੇ ਸਿਆਸਤਦਾਨ ਆਪਣੇ ਹੁਕਮਾਂ ਤੇ ਸਿਆਸੀ ਚਾਹਤਾਂ ਦਾ ਇਜ਼ਹਾਰ ਕਰਦੇ ਹਨ।

ਮਿਸਾਲ ਵਜੋਂ ਦਾਰਾ ਸ਼ਿਕੋਹ ਦੇ ਕਾਲ ਦੌਰਾਨ ਇਹ ਸ਼ਹਿਰ ਉਸ ਦੇ ਆਪਣੇ ਸੂਫੀ ਮੁਰਸ਼ਦ ਮੀਆਂ ਮੀਰ ਲਈ ਪਿਆਰ ਦਾ ਪ੍ਰਤੀਕ ਬਣ ਜਾਂਦਾ ਹੈ। ਉਸ ਵਲੋਂ ਬੁਨਿਆਦੀ ਢਾਂਚੇ ਦਾ ਵਿਓਂਤਿਆ ਵੱਡਾ ਪ੍ਰੋਜੈਕਟ ਜਿਸ ਤਹਿਤ ਉਸ ਦੇ ਨੌਲੱਖਾ ਮਹਿਲ ਤੋਂ ਮੀਆਂ ਮੀਰ ਦੀ ਦਰਗਾਹ ਤੱਕ ਲਾਲ ਇੱਟਾਂ ਦਾ ਪੱਕਾ ਰਸਤਾ ਬਣਨਾ ਸੀ, ਉਸ ਦੇ ਇਸ ਪਿਆਰ ਦਾ ਪ੍ਰਗਟਾਵਾ ਕਰਦਾ ਹੈ। ਉਂਜ ਇਹ ਪ੍ਰੋਜੈਕਟ ਸਿਰੇ ਨਾ ਚੜ੍ਹ ਸਕਿਆ, ਕਿਉਂਕਿ ਇਸ ਦੌਰਾਨ ਮੁਗਲ ਤਖਤ ਲਈ ਲੜਾਈ ਸ਼ੁਰੂ ਹੋ ਗਈ ਜਿਸ ਵਿਚ ਬਾਦਸ਼ਾਹ ਸ਼ਾਹਜਹਾਂ ਦੇ ਸਾਰੇ ਸ਼ਹਿਜ਼ਾਦੇ ਇਕ-ਦੂਜੇ ਖਿਲਾਫ ਲੜ ਰਹੇ ਸਨ। ਸੱਤਾ ਦੀ ਲੜਾਈ ਵਿਚ ਦਾਰਾ ਸ਼ਿਕੋਹ ਦਾ ਛੋਟਾ ਭਰਾ ਔਰੰਗਜ਼ੇਬ ਜੇਤੂ ਰਿਹਾ। ਔਰੰਗਜ਼ੇਬ ਨੇ ਇਨ੍ਹਾਂ ਹੀ ਲਾਲ ਇੱਟਾਂ ਦਾ ਇਸਤੇਮਾਲ ਇਕ ਹੋਰ ਪ੍ਰਤੀਕ, ਭਾਵ ਬਾਦਸ਼ਾਹੀ ਮਸਜਿਦ ਬਣਾਉਣ ਲਈ ਕੀਤਾ ਜਿਹੜੀ ਇਕ ਤਰ੍ਹਾਂ ਲਾਹੌਰ ਦੀ ਪ੍ਰਤੀਨਿਧ ਇਮਾਰਤ ਹੈ।

ਮਹਾਰਾਜਾ ਰਣਜੀਤ ਸਿੰਘ ਨੇ ਵੀ ਆਪਣੇ ਪ੍ਰਤੀਕ ਉਸਾਰੇ। ਉਸ ਨੇ 1799 ਵਿਚ ਸ਼ਹਿਰ ਉਤੇ ਕਬਜ਼ਾ ਕੀਤਾ ਅਤੇ ਛੇਤੀ ਹੀ ਬਾਅਦ ਆਪਣੇ ਆਪ ਨੂੰ ਮਹਾਰਾਜਾ ਐਲਾਨ ਦਿੱਤਾ। ਮਹਾਰਾਜੇ ਦੀ ਜਿੱਤ ਤੋਂ ਪਹਿਲਾਂ ਲਾਹੌਰ ਆਪਣੀ ਸਾਖ ਇਕ ਤਰ੍ਹਾਂ ਨਾਲ ਗੁਆ ਚੁੱਕਾ ਸੀ ਤੇ ਇਸ ਦੀ ਥਾਂ ਅੰਮ੍ਰਿਤਸਰ ਨੇ ਲੈ ਲਈ ਸੀ, ਤਾਂ ਵੀ ਇਸ ਦਾ ਵਿਚਾਰ ਅਤੇ ਪ੍ਰਤੀਕ ਕਾਇਮ ਸੀ। ਮਹਾਰਾਜਾ ਰਣਜੀਤ ਸਿੰਘ ਲਈ ਲਾਹੌਰ ਦੀ ਫਤਹਿ ਸਿਖਰਲਾ ਕਦਮ ਸੀ ਜਿਸ ਨੇ ਉਸ ਨੂੰ ਲੜਾਕੇ (ਜੰਗਜੂ) ਸਰਦਾਰ ਦੀ ਥਾਂ ਮਹਾਰਾਜਾ ਬਣਾ ਦਿੱਤਾ। ਲਾਹੌਰ ਕਿਸੇ ਵਕਤ ਮੁਗਲ ਸੱਤਾ ਦਾ ਪ੍ਰਤੀਕ ਸੀ ਤੇ ਇਸੇ ਤਰਜ਼ ਉਤੇ ਮਹਾਰਾਜੇ ਨੇ ਆਪਣਾ ਲਾਹੌਰ ਦਰਬਾਰ ਬਣਾਇਆ।

ਬਰਤਾਨਵੀ ਹਕੂਮਤ ਦੌਰਾਨ, ਲਾਹੌਰ ਨੇ ਆਪਣੇ ਆਪ ਵਿਚ ਬਹੁਤ ਸਮਰੱਥ ਪ੍ਰਤੀਕ ਵਜੋਂ ਤਬਦੀਲ ਹੋਣਾ ਸੀ। ਇਕ ਪਾਸੇ, ਸਿਵਲ ਲਾਈਨਜ਼, ਮਾਲ ਰੋਡ ਅਤੇ ਛਾਉਣੀ ਦੀ ਉਸਾਰੀ ਇਕ ਗਰਿਡ ਵਿਚ ਹੋਈ, ਜਿਸ ਦੇ ਨਾਲ ਚੌੜੇ ਰਸਤੇ ਅਤੇ ਖੁੱਲ੍ਹੇ-ਡੁੱਲ੍ਹੇ ਬੰਗਲੇ ਸਨ, ਜਦੋਂਕਿ ਇਸ ਤੋਂ ਪਹਿਲਾਂ ਸ਼ਹਿਰ ਦੇ ਘਰ ਕਾਫੀ ਭੀੜੇ ਤੇ ਅੰਦਰੂਨੀ ਸ਼ਹਿਰ ਦੀਆਂ ਸੜਕਾਂ ਟੇਢੀਆਂ-ਮੇਢੀਆਂ ਸਨ। ਇਹ ਸਾਰਾ ਕੁਝ ਵਧੇਰੇ 'ਵਿਵਸਥਿਤ' ਤੇ 'ਕੁਸ਼ਲ' ਰਾਜ-ਪ੍ਰਬੰਧ ਦਾ ਪ੍ਰਤੀਕ ਸੀ। ਦੂਜੇ ਪਾਸੇ ਅਰਬੀ ਇਮਾਰਤਸਾਜ਼ੀ ਦਾ ਵਿਕਾਸ ਹੋ ਰਿਹਾ ਸੀ, ਜਿਸ ਵਿਚ ਰਵਾਇਤੀ ਭਾਰਤੀ ਇਮਾਰਤਸਾਜ਼ੀ ਤੇ ਯੂਰੋਪੀਅਨ ਤਰਜ਼ ਦਾ ਸੁਮੇਲ ਸੀ। ਅਜਿਹਾ ਪੰਜਾਬ ਯੂਨੀਵਰਸਿਟੀ, ਲਾਹੌਰ ਮਿਊਜ਼ੀਅਮ ਅਤੇ ਲਾਹੌਰ ਹਾਈ ਕੋਰਟ ਦੀਆਂ ਇਮਾਰਤਾਂ ਵਿਚ ਦਿਖਾਈ ਦਿੰਦਾ ਹੈ, ਜੋ ਅਗਾਂਹ ਵੀ ਜਾਰੀ ਸੀ, ਕਿਉਂਕਿ ਅੰਗਰੇਜ਼ ਆਪਣੇ ਆਪ ਨੂੰ 'ਮੁਗਲ ਸਲਤਨਤ' ਦੇ ਵਾਰਿਸ ਵਜੋਂ ਪੇਸ਼ ਕਰ ਰਹੇ ਸਨ। ਇਸ ਤਰ੍ਹਾਂ ਇਹ ਨਵਾਂ ਲਾਹੌਰ ਸ਼ਹਿਰ, ਜੋ ਇਕ ਪ੍ਰਾਚੀਨ ਸ਼ਹਿਰ ਦਾ ਨਵਾਂ ਅਵਤਾਰ ਸੀ, ਅਜਿਹਾ ਜ਼ੋਰਦਾਰ ਪ੍ਰਤੀਕ ਸੀ, ਜਿਸ ਨੂੰ ਅੰਗਰੇਜ਼ ਆਪਣੀ ਹਕੂਮਤ ਨੂੰ ਵਾਜਬ ਠਹਿਰਾਉਣ ਲਈ ਇਸਤੇਮਾਲ ਕਰ ਸਕਦੇ ਸਨ।

ਮਾਲ ਰੋਡ ਉਤੇ ਪੰਜਾਬ ਪਾਰਲੀਮੈਂਟ (ਪੰਜਾਬ ਅਸੈਂਬਲੀ ਹਾਲ) ਦੇ ਸਾਹਮਣੇ ਮਹਾਰਾਣੀ ਵਿਕਟੋਰੀਆ ਦਾ ਬੁੱਤ ਸੀ ਜਿਸ ਵਿਚ ਮਹਾਰਾਣੀ ਬੈਠੀ ਹੋਈ ਸੀ। ਬੁੱਤ ਉਤੇ ਗੁੰਬਦੀ ਛੱਤ ਸੀ ਜੋ ਮੁਗਲ ਇਮਾਰਤਸਾਜ਼ੀ ਰਵਾਇਤਾਂ ਦਾ ਹਿੱਸਾ ਹੈ। ਬਰਤਾਨਵੀ ਮਹਾਰਾਣੀ ਨੂੰ ਮੁਗਲ ਇਮਾਰਤਸਾਜ਼ੀ ਢਾਂਚੇ ਵਿਚ ਦਿਖਾਉਣਾ ਇਸ ਪ੍ਰਤੀਕਵਾਦ ਦਾ ਸਾਰ ਸੀ ਜੋ ਪ੍ਰਾਚੀਨ ਤੇ ਆਧੁਨਿਕ ਲਾਹੌਰ ਵਿਚ ਲਗਾਤਾਰਤਾ ਦਿਖਾਉਣ ਲਈ ਜ਼ਰੂਰੀ ਵੀ ਸੀ।



*ਲਾਹੌਰ ਵਿਚ ਸਥਿਤ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ।*

ਇਥੋਂ ਕੁਝ ਕਿਲੋਮੀਟਰ ਦੂਰ, ਲਾਹੌਰ ਹਾਈ ਕੋਰਟ ਤੋਂ ਅਗਾਂਹ ਜੌਹਨ ਲਾਰੈਂਸ ਦਾ ਬੁੱਤ ਸੀ ਜੋ ਭਾਰਤ ਦਾ ਵਾਇਸਰਾਏ ਬਣਨ ਤੋਂ ਪਹਿਲਾਂ ਪੰਜਾਬ ਦਾ ਚੀਫ ਕਮਿਸ਼ਨਰ ਰਿਹਾ ਸੀ। ਇਸ ਹੈਸੀਅਤ ਵਿਚ ਉਸ ਨੇ ਪੰਜਾਬ ਦੇ ਸਿੱਖ ਰਾਜ ਤੋਂ ਬਰਤਾਨਵੀ ਹਕੂਮਤ ਤਹਿਤ ਜਾਣ ਦੇ ਅਮਲ ਦੀ ਨਿਗਰਾਨੀ ਕੀਤੀ। ਇਸ ਤੋਂ ਵੀ ਅਹਿਮ 1857 ਦੇ 'ਗਦਰ' ਦੌਰਾਨ ਉਸ ਦੇ ਰੋਲ ਨੇ ਲਾਰੈਂਸ ਦੀ ਹੈਸੀਅਤ ਬਹੁਤ ਵਧਾ ਦਿੱਤੀ ਕਿ ਉਸ ਨੇ ਇਕੱਲਿਆਂ ਹੀ ਬਰਤਾਨਵੀ ਸਾਮਰਾਜ ਦਾ ਬਚਾਅ ਕੀਤਾ ਸੀ। ਇਸ ਸ਼ਾਨਦਾਰ ਬੁੱਤ ਵਿਚ ਲਾਰੈਂਸ ਦੇ ਇਕ ਹੱਥ 'ਚ ਤਲਵਾਰ ਅਤੇ ਦੂਜੇ ਵਿਚ ਕਲਮ ਫੜੀ ਸੀ, ਹੇਠਾਂ ਲਿਖਿਆ ਸੀ, 'ਤੁਹਾਨੂੰ ਹਕੂਮਤ ਪੈਨ ਨਾਲ ਚਾਹੀਦੀ ਹੈ ਜਾਂ ਤਲਵਾਰ ਨਾਲ?' ਬੁੱਤ ਭਾਰੀ ਵਿਰੋਧ ਕਾਰਨ 1920ਵਿਆਂ 'ਚ ਹਟਾ ਦਿੱਤਾ ਗਿਆ।

ਇਮਾਰਤਸਾਜ਼ੀ ਵਾਂਗ ਹੀ ਬੁੱਤਾਂ ਨੇ ਵੀ ਸੂਬੇ ਦੀਆਂ ਸਿਆਸੀ ਚਾਹਤਾਂ ਨੂੰ ਆਕਾਰ ਦੇਣ ਵਿਚ ਅਹਿਮ ਕਿਰਦਾਰ ਨਿਭਾਇਆ। ਮਿਸਾਲ ਵਜੋਂ, ਜੌਹਨ ਲਾਰੈਂਸ ਦਾ ਬੁੱਤ ਇਹ ਪ੍ਰਗਟਾਵਾ ਕਰਦਾ ਸੀ ਕਿ ਕਿਵੇਂ 'ਦਿਆਲੂ' ਬਰਤਾਨਵੀ ਸਾਮਰਾਜ ਉਸ ਸੂਰਤ ਵਿਚ ਲੋਕਾਂ ਖਿਲਾਫ ਤਾਕਤ ਦੀ ਵਰਤੋਂ ਲਈ ਤਿਆਰ ਸੀ, ਜੇ ਲੋਕ ਇਸ 'ਵਿਗਿਆਨਕ ਪੱਖੋਂ ਉਚੀ' ਨਸਲ, ਭਾਵ ਅੰਗਰੇਜ਼ਾਂ ਨੂੰ ਸਵੀਕਾਰਨ ਲਈ ਰਾਜ਼ੀ ਨਾ ਹੁੰਦੇ। ਇਸੇ ਤਰ੍ਹਾਂ ਕਿੰਗ ਐਡਵਰਡ ਮੈਡੀਕਲ ਕਾਲਜ ਲਾਗੇ ਬਾਦਸ਼ਾਹ ਐਡਵਰਡ ਦਾ ਬੁੱਤ ਸੀ। ਪੰਜਾਬ ਯੂਨੀਵਰਸਿਟੀ ਦੀ ਦੀਵਾਰ ਤੋਂ ਬਾਹਰ ਐਲਫਰਡ ਵੂਲਨਰ ਦਾ ਬੁੱਤ ਸੀ ਜੋ ਪੰਜਾਬ ਯੂਨੀਵਰਸਿਟੀ ਦਾ ਸਾਬਕਾ ਵਾਈਸ ਚਾਂਸਲਰ ਸੀ। ਲਾਹੌਰ ਅੱਜ ਵੀ ਪਾਕਿਸਤਾਨ ਦਾ ਮੁੱਖ ਸਿੱਖਿਆ ਕੇਂਦਰ ਹੈ ਜੋ ਇਸ ਨੂੰ ਬਰਤਾਨਵੀ ਸਾਮਰਾਜ ਦੀ ਦੇਣ ਹੈ ਤੇ ਇਸ ਸ਼ਹਿਰ ਵਿਚ ਕਿਸੇ ਸਮੇਂ ਸਥਾਪਤ ਰਹੇ ਬੁੱਤਾਂ ਵਿਚੋਂ ਸਿਰਫ ਵੂਲਨਰ ਦਾ ਬੁੱਤ ਹੀ ਅੱਜ ਵੀ ਆਪਣੀ ਥਾਂ ਖੜ੍ਹਾ ਹੈ।

ਵੀਹਵੀਂ ਸਦੇ ਦੇ ਦੂਜੇ ਅੱਧ ਦੌਰਾਨ ਲਾਹੌਰ ਹੌਲੀ-ਹੌਲੀ ਆਜ਼ਾਦੀ ਲਹਿਰ ਦਾ ਪ੍ਰਤੀਕ ਬਣ ਗਿਆ ਤੇ ਸ਼ਹਿਰ ਵਿਚ ਇਸ ਦੌਰਾਨ ਕੁਝ ਹੋਰ ਬੁੱਤ ਲੱਗੇ ਜਿਹੜੇ ਇਸ ਤਬਦੀਲੀ ਦੀ ਸ਼ਾਹਦੀ ਭਰਦੇ ਹਨ। ਨਾਸਿਰ ਬਾਗ ਦੇ ਨੇੜੇ ਕਾਂਗਰਸ ਦੇ ਨਾਮੀ ਆਗੂ ਲਾਲਾ ਲਾਜਪਤ ਰਾਏ ਦਾ ਬੁੱਤ ਸੀ ਜਿਸ ਦੀ ਮੌਤ ਦਾ 'ਬਦਲਾ' ਸ਼ਹੀਦ-ਏ-ਆਜ਼ਮ ਭਗਤ ਸਿੰਘ ਤੇ ਉਸ ਦੇ ਸਾਥੀਆਂ ਨੇ ਲਿਆ ਸੀ। ਮਾਲ ਰੋਡ ਉਤੇ ਸਰ ਗੰਗਾ ਰਾਮ ਦਾ ਬੁੱਤ ਸੀ ਜੋ ਸਿਵਲ ਇੰਜਨੀਅਰ ਸੀ ਜਿਸ ਨੇ 20ਵੀਂ ਸਦੀ ਦੌਰਾਨ ਸ਼ਹਿਰ ਨੂੰ ਕਈ ਸ਼ਾਨਦਾਰ ਇਮਾਰਤਾਂ ਦਿੱਤੀਆਂ।

ਪਾਕਿਸਤਾਨ ਬਣਨ ਤੋਂ ਬਾਅਦ ਲਾਹੌਰ ਨੇ ਇਕ ਹੋਰ ਤਬਦੀਲੀ ਦਾ ਦੌਰ ਦੇਖਿਆ ਤੇ ਇਸ ਵਾਰ ਨਵਾਂ ਵਿਚਾਰ ਅਤੇ ਪ੍ਰਤੀਕ ਉਭਰਿਆ ਜਿਹੜਾ ਕਈ ਤਰੀਕਿਆਂ ਨਾਲ ਅੱਜ ਵੀ ਜਾਰੀ ਹੈ ਅਤੇ ਲਾਹੌਰ ਇੰਜ ਪਾਕਿਸਤਾਨੀ ਕੌਮਪ੍ਰਸਤੀ ਦਾ ਪ੍ਰਤੀਕ ਬਣ ਗਿਆ। ਜਿਨ੍ਹਾਂ ਸੜਕਾਂ, ਚੌਰਾਹਿਆਂ ਤੇ ਇਮਾਰਤਾਂ ਦੇ ਨਾਂ ਅੰਗਰੇਜ਼ ਅਫਸਰਾਂ ਤੇ ਨਾਮੀ ਕਾਂਗਰਸੀ ਆਗੂਆਂ 'ਤੇ ਰੱਖੇ ਗਏ ਸਨ, ਉਨ੍ਹਾਂ ਨੂੰ ਬਦਲ ਕੇ ਮੁਸਲਿਮ ਲੀਗ ਆਗੂਆਂ ਦੇ ਨਾਂ ਦੇ ਦਿੱਤੇ ਗਏ। ਇਸ ਤਰ੍ਹਾਂ ਲਾਰੈਂਸ ਹਾਲ, ਕਾਇਦ-ਏ-ਆਜ਼ਮ ਲਾਇਬਰੇਰੀ ਬਣ ਗਿਆ। ਮਾਲ ਰੋਡ ਦਾ ਨਾਂ ਬਦਲ ਕੇ ਸ਼ਾਹਰਾਹ-ਏ-ਕਾਇਦ-ਏ-ਆਜ਼ਮ ਕਰ ਦਿੱਤਾ ਗਿਆ ਅਤੇ ਕ੍ਰਿਸ਼ਨ ਨਗਰ ਦਾ ਨਾਂ ਇਸਲਾਮਪੁਰਾ ਰੱਖ ਦਿੱਤਾ ਗਿਆ।

ਪਿਛਲੇ ਦੌਰ ਦੇ ਬੁੱਤ ਅਤੇ ਹੋਰ ਪ੍ਰਤੀਕ ਵੀ ਹਟਾ ਦਿੱਤੇ ਗਏ। ਲਾਲਾ ਲਾਜਪਤ ਰਾਏ ਦਾ ਬੁੱਤ ਸ਼ਿਮਲੇ ਚਲਾ ਗਿਆ। ਸਰ ਗੰਗਾ ਰਾਮ ਦਾ ਬੁੱਤ ਤਾਂ ਵੰਡ ਦੇ ਦੰਗਿਆਂ ਦੌਰਾਨ ਹੀ ਤਬਾਹ ਹੋ ਗਿਆ ਸੀ। ਮਹਾਰਾਣੀ ਵਿਕਟੋਰੀਆ ਦਾ ਬੁੱਤ ਲਾਹੌਰ ਮਿਊਜ਼ੀਅਮ ਦੀ ਸ਼ਾਨ ਬਣ ਗਿਆ। ਮਜ਼ਹਬ ਦੀ ਖਾਸ ਵਿਆਖਿਆ ਦੇ ਆਧਾਰ ਉਤੇ ਇਨ੍ਹਾਂ ਦੀ ਥਾਂ ਕੋਈ ਹੋਰ ਬੁੱਤ ਨਹੀਂ ਲਾਇਆ ਗਿਆ, ਕਿਉਂਕਿ ਬੁੱਤਾਂ ਨੂੰ ਇਸਲਾਮ ਵਿਚ ਵਰਜਿਤ ਮੰਨਿਆ ਜਾਂਦਾ ਹੈ। ਲਾਹੌਰ ਨੂੰ 1947 ਤੋਂ ਬਾਅਦ ਇਸਲਾਮੀ ਕੌਮਪ੍ਰਸਤੀ ਦੇ ਪ੍ਰਤੀਕ ਵਜੋਂ ਦੇਖਿਆ ਜਾਣ ਲੱਗਾ। ਇਸ ਦੌਰਾਨ ਸਾਮਰਾਜੀ ਦੌਰ ਦੇ ਕੁਝ ਨਾਂ ਤੇ ਨਿਸ਼ਾਨ ਤਾਂ ਭਾਵੇਂ ਕਾਇਮ ਰਹਿਣ ਦਿੱਤੇ ਗਏ ਪਰ ਹਿੰਦੂ ਅਤੇ ਸਿੱਖ ਪ੍ਰਤੀਕ ਇਸ ਰੁਝਾਨ ਦਾ ਬੁਰੀ ਤਰ੍ਹਾਂ ਸ਼ਿਕਾਰ ਹੋਏ।

ਇਸ ਸਾਰੇ ਪ੍ਰਸੰਗ ਦੌਰਾਨ ਹਾਲ ਹੀ ਵਿਚ ਲਾਹੌਰ ਕਿਲ੍ਹੇ ਵਿਚ ਲਾਏ ਗਏ ਮਹਾਰਾਜਾ ਰਣਜੀਤ ਸਿੰਘ ਦੇ ਬੁੱਤ ਨੂੰ ਕਿਵੇਂ ਬਿਆਨਿਆ ਜਾਵੇ? (ਤਾਂਬੇ ਦਾ ਇਹ ਆਦਮ ਕੱਦ ਬੁੱਤ ਕਿਲ੍ਹੇ ਵਿਚ ਮਹਾਰਾਣੀ ਜਿੰਦਾਂ ਹਵੇਲੀ ਨੇੜੇ ਮਹਾਰਾਜੇ ਦੀ 180ਵੀਂ ਬਰਸੀ ਮੌਕੇ ਲਾਇਆ ਗਿਆ ਹੈ) ਸਾਲਾਂ ਤੋਂ ਅਸੀਂ ਇਸ ਸ਼ਹਿਰ ਦੇ ਸਿੱਖ ਇਤਿਹਾਸ ਨੂੰ ਖਾਸ ਢਾਂਚੇ ਵਿਚ ਰੱਖ ਕੇ ਪੇਸ਼ ਕਰਦੇ ਆਏ ਹਾਂ। ਪੰਜਾਬ ਵਿਚ ਸਿੱਖ ਹਕੂਮਤ ਦਾ ਦੌਰ ਜਿਹੜਾ ਮਹਾਰਾਜਾ ਰਣਜੀਤ ਸਿੰਘ ਦੇ ਉਭਾਰ ਤੋਂ ਵੀ ਪਹਿਲਾਂ ਦਾ ਹੈ ਤੇ ਉਸ ਤੋਂ ਬਾਅਦ ਵੀ ਕੁਝ ਸਾਲ ਜਾਰੀ ਰਿਹਾ, ਨੂੰ ਪਾਕਿਸਤਾਨੀ ਇਤਿਹਾਸ ਵਿਚ ਬੜੇ ਹਲਚਲ-ਭਰਪੂਰ ਸਾਲਾਂ ਵਜੋਂ ਦਿਖਾਇਆ ਜਾਂਦਾ ਹੈ, ਖਾਸ ਕਰ ਮੁਸਲਮਾਨਾਂ ਲਈ। ਇਸ ਵਿਚ ਕਾਫੀ ਭਾਵੇਂ ਅਫਵਾਹਾਂ ਹੀ ਹਨ ਪਰ ਕੁਝ ਹਕੀਕਤ ਵੀ ਹੈ। ਮਿਸਾਲ ਵਜੋਂ, ਇਹ ਸੱਚ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੌਰਾਨ ਬਾਦਸ਼ਾਹੀ ਮਸਜਿਦ ਨੂੰ ਤਬੇਲੇ ਵਜੋਂ ਵਰਤਿਆ ਗਿਆ। ਇਸੇ ਤਰ੍ਹਾਂ ਇਹ ਗੱਲ ਵੀ ਮਕਬੂਲ ਹੈ ਕਿ ਮਹਾਰਾਜੇ ਨੇ ਮਸਜਿਦ ਵਜ਼ੀਰ ਖਾਨ ਦੇ ਮੀਨਾਰ ਵਿਚ ਇਕ ਰਾਤ ਆਪਣੀ ਖਾਸ ਰਾਣੀ ਮੋਰਾਂ ਸਰਕਾਰ ਨਾਲ ਕੱਟੀ ਸੀ।

ਸਮੱਸਿਆ ਇਨ੍ਹਾਂ ਕਹਾਣੀਆਂ ਦੇ ਪ੍ਰਚਾਰ ਵਿਚ ਨਹੀਂ ਹੈ। ਸਮੱਸਿਆ ਚੋਣਵੀਆਂ ਕਹਾਣੀਆਂ ਦੇ ਪ੍ਰਚਾਰ ਦੀ ਹੈ (ਜੋ ਖਾਸ ਸੋਚ ਦੇ ਮੁਆਫਕ ਹਨ) ਅਤੇ ਦੂਜੀਆਂ ਨੂੰ ਨਜ਼ਰਅੰਦਾਜ਼ ਕਰ ਦੇਣ ਦੀ ਹੈ। ਇਸ ਲਈ ਜਿਥੇ ਵਿਦਿਆਰਥੀਆਂ ਨੂੰ ਇਹ ਪੜ੍ਹਾਇਆ ਜਾਂਦਾ ਰਹੇਗਾ ਕਿ ਮਹਾਰਾਜਾ ਰਣਜੀਤ ਸਿੰਘ ਨੇ ਬਾਦਸ਼ਾਹੀ ਮਸਜਿਦ ਨੂੰ ਆਪਣੇ ਘੋੜਿਆਂ ਦੇ ਤਬੇਲੇ ਲਈ ਵਰਤਿਆ, ਉਥੇ ਇਹ ਕਦੇ ਨਹੀਂ ਦੱਸਿਆ ਜਾਵੇਗਾ ਕਿ ਮਹਾਰਾਜੇ ਦੀ ਇਕ ਪਤਨੀ ਮਹਾਰਾਣੀ ਜਿੰਦ ਕੌਰ ਜੋ ਮਹਾਰਾਜਾ ਦਲੀਪ ਸਿੰਘ ਦੀ ਮਾਂ ਸੀ, ਨੇ ਕੁਰਾਨ ਦੀਆਂ ਹੱਥ ਲਿਖਤ ਕਾਪੀਆਂ ਦਾ ਸੰਗ੍ਰਹਿ ਦਾਤਾ ਦਰਬਾਰ ਦੇ ਭੇਟ ਕੀਤਾ ਸੀ, ਜਾਂ ਕਿਵੇਂ ਆਪਣੇ ਮੁਸਲਮਾਨ ਵਜ਼ੀਰ ਦੇ ਕਹਿਣ 'ਤੇ ਮਹਾਰਾਜੇ ਨੇ ਲਾਹੌਰ ਦੀ ਸੁਨਹਿਰੀ ਮਸਜਿਦ ਦਾ ਨਵੀਨੀਕਰਨ ਕਰਵਾ ਕੇ ਮੁਸਲਮਾਨਾਂ ਨੂੰ ਸੌਂਪ ਦਿੱਤੀ। ਮਹਾਰਾਜੇ ਤੋਂ ਪਹਿਲਾਂ ਇਸ ਮਸਜਿਦ ਨੂੰ ਗੁਰਦੁਆਰੇ ਵਿਚ ਬਦਲ ਦਿੱਤਾ ਗਿਆ ਸੀ।


ਇਸ ਸੋਚ ਤੇ ਪ੍ਰਚਾਰ ਦੌਰਾਨ ਜਿਹੜਾ ਇਕ ਹੋਰ ਤੱਥ ਦਬਾ ਦਿੱਤਾ ਜਾਂਦਾ ਹੈ, ਉਹ ਹੈ ਮੁਗਲਾਂ ਵਲੋਂ ਸਿੱਖ ਗੁਰੂਆਂ ਅਤੇ ਇਸ ਭਾਈਚਾਰੇ ਦਾ ਕੀਤਾ ਗਿਆ ਸਿਆਸੀ ਦਮਨ। ਬਾਦਸ਼ਾਹ ਜਹਾਂਗੀਰ ਵਲੋਂ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕੀਤੇ ਜਾਣ ਅਤੇ ਬਾਦਸ਼ਾਹ ਔਰੰਗਜ਼ੇਬ ਦੇ ਹੁਕਮਾਂ 'ਤੇ ਹੋਈ ਗੁਰੂ ਤੇਗ ਬਹਾਦਰ ਦੀ ਸ਼ਹੀਦੀ ਦਾ ਜ਼ਿਕਰ ਤੱਕ ਨਹੀਂ ਕੀਤਾ ਜਾਂਦਾ। ਇਸੇ ਤਰ੍ਹਾਂ ਇਸ ਬੁਰੀ ਤਰ੍ਹਾਂ ਦਰੜੀ ਗਈ ਧਾਰਮਿਕ ਘੱਟ ਗਿਣਤੀ ਵਲੋਂ ਮਹਾਰਾਜਾ ਰਣਜੀਤ ਸਿੰਘ ਦੀ ਅਗਵਾਈ ਹੇਠ ਸੱਤਾ ਦੀਆਂ ਬੁਲੰਦੀਆਂ ਉਤੇ ਪਹੁੰਚਣ ਦੀ ਕੀਤੀ ਕਮਾਲ ਦਾ ਵੀ ਕੋਈ ਜ਼ਿਕਰ ਨਹੀਂ ਕੀਤਾ ਜਾਂਦਾ।

ਮਹਾਰਾਜਾ ਰਣਜੀਤ ਸਿੰਘ ਜੋ ਸਿੱਖ ਭਾਈਚਾਰੇ ਦੀ ਨੁਮਾਇੰਦਗੀ ਕਰਦਾ ਹੈ, ਉਸ ਨੂੰ ਇਸ ਭਾਈਚਾਰੇ ਦੇ ਮੁਗਲਾਂ ਅਤੇ ਉਨ੍ਹਾਂ ਦੇ ਸਾਥੀਆਂ ਹੱਥੋਂ ਸਦੀਆਂ ਤੱਕ ਹੋਏ ਦਮਨ ਦੇ ਪਿਛੋਕੜ ਵਿਚ ਸਮਝਿਆ ਜਾਣਾ ਚਾਹੀਦਾ ਹੈ। ਮੁਗਲ ਕਾਲ ਦੌਰਾਨ ਅਜਿਹਾ ਵੀ ਵਕਤ ਸੀ, ਜਦੋਂ ਕੋਈ ਸਿੱਖ ਬੱਚਾ ਆਪਣੀ ਮੌਤ ਦਾ ਸੁਨੇਹਾ ਆਪਣੇ ਨਾਲ ਲੈ ਕੇ ਜੰਮਦਾ ਸੀ। ਪੰਜਾਬ ਦੇ ਕੁਝ ਮੁਗਲ ਸੂਬੇਦਾਰਾਂ ਦੀ ਧਾਰਮਿਕ ਕੱਟੜਤਾ ਦਾ ਇਹ ਆਲਮ ਸੀ।

ਇਸ ਤੋਂ ਇਕ ਸਦੀ ਤੋਂ ਵੀ ਘੱਟ ਸਮੇਂ ਦੌਰਾਨ ਮਹਾਰਾਜਾ ਰਣਜੀਤ ਸਿੰਘ ਉਭਰ ਕੇ ਆਇਆ ਜਿਸ ਨੇ ਇਸ ਸਭ ਤੋਂ ਵੱਧ ਦਬਾਏ ਗਏ ਭਾਈਚਾਰੇ ਨੂੰ ਪੰਜਾਬ ਦੀ ਹਾਕਮ ਜਮਾਤ ਬਣਾ ਦਿੱਤਾ। ਮਹਾਰਾਜਾ ਰਣਜੀਤ ਸਿੰਘ ਕੋਈ ਧਾਰਮਿਕ ਆਗੂ ਨਹੀਂ ਸੀ। ਉਹ ਧਰਮ ਨਿਰਪੱਖ ਹਾਕਮ ਸੀ, ਜਾਂ ਆਖ ਲਈਏ ਕਿ ਬਹੁਤ ਚੁਸਤ ਹਾਕਮ ਸੀ ਜੋ ਕਈ ਵਾਰ ਸਿਆਸੀ ਫਾਇਦੇ ਲਈ ਧਾਰਮਿਕ ਪ੍ਰਤੀਕਾਂ ਦਾ ਇਸਤੇਮਾਲ ਕਰ ਲੈਂਦਾ ਸੀ, ਜਿਵੇਂ ਹੋਰ ਵੀ ਹਾਕਮ ਕਰਦੇ ਸਨ ਤੇ ਕਰਦੇ ਹਨ। ਹਾਂ, ਸਿੱਖ ਸੋਚ ਵਿਚ ਉਸ ਨੇ ਅਹਿਮ ਧਾਰਮਿਕ ਰੁਤਬਾ ਹਾਸਲ ਕਰ ਲਿਆ ਸੀ, ਮੁੱਖ ਤੌਰ 'ਤੇ ਇਸੇ ਕਾਰਨ ਕਿ ਉਸ ਦੇ ਉਭਾਰ ਤੋਂ ਪਹਿਲਾਂ ਇਸ ਭਾਈਚਾਰੇ ਨੂੰ ਕਿਵੇਂ ਦਬਾਇਆ ਗਿਆ ਸੀ।

ਮਹਾਰਾਜਾ ਰਣਜੀਤ ਸਿੰਘ ਦਾ ਸਨਮਾਨ ਕਰ ਕੇ ਪਾਕਿਸਤਾਨ ਹਕੂਮਤ ਨੇ ਬਹੁਤ ਵਧੀਆ ਕੰਮ ਕੀਤਾ ਹੈ, ਕਿਉਂਕਿ ਇਸ ਰਾਹੀਂ ਦਹਾਕਿਆਂ ਦੀ ਨੀਤੀ ਨੂੰ ਲਾਂਭੇ ਕਰ ਦਿੱਤਾ ਗਿਆ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਮੌਜੂਦਾ ਹਕੂਮਤ ਕਿਵੇਂ ਮੁਸਲਿਮ ਬਨਾਮ ਸਿੱਖ ਇਤਿਹਾਸ ਦੀਆਂ ਤੰਗਦਿਲ ਧਾਰਨਾਵਾਂ ਤੋਂ ਦੂਰ ਜਾਣ ਦੀ ਚਾਹਵਾਨ ਹੈ ਤੇ ਇਹ ਇਸ ਤੋਂ ਕਿਤੇ ਵਿਆਪਕ ਇਤਿਹਾਸ ਨੂੰ ਥਾਂ ਦੇਣਾ ਚਾਹੁੰਦੀ ਹੈ। ਦਿਲਚਸਪ ਗੱਲ ਇਹ ਹੈ ਕਿ ਇਹ ਸਾਰਾ ਵਰਤਾਰਾ ਉਦੋਂ ਵਾਪਰ ਰਿਹਾ ਹੈ, ਜਦੋਂ ਭਾਰਤੀ ਹਕੂਮਤ ਇਸ ਦੇ ਲਗਪਗ ਐਨ ਉਲਟ ਦਿਸ਼ਾ ਵਿਚ ਚੱਲ ਰਹੀ ਹੈ ਤੇ ਗਿਣ-ਮਿਥ ਕੇ ਮੁਸਲਿਮ ਇਤਿਹਾਸ ਅਤੇ ਵਿਰਾਸਤ ਨੂੰ ਖੂੰਜੇ ਲਾ ਰਹੀ ਹੈ। ਪਾਕਿਸਤਾਨੀ ਹਕੂਮਤ ਵਲੋਂ ਇਹ ਸਹੀ ਦਿਸ਼ਾ ਵਿਚ ਚੁੱਕਿਆ ਗਿਆ ਕਦਮ ਹੈ ਜਿਸ ਤੋਂ ਪਤਾ ਲੱਗਦਾ ਹੈ ਕਿ ਪਾਕਿਸਤਾਨ ਸਰਕਾਰ ਕਿਵੇਂ ਆਪਣੇ ਸਭ ਤੋਂ ਅਹਿਮ ਵਿਚਾਰ ਤੇ ਪ੍ਰਤੀਕ, ਭਾਵ ਲਾਹੌਰ ਨੂੰ ਦੂਜੇ ਧਾਰਮਿਕ ਭਾਈਚਾਰਿਆਂ ਨਾਲ ਸਾਂਝਾ ਕਰਨਾ ਚਾਹੁੰਦੀ ਹੈ। ਉਮੀਦ ਹੈ ਕਿ ਇਸ ਤੋਂ ਬਾਅਦ ਅਜਿਹੇ ਹੋਰ ਵੀ ਵਧੀਆ ਕਦਮ ਚੁੱਕੇ ਜਾਣਗੇ।


***ਮਹਾਰਾਜਾ ਰਣਜੀਤ ਸਿੰਘ ਜੋ ਸਿੱਖ ਭਾਈਚਾਰੇ ਦੀ ਨੁਮਾਇੰਦਗੀ ਕਰਦਾ ਹੈ, ਉਸ ਨੂੰ ਇਸ ਭਾਈਚਾਰੇ ਦੇ ਮੁਗਲਾਂ ਅਤੇ ਉਨ੍ਹਾਂ ਦੇ ਸਾਥੀਆਂ ਹੱਥੋਂ ਸਦੀਆਂ ਤੱਕ ਹੋਏ ਦਮਨ ਦੇ ਪਿਛੋਕੜ ਵਿਚ ਸਮਝਿਆ ਜਾਣਾ ਚਾਹੀਦਾ ਹੈ। ਮੁਗਲ ਕਾਲ ਦੌਰਾਨ ਅਜਿਹਾ ਵੀ ਵਕਤ ਸੀ ਜਦੋਂ ਕੋਈ ਸਿੱਖ ਬੱਚਾ ਆਪਣੀ ਮੌਤ ਦਾ ਸੁਨੇਹਾ ਆਪਣੇ ਨਾਲ ਲੈ ਕੇ ਜੰਮਦਾ ਸੀ। ਪੰਜਾਬ ਦੇ ਕੁਝ ਮੁਗਲ ਸੂਬੇਦਾਰਾਂ ਦੀ ਧਾਰਮਿਕ ਕੱਟੜਤਾ ਦਾ ਇਹ ਆਲਮ ਸੀ। ਇਸ ਤੋਂ ਇਕ ਸਦੀ ਤੋਂ ਵੀ ਘੱਟ ਸਮੇਂ ਦੌਰਾਨ ਮਹਾਰਾਜਾ ਰਣਜੀਤ ਸਿੰਘ ਉਭਰ ਕੇ ਆਇਆ ਜਿਸ ਨੇ ਇਸ ਸਭ ਤੋਂ ਵੱਧ ਦਬਾਏ ਗਏ ਭਾਈਚਾਰੇ ਨੂੰ ਪੰਜਾਬ ਦੀ ਹਾਕਮ ਜਮਾਤ ਬਣਾ ਦਿੱਤਾ।***



*ਲਾਹੌਰ ਕਿਲ੍ਹੇ ਵਿਚ ਲਾਇਆ ਮਹਾਰਾਜਾ ਰਣਜੀਤ ਸਿੰਘ ਦਾ ਬੁੱਤ।*

# ਪੰਜਾਬ ਸਿਹਾਂ! ਤੇਰਾ ਕੌਣ ਬੇਲੀ...

## ਗੁਰੂਆਂ, ਪੀਰਾਂ ਦੀ ਵਰੋਸਾਈ ਧਰਤੀ ਨੂੰ ਅਪਰਾਧਾਂ ਦਾ ਸੰਤਾਪ




ਸੋਸ਼ਲ ਮੀਡੀਏ 'ਤੇ ਧੜਾਧੜ ਵੀਡੀਓ ਪੈ ਰਹੇ ਹਨ। ਇਹ ਕੋਈ ਸਾਡੇ ਦੇਸ਼ ਦੀ ਤਰੱਕੀ ਦੇ ਨਹੀਂ, ਸਗੋਂ ਉਹ ਲਾਹਨਤਾਂ ਹਨ, ਜੋ ਸਾਡੀ ਰਿਸ਼ੀਆਂ ਮੁਨੀਆਂ, ਗੁਰੂਆਂ, ਪੀਰਾਂ, ਫਕੀਰਾਂ ਦੀ ਧਰਤੀ ਨੂੰ ਸ਼ਰਮਸਾਰ ਕਰ ਰਹੀਆਂ ਹਨ; ਸਾਡੀ ਰੋਟੀ ਬੇਟੀ ਦੀ ਸਾਂਝ ਨੂੰ ਜੰਗਾਲ ਰਹੀਆਂ ਹਨ। ਰਾਤਾਂ ਦੀ ਨੀਂਦ ਉਡਾਉਣ ਵਾਲੀਆਂ ਇਹ ਹਿਰਦੇਵੇਦਕ ਘਟਨਾਵਾਂ ਸਾਨੂੰ ਜਿਵੇਂ ਵੰਗਾਰ ਰਹੀਆਂ ਹਨ। ਪਤਾ ਨਹੀਂ ਕਦੋਂ ਜਾਗਾਂਗੇ?

ਅਟਾਰੀ (ਅੰਮ੍ਰਿਤਸਰ) ਦੇ ਇਕ ਪ੍ਰਾਈਵੇਟ ਸਕੂਲ ਦੀ 4 ਸਾਲਾ ਬੱਚੀ ਨਾਲ ਸਕੂਲ ਦੇ ਹੀ ਅਧਿਆਪਕ ਵਲੋਂ ਵਿਭਚਾਰ, ਤਰਨਤਾਰਨ ਦੇ ਕਿਸੇ ਪਿੰਡ ਦੇ ਇੱਕ ਕਲਯੁਗੀ ਪਿਤਾ ਵਲੋਂ ਆਪਣੀ ਹੀ 7 ਸਾਲ ਦੀ ਬੱਚੀ ਨਾਲ ਕਾਮ-ਕ੍ਰਿਆ, ਇੱਕ ਹੋਰ 17 ਸਾਲ ਦੀ ਲੜਕੀ ਨਾਲ ਹੋਮ ਗਾਰਡਾਂ ਵਲੋਂ ਸਰੀਰਕ ਸ਼ੋਸ਼ਣ, ਲਹਿਰਾਗਾਗਾ (ਸੰਗਰੂਰ) ਦੇ ਇੱਕ ਪਿੰਡ ਦੇ 6 ਸਾਲਾ ਬੱਚੇ ਨਾਲ ਪਿੰਡ ਦੇ ਹੀ ਨੌਜਵਾਨ ਵਲੋਂ ਕੁਕਰਮ, ਨਾਭਾ ਨੇੜਲੇ ਪਿੰਡ ਵਿਚ ਮਤਰੇਏ ਪਿਓ ਵਲੋਂ ਨਾਬਾਲਗ ਬੱਚੀ ਤੇ ਧੂਰੀ ਦੀ ਇੱਕ ਮਾਸੂਮ ਬੱਚੀ ਨਾਲ ਬਸ ਕੰਡਕਟਰ ਵਲੋਂ ਜਬਰਦਸਤੀ ਅਤਿ ਸ਼ਰਮਨਾਕ



**ਸੁਕੰਨਿਆ ਭਾਰਦਵਾਜ ਨਾਭਾ**
**ਫੋਨ: 815-307-3112**

ਘਟਨਾਵਾਂ ਅਖਬਾਰਾਂ, ਚੈਨਲਾਂ ਤੋਂ ਖੂਨ ਦੇ ਹੰਝੂ ਵਹਾਉਂਦੀਆਂ ਹਨ। ਇਹ ਤਾਂ ਕਿਣਕਾ ਮਾਤਰ ਹਨ, ਇਹ ਅਤਿ ਘਿਨਾਉਣੀਆਂ ਘਟਨਾਵਾਂ ਪੰਜਾਬ ਦੇ ਹਰ ਕੋਨੇ ਵਿਚ ਵਾਪਰ ਰਹੀਆਂ ਹਨ। ਅਸੀਂ 'ਚਲ ਹੋਊ' ਕਹਿ ਕੇ ਪਰ੍ਹੇ ਵਗਾਹ ਮਾਰਦੇ ਹਾਂ। ਸਾਡੀ ਦਿਲਚਸਪੀ ਸਿੱਧੂ ਦੇ ਅਸਤੀਫੇ, ਕੇਜਰੀਵਾਲ ਦੇ ਕਾਂਗਰਸ ਜਾਂ ਭਾਜਪਾ ਨਾਲ ਹੱਥ ਮਿਲਾਉਣ ਜਿਹੇ ਬਿਆਨਾਂ ਵੱਲ ਵੱਧ ਹੈ। ਮੀਡੀਆ ਵੀ ਇਨ੍ਹਾਂ ਚਲਾਊ ਖਬਰਾਂ ਨਾਲ ਲੋਕਾਂ ਨੂੰ 'ਭਰਪੂਰ ਜਾਣਕਾਰੀ ਦੇਣ ਦਾ ਫਰਜ਼' ਨਿਭਾ ਰਿਹਾ ਹੈ। ਸਿੱਧੂ ਨੇ ਪਿਛਲੇ ਕੁਝ ਸਮੇਂ ਤੋਂ ਚੁਪ ਸਾਧੀ ਹੋਈ ਹੈ, ਮੀਡੀਏ ਤੋਂ ਦੂਰੀ ਬਣਾਈ ਹੋਈ ਹੈ, ਫਿਰ ਵੀ ਨਿੱਤ ਉਹਦੀ ਖ਼ਬਰ ਬਣਦੀ ਹੈ।

ਇਨ੍ਹਾਂ ਘਟਨਾਵਾਂ ਦਾ ਹੀ ਦੂਜਾ ਪਾਸਾ ਹੈ, ਨਸ਼ਿਆਂ ਦੀ ਭਰਮਾਰ। ਇਨ੍ਹਾਂ ਘਟਨਾਵਾਂ ਤੇ ਨਸ਼ਿਆਂ ਦਾ ਜਿਵੇਂ ਚੋਲੀ ਦਾਮਨ ਦਾ ਸਾਥ ਹੈ। ਇਹੋ ਕਾਰਨ ਹੈ ਕਿ ਅਜਿਹੀਆਂ ਗੈਰਮਨੁੱਖੀ ਤੇ ਅਸਮਾਜਕ ਘਟਨਾਵਾਂ ਨੂੰ ਜਮੀਨ ਮਿਲ ਰਹੀ ਹੈ। ਮੀਡੀਆ ਇਨ੍ਹਾਂ ਨੂੰ ਪ੍ਰਮੁਖਤਾ ਨਾਲ ਨਸ਼ਰ ਕਰ ਰਿਹਾ ਹੈ। ਹੁਣ ਤਕ ਤਾਂ ਮੁੰਡਿਆਂ ਦੇ ਹੀ ਨਸ਼ਾ ਕਰਨ ਦੀਆਂ ਖਬਰਾਂ ਸਨ, ਪਰ ਹੁਣ ਕੁੜੀਆਂ ਦੇ ਵੀ ਇਸ ਧੰਦੇ ਵਿਚ ਲਿਪਤ ਹੋਣ ਦੇ ਕਾਫੀ ਚਰਚੇ ਹਨ। ਉਹ ਨਸ਼ਾ ਵੇਚਣ ਤੇ ਖਾਣ ਵਿਚ ਮੁੰਡਿਆਂ ਤੋਂ ਵੀ ਅੱਗੇ ਹਨ।

ਮੋਗੇ ਤੋਂ 17 ਸਾਲਾ ਇੱਕ ਲੜਕੀ ਸਤਿਕਾਰ ਕਮੇਟੀ ਕੋਲ ਤਰਲੇ ਕਰਦੀ ਹੈ ਕਿ ਉਸ ਨੂੰ ਇਸ ਨਸ਼ਿਆਂ ਦੀ ਦਲਦਲ ਵਿਚੋਂ ਕੱਢਿਆ ਜਾਵੇ। ਉਹ ਸਾਵੀਂ ਪੱਧਰੀ ਜ਼ਿੰਦਗੀ ਜਿਊਣਾ ਚਾਹੁੰਦੀ ਹੈ। ਕਲਮ ਵੀ ਲਿਖਣ ਤੋਂ ਜੁਆਬ ਦੇ ਰਹੀ ਹੈ, ਜੋ ਉਹ ਹਲਫ ਬਿਆਨੀ ਕਰਦੀ ਹੈ ਕਿ ਕਿਵੇਂ ਨਸ਼ੇ ਦੀ ਤਲਬ ਪੂਰੀ ਕਰਨ ਲਈ ਤੇ ਘਟੋ ਘੱਟ 100 ਰੁਪਏ ਦਾ ਜੁਗਾੜ ਕਰਨ ਲਈ ਇੱਕ ਰਾਤ ਵਿਚ ਉਸ ਨੇ ਪੰਜ ਆਦਮੀਆਂ ਕੋਲ ਆਪਣਾ ਜਿਸਮ ਵੇਚਿਆ। ਉਹ ਦਾਅਵਾ ਕਰ ਰਹੀ ਹੈ ਕਿ ਮੋਗਾ ਸ਼ਹਿਰ ਤੇ ਪਿੰਡਾਂ ਵਿਚ ਘਰ ਘਰ ਨਸ਼ਾ ਵਿਕ ਰਿਹਾ ਹੈ, ਪਰ ਪੁਲਿਸ ਨਹੀਂ ਫੜ ਰਹੀ।

ਇਸੇ ਤਰ੍ਹਾਂ ਲੁਧਿਆਣਾ ਦੀ ਇੱਕ ਆਰਕੈਸਟਰਾ ਵਿਚ ਕੰਮ ਕਰਦੀ ਨੌਜਵਾਨ ਵਿਧਵਾ ਨੇ ਵੀ ਨਸ਼ੇ ਦੀ ਪੂਰਤੀ ਲਈ ਜਿਸਮਫਰੋਸ਼ੀ ਨੂੰ ਅਪਨਾਉਣ ਦਾ ਖੁਲਾਸਾ ਕਰਦਿਆਂ ਤੌਬਾ ਕੀਤੀ ਹੈ ਕਿ ਨਸ਼ਾ ਛੁਡਾਉਣ ਵਿਚ ਉਸ ਦੀ ਮਦਦ ਕੀਤੀ ਜਾਵੇ, ਤੇ ਉਸ ਦੀ ਰੋਟੀ ਰੋਜ਼ੀ ਦਾ ਪ੍ਰਬੰਧ ਕੀਤਾ ਜਾਵੇ, ਕਿਉਂਕਿ ਉਹ ਸਾਰਾ ਕੁਝ ਨਸ਼ੇ ਦੇ ਲੇਖੇ ਲਾ ਚੁਕੀ ਹੈ। ਉਸ ਨੇ ਸਰਕਾਰ ਦੇ ਦਾਅਵਿਆਂ ਦੀ ਪੋਲ ਖੋਲ੍ਹਦਿਆਂ ਕਿਹਾ ਕਿ ਸ਼ਹਿਰ ਦੇ ਹਰ ਮੋੜ, ਗਲੀ, ਬਾਜ਼ਾਰ ਵਿਚ ਨਸ਼ਾ ਸ਼ਰੇਆਮ ਮਿਲਦਾ ਹੈ। ਪਿਛਲੇ ਸਾਲ ਹੀ ਬਠਿੰਡਾ ਦੀ ਆਰਕੈਸਟਰਾ ਵਿਚ ਕੰਮ ਕਰਦੀ ਇਕ ਜਵਾਨ ਲੜਕੀ ਦੀ ਨਸ਼ੇ ਦੀ ਓਵਰਡੋਜ਼ ਨਾਲ ਮੌਤ ਹੋਣ ਦੀ ਖਬਰ ਨੇ ਲੋਕਾਂ ਦੇ ਹੋਸ਼ ਉਡਾ ਦਿੱਤੇ ਸਨ। ਹੁਣ ਤਾਂ ਇਹ ਆਮ ਹੋ ਗਿਆ ਹੈ।

ਨਸ਼ਿਆਂ ਦਾ ਪੰਜਾਬ ਨਾਲ ਨਾਤਾ ਬਹੁਤ ਪੁਰਾਣਾ ਹੈ, ਪਰ ਪਿਛਲੇ ਕੁਝ ਸਾਲਾਂ ਵਿਚ ਲੋਕਾਂ ਦੀ ਜ਼ੁਬਾਨ 'ਤੇ ਚੜ੍ਹੇ ਇਨ੍ਹਾਂ ਨਵੇਂ ਨਸ਼ਿਆਂ-ਮੈਡੀਕਲ ਨਸ਼ਾ, ਕੋਕੀਨ, ਸਮੈਕ, ਆਇਸ, ਹੈਰੋਇਨ, ਚਿੱਟਾ ਆਦਿ ਨੇ ਅਫੀਮ, ਭੁੱਕੀ, ਸ਼ਰਾਬ ਨੂੰ ਖੂੰਜੇ ਲਾ ਦਿੱਤਾ ਹੈ। ਚਿੱਟਾ ਪੀਣ ਦੀ ਆਦੀ ਇਹ ਨੌਜਵਾਨ ਪੀੜ੍ਹੀ ਦੇਖਾ ਦੇਖੀ ਵਿਚ ਸ਼ੁਰੂ ਕਰਕੇ ਅਜਿਹੀ ਦਲਦਲ ਵਿਚ ਫਸਦੀ ਹੈ ਕਿ ਮੁੜ ਨਿਕਲ ਨਹੀਂ ਸਕਦੀ। ਸਿਆਣਿਆਂ ਦਾ ਕਹਿਣਾ ਹੈ ਕਿ ਅਫੀਮ, ਭੁੱਕੀ ਜਿਹੇ ਨਸ਼ੇ ਬੰਦੇ ਨੂੰ ਖਰਾਬ ਨਹੀਂ ਸਨ ਕਰਦੇ ਸਗੋਂ ਸਰੀਰਕ, ਮਾਨਸਿਕ ਤੌਰ 'ਤੇ ਸਿਹਤਮੰਦ ਰੱਖਦੇ ਸਨ। ਅਫੀਮ, ਭੁੱਕੀ ਨੂੰ ਤਾਂ ਵੱਧ ਕੰਮ ਕਰਨ ਤੇ ਸਿਹਤਮੰਦ ਖੁਰਾਕ ਖਾਣ ਦੇ ਹਥਿਆਰ ਵਜੋਂ ਸਮਝਿਆ ਜਾਂਦਾ ਸੀ। ਪਿੰਡ ਦੇ ਇੱਕ ਮੋਹਤਬਰ ਨੇ ਆਮ ਗੱਲਬਾਤ ਵਿਚ ਦੱਸਿਆ ਕਿ ਉਸ ਦੇ ਬਾਬੇ, ਜੋ ਪੰਜ ਭੈਣਾਂ ਦਾ ਇਕਲੌਤਾ ਭਰਾ ਸੀ, ਨੇ ਅਫੀਮ ਖਾ ਕੇ 100 ਏਕੜ ਜਮੀਨ ਬਣਾਈ ਤੇ ਇਕੱਲੇ ਨੇ ਉਸ ਤੋਂ ਬੀੜਾਂ ਪੁੱਟ ਕੇ ਧਰਤੀ ਨੂੰ ਵਾਹੀਯੋਗ ਬਣਾਇਆ; ਜਦੋਂ ਕਿ ਇਹ 'ਚਿੱਟਾ ਪੀਣ ਵਾਲੇ' ਕਾਗਜ਼ੀ ਸ਼ੇਰ ਕੰਮ ਨਾ ਕਰਕੇ ਮਾਪਿਆਂ ਦੀ ਕਮਾਈ ਨੂੰ ਤੰਗਲੀਆਂ ਨਾਲ ਉਡਾ ਰਹੇ ਹਨ। ਪਤਾ ਨਹੀਂ ਪੰਜਾਬ ਨੂੰ ਕੀ ਨਜ਼ਰ ਲੱਗ ਗਈ ਕਿ ਸੂਬੇ ਵਿਚੋਂ ਕੰਮ ਸਭਿਆਚਾਰ ਤਾਂ ਜਿਵੇਂ ਖੰਭ ਲਾ ਕੇ ਉਡ ਹੀ ਗਿਆ ਹੈ। ਹਰੀ ਕ੍ਰਾਂਤੀ ਨੇ ਪੰਜਾਬ ਨੂੰ ਖੁਸ਼ਹਾਲ ਤਾਂ ਕੀ ਕਰਨਾ ਸੀ, ਉਲਟਾ ਨਸ਼ਿਆਂ ਅਤੇ ਨਾਮੁਰਾਦ ਬਿਮਾਰੀਆਂ ਦੇ ਰਾਹ ਪਾ ਦਿੱਤਾ। ਅੰਨੇਵਾਹ ਕੀਟਨਾਸ਼ਕ ਦਵਾਈਆਂ ਤੇ ਯੂਰੀਏ ਦੀ ਵਰਤੋਂ ਨੇ ਲੋਕਾਂ ਨੂੰ ਕਿਸੇ ਪਾਸੇ ਜੋਗਾ ਨਹੀਂ ਛੱਡਿਆ। ਜੇ ਕਿਸੇ ਨੇ ਥੋੜ੍ਹੀ ਬਹੁਤੀ ਕਮਾਈ ਕਰ ਵੀ ਲਈ ਹੈ ਤਾਂ ਉਹ ਡਾਕਟਰਾਂ ਤੇ ਨਸ਼ਿਆਂ ਦੇ ਰਾਹ ਜਾ ਰਹੀ ਹੈ। ਖੇਤੀ ਦੇ ਛੋਟੇ ਮੋਟੇ ਕੰਮਾਂ ਲਈ ਪਰਵਾਸੀ ਮਜ਼ਦੂਰ ਤਾਂ ਹਨ ਹੀ।

ਲੁਧਿਆਣਾ ਤੋਂ ਹੀ ਇਕ ਨੌਜਵਾਨ ਲੜਕੇ, ਜਿਸ ਦੀ ਕੁਝ ਦਿਨ ਪਹਿਲਾਂ ਕਿਸੇ ਬੀਬੀ ਤੋਂ ਪਰਸ ਖੋਹਣ ਦੀ ਵੀਡੀਓ ਵਾਇਰਲ ਹੋਈ ਸੀ, ਨੇ ਆਪਣੇ ਜੁਰਮ ਦਾ ਇਕਬਾਲ ਕਰਦਿਆਂ ਵਿਧਾਇਕ ਅਤੇ ਲੋਕ ਇਨਸਾਫ ਪਾਰਟੀ ਦੇ ਪ੍ਰਧਾਨ ਸਿਮਰਨਜੀਤ ਸਿੰਘ ਬੈਂਸ ਨੂੰ ਅਪੀਲ ਕੀਤੀ ਹੈ ਕਿ ਉਸ ਨੂੰ ਨਸ਼ੇ ਦੀ ਦੁਨੀਆਂ ਵਿਚੋਂ ਕੱਢਿਆ ਜਾਵੇ। ਉਸ ਦੇ ਮਾਪੇ ਰੁਲ ਗਏ। ਘਰ ਬਾਰ ਬਰਬਾਦ ਹੋ ਗਿਆ। ਉਹ ਵੀ ਆਮ ਜ਼ਿੰਦਗੀ ਜਿਊਣਾ ਚਾਹੁੰਦਾ ਹੈ। ਉਹ ਵਾਅਦਾ ਕਰਦਾ ਹੈ ਕਿ ਜੇ ਉਸ ਦੀ ਜਾਨ ਦੀ ਸਲਾਮਤੀ ਹੋਵੇ ਤਾਂ ਉਹ ਨਸ਼ਾ ਤਸਕਰਾਂ ਨੂੰ ਫੜਾ ਵੀ ਸਕਦਾ ਹੈ।

ਅਸਲ 'ਚ ਕੋਈ ਵੀ ਸਰਕਾਰ ਨਸ਼ਿਆਂ ਨੂੰ ਬੰਦ ਨਹੀਂ ਕਰਨਾ ਚਾਹੁੰਦੀ। ਮੌਜੂਦਾ ਸਰਕਾਰ ਵੀ ਪਿਛਲੀ ਸਰਕਾਰ ਦੇ ਕਦਮਾਂ 'ਤੇ ਚਲਦਿਆਂ ਨਸ਼ਿਆਂ ਨੂੰ ਹੋਰ ਪ੍ਰਫੁਲਿਤ ਕਰ ਰਹੀ ਹੈ। ਜੋ ਨਸ਼ਾ ਛੱਡਣਾ ਚਾਹੁੰਦੇ ਹਨ, ਘਟੋ ਘੱਟ ਉਨ੍ਹਾਂ ਲਈ ਤਾਂ ਪੁਖਤਾ ਪ੍ਰਬੰਧ ਕਰਨੇ ਕੀ ਸਰਕਾਰਾਂ, ਸਮਾਜ ਦੀ ਜਿੰਮੇਵਾਰੀ ਨਹੀਂ? ਜੋ ਨਹੀਂ ਛੱਡਣਾ ਚਾਹੁੰਦੇ, ਉਨ੍ਹਾਂ ਲਈ ਤਾਂ ਇਹ ਕੀ ਯਤਨ ਕਰਨਗੇ!

ਨਿੱਤ ਨਸ਼ਿਆਂ ਦੀ ਓਵਰਡੋਜ਼ ਨਾਲ ਮਰ ਜਾਣ ਜਾਂ ਘਰਦਿਆਂ ਨੂੰ ਮਾਰਨ ਵਰਗੀਆਂ ਸ਼ਰਮਨਾਕ ਘਟਨਾਵਾਂ ਵਾਪਰ ਰਹੀਆਂ ਹਨ। ਮੋਗਾ ਦੇ ਇਕ ਪਿੰਡ ਮਾਣੂੰਕੇ ਵਿਚ ਪਿਤਾ ਹੱਥੋਂ ਨੌਜਵਾਨ ਨਸ਼ੇੜੀ ਪੁੱਤਰ ਮਾਰਿਆ ਗਿਆ। ਪੁੱਤ ਮਰ ਗਿਆ ਤੇ ਪਿਓ ਨੂੰ ਪੁਲਿਸ ਥਾਣੇ ਲੈ ਗਈ। ਹੋ ਗਿਆ ਘਰ ਬਰਬਾਦ। ਸੱਥਰ 'ਤੇ ਬੈਠੇ ਪਿੰਡ ਦੇ ਮੋਹਤਬਰਾਂ, ਸਰਪੰਚ ਤੇ ਰਿਸ਼ਤੇਦਾਰਾਂ ਨੇ ਸਾਫ ਕਿਹਾ ਹੈ ਕਿ ਪਿੰਡ ਵਿਚ ਘਰ ਘਰ ਨਸ਼ਾ ਵਿਕ ਰਿਹਾ ਹੈ। ਪੁਲਿਸ ਤੇ ਸਰਕਾਰ ਦਾ ਇਸ ਪਾਸੇ ਕੋਈ ਧਿਆਨ ਨਹੀਂ। ਸਰਕਾਰ ਦੇ ਨਸ਼ਾ ਛੁਡਾਊ ਕੇਂਦਰ ਵੀ ਸਫੈਦ ਹਾਥੀ ਹਨ, ਜੋ ਸਭ ਕੁਝ ਲੁਟਾ ਚੁਕੇ ਨੌਜਵਾਨਾਂ ਲਈ ਸਹਾਈ ਸਿੱਧ ਨਹੀਂ ਹੋ ਸਕੇ। ਉਥੇ ਵੀ ਨਸ਼ੇ ਆਮ ਮਿਲਣ ਦੇ ਚਰਚੇ ਹਨ। ਨਾਂ ਦੇ ਹੀ 'ਨਸ਼ਾ ਛੁਡਾਊ' ਹਨ, ਅਸਲ ਵਿਚ ਉਹ 'ਨਸ਼ਾ ਵਧਾਊ' ਹੀ ਹਨ।

ਨਾਭਾ ਨੇੜਲੇ ਇਕ ਪਿੰਡ ਦੇ ਇੱਕ ਨੌਜਵਾਨ ਨੂੰ ਉਸ ਦੇ ਮਜ਼ਦੂਰ ਮਾਪਿਆਂ ਨੇ ਸੰਗਲ ਨਾਲ ਬੰਨ੍ਹ ਕੇ ਘਰੇ ਬਿਠਾਇਆ ਹੋਇਆ ਹੈ। ਉਹ ਪਿਛਲੇ ਪੰਜ ਸਾਲਾਂ ਵਿਚ ਹੀ ਕਰੀਬ 30 ਲੱਖ ਰੁਪਏ ਦਾ ਚਿੱਟਾ ਪੀ ਗਿਆ ਹੈ। ਸਰਦੇ ਪੁਜਦੇ ਘਰਾਂ ਦੇ ਬੱਚੇ ਕਿਥੇ ਤਕ ਪਹੁੰਚਦੇ ਹੋਣਗੇ, ਇਸ ਦਾ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ। ਇਹ ਨਸ਼ਾ ਜੁਟਾਉਣ ਲਈ ਉਸ ਨੇ ਘਰ ਦਾ ਸਮਾਨ ਵੇਚਣ ਤੋਂ ਇਲਾਵਾ ਚੋਰੀਆਂ, ਲੁੱਟਾਂ ਖੋਹਾਂ ਵੀ ਕੀਤੀਆਂ, ਪਰ ਨਸ਼ਿਆਂ ਦਾ ਘਰ ਫੇਰ ਵੀ ਪੂਰਾ ਨਾ ਹੋਇਆ। ਇੱਕ ਸੁਆਲ ਦੇ ਜੁਆਬ ਵਿਚ



ਉਹਨੇ ਕਿਹਾ ਕਿ ਉਹ ਘਰ ਬੈਠਾ ਹੀ, ਜਿੰਨਾ ਕਹੇ, ਉਨਾ ਨਸ਼ਾ ਮੰਗਵਾ ਸਕਦਾ ਹੈ। ਉਹ ਆਪਣੀ ਨਸ਼ਾ ਕਰਨ ਵਾਲੀ ਜੁੰਡਲੀ ਦੇ ਨਾਲ ਨਾਲ ਨਸ਼ਾ ਤਸਕਰ ਦੇ ਸੰਪਰਕ ਵਿਚ ਵੀ ਹੈ, ਜੋ ਉਸ ਨੂੰ ਨਸ਼ੇ ਦੀ ਮੁਫਤ ਪੁੜੀ ਦੇਣ ਦੀ ਵੀ ਪੇਸ਼ਕਸ਼ ਕਰ ਰਿਹਾ ਹੈ ਤੇ ਵਾਰ ਵਾਰ ਨਸ਼ਾ ਨਾ ਛੱਡਣ ਲਈ ਵੀ ਕਹਿੰਦਾ ਹੈ। ਰਹਿੰਦੀ ਖੂੰਹਦੀ ਕਸਰ ਪੁਲਿਸ ਕੱਢ ਦਿੰਦੀ ਹੈ, ਜਦੋਂ ਉਹ ਨਸ਼ਾ ਸਪਲਾਈ ਕਰਨ ਵਾਲੇ ਵੱਡੇ ਮਗਰਮੱਛਾਂ ਨੂੰ ਫੜਨ ਦੀ ਥਾਂ ਉਨ੍ਹਾਂ ਵਰਗੇ ਨਸ਼ਾ ਕਰਨ ਵਾਲਿਆਂ ਨੂੰ ਫੜ ਕੇ ਜੇਲ੍ਹ ਦੀ ਹਵਾ ਖੁਆ ਦਿੰਦੀ ਹੈ। ਨਸ਼ਾ ਕਰਨ ਵਾਲੇ ਦੇ ਆਲੇ ਦੁਆਲੇ ਦਾ ਵਾਤਾਵਰਣ ਅਜਿਹਾ ਬਣਾ ਦਿੱਤਾ ਜਾਂਦਾ ਹੈ ਕਿ ਉਹ ਨਸ਼ਾ ਛੱਡਣਾ ਚਾਹੁੰਦਾ ਹੋਇਆ ਵੀ ਨਹੀਂ ਛੱਡ ਸਕਦਾ।

ਅੱਜ ਪੰਜਾਬ ਦੀ ਹੋਣੀ 'ਤੇ ਤਰਸ ਆਉਂਦਾ ਹੈ। ਰੰਗਲਾ ਪੰਜਾਬ ਦਿਨ ਬਦਿਨ ਕੰਗਲਾ, ਨੰਗਲਾ ਬਣਦਾ ਜਾ ਰਿਹਾ ਹੈ। ਹਰ ਕੋਈ ਭਾਰਤ ਨੂੰ ਹਿੰਦੂ, ਮੁਸਲਮਾਨ, ਸਿੱਖ ਰਾਸ਼ਟਰ ਤੇ ਕੋਈ ਹੋਰ ਪਤਾ ਨਹੀਂ ਕਿਹੜਾ ਕਿਹੜਾ ਰਾਸ਼ਟਰ ਬਣਾਉਣ ਨੂੰ ਆਪਣੀ ਵੱਡੀ ਪ੍ਰਾਪਤੀ ਦੇ ਦਾਅਵੇ ਕਰ ਰਿਹਾ ਹੈ; ਪਰ ਕੇਂਦਰ ਨੂੰ ਆਪਣੇ ਪੰਜਾਬ ਦਾ ਕੋਈ ਫਿਕਰ ਨਹੀਂ ਕਿ ਉਹ ਕਲ੍ਹ ਦੇ ਦੇਸ਼ ਦਾ ਅੰਨਦਾਤਾ ਅੱਜ ਕਿਵੇਂ ਵਹਿੰਦੀਆਂ ਕਲਾਂ ਵਿਚ ਜਾ ਰਿਹਾ ਹੈ। ਆਰਥਕਤਾ ਤੇ ਕਾਨੂੰਨੀ ਵਿਵਸਥਾ ਤਾਂ ਖਤਮ ਹੋ ਹੀ ਚੁਕੀ ਹੈ, ਪੰਜਾਬ ਆਪਣਾ ਸ਼ਾਹੀ ਵਿਰਸਾ, ਸਭਿਆਚਾਰ, ਸਮਾਜਕਤਾ ਗੁਆ ਚੁਕਾ ਹੈ। ਹਾਲਾਤ ਤਾਂ ਇਹ ਹਨ ਕਿ ਇਸ ਨੇ ਆਪਣੇ ਰਿਸ਼ੀਆਂ ਮੁਨੀਆਂ, ਗੁਰੂਆਂ, ਪੀਰਾਂ, ਫਕੀਰਾਂ ਦੀ ਧਰਤੀ ਦੇ ਸਦੀਵੀ ਰੁਤਬੇ ਨੂੰ ਕਦੋਂ ਦਾ ਗੁੱਠੇ ਲਾ ਦਿੱਤਾ ਹੋਇਆ ਹੈ। ਗਰੀਬੀ ਲਾਚਾਰੀ, ਭ੍ਰਿਸ਼ਟਾਚਾਰ, ਵਿਭਚਾਰ, ਬੇਰੁਜਗਾਰੀ, ਚਾਪਲੂਸੀ ਨੇ ਇਥੇ ਪੱਕੇ ਡੇਰੇ ਲਾ ਰੱਖੇ ਹਨ। ਨਸ਼ਾ ਖੋਰੂ ਪਾ ਰਿਹਾ ਹੈ। ਮਾਸੂਮ ਬੱਚੀਆਂ ਦੀ ਅਜ਼ਮਤ ਨੂੰ ਤਾਰ ਤਾਰ ਕੀਤਾ ਜਾ ਰਿਹਾ ਹੈ। ਹਿਰਦੇ ਵਿੰਨਦੀਆਂ ਇਹ ਖਬਰਾਂ ਕਲੇਜੇ ਧੂਹ ਪਾਉਂਦੀਆਂ ਹਨ। ਆਤਮ ਗਿਲਾਨੀ ਰਾਤਾਂ ਦੀ ਨੀਂਦ ਉਡਾ ਦਿੰਦੀ ਹੈ। ਅਸੀਂ ਸਦਾ ਅਜਿਹੇ ਤਾਂ ਨਹੀਂ ਸਾਂ! ਥੋੜ੍ਹੇ ਜਿਹੇ ਸਮੇਂ ਵਿਚ ਹੀ ਕਿੰਨਾ ਕੁਝ ਬਦਲ ਗਿਆ ਹੈ।

ਇੱਕ ਗੱਲ ਤਾਂ ਸਪਸ਼ਟ ਹੈ ਕਿ ਸਾਨੂੰ ਇਸ ਮੰਝਧਾਰ ਵਿਚੋਂ ਕੱਢਣ ਲਈ ਕੋਈ ਹੋਰ ਨਹੀਂ ਆਵੇਗਾ, ਆਪਣੀ ਹੋਣੀ ਦੇ ਲਖਾਇਕ ਆਪ ਬਣਨਾ ਪਵੇਗਾ। ਆਪਣੇ ਰਹਿਬਰਾਂ ਦੇ ਕਦਮਾਂ 'ਤੇ ਚਲਦਿਆਂ ਕਿਰਤ ਦਾ ਰਾਹ ਅਖਤਿਆਰ ਕਰਨਾ ਪਵੇਗਾ, ਜਿਨ੍ਹਾਂ ਕਿਰਤ ਕਰਦਿਆਂ ਨਾਮ ਜਪਿਆ, ਗ੍ਰਹਿਸਥ ਜੀਵਨ ਬਿਤਾਇਆ ਤੇ ਸਮਾਜ ਭਲਾਈ ਦਾ ਪਰਚਮ ਵੀ ਬੁਲੰਦ ਰੱਖਿਆ। 'ਕਿਰਤ ਕਰਨਾ, ਵੰਡ ਛਕਣਾ' ਦੇ ਮੁਕੱਦਸ ਸਿਧਾਂਤ ਨੂੰ ਆਪਣੀ ਜ਼ਿੰਦਗੀ ਦਾ ਅਹਿਮ ਹਿੱਸਾ ਬਣਾਉਣਾ ਪਵੇਗਾ, ਜਿਸ ਨੂੰ ਅੱਜ ਅਸੀਂ ਆਧੁਨਿਕਤਾ ਦੀ ਚਕਾਚੌਂਧ ਵਿਚ ਭੁਲਾ ਚੁਕੇ ਹਾਂ, ਜਦੋਂ ਕਿ ਪੱਛਮ ਨੇ ਇਸ ਗੁਰਮੰਤਰ ਨੂੰ ਸਿਰਮੌਰਤਾ ਨਾਲ ਅਪਨਾਇਆ ਹੈ।

ਇੰਟਰਨੈਟ ਤੇ ਸਾਫਟਵੇਅਰ ਇੰਜੀਨੀਅਰਿੰਗ ਦੇ ਕਰਤਾ ਧਰਤਾ ਬਿਲ ਗੇਟਸ ਨੇ ਅਰਬਾਂ-ਖਰਬਾਂ ਦੀ ਕਮਾਈ ਲੋੜਵੰਦਾਂ ਦੇ ਲੇਖੇ ਲਾ ਦਿੱਤੀ ਹੈ। ਅਜਿਹੇ ਹੋਰ ਵੀ ਕਈ ਹਨ, ਜਿਨ੍ਹਾਂ ਇਸ ਗੁਰਮੰਤਰ ਨੂੰ ਅਪਨਾਇਆ ਹੈ। ਦੂਜਾ, ਬੱਚਿਆਂ ਨੂੰ ਇਸ ਕਿਸਮ ਦੇ ਅਪਰਾਧਾਂ ਵਿਚੋਂ ਕੱਢਣ ਲਈ ਮਾਪਿਆਂ ਨੂੰ ਆਪ ਮਾਡਲ ਬਣਨਾ ਪਵੇਗਾ। ਸਿਆਣਿਆਂ ਦਾ ਕਥਨ ਹੈ, ਅਲਕ ਵਹਿੜਕਾ ਤੇ ਗੱਭਰੂ ਪੁੱਤ, ਜਿੰਨਾ ਵਾਹੋ ਓਨਾ ਕੰਮ ਦਿੰਦੇ ਹਨ। ਇਸ ਲਈ ਛੋਟੇ ਹੁੰਦਿਆਂ ਤੋਂ ਹੀ ਕੰਮ ਵਿਚ ਪਾਓ। ਉਨ੍ਹਾਂ 'ਤੇ ਸਹਿਜੀ ਸਹਿਜੀ ਜਿੰਮੇਵਾਰੀ ਵੀ ਪਾਓ। ਬੱਚਿਆਂ ਨੂੰ ਅਸਲੀਅਤ ਦੇ ਦਰਸ਼ਨ ਕਰਾਓ, ਆਪ ਹੱਥੀਂ ਕਿਰਤ ਕਰੋ। ਵੱਖਵਾਦੀ, ਜਾਤੀਵਾਦੀ, ਉਚ ਨੀਚ ਵਰਗੀ ਵਿਚਾਰਧਾਰਾ ਨੂੰ ਤਿਲਾਂਜਲੀ ਦੇ ਕੇ ਸਰਬ-ਸਾਂਝੀਵਾਲਤਾ ਦਾ ਪਾਠ ਪੜ੍ਹਾਓ। ਆਓ ਹੰਭਲਾ ਮਾਰੀਏ, ਆਪਣੇ ਅਮੀਰ ਵਿਰਸੇ ਵੱਲ ਮੁੜੀਏ। ਭਵਿੱਖ ਸਾਡੇ ਲਈ ਬਾਹਾਂ ਅੱਡੀ ਖੜ੍ਹਾ ਹੈ।

## ਅਜੋਕੇ ਬਾਬੇ

ਪੀਲੇ, ਨੀਲੇ, ਚਿੱਟੇ ਕਾਲੇ,
ਸਭ ਚਾਤੁਰਾਂ ਦੀ ਫੌਜ ਹੈ।

ਬਣਾਉਂਦੇ ਨੇ ਮੂਰਖ ਲੋਕਾਂ ਨੂੰ,
ਫਿਰ ਖੁਦ ਕਰਦੀ ਮੌਜ ਹੈ।

ਜਾਪਦਾ ਹੱਥ ਦੀ ਸਫਾਈ ਦੇ,
ਇਹ ਸਾਰੇ ਪੂਰੇ ਮਾਹਰ ਨੇ।

ਸਭ ਦੇ ਅੱਖੀਂ ਘੱਟਾ ਪਾ ਕੇ,
ਆਪ ਲੁੱਟਦੇ ਬਹਾਰ ਨੇ।

ਲੰਬੇ ਚੋਲੇ ਇਹ ਪਾਉਂਦੇ ਨੇ,
ਤੇ ਰੱਖਦੇ ਲੰਬੀ ਜ਼ੁਬਾਨ ਹੈ।

ਉਂਜ ਬੰਦਿਆਂ ਦੇ ਰੂਪ ਵਿਚ,
ਛੁਪ ਕੇ ਬੈਠਾ ਸ਼ੈਤਾਨ ਹੈ।

ਇਨ੍ਹਾਂ ਦਾ ਕੋਈ ਧਰਮ ਨਹੀਂ,
ਨਾ ਫਿਰਕਾ, ਨਾ ਜਾਤ ਹੈ।

ਪਾਪ ਸੰਤਾਪ ਦੇ ਚੱਕਰਾਂ 'ਚ,
ਬੱਸ ਭਰਮਾਉਣਾ ਔਕਾਤ ਹੈ।

*-ਸੇਵਾ ਸਿੰਘ ਨੂਰਪੁਰੀ*

---

## ਕੌੜਾ ਪਰ ਸੱਚ

ਜਿੰਨੇ ਬੰਦੇ ਓਨੇ ਬਣਾ ਲਏ ਰੱਬ ਨੇ,
ਜਾਤਾਂ ਦੇ ਉਪਰੋਂ ਵੱਖਰੇ ਸ਼ੌਂਕ ਨੇ।
ਬਾਣਿਆਂ ਦੇ ਵੀ ਵੰਡ ਲਏ ਰੰਗ ਨੇ,
ਖੁੱਲ੍ਹੇ ਫਿਰਦੇ ਪਖੰਡੀਆਂ ਦੇ ਸੰਗ ਨੇ।

ਪੈਰ ਪੈਰ 'ਤੇ ਖੁੱਲ੍ਹ ਗਏ ਡੇਰੇ ਬਈ,
ਭੀੜ ਰਹਿੰਦੀ ਲੱਗੀ ਸ਼ਾਮ ਸਵੇਰੇ ਬਈ।
ਸਰਕਾਰਾਂ ਦੀ ਸ਼ਹਿ ਮਿਲਦੀ ਪੂਰੀ ਹੈ,
ਕਲੀ ਅਪਰਾਧਾਂ ਦੀ ਖਿਲਦੀ ਪੂਰੀ ਹੈ।
ਪੜ੍ਹਿਆਂ ਦੇ ਪੈਰੀਂ ਵੀ ਵਹਿਮ ਦੇ ਰੱਸੇ ਨੇ,
ਬੱਚੇ, ਬੁੱਢੇ, ਜਵਾਨ ਸਭ ਪਏ ਕੱਸੇ ਨੇ।

ਰਾਜਨੀਤੀ ਤੋਂ ਗੰਦਾ ਇਥੇ ਕੁਝ ਹੋਰ ਨਾ,
ਜਿਸ ਕੋਲ ਪੈਸੇ ਉਸ 'ਤੇ ਕਿਸੇ ਦਾ ਜ਼ੋਰ ਨਾ।

'ਲਾਲਪੁਰੀ' ਕਿੱਧਰ ਨੂੰ ਤੁਰਿਆ ਜ਼ਮਾਨਾ ਹੈ,
ਇਥੇ ਕੋਈ ਨਸ਼ੇੜੀ, ਤੇ ਕੋਈ ਦੀਵਾਨਾ ਹੈ।
ਨਸ਼ੇ ਦਾ ਦਰਿਆ ਝਾਰਵਾ ਵੱਗੇ ਜੀ,
ਸਤਲੁਜ, ਬਿਆਸ ਵੀ ਚਿੱਟਾ ਲੱਗੇ ਜੀ।

ਕੋਈ ਕਰੋ ਉਪਰਾਲਾ ਮਾਰੋ ਹੰਭਲਾ ਬਈ,
ਨੌਜਵਾਨ ਸਾਡਾ ਹੋਇਆ ਕਮਲਾ ਬਈ।

*-ਰਵਿੰਦਰ ਲਾਲਪੁਰੀ*
*ਫੋਨ: 91-94624-52261*

## ਪ੍ਰੇਮ ਲੀਲ੍ਹਾ

ਪ੍ਰੇਮ ਲੀਲ੍ਹਾ ਰਚਾਉਂਦੇ ਨੇ ਉਹ ਮੈਥੋਂ ਚੋਰੀ ਚੋਰੀ,
ਈਦਾਂ ਖੂਬ ਮਨਾਉਂਦੇ ਨੇ, ਉਹ ਮੈਥੋਂ ਚੋਰੀ ਚੋਰੀ।
ਚੋਦੋਂ ਜਿਹੀਆਂ ਨੂਰੀਆਂ ਰਾਤਾਂ ਮੇਰੇ ਖਾਤੇ ਲਿਖਦੇ,
ਕੁਥਾਵੇਂ ਚੰਦ ਚੜ੍ਹਾਉਂਦੇ ਨੇ ਉਹ ਮੈਥੋਂ ਚੋਰੀ ਚੋਰੀ।
ਨੀਂਦਰ ਮੇਰੀ ਚੋਰੀ ਕਰ ਕੇ ਆਪ ਨੇ ਘੂਕਰ ਸੌਂਦੇ,
ਘੁਰਾੜੇ ਮਾਰ ਜਗਾਉਂਦੇ ਨੇ ਉਹ ਮੈਥੋਂ ਚੋਰੀ ਚੋਰੀ।
ਵਿਜੇਮਾਲਾ ਗੁੰਦਦੇ ਨੇ ਜੋ ਮੇਰਾ ਨਾਮ ਜਪ ਜਪ ਕੇ,
ਗੈਰਾਂ ਦੇ ਗਲ ਪਾਉਂਦੇ ਨੇ ਉਹ ਮੈਥੋਂ ਚੋਰੀ ਚੋਰੀ।

ਇਸ਼ਕ ਪੇਚੇ ਲੜਾ ਲੈਂਦੇ ਨੇ ਹਰ ਐਰੇ ਗੈਰੇ ਨਾਲ,
ਪੀਂਘਾਂ ਖੂਬ ਚੜ੍ਹਾਉਂਦੇ ਨੇ ਉਹ ਮੈਥੋਂ ਚੋਰੀ ਚੋਰੀ।
ਨੈਣਾਂ ਵਾਲੇ ਤੀਰ ਖੁਭੋ ਕੇ ਡੱਬੀ ਮਲ੍ਹਮ ਦਿਖਾਉਂਦੇ,
ਦਿਲ ਨੂੰ ਖੂਬ ਸਤਾਉਂਦੇ ਨੇ ਉਹ ਮੈਥੋਂ ਚੋਰੀ ਚੋਰੀ।
ਦਿਲ ਸਾਡਾ ਲੁੱਟਦੇ, ਰੱਖ ਦਿੰਦੇ ਗਹਿਣੇ ਸ਼ਾਹਾਂ ਕੋਲ,
ਮਰੂੰਡੇ ਲੈ ਕੇ ਚਬਾਉਂਦੇ ਨੇ ਉਹ ਮੈਥੋਂ ਚੋਰੀ ਚੋਰੀ।
ਇਸ ਦਰ ਚਮਕਣ, ਓਥੇ ਗਰਜਣ ਗੜ੍ਹਗੜ੍ਹ ਕਰਕੇ,
ਸਾਗਰ 'ਚ ਮੀਂਹ ਵਰਸਾਉਂਦੇ ਨੇ ਉਹ ਮੈਥੋਂ ਚੋਰੀ ਚੋਰੀ।
ਮੇਰੀ ਬੋਤਲ 'ਚੋਂ ਪੈਗ ਲਾ ਕੇ ਮਾਰਨ ਲੱਗੇ ਮਸਤੀ,
ਮੇਰੇ 'ਤੇ ਉਠ ਖਿੜਾਉਂਦੇ ਨੇ ਉਹ ਮੈਥੋਂ ਚੋਰੀ ਚੋਰੀ।
ਗਜ਼ਲ ਮੇਰੀ ਦੇ ਟੋਟੇ ਕਰ ਕੇ ਆਪਣੇ ਨਾਮ ਛਪਾਉਂਦੇ,
ਉਸਤਾਦ ਜੋ ਬੜੇ ਕਹਾਉਂਦੇ ਨੇ ਉਹ ਮੈਥੋਂ ਚੋਰੀ ਚੋਰੀ।
ਸੀਨੇ ਉਤੇ ਆਰੀ ਚੱਲਦੀ, ਕਿਸ ਤਰ੍ਹਾਂ ਸਹਿੰਦਾ ਜਾਵਾਂ,
ਜ਼ੁਲਫਾਂ ਵਿਚ ਮੁੱਖ ਛੁਪਾਉਂਦੇ ਨੇ, ਉਹ ਮੈਥੋਂ ਚੋਰੀ ਚੋਰੀ।
ਭੌਰੇ ਵਾਂਗੂ ਭੀਂ ਭੀਂ ਕਰ ਕੇ ਭਿਣਭਿਣਾਉਂਦੇ ਦੂਰੋਂ ਦੂਰੋਂ,
'ਪੰਨੂ' ਨੂੰ ਨਿੱਤ ਅਜ਼ਮਾਉਂਦੇ ਨੇ, ਉਹ ਮੈਥੋਂ ਚੋਰੀ ਚੋਰੀ।

*-ਚਰਨਜੀਤ ਸਿੰਘ ਪੰਨੂ*

# ਸਮਾਰਟ ਪਿੰਡ

ਸਤਿਨਾਮ ਕੌਰ ਨੇ ਫਿਰਨੀ 'ਤੇ ਥੋੜ੍ਹਾ ਅੱਗੇ ਹੋ ਕੇ ਕਿਹਾ, "ਚਾਚੀ ਜੀ, ਦਿਸਦਾ ਤਾਂ ਕੋਈ ਨਹੀਂ ਜਾਂਦਾ।"

ਚਾਚੀ ਨੇ ਕਿਹਾ, "ਅਹੁ ਦੇਖ, ਕੋਠੀ ਵਾਲੀ ਬਾਹਰ ਖੜ੍ਹੀ। ਤੁਰ ਹਿੰਮਤ ਨਾਲ।"

ਕੋਠੀ ਨੇੜੇ ਪਹੁੰਚ ਕੇ ਚਾਚੀ ਨੇ ਉਚੀ ਅਵਾਜ਼ ਵਿਚ ਕਿਹਾ, "ਮੇਰੀ ਬੜੀ ਭੈਣ ਤਾਂ ਸਾਨੂੰ ਉਡੀਕਦੀ ਖੜ੍ਹੀ ਹੈ।"

ਕੋਠੀ ਵਾਲੀ ਵੀ ਬੋਲੀ, "ਆ ਭੈਣ, ਮੈਂ ਤਾਂ ਕਦੋਂ ਦੀ ਉਡੀਕਦੀ ਹਾਂ। ਆਪਣਿਆਂ ਦੀ ਉਡੀਕ ਤਾਂ ਹਰ ਪਲ ਰਹਿੰਦੀ ਹੈ।" ਉਹ ਦਰਵਾਜੇ ਨੂੰ ਧੱਕਾ ਮਾਰ ਕੇ ਖੋਲ੍ਹਦੀ ਬੋਲੀ, "ਆਵੋ, ਲੰਘ ਆਵੋ।"

ਸਤਿਨਾਮ ਕੌਰ ਨੇ ਨੇੜੇ ਆ ਕੇ ਪੈਰਾਂ ਨੂੰ ਹੱਥ ਲਾਉਂਦਿਆਂ ਸਤਿ ਸ੍ਰੀ ਅਕਾਲ ਬੁਲਾਈ। ਕੋਠੀ ਵਾਲੀ ਪਿਆਰ ਤੇ ਅਸੀਸ ਦਿੰਦੀ ਬੋਲੀ, "ਧੀਏ ਸਤਿ ਸ੍ਰੀ ਅਕਾਲ ਨਾਲੋਂ ਉਪਰ ਦੀ ਕੁਝ ਨਹੀਂ ਹੁੰਦਾ, ਪੈਰਾਂ ਵੱਲ ਨਾ ਹੋਇਆ ਕਰ। ਕਿਧਰ ਚੱਲੀਆਂ?"



ਕਿਰਪਾਲ ਕੌਰ
ਫੋਨ: 815-356-9535

ਉਤਰ ਚਾਚੀ ਨੇ ਦਿਤਾ, "ਮੈਂ ਸੋਚਿਆ, ਤੁਸੀਂ ਵੀ ਜਾਣ ਲਈ ਖੜ੍ਹੇ ਹੋ। ਅਸੀਂ ਤਾਂ ਟੋਭੇ ਵਾਲੇ ਗੁਰਦੁਆਰੇ ਚੱਲੀਆਂ, ਉਥੇ ਅੱਜ ਕਥਾ ਹੋਣੀ ਹੈ।"

ਕੋਠੀ ਵਾਲੀ ਬੋਲੀ, "ਨਹੀਂ, ਮੈਂ ਤਾਂ ਨਹੀਂ ਜਾਣਾ। ਮੈਂ ਤਾਂ ਸੁਣਿਆ ਵੀ ਨਹੀਂ। ਮੈਂ ਤਾਂ ਇਸ ਕਰਕੇ ਗੇਟ ਖੋਲ੍ਹਿਆ ਸੀ ਤਾਂ ਜੋ ਕੋਈ ਨਿਆਣਾ ਦਿਸ ਪਵੇ ਤਾਂ ਹੱਟੀ ਭੇਜ ਕੇ ਰੀਲ੍ਹਾਂ ਮੰਗਵਾ ਲਵਾਂ। ਕੱਲ੍ਹ ਬੰਤੀ ਝੀਰੀ ਦੀ ਕੁੜੀ ਦੇਖੀ, ਪਤਲਾ ਸੂਟ ਪਾਇਆ ਸੀ ਠੰਢ ਵਿਚ। ਇਹ ਦੋ ਸੂਟਾਂ ਦਾ ਕੱਪੜਾ ਪਿਆ ਸੀ, ਸੋਚਿਆ ਸਿਉਂ ਦੇਵਾਂ।"

ਚਾਚੀ ਨੇ ਮੱਥੇ 'ਤੇ ਵੱਟ ਪਾਉਂਦਿਆਂ ਕਿਹਾ, "ਆਹੋ ਭੈਣੇ ਜੇ ਠੰਢ ਲੱਗ ਗਈ ਤਾਂ ਕੰਮ ਖੜ੍ਹ ਜਾਊ।" 'ਚੰਗਾ ਚੱਲਦੇ ਆਂ', ਕਹਿ ਕੇ ਚਾਚੀ ਤੁਰ ਪਈ। ਸਤਿਨਾਮ ਕੌਰ ਵੀ ਸਤਿ ਸ੍ਰੀ ਅਕਾਲ ਬੁਲਾ ਕੇ ਚਾਚੀ ਦੇ ਮਗਰ ਹੋ ਪਈ।

ਨਿੰਮ ਵਾਲੀ ਖੂਹੀ 'ਤੇ ਦੇਖਿਆ, ਨਾ ਕੋਈ ਟਰਾਲੀ, ਨਾ ਕੋਈ ਬੰਦਾ। ਸਤਿਨਾਮ ਕੌਰ ਕੁਝ ਨਾ ਬੋਲੀ। ਚਾਚੀ ਨੇ ਆਸੇ-ਪਾਸੇ ਝਾਤ ਮਾਰੀ। ਸੁੰਨਸਾਨ।

ਚਾਚੀ ਦੇ ਮੱਥੇ 'ਤੇ ਹੋਰ ਵੱਟ ਪੈ ਗਏ। ਉਹ ਬੋਲੀ, "ਬਹੁਤ ਪਰਉਪਕਾਰ ਕਰਨ ਵਾਲੀ ਦੇ ਮੱਥੇ ਲੱਗ ਕੇ ਆਈ ਆਂ। ਸਾਰੀ ਸੰਗਤ ਚਲੀ ਗਈ।"

ਸਤਿਨਾਮ ਕੌਰ ਚੁੱਪ ਰਹੀ। ਸਾਹਮਣੇ ਜੀਪ ਆ ਰਹੀ ਸੀ। ਚਾਚੀ ਨੇ ਮੱਥੇ 'ਤੇ ਹੱਥ ਰੱਖ ਕੇ ਦੇਖਿਆ ਤੇ ਫਿਰ ਕਿਹਾ, "ਟਰਾਲੀ ਤਾਂ ਨਹੀਂ, ਜੀਪ ਲਗਦੀ ਹੈ।"

ਪਿਛੋਂ ਰਤਨਾ ਤਰਖਾਣ ਆ ਕੇ ਬੋਲਿਆ, "ਚਾਚੀ ਜੀ, ਕਿਤੇ ਟੋਭੇ ਵਾਲੇ ਗੁਰਦੁਆਰੇ ਤਾਂ ਨਹੀਂ ਚੱਲੀਆਂ?"

ਚਾਚੀ ਨੇ 'ਹਾਂ' ਵਿਚ ਜਵਾਬ ਦਿੰਦਿਆਂ ਪੁਛਿਆ, "ਤੂੰ ਵੀ ਜਾਣਾਂ?"

ਉਸ ਨੇ ਉਤਰ ਦਿੱਤਾ, "ਨਹੀਂ। ਮੈਂ ਤਾਂ ਦੱਸਣ ਆਇਆਂ ਕਿ ਅੱਜ ਕਥਾ ਨਹੀਂ ਹੋਣੀ। ਜਿਨ੍ਹਾਂ ਦੇ ਕਥਾ ਹੋਈ ਸੀ, ਉਨ੍ਹਾਂ ਦੇ ਘਰ ਸਤਮਾਹਾਂ ਬੱਚਾ ਹੋ ਕੇ ਮਰ ਗਿਆ। ਹੁਣ ਸੂਤਕ ਪਾਤਕ, ਦੋਵੇਂ ਉਨ੍ਹਾਂ ਦੇ ਘਰ ਹੋ ਗਏ। ਇਸ ਲਈ ਕਥਾ ਵਾਲੇ ਸੰਤ ਮੁੜ ਗਏ। ਉਨ੍ਹਾਂ ਦੇ ਘਰ ਦਾ ਤਾਂ ਸੰਤਾਂ ਨੇ ਪਾਣੀ ਵੀ ਨਹੀਂ ਸੀ ਪੀਣਾ।"

"ਅੱਛਾ।" ਚਾਚੀ ਨੇ ਕਿਹਾ, "ਮੈਂ ਵੀ ਸੋਚਾਂ, ਇਹ ਕਿਵੇਂ ਕੋਈ ਸੰਗਤ ਹੈ ਹੀ ਨਹੀਂ। ਚੱਲ ਇਹ ਤਾਂ ਠੀਕ ਹੈ। ਸੂਤਕ ਪਾਤਕ ਵਾਲੇ ਘਰ ਤਾਂ ਲੰਗਰ ਵੀ ਨਹੀਂ ਬਣਨਾ ਚਾਹੀਦਾ। ਕਿਹੜਾ ਸੰਤ ਖਾਊ।"

ਪਿੱਛੇ ਖੜ੍ਹਾ ਗੁਰਭਜਨ ਬੋਲਿਆ, "ਚਾਚੀ, ਗੁਰਸਿੱਖ ਤਾਂ ਹਰ ਕੋਈ ਖਾਊ।"

ਚਾਚੀ ਨੇ ਮੁੜ ਕੇ ਦੇਖਿਆ ਅਤੇ ਬੋਲੀ, "ਵੇ ਕਮਲਿਆ, ਸੁਣਿਆ ਤਾਂ ਤੂੰ ਕੁਝ ਹੈ ਨਹੀਂ। ਇਸ ਦੱਸਿਆ ਕਿ ਜਿਨ੍ਹਾਂ ਕਥਾ ਕਰਵਾਈ ਸੀ, ਉਨ੍ਹਾਂ ਦੇ ਘਰ ਸੂਤਕ ਪਾਤਕ ਹੋ ਗਿਆ।"

"ਹਾਂ ਜੀ ਚਾਚੀ ਜੀ, ਮੈਂ ਤਾਂ ਸਮਝਿਆ ਸੀ, ਤੁਸੀਂ ਗੁਰਦੁਆਰੇ ਜਾਣਾ। ਕੋਈ ਗੁਰਸਿੱਖ ਵੀਰ ਹੋਵੇਗਾ ਕਥਾਵਾਚਕ, ਪਰ ਨਹੀਂ। ਗੁਰਸਿੱਖਾਂ ਵਿਚ ਸੂਤਕ ਪਾਤਕ ਵਹਿਮ ਨਹੀਂ ਹਨ, ਨਾਲੇ ਲੰਗਰ ਗੁਰਦੁਆਰੇ ਬਣਦਾ ਹੁੰਦਾ। ਘਰੋਂ ਬਣ ਕੇ ਕਿਉਂ ਆਵੇਗਾ। ਚਲੋ ਸੱਚਾਈ ਪਤਾ ਲੱਗ ਗਈ। ਕੋਈ ਪਖੰਡੀ ਹੋਵੇਗਾ ਕਥਾ ਕਰਨ ਵਾਲਾ।"

ਚਾਚੀ ਹੱਥ ਜੋੜ ਕੇ ਬੋਲੀ, "ਮੁੰਡਿਆ, ਰੱਬ ਦੇ ਵਾਸਤੇ ਸੰਤਾਂ ਸਾਧਾਂ ਮਹਾਪੁਰਖਾਂ ਦੀ ਸੇਵਾ ਨਹੀਂ ਕਰ ਸਕਦੇ ਤਾਂ ਬੁਰਾ ਵੀ ਨਾ ਬੋਲੋ। ਵਾਹਿਗੁਰੂ-ਵਾਹਿਗੁਰੂ। ਨਾ ਜਾਣੇ ਇਨ੍ਹਾਂ ਨੂੰ ਕੀ ਭਾਣਾ ਵਰਤਿਆ, ਬੋਲਣ ਲੱਗੇ ਡਰਦੇ ਨਹੀਂ।" ਸਤਿਨਾਮ ਕੌਰ ਦਾ ਹੱਥ ਫੜ ਕੇ ਚਾਚੀ ਤੁਰ ਪਈ।

ਗੁਰਭਜਨ ਨੇ ਮੋਹਰੇ ਹੋ ਕੇ ਕਿਹਾ, "ਚਾਚੀ ਜੀ, ਮੇਰੀ ਸੇਵਾ ਪ੍ਰਵਾਨ ਕਰੋ। ਮੈਂ ਜੀਪ ਤੁਹਾਡੇ ਲਈ ਲੈ ਕੇ ਆਇਆਂ।" ਉਹਨੇ ਚਾਚੀ ਦਾ ਹੱਥ ਫੜ ਕੇ ਜੀਪ ਵਿਚ ਬਿਠਾ ਲਿਆ ਤੇ ਸਤਿਨਾਮ ਕੌਰ ਨੂੰ ਕਿਹਾ, "ਤੂੰ ਵੀ ਬੈਠ।"

ਘਰ ਛੱਡ ਕੇ ਉਹ ਤਾਂ ਮੁੜ ਗਿਆ, ਸਤਿਨਾਮ ਕੌਰ ਨੇ ਚਾਚੀ ਨੂੰ ਧੁੱਪੇ ਮੰਜੇ 'ਤੇ ਬਿਠਾ ਕੇ ਚਾਹ ਪਿਆਈ, ਪਿੰਨੀ ਖੁਆਈ। ਫਿਰ ਬੋਲੀ, "ਚਾਚੀ ਜੀ, ਥੋੜ੍ਹਾ ਅਰਾਮ ਕਰੋ।" ਫਿਰ ਹੱਥ 'ਚ ਫੜੇ ਖੇਸ ਦੀ ਤਹਿ ਖੋਲ੍ਹ ਉਸ ਦੇ ਉਪਰ ਦੇ ਦਿੱਤਾ।

ਚਾਚੀ ਲੰਮੀ ਤਾਂ ਪੈ ਗਈ, ਪਰ ਉਸ ਦਾ ਮਨ ਸ਼ਾਂਤ ਨਹੀਂ ਸੀ। ਮਨ ਅੰਦਰ ਸੋਚਦੀ, ਖਬਰੇ ਜ਼ਮਾਨੇ ਨੂੰ ਕੀ ਲੋਹੜਾ ਆ ਗਿਆ! ਧਰਮ ਕਰਮ ਦੀ ਗੱਲ ਤਾਂ ਕਿਸੇ ਨੂੰ ਚੰਗੀ ਹੀ ਨਹੀਂ ਲਗਦੀ। ਵਿਸਾਖੀ ਵਾਲੇ ਦਿਨ ਸਾਡੀ ਸਤਿਨਾਮ ਕੌਰ ਵੀ ਕੋਠੀ ਵਾਲੀ ਦੇ ਨਾਲ ਠਾਣੇਦਾਰਨੀ ਬਣੀ ਖੜ੍ਹੀ ਸੀ, ਸਰੋਵਰ ਵਿਚ ਕੋਈ ਪ੍ਰਸ਼ਾਦ ਨਾ ਪਾਵੋ। ਨਿਸ਼ਾਨ ਸਾਹਿਬ ਹੇਠ ਪੰਛੀਆਂ ਲਈ ਦਾਣੇ ਨਾ ਪਾਵੋ। ਹੋਰ ਤਾਂ ਹੋਰ ਗੁਰਦੁਆਰੇ ਦੀ ਜੋਤ ਦੇ ਵੀ ਉਲਟ ਬੋਲਦੀ।

ਚਾਚੀ ਉਠ ਕੇ ਬੈਠ ਗਈ। ਸਤਿਨਾਮ ਕੌਰ ਸਾਹਮਣੇ ਬੈਠੀ ਕੁਝ ਚੁਗ ਰਹੀ ਸੀ। ਬੋਲੀ, "ਚਾਚੀ ਜੀ ਕੀ ਗੱਲ, ਕੁਝ ਚਾਹੀਦਾ?" ਫਿਰ ਆਪ ਉਠ ਕੇ ਆ ਗਈ ਤੇ ਪੁਛਿਆ, "ਪਾਣੀ ਲਿਆਵਾਂ?"

ਚਾਚੀ ਨੇ ਕਿਹਾ, "ਧੀਏ! ਮੈਨੂੰ ਕੁਝ ਨਹੀਂ ਚਾਹੀਦਾ। ਤੂੰ ਮੇਰੇ ਕੋਲ ਬੈਠ।"

ਸਤਿਨਾਮ ਕੌਰ ਚਾਚੀ ਦੇ ਕੋਲ ਮੰਜੇ 'ਤੇ ਬੈਠ ਗਈ ਤੇ ਚਾਚੀ ਦਾ ਹੱਥ ਫੜ ਕੇ ਬੋਲੀ, "ਕੀ ਗੱਲ ਚਾਚੀ ਜੀ, ਤੁਹਾਡੀ ਤਬੀਅਤ ਤਾਂ ਠੀਕ ਹੈ? ਤੁਸੀਂ ਘਬਰਾਏ ਲੱਗਦੇ ਹੋ?" ਫਿਰ ਚਾਚੀ ਦੇ ਮੋਢਿਆਂ ਨੂੰ ਹੌਲੀ-ਹੌਲੀ ਦਬਾਉਣ ਲੱਗ ਪਈ।

ਚਾਚੀ ਨੇ ਉਸ ਦਾ ਹੱਥ ਫੜ ਕੇ ਕਿਹਾ, "ਮੇਰਾ ਕੁਝ ਨਹੀਂ ਦੁਖਦਾ, ਮੈਂ ਚੰਗੀ ਭਲੀ ਹਾਂ। ਮੇਰਾ ਤਾਂ ਤੇਰੇ ਨਾਲ ਗੱਲਾਂ ਕਰਨ ਨੂੰ ਜੀਅ ਕਰਦਾ।"

"ਚਾਚੀ ਜੀ, ਜਿੰਨੀਆਂ ਚਾਹੇ ਗੱਲਾਂ ਕਰੋ। ਮੈਂ ਤੁਹਾਡੇ ਕੋਲ ਹਾਂ।"

ਚਾਚੀ ਨੇ ਸਤਿਨਾਮ ਕੌਰ ਦੇ ਸਿਰ 'ਤੇ ਪਿਆਰ ਦਿੱਤਾ। ਫਿਰ ਬੋਲੀ, "ਧੀਏ, ਜਿੰਨਾ ਤੂੰ ਮੇਰਾ ਖਿਆਲ ਰੱਖਦੀ ਏਂ, ਐਨਾ ਕੋਈ ਧੀ ਵੀ ਨਹੀਂ ਰੱਖਦੀ, ਤੂੰ ਤਾਂ ਫਿਰ ਮੇਰੇ ਜੇਠ ਜਠਾਣੀ ਦੀ ਨੂੰਹ ਹੈ। ਮੈਂ ਤੈਨੂੰ ਗੁੱਸੇ ਵੀ ਹੋ ਲੈਨੀਂ ਹਾਂ। ਪਤਾ ਨਹੀਂ, ਕੀ ਕੁਝ ਬੋਲ ਲੈਂਦੀ ਹਾਂ। ਤੇਰੇ ਮੱਥੇ 'ਤੇ ਕਦੀ ਵੱਟ ਨਹੀਂ ਦੇਖਿਆ।"

ਸਤਿਨਾਮ ਕੌਰ ਨੇ ਮੋਢੇ ਦੱਬਣੇ ਛੱਡ ਕੇ ਹੱਥ ਜੋੜ ਕੇ ਕਿਹਾ, "ਚਾਚੀ ਜੀ ਇਹ ਗੱਲਾਂ ਛੱਡੋ, ਮੈਨੂੰ ਦੱਸੋ ਤੁਹਾਨੂੰ ਨੀਂਦ ਕਿਉਂ ਨਹੀਂ ਆਈ? ਮੈਂ ਫੁਲਕਾ ਬਣਾ ਕੇ ਲਿਆਵਾਂ?"

"ਧੀਏ ਅਜੇ ਭੁੱਖ ਨਹੀਂ। ਤੂੰ ਮੇਰੇ ਨਾਲ ਗੱਲਾਂ ਕਰ।"

"ਗੱਲਾਂ ਤਾਂ ਆਪਾਂ ਕਰ ਹੀ ਰਹੀਆਂ ਹਾਂ ਚਾਚੀ ਜੀ, ਤੁਸੀਂ ਸੁਣਾਉ ਕੋਈ ਗੱਲ?"

"ਮੈਂ ਤੈਨੂੰ ਪੁਛਦੀ ਹਾਂ, ਤੂੰ ਮੈਨੂੰ ਸਮਝਾ। ਤੂੰ ਕਹਿੰਦੀ ਸੀ, ਮੱਛੀਆਂ ਨੂੰ ਸਰੋਵਰ ਵਿਚ ਆਟੇ ਦੀਆਂ ਗੋਲੀਆਂ ਨਾ ਪਾਉ। ਨਿਸ਼ਾਨ ਸਾਹਿਬ ਦੇ ਚਬੂਤਰੇ 'ਤੇ ਪੰਛੀਆਂ ਨੂੰ ਦਾਣੇ ਨਾ ਪਾਉ। ਗੁਰਦੁਆਰੇ ਦੇ ਅੰਦਰ ਇਕ ਪਾਸੇ ਜੋਤ ਜਲਾਉਣ ਲਈ ਵੱਖਰੀ ਚਿਮਨੀ ਬਣੀ ਹੋਈ ਹੈ, ਤੂੰ ਉਹਦੇ ਵੀ ਉਲਟ ਬੋਲਦੀ ਹੈਂ। ਅਖੰਡ ਪਾਠ ਕਰਨ ਸਮੇਂ ਕੁੰਭ ਰੱਖਣ ਦੇ ਤੂੰ ਖਿਲਾਫ ਹੈਂ। ਅੱਜ ਗੁਰਭਜਨ ਸਿੰਘ ਵੀ ਬਚਨ ਕਰ ਗਿਆ ਕਿ ਸੂਤਕ ਪਾਤਕ ਕੁਝ ਨਹੀਂ ਹੁੰਦਾ। ਅੱਜ ਦੇ ਯੁੱਗ ਵਿਚ ਧਰਮ ਦੀ ਕੋਈ ਗੱਲ ਹੈ ਕਿ ਨਹੀਂ? ਮੈਂ ਤਾਂ ਜਿਵੇਂ ਰਾਹ ਭੁੱਲਾ ਬੰਦਾ ਘਬਰਾ ਜਾਂਦਾ, ਡਰ ਜਾਂਦਾ, ਉਂਜ ਹੋਈ ਪਈ ਹਾਂ। ਕਿਸੇ ਸੰਤ ਮਹਾਤਮਾ ਦਾ ਨਾਂ ਤੇਰਾ ਚਾਚਾ ਹੀ ਨਹੀਂ ਲੈਣ ਦਿੰਦਾ। ਮੈਨੂੰ ਤੂੰ ਦੱਸ, ਕੀ ਕਰਨਾ ਚਾਹੀਦਾ, ਕੀ ਨਹੀਂ? ਜੋ ਨਹੀਂ ਕਰਨਾ ਚਾਹੀਦਾ, ਉਹ ਕਿਉਂ?"

"ਅੱਛਾ ਚਾਚੀ ਜੀ, ਤੁਸੀਂ ਇਨ੍ਹਾਂ ਗੱਲਾਂ ਲਈ ਪ੍ਰੇਸ਼ਾਨ ਹੋ। ਤੁਹਾਨੂੰ ਪ੍ਰੇਸ਼ਾਨ ਹੋਣ ਦੀ ਕੋਈ ਲੋੜ ਨਹੀਂ। ਤੁਸੀਂ ਸਭ ਕੁਝ ਸਮਝ ਜਾਵੋਗੇ। ਪਹਿਲਾਂ ਦੱਸੋ, ਫੁਲਕਾ ਇਥੇ ਵਿਹੜੇ ਵਿਚ ਹੀ ਖਾਉਗੇ ਜਾਂ ਅੰਦਰ ਜਾ ਕੇ।"

ਚਾਚੀ ਦਾ ਫਿਰ ਉਹੀ ਉਤਰ ਸੀ, "ਮੈਂ ਫੁਲਕਾ ਨਹੀਂ ਖਾਣਾ, ਭੁੱਖ ਨਹੀਂ ਹੈ।"

ਚਾਚੀ ਨੇ ਥੋੜ੍ਹੀ ਉਚੀ ਆਵਾਜ਼ ਵਿਚ ਕਿਹਾ, "ਮੈਂ ਕਹਿ ਰਹੀ ਹਾਂ, ਮੈਨੂੰ ਮੇਰੇ ਸਵਾਲਾਂ ਦੇ ਜਵਾਬ ਦੇ ਦੇਵੋ।"

ਸਤਿਨਾਮ ਕੌਰ ਚਾਚੀ ਦੇ ਮੰਜੇ 'ਤੇ ਬੈਠ ਗਈ। "ਮੈਂ ਹੁਣ ਆਪਣੀ ਚਾਚੀ ਦੀ ਸੇਵਾ ਵਿਚ ਹਾਜ਼ਰ ਹਾਂ। ਪੁੱਛੋ ਸਵਾਲ।" ਕਹਿ ਕੇ ਚਾਚੀ ਦੇ ਗੋਡਿਆਂ 'ਤੇ ਖੇਸ ਦੇ ਕੇ ਹੌਲੀ-ਹੌਲੀ ਦੱਬਣ ਲੱਗ ਪਈ।

"ਦੱਸ ਮੈਨੂੰ ਸਰੋਵਰ ਵਿਚ ਮੱਛੀਆਂ ਲਈ ਕੋਈ ਲੰਗਰ ਲਾਇਆ ਹੈ ਕਿਸੇ ਨੇ? ਸਾਡੇ ਬਜੁਰਗ ਤੀਰਥਾਂ 'ਤੇ ਜਾਂਦੇ ਘਰੋਂ ਆਟਾ ਲੈ ਕੇ ਜਾਂਦੇ ਹੁੰਦੇ ਸੀ। ਜਾ ਕੇ ਗੋਲੀਆਂ ਬਣਾ ਕੇ ਦਰਿਆਵਾਂ ਵਿਚ ਪਾਉਂਦੇ ਸੀ।"

"ਚਾਚੀ ਜੀ, ਤੁਸੀਂ ਬਿਲਕੁਲ ਠੀਕ ਕਹਿੰਦੇ ਹੋ।" ਸਤਿਨਾਮ ਕੌਰ ਨੇ ਕਿਹਾ, "ਸਰੋਵਰ ਤੇ ਦਰਿਆ ਵਿਚ ਫਰਕ ਹੈ। ਦਰਿਆ ਦਾ ਪਾਣੀ ਵਹਿੰਦਾ, ਉਸ ਵਿਚ ਇਕ ਤਾਂ ਕੱਛ, ਮੱਛ ਜ਼ਿਆਦਾ ਹੁੰਦੇ ਹਨ ਖਾਣ ਲਈ; ਦੂਸਰਾ ਜੋ ਪਾਉ, ਪਾਣੀ ਦੇ ਨਾਲ ਅੱਗੇ ਚਲਦਾ ਰਹਿੰਦਾ ਹੈ। ਸਰੋਵਰ ਦਾ ਪਾਣੀ ਖੜ੍ਹਾ ਰਹਿੰਦਾ ਹੈ। ਬਦਲ ਤਾਂ ਹੁੰਦਾ ਨਹੀਂ। ਉਸੇ ਪਾਣੀ ਵਿਚ ਹੋਰ ਪਾ ਦਿੱਤਾ ਜਾਂਦਾ ਹੈ। ਮੱਛੀਆਂ ਥੋੜ੍ਹੀਆਂ ਹੋਣ ਕਰ ਕੇ ਆਟੇ ਦੀਆਂ ਗੋਲੀਆਂ ਪਾਣੀ ਵਿਚ ਸੜਦੀਆਂ ਰਹਿੰਦੀਆਂ ਹਨ। ਮੱਛੀਆਂ ਲਈ ਬਿਮਾਰੀ ਬਣ ਜਾਂਦੀਆਂ ਹਨ। ਖੜ੍ਹੇ ਪਾਣੀ ਦੀਆਂ ਮੱਛੀਆਂ ਲਈ ਹੋਰ ਖੁਰਾਕ ਹੁੰਦੀ ਹੈ, ਜਿਹੜੀ ਪਾਈ ਜਾਂਦੀ ਹੈ। ਮੱਛੀਆਂ ਲਈ ਤਾਂ ਸੁਣਿਆ ਹੈ ਕਿ ਬੜੀ ਮੱਛੀ ਛੋਟੀ ਨੂੰ ਖਾ ਲੈਂਦੀ ਹੈ।"

ਚਾਚੀ ਬੜੇ ਧਿਆਨ ਨਾਲ ਸੁਣ ਰਹੀ ਸੀ, ਫਿਰ ਬੋਲੀ, "ਪੰਛੀਆਂ ਨੂੰ ਦਾਣੇ ਪਾਉਣ ਤੋਂ ਕਿਉਂ ਰੋਕਦੀ ਹੈਂ।"

"ਨਹੀਂ ਚਾਚੀ ਜੀ, ਮੈਂ ਰੋਕਦੀ ਨਹੀਂ। ਤੁਸੀਂ ਆਪ ਦੇਖਿਆ ਹੋਣਾ, ਨਿਸ਼ਾਨ ਸਾਹਿਬ ਵਾਲੇ ਥੜ੍ਹੇ 'ਤੇ ਕਿੰਨੀਆਂ ਬਿੱਠਾਂ ਪਈਆਂ ਹੁੰਦੀਆਂ। ਮੱਥਾ ਟੇਕਣ ਵਾਲੇ ਹੱਥਾਂ ਨੂੰ, ਮੱਥੇ ਨੂੰ ਲਗਦੀਆਂ। ਜੇ ਦਾਣੇ ਪਾਉਣੇ ਜ਼ਰੂਰੀ ਹਨ ਤਾਂ ਖੁੱਲ੍ਹੀ ਜਗ੍ਹਾ 'ਤੇ ਪਾਉ ਜਿਥੇ ਕਿਸੇ ਦੇ ਮੱਥੇ ਨੂੰ ਬਿੱਠਾਂ ਨਾ ਲੱਗਣ। ਪੰਛੀ ਤਾਂ ਦਾਣੇ ਚੁਗਦੇ ਬਿੱਠਾਂ ਕਰਦੇ ਰਹਿੰਦੇ ਹਨ। ਅਸੀਂ ਪੰਛੀਆਂ ਦੀ ਸੇਵਾ ਕਰਨੀ ਚਾਹੁੰਦੇ ਹਾਂ ਤਾਂ ਰੁੱਖ ਲਾਈਏ ਤੇ ਲੱਗੇ ਹੋਏ ਰੁੱਖ ਕੱਟਣ ਨਾ ਦੇਈਏ। ਤਰ੍ਹਾਂ-ਤਰ੍ਹਾਂ ਦੇ ਰੁੱਖਾਂ 'ਤੇ ਭਾਂਤ-ਭਾਂਤ ਦੇ ਪੰਛੀ ਰਹਿਣਗੇ। ਆਲ੍ਹਣੇ ਬਣਾਉਣਗੇ। ਰੁੱਖ ਲਾ ਕੇ ਤੇ ਸੰਭਾਲ ਕੇ ਅਸੀਂ ਵਾਤਾਵਰਣ ਨੂੰ ਸੰਭਾਲਾਂਗੇ। ਇਨ੍ਹਾਂ ਨੂੰ ਘਰ ਤੇ ਖੁਰਾਕ-ਦੋਵੇਂ ਦੇਵਾਂਗੇ। ਰੁੱਖ ਤੇ ਪੰਛੀ ਸਾਡੇ ਆਲੇ-ਦੁਆਲੇ ਦੀ ਸੁੰਦਰਤਾ ਵਿਚ ਵਾਧਾ ਕਰਨਗੇ।"

"ਅੱਛਾ।" ਚਾਚੀ ਨੇ ਕਿਹਾ, "ਤੇਰਾ ਮਤਲਬ ਰੁੱਖ ਲਾ ਕੇ ਉਨ੍ਹਾਂ ਦੇ ਫਲ ਫੁੱਲ ਖਾਣ ਦਾ ਪ੍ਰਬੰਧ ਕਰਾਂ।" ਫਿਰ ਬੋਲੀ, "ਅੱਛਾ, ਹੁਣ ਦੱਸ, ਗੁਰਦੁਆਰੇ ਜੋਤ ਲਈ ਕੀ ਇਤਰਾਜ਼ ਹੈ?"

"ਚਾਚੀ ਜੀ ਇਤਰਾਜ਼ ਮੈਨੂੰ ਕਿਸੇ ਗੱਲ ਦਾ ਨਹੀਂ। ਮੈਂ ਕੌਣ ਹੁੰਦੀ ਹਾਂ ਇਤਰਾਜ਼ ਕਰਨ ਵਾਲੀ। ਚਾਚੀ ਜੀ, ਉਹ ਜੋਤ ਕਿਸੇ ਨੂੰ ਰਾਹ ਦਿਖਾਉਂਦੀ ਹੈ। ਕੀ ਗੁਰੂ ਸਾਹਿਬ ਰਾਹ ਭੁੱਲੇ ਹੋਏ ਹਨ। ਉਸ ਵਿਚ ਰਾਤ ਦਿਨ ਦੇਸੀ ਘਿਉ ਫੂਕਦੇ ਹਾਂ। ਗਰੀਬ ਦੇ ਬੱਚੇ ਦੀ ਰੋਟੀ ਚੋਪੜਨ ਲਈ ਘਿਉ ਦਾ ਚਮਚਾ ਨਹੀਂ। ਚਾਚੀ ਜੀ, ਅਸੀਂ ਸਾਰੇ ਭੁੱਲੇ ਹੋਏ ਹਾਂ। ਅਸੀਂ ਗੁਰਦੁਆਰੇ ਕਿਉਂ ਜਾਂਦੇ ਹਾਂ? ਇਸ ਲਈ ਕਿ ਉਥੇ ਸਾਡੇ ਗੁਰੂਆਂ ਦੀ ਬਾਣੀ ਸੁਣਨ ਨੂੰ ਮਿਲਦੀ ਹੈ। ਸਾਡੇ ਗੁਰੂਆਂ ਦੇ ਬਚਨ ਜਿਹੜੇ ਜ਼ਿੰਦਗੀ ਜਿਉਣੀ ਦੱਸਦੇ ਹਨ, ਸੁਣਨ ਨੂੰ ਮਿਲਦੇ ਹਨ। ਉਨ੍ਹਾਂ ਵੱਲ ਤਾਂ ਸਾਡਾ ਧਿਆਨ ਨਹੀਂ। ਉਨ੍ਹਾਂ ਤਾਂ ਸਾਨੂੰ ਕਿਹਾ, 'ਨਾਮ ਜਪੋ, ਵੰਡ ਛਕੋ।' ਮਹਿੰਗਾ ਰੁਮਾਲਾ ਭੇਟ ਕਰਨ ਨਾਲੋਂ ਕਿਸੇ ਗਰੀਬ ਦਾ ਤਨ ਖੱਦਰ ਨਾਲ ਢੱਕ ਦੇਣਾ ਚੰਗੀ ਗੱਲ ਹੈ। ਜੇ ਦੇਣ ਦੀ ਸਮਰੱਥਾ ਹੈ, ਕਿਸੇ ਦੀ ਲੋੜ ਪੂਰੀ ਕਰਨ ਲਈ ਉਦਮ ਕਰਨਾ ਚਾਹੀਦਾ ਹੈ।"

ਚਾਚੀ ਨੇ ਸਤਿਨਾਮ ਕੌਰ ਦੇ ਸਿਰ 'ਤੇ ਹੱਥ ਰੱਖ ਕੇ ਕਿਹਾ, "ਧੀਏ ਤੇਰੀ ਦਲੀਲ ਹੈ ਤਾਂ ਸੋਲਾਂ ਆਨੇ ਠੀਕ।"

ਕੁਝ ਚਿਰ ਚਾਚੀ ਸੋਚਾਂ ਵਿਚ ਪਈ ਰਹੀ। ਫਿਰ ਕੁਝ ਪਲ ਰੁਕ ਕੇ ਬੋਲੀ, "ਅੱਜ ਸਮਝ ਆਈ, ਤੂੰ ਸੰਗਰਾਂਦ ਵਾਲੇ ਦਿਨ ਕਦੇ ਰਸਦ ਪ੍ਰਸ਼ਾਦ ਵੀ ਲੈ ਕੇ ਨਹੀਂ ਜਾਂਦੀ। ਮੱਝ ਦੇ ਪਹਿਲੇ ਘਿਉ ਦੀ ਅਰਦਾਸ ਨਹੀਂ ਕਰਵਾਈ। ਉਹ ਸਭ ਕੁਝ ਤੂੰ ਭੱਠੇ ਦੇ ਮਜ਼ਦੂਰਾਂ ਦੇ ਬੱਚਿਆਂ ਲਈ ਪਿੰਨੀਆਂ ਬਣਾ ਕੇ ਸਕੂਲ ਆਇਆਂ ਨੂੰ ਛਕਾਉਂਦੀ ਹੈਂ। ਉਨ੍ਹਾਂ ਨੂੰ ਸਕੂਲ ਦੀਆਂ ਵਰਦੀਆਂ ਵੀ ਦਿੰਦੀ ਹੈਂ। ਸ਼ਾਬਾਸ਼ ਧੀਏ! ਲੈ ਅੱਜ ਤੋਂ ਆਪਣੀ ਇਸ ਚਾਚੀ ਨੂੰ ਆਪਣੀ ਸਾਥਣ ਬਣਾ ਲੈ।"

"ਚਾਚੀ ਜੀ, ਆਪਣਾ ਸਾਥ ਗੁਰੂ ਨੇ ਬਣਾਇਆ ਹੋਇਆ ਹੈ।" ਸਤਿਨਾਮ ਕੌਰ ਬੋਲੀ।

ਚਾਚੀ ਨੇ ਹੱਥ ਜੋੜ ਕੇ ਕਿਹਾ, "ਅੱਜ ਤੋਂ ਜਿਵੇਂ ਤੂੰ ਕਹੇਂਗੀ, ਉਸ ਤਰ੍ਹਾਂ ਮੈਂ ਕਰੂੰਗੀ।"

"ਚਾਚੀ, ਕੀ ਕਰਨ ਦੀਆਂ ਸਲਾਹਾਂ ਬਣ ਰਹੀਆਂ ਹਨ।" ਸਾਹਮਣੇ ਘਰ ਵਾਲੀ ਨਸੀਬ ਕੌਰ ਨੇ ਵਿਹੜੇ ਵਿਚ ਵੜਦੀ ਨੇ ਕਿਹਾ।

ਚਾਚੀ ਨੇ ਉਸ ਵੱਲ ਦੇਖ ਕੇ ਕਿਹਾ, "ਆ ਨਸੀਬ ਕੁਰੇ, ਸਾਡੀਆਂ ਗੱਲਾਂ ਸੁਣਦੀ ਸੀ ਤੂੰ।"

"ਚਾਚੀ ਜੀ, ਮੈਂ ਬਾਹਰੋਂ ਵੀ ਤੁਹਾਡੀਆਂ ਹੀ ਗੱਲਾਂ ਸੁਣ ਕੇ ਆਈ ਹਾਂ। ਤੁਹਾਡੇ ਵਿਹੜੇ ਦਾ

***ਚਾਚੀ ਨੇ ਸਤਿਨਾਮ ਕੌਰ ਦੇ ਸਿਰ 'ਤੇ ਹੱਥ ਰੱਖ ਕੇ ਕਿਹਾ, "ਧੀਏ ਤੇਰੀ ਦਲੀਲ ਹੈ ਤਾਂ ਸੋਲਾਂ ਆਨੇ ਠੀਕ।"***

***ਕੁਝ ਚਿਰ ਚਾਚੀ ਸੋਚਾਂ ਵਿਚ ਪਈ ਰਹੀ। ਫਿਰ ਕੁਝ ਪਲ ਰੁਕ ਕੇ ਬੋਲੀ, "ਅੱਜ ਸਮਝ ਆਈ, ਤੂੰ ਸੰਗਰਾਂਦ ਵਾਲੇ ਦਿਨ ਕਦੇ ਰਸਦ ਪ੍ਰਸ਼ਾਦ ਵੀ ਲੈ ਕੇ ਨਹੀਂ ਜਾਂਦੀ। ਮੱਝ ਦੇ ਪਹਿਲੇ ਘਿਉ ਦੀ ਅਰਦਾਸ ਨਹੀਂ ਕਰਵਾਈ। ਉਹ ਸਭ ਕੁਝ ਤੂੰ ਭੱਠੇ ਦੇ ਮਜ਼ਦੂਰਾਂ ਦੇ ਬੱਚਿਆਂ ਲਈ ਪਿੰਨੀਆਂ ਬਣਾ ਕੇ ਸਕੂਲ ਆਇਆਂ ਨੂੰ ਛਕਾਉਂਦੀ ਹੈਂ। ਉਨ੍ਹਾਂ ਨੂੰ ਸਕੂਲ ਦੀਆਂ ਵਰਦੀਆਂ ਵੀ ਦਿੰਦੀ ਹੈਂ। ਸ਼ਾਬਾਸ਼ ਧੀਏ! ਲੈ ਅੱਜ ਤੋਂ ਆਪਣੀ ਇਸ ਚਾਚੀ ਨੂੰ ਆਪਣੀ ਸਾਥਣ ਬਣਾ ਲੈ।"***

ਦਰਵਾਜਾ ਖੁੱਲ੍ਹਾ ਸੀ। ਮੈਂ ਆਪਣੇ ਘਰ ਨਾ ਵੜੀ, ਇਧਰ ਹੀ ਆ ਗਈ।"

"ਨਾ ਨਸੀਬ ਕੁਰੇ, ਬਾਹਰੋਂ ਤੂੰ ਸਾਡੀਆਂ ਕੀ ਗੱਲਾਂ ਸੁਣਦੀ ਆਈ ਹੈਂ? ਅਸੀਂ ਕਿਸੇ ਦੀ ਮੱਝ ਖੋਲ੍ਹ ਲਿਆਂਦੀ?" ਚਾਚੀ ਨੇ ਥੋੜ੍ਹੀ ਨਾਰਾਜ਼ਗੀ ਦਿਖਾਈ।

ਸਤਿਨਾਮ ਕੌਰ ਹੱਸ ਕੇ ਬੋਲੀ, "ਬੀਬੀ ਤੂੰ ਸਾਡੀਆਂ ਗੱਲਾਂ ਬਾਹਰੋਂ ਕਿਵੇਂ ਸੁਣ ਲਈਆਂ? ਅਸੀਂ ਤਾਂ ਅੰਦਰ ਬੈਠੀਆਂ ਗੱਲਾਂ ਕਰਦੀਆਂ ਸਾਂ।"

ਨਸੀਬ ਕੌਰ ਨੇ ਚਾਚੀ ਦੀ ਪੁੱਠੀ ਪਈ ਜੁੱਤੀ ਨੂੰ ਸਿੱਧੀ ਕਰਕੇ ਦੋਵੇਂ ਪੈਰ ਇਕੱਠੇ ਕਰਕੇ ਰੱਖ ਕੇ ਹੱਥ ਆਪਣੇ ਮੱਥੇ ਨੂੰ ਲਾਇਆ। ਚਾਚੀ ਨੇ ਉਸ ਦੇ ਮੋਢੇ 'ਤੇ ਹੱਥ ਮਾਰ ਕੇ ਕਿਹਾ, "ਇਹ ਕੀ ਨਵਾਂ ਡਰਾਮਾ?"

"ਨਹੀਂ ਚਾਚੀ ਜੀ, ਲੱਤਾਂ ਤਾਂ ਤੁਸੀਂ ਖੇਸ ਨਾਲ ਢੱਕੀਆਂ ਹੋਈਆਂ। ਮੈਂ ਪੈਰ ਨੰਗੇ ਨਹੀਂ ਕੀਤੇ। ਮਾਂ ਦੀ ਜੁੱਤੀ ਨੂੰ ਮੱਥਾ ਟੇਕ ਲਿਆ।" ਫਿਰ ਮੰਜੇ 'ਤੇ ਬੈਠ ਕੇ ਬੋਲੀ, "ਚਾਚੀ ਜੀ, ਮੈਂ ਤਾਂ ਸਤਿਨਾਮ ਦੀਆਂ ਤਾਰੀਫਾਂ ਪੰਚਾਇਤਾਂ ਵਿਚ ਹੁੰਦੀਆਂ ਸੁਣ ਕੇ ਆਈ ਹਾਂ।"

"ਅੱਜ ਪੰਚਾਇਤ ਦੀ ਮੀਟਿੰਗ ਸੀ?" ਚਾਚੀ ਨੇ ਪੁੱਛਿਆ।

"ਨਹੀਂ ਜੀ, ਅੱਜ ਮੀਟਿੰਗ ਤਾਂ ਨਹੀਂ ਸੀ, ਉਹ ਮੀਟਿੰਗ ਰੱਖਣ ਲਈ ਸਲਾਹ ਕਰ ਰਹੇ ਸੀ। ਕਹਿੰਦੇ ਸੀ, ਸਾਰੇ ਪਿੰਡ ਨੂੰ ਸੱਦਣਾ। ਸਤਿਨਾਮ ਕੌਰ ਦੀਆਂ ਤਾਰੀਫਾਂ ਕਰਦੇ ਸੀ।"

ਚਾਚੀ ਨੇ ਕਿਹਾ, "ਨਸੀਬ ਕੁਰੇ, ਕੁਰਸੀ ਖਿੱਚ ਕੇ ਮੇਰੇ ਸਾਹਮਣੇ ਬੈਠ ਕੇ ਗੱਲ ਦੱਸ।"

ਸਤਿਨਾਮ ਕੌਰ ਨੇ ਕੁਰਸੀ ਮੰਜੇ ਦੇ ਸਾਹਮਣੇ ਰੱਖ ਦਿੱਤੀ। ਫਿਰ ਬੋਲੀ, "ਬੀਬੀ ਬੈਠ ਕੇ ਚਾਚੀ ਨੂੰ ਦੱਸ ਕੀ ਗੱਲ ਸੁਣ ਕੇ ਆਈ ਹੈਂ?" ਉਹ ਆਪ ਵੀ ਚਾਚੀ ਕੋਲ ਬੈਠ ਗਈ। ਨਸੀਬ ਕੌਰ ਨੇ ਕਿਹਾ, "ਚਾਚੀ ਜੀ, ਸਤਿਨਾਮ ਕੌਰ ਦੀਆਂ ਤਾਂ ਸਾਰੇ ਤਾਰੀਫਾਂ ਹੀ ਕਰਦੇ ਹਨ। ਮੈਨੂੰ ਸਰਪੰਚ ਤਾਇਆ ਜੀ ਨੇ ਦੱਸਿਆ ਸੀ ਕਿ ਸਰਕਾਰ ਵਲੋਂ ਹੋਰ ਸਕੂਲਾਂ ਦੇ ਨਾਲ ਚਿੱਠੀ ਆਈ ਹੈ ਕਿ ਸਕੂਲ ਵਿਚ ਬੱਚੇ ਥੋੜ੍ਹੇ ਹੋਣ ਕਰਕੇ ਸਕੂਲ ਬੰਦ ਕਰ ਦੇਣੇ ਆ।"

"ਫਿਰ ਹੋ ਗਿਆ ਬੰਦ?" ਚਾਚੀ ਨੇ ਕਾਹਲੀ ਪੈਂਦਿਆਂ ਪੁਛਿਆ।

"ਚਾਚੀ ਜੀ ਸੁਣੋ, ਮੈਂ ਇਹੀ ਦਸਦੀ ਪਈ ਹਾਂ। ਸਤਿਨਾਮ ਕੌਰ ਨੇ ਪਹਿਲਾਂ ਤਾਂ ਸਕੂਲ ਦੀਆਂ ਮੈਡਮਾਂ ਨੂੰ ਕਿਹਾ ਕਿ ਤੁਸੀਂ ਐਨਾ ਪੜ੍ਹੀਆਂ ਹੋ, ਬੱਚਿਆਂ ਨੂੰ ਕਿਉਂ ਨਹੀਂ ਪੜ੍ਹਾਉਂਦੀਆਂ। ਸਕੂਲ ਬੰਦ ਹੋਣਗੇ, ਤੁਹਾਨੂੰ ਵੀ ਜਵਾਬ ਮਿਲਣਗੇ ਜਾਂ ਖਬਰੇ ਕਿੰਨੀ ਦੂਰ ਬਦਲੀ ਹੋ ਜਾਵੇ। ਦੂਜਾ, ਘਰ-ਘਰ ਜਾ ਕੇ ਲੋਕਾਂ ਨੂੰ ਸਮਝਾਇਆ ਕਿ ਜਿਹੜੇ ਘਰੋ-ਘਰੀ ਅੰਗਰੇਜ਼ੀ ਸਕੂਲ ਖੁੱਲ੍ਹੇ ਹੋਏ ਹਨ, ਉਥੇ ਪੜ੍ਹਾਉਣ ਵਾਲੀਆਂ ਕੋਈ ਦਸਵੀਂ ਪਾਸ ਤੇ ਕੋਈ ਗਿਆਰਵੀਂ ਫੇਲ੍ਹ। ਦੋ ਲਾਈਨਾਂ ਅੰਗਰੇਜ਼ੀ ਦੀ ਕਵਿਤਾ ਯਾਦ ਕਰਵਾ ਦਿੰਦੇ ਹਨ। ਘਰ ਦੇ ਕਹਿੰਦੇ, ਸਾਡਾ ਬੱਚਾ ਅੰਗਰੇਜ਼ੀ ਬੋਲਣ ਲੱਗ ਪਿਆ। ਫਿਰ ਦੋਹਾਂ ਭੱਠਿਆਂ 'ਤੇ ਜਾ ਕੇ ਉਥੋਂ ਬੱਚੇ ਇਕੱਠੇ ਕੀਤੇ। ਮੈਡਮ ਨੂੰ ਨਾਲ ਲਿਜਾ ਕੇ ਫਾਰਮ ਭਰਵਾਏ। ਆਪ ਬੱਚਿਆਂ ਨੂੰ ਵਰਦੀ ਤੇ ਬਸਤੇ, ਫੱਟੀ, ਸਲੇਟ, ਕੈਦੇ, ਕਾਪੀ-ਸਭ ਕੁਝ ਲੈ ਕੇ ਦਿੱਤਾ। ਸਕੂਲ ਜਾਣ ਤੋਂ ਪਹਿਲਾਂ ਨਾਸ਼ਤਾ ਕਰਵਾਉਂਦੀ। ਕਦੇ ਦਲੀਆ, ਰੋਟੀਆਂ, ਪਰੌਂਠੇ, ਪਿੰਨੀਆਂ, ਦੁੱਧ, ਚਾਹ। ਇਸ ਨੂੰ ਦੇਖ ਕੇ ਮੇਰੇ ਵਰਗੀਆਂ ਵੀ ਬਹੁਤ ਵਾਰੀ ਲੈਣ ਲੱਗ ਪਈਆਂ। ਦੁਪਹਿਰ ਨੂੰ ਗੁਰਦੁਆਰੇ ਲੰਗਰ ਛਕਾ ਦੇਣਾ। ਹੁਣ ਤਾਂ ਚਾਚੀ ਜੀ ਕਿਸੇ ਕਾਮੇ ਦਾ ਬੱਚਾ ਜਿਹੜਾ ਪੜ੍ਹਨ ਜੋਗਾ, ਘਰ ਨਹੀਂ; ਸਗੋਂ ਜਿਹੜਾ ਸਕੂਲ ਮਿਸਤਰੀਆਂ ਦੀ ਕੁੜੀ ਨੇ ਖੋਲ੍ਹਿਆ, ਬੱਚੇ ਉਥੋਂ ਹਟ ਕੇ ਇਸ ਸਕੂਲ ਵਿਚ ਆ ਗਏ ਹਨ। ਇਹ ਮਾਂਵਾਂ ਨੂੰ ਸਮਝਾਉਂਦੀ ਹੈ ਕਿ ਬੱਚਿਆਂ ਨੂੰ ਨਹਾ ਕੇ ਸਾਫ ਕੱਪੜੇ ਪਾ ਕੇ ਭੇਜੋ।"

"ਅੱਛਾ।" ਚਾਚੀ ਨੇ ਕਿਹਾ, "ਨੀ ਸੱਚੀਂ।"

"ਹੋਰ ਮੈਂ ਝੂਠ ਬੋਲਦੀ ਹਾਂ।" ਨਸੀਬ ਕੌਰ ਬੋਲੀ, "ਸਕੂਲ ਦੀ ਸਫਾਈ, ਫਲ, ਬੂਟੇ, ਇਹ ਸਭ ਕੁਝ ਕਰਵਾ ਦਿੰਦੀ ਹੈ। ਸਤਿਨਾਮ ਕੌਰ ਨੂੰ ਜਿਥੇ ਆਪ ਕੰਮ ਕਰਨਾ ਆਉਂਦਾ ਹੈ, ਉਹ ਦੂਸਰੇ ਕੋਲੋਂ ਕੰਮ ਕਰਵਾਉਣਾ ਵੀ ਜਾਣਦੀ ਹੈ। ਸਾਰਿਆਂ ਨੂੰ ਨਾਲ ਲੈ ਕੇ ਤੁਰਨਾ ਉਸ ਦਾ ਹੁਨਰ ਹੈ। ਨੌਜਵਾਨਾਂ ਕੋਲੋਂ ਰੁੱਖ ਲਵਾ ਕੇ ਬਾਬਿਆਂ ਨੂੰ ਰਾਖੀ ਸੌਂਪ ਦਿੱਤੀ। ਇਸ ਲਈ ਹੁਣ ਪਿੰਡ ਵਿਚ ਅਤੇ ਆਸੇ-ਪਾਸੇ ਹਰਿਆਵਲ ਹੈ।"

"ਕੱਲ੍ਹ ਸਕੂਲਾਂ ਦਾ ਇੰਸਪੈਕਟਰ ਅਤੇ ਦੋ ਹੋਰ ਅਫਸਰ ਸਕੂਲ ਆਏ। ਉਨ੍ਹਾਂ ਕੋਲ ਰਿਪੋਰਟ ਸੀ ਕਿ ਸਕੂਲ ਵਿਚ ਬੱਚੇ ਬਹੁਤ ਥੋੜ੍ਹੇ ਹਨ, ਪਰ ਉਨ੍ਹਾਂ ਦੇਖਿਆ ਕਿ ਬੱਚੇ ਤਾਂ 200 ਦੇ ਕਰੀਬ ਸਨ। ਉਨ੍ਹਾਂ ਬੱਚਿਆਂ ਤੋਂ ਪੜ੍ਹਾ ਕੇ, ਲਿਖਾ ਕੇ, ਜ਼ਬਾਨੀ ਪ੍ਰਸ਼ਨ ਪੁੱਛੇ; ਬੱਚੇ ਸਹੀ ਜਵਾਬ ਦੇ ਰਹੇ ਸਨ। ਸਕੂਲ ਦੀਆਂ ਸਾਫ ਕਿਆਰੀਆਂ ਵਿਚ ਫੁੱਲ ਬੂਟੇ ਦੇਖ ਕੇ ਉਨ੍ਹਾਂ ਕਿਹਾ, ਸਰਪੰਚ ਨੂੰ ਬੁਲਾਉ।"

"ਸਰਪੰਚ ਨੂੰ ਕਹਿਣ ਲੱਗੇ, 'ਅਸੀਂ ਤਾਂ ਸਕੂਲ ਨੂੰ ਬੰਦ ਕਰਨ ਦੀ ਰਿਪੋਰਟ ਤਿਆਰ ਕਰਨੀ ਸੀ, ਇਸ ਸਕੂਲ ਨੂੰ ਬੰਦ ਤਾਂ ਨਹੀਂ ਕਰਨਾ, ਅਸੀਂ ਇਸ ਨੂੰ ਮਿਡਲ ਤੋਂ ਹਾਈ ਸਕੂਲ ਕਰਨ ਦੀ ਸਿਫਾਰਸ਼ ਕਰਾਂਗੇ'। ਸਰਪੰਚ ਜੀ ਨੇ ਕਿਹਾ, ਇਹ ਸਾਰਾ ਸਤਿਨਾਮ ਕੌਰ ਦੇ ਯਤਨਾਂ ਦਾ ਫਲ ਹੈ।"

ਖੁਸ਼ੀ ਨਾਲ ਗਦਗਦ ਹੋਈ ਚਾਚੀ ਬੋਲੀ, "ਸੱਚ ਹੈ ਇਹ।"

ਨਸੀਬ ਕੌਰ ਨੇ ਕਿਹਾ, "ਮੈਂ ਆਪਣੇ ਕੋਲੋਂ ਕਿਉਂ ਕਹਾਂਗੀ।"

"ਦੇਖ ਨਸੀਬ ਕੁਰੇ, ਇਸ ਨੇ ਸਾਰੀਆਂ ਸੁਆਣੀਆਂ ਨੂੰ ਸਮਝ ਕੇ ਕਿਹਾ, ਸਫਾਈ ਸੇਵਾਦਾਰ ਨਾਲ ਪਿਆਰ ਨਾਲ ਗੱਲ ਕਰ ਕੇ ਆਪ ਨਾਲੀਆਂ ਜਾਂ ਗਲੀ ਵਿਚ ਪਾਣੀ ਦੀਆਂ ਬਾਲਟੀਆਂ ਪਾ ਕੇ ਸਫਾਈ ਕਰਵਾ ਲਿਆ ਕਰੋ। ਕੂੜਾ ਬਾਲਟੀਆਂ, ਡੱਬਿਆਂ ਵਿਚ ਪਾ ਕੇ ਰੱਖੋ। ਸਾਰਿਆਂ ਨੂੰ ਸਫਾਈ ਦੀ ਆਦਤ ਬਣ ਗਈ।"

ਚਾਹ ਪੀਂਦਿਆਂ ਨਸੀਬ ਕੌਰ ਨੇ ਕਿਹਾ, "ਲੋਕਾਂ ਦਾ ਧਿਆਨ ਹੁਣ ਸਫਾਈ ਵੱਲ ਹੋ ਗਿਆ ਹੈ। ਕੈਨੇਡਾ ਵਾਲੇ ਬਾਪੂ ਜੀ ਕੋਲੋਂ ਇਸ ਨੇ ਖੇਡ ਲਈ ਗਰਾਊਂਡ ਬਣਵਾਈ ਸੀ। ਉਸ ਦਾ ਵੀ ਬਹੁਤ ਲਾਭ ਹੈ। ਮੁੰਡੇ ਰੋਜ਼ ਖੇਡਦੇ। ਫਿਰ ਦੇਖਦੇ, ਕੌਣ ਨਹੀਂ ਆਇਆ। ਜਿਹੜਾ ਨਹੀਂ ਆਇਆ, ਉਸ ਦਾ ਪਤਾ ਕਰਦੇ ਕਿ ਕਿਉਂ ਨਹੀਂ ਆਇਆ, ਕਿਥੇ ਹੈ? ਮੁੰਡੇ ਆਪ ਹੀ ਇਕ ਦੂਸਰੇ ਦਾ ਖਿਆਲ ਰੱਖਦੇ ਹਨ। ਮਾੜੀ ਸੰਗਤ ਤੋਂ ਬਚੇ ਹੋਏ ਹਨ। ਰੱਬ ਇਨ੍ਹਾਂ ਬੱਚਿਆਂ ਨੂੰ ਸੁਮੱਤ ਬਖਸ਼ੇ।"

ਸਤਿਨਾਮ ਕੌਰ ਬੋਲੀ, "ਬੀਬੀ, ਸਰਕਾਰਾਂ ਦੇ ਕਹਿਣ ਨਾਲ ਕੁਝ ਨਹੀਂ ਹੋਣਾ। ਜਿੰਨਾ ਚਿਰ ਆਪਾਂ ਆਪ ਕੁਝ ਕਰਨ ਦੀ ਨਾ ਸੋਚੀਏ। ਆਪਾਂ ਪਿੰਡ ਵਾਲਿਆਂ ਨੇ ਰਲ ਕੇ ਪਿੰਡ ਨੂੰ ਸੰਭਾਲਣਾ ਹੈ। ਫਿਰ ਮੋਦੀ ਜੀ ਦੇ ਸਮਾਰਟ ਸ਼ਹਿਰ ਬਣਨ ਜਾਂ ਨਾ ਬਣਨ ਆਪਣਾ ਪਿੰਡ ਸਮਾਰਟ ਪਿੰਡ ਬਣ ਜਾਵੇਗਾ।"

# ਘਰ ਪਰਦੇਸ

**ਕੈਨੇਡਾ ਵੱਸਦੇ ਸ਼ਾਇਰ ਸੁਖਪਾਲ ਨੇ 'ਘਰ' ਅਤੇ 'ਪਰਦੇਸ' ਦੇ ਬਹਾਨੇ ਆਪਣੇ ਦਿਲ ਦੀਆਂ ਗੱਲਾਂ ਸਾਂਝੀਆਂ ਹਨ। ਇਹ ਗੱਲਾਂ ਜਿੰਨੀਆਂ ਸਹਿਜ ਹਨ, ਓਨੀ ਹੀ ਇਨ੍ਹਾਂ ਵਿਚ ਸੱਚਾਈ ਛੁਪੀ ਹੋਈ ਹੈ ਅਤੇ ਇਹ ਪਾਠਕ ਨੂੰ ਸੋਚਣ ਲਈ ਮਜਬੂਰ ਕਰਦੀਆਂ ਹਨ। ਸੁਖਪਾਲ ਦੀਆਂ ਰਚਨਾਵਾਂ ਦੀ ਖੂਬਸੂਰਤੀ ਇਹੀ ਹੈ ਕਿ ਇਹ ਪਾਠਕਾਂ ਦੀ ਬਿਰਤੀ ਤੋੜਦੀਆਂ ਹਨ, ਸਿੱਟੇ ਵਜੋਂ ਹਰ ਮਸਲੇ ਦੀਆਂ ਵੱਖ-ਵੱਖ ਤੰਦਾਂ ਉਧੜਦੀਆਂ ਚਲੀਆਂ ਜਾਂਦੀਆਂ ਹਨ। -ਸੰਪਾਦਕ**

19 ਫਰਵਰੀ 2007; ਟੋਰਾਂਟੋ ਏਅਰਪੋਰਟ; ਮੈਂ ਹਿੰਦੁਸਤਾਨ ਜਾਣ ਵਾਲੇ ਜਹਾਜ ਵਿਚ ਬੈਠਾ ਹਾਂ।

ਪਿਛਲੇ ਦਿਨੀਂ ਮੇਰੇ ਨਾਲ ਕੰਮ ਕਰਨ ਵਾਲਿਆਂ ਪੁੱਛਿਆ: "ਕਿਥੇ ਜਾ ਰਿਹੈਂ?"

ਹਰ ਵਾਰ ਮੇਰੇ ਮੂੰਹੋਂ ਨਿਕਲਦਾ: 'ਘਰ'

ਅਚਾਨਕ ਖਿਆਲ ਆਉਂਦਾ ਹੈ: 'ਘਰ ਹੈ ਕਿਥੇ?'

ਮਗਰੇ ਮਗਰ ਹੋਰ ਸੁਆਲ ਆਉਂਦੇ ਹਨ:

'ਘਰ ਹੁੰਦਾ ਕਿਥੇ ਹੈ?'

'ਮੇਰਾ ਘਰ ਕਿਥੇ ਹੈ?'

'ਘਰ, ਮੇਰਾ ਕਿਵੇਂ ਹੁੰਦਾ ਹੈ?'

'ਘਰ ਹੈ ਹੀ ਕੀ?'

'ਘਰ ਵਿਚ ਕੀ ਹੈ ਜੋ ਉਸ ਨੂੰ ਘਰ ਬਣਾਉਂਦਾ ਹੈ?'

'ਘਰ ਛੱਡਣ ਵਾਲਿਆਂ ਨੂੰ ਕੀ ਹੁੰਦਾ ਹੈ?'

'ਉਹ ਕੌਣ ਹਨ, ਜੋ ਘਰ ਛੱਡ ਕੇ ਵੀ ਨਹੀਂ ਉਜੜਦੇ?'

'ਮੈਂ ਘਰ ਲੱਭ ਹੀ ਕਿਉਂ ਰਿਹਾ ਹਾਂ? ਕੀ (ਮੈਂ) ਉਜੜਿਆ ਹੋਇਆ ਹਾਂ?'

'ਘਰ...।'

---

ਮੈਂ ਘਰ ਲੱਭ ਰਿਹਾ ਹਾਂ।



ਸੁਖਪਾਲ

ਪਸ਼ੂ ਪੰਛੀ ਵੀ ਘਰ ਲੱਭਦੇ ਹਨ। ਚਿੜੀਆਂ ਆਲ੍ਹਣੇ ਵਿਚੋਂ, ਗਾਈਆਂ-ਮੱਝਾਂ ਕਿੱਲੇ ਨੂੰ ਅਤੇ ਖਰਗੋਸ਼ ਘੁਰਨਿਆਂ ਵਿਚ ਪਰਤਦੇ ਹਨ। ਘਰ, ਉਹ ਥਾਂ ਜਿਸ ਸਦਕਾ ਬੰਦਾ 'ਵਸਦਾ' ਹੈ। ਵਸਣਾ ਸਦਾ ਕਿਸੇ ਥਾਂ ਨਾਲ ਜੁੜਿਆ ਹੈ। ਘਰ ਉਸੇ ਥਾਂ ਬਣਿਆ ਹੁੰਦਾ ਹੈ।

ਲੁਧਿਆਣਾ ਦੇ ਜਿਸ ਘਰ ਜੰਮਿਆ ਪਲਿਆ ਸਾਂ, ਉਹ ਕਈ ਵਰ੍ਹੇ ਪਹਿਲਾਂ ਛੁੱਟ ਗਿਆ। ਉਸ ਮਗਰੋਂ ਜੋ ਮਕਾਨ ਪਟਿਆਲੇ ਖਰੀਦਿਆ, ਉਹ ਵੀ ਵਿਕ ਗਿਆ, ਜਦੋਂ ਮੇਰੇ ਪਿਤਾ ਜੀ ਮੇਰੇ ਕੋਲ ਕੈਨੇਡਾ ਆ ਕੇ ਰਹਿਣ ਲੱਗੇ।

ਹੁਣ ਮੇਰੇ ਕੋਲ ਕੈਨੇਡਾ ਵਿਚ 'ਘਰ' ਹੈ। ਫਿਰ ਵੀ ਮੈਂ ਕਿਉਂ ਆਖ ਰਿਹਾ ਹਾਂ, 'ਮੈਂ ਘਰ ਜਾ ਰਿਹਾ ਹਾਂ'? ਭੌਤਿਕ ਅਰਥਾਂ ਵਿਚ ਮੇਰੇ ਕੋਲ ਪੰਜਾਬ ਵਿਚ ਕਿਸੇ ਥਾਂ 'ਤੇ ਉਸਰਿਆ ਕੋਈ ਘਰ ਨਹੀਂ।

ਹੁਣ ਤਾਂ ਭੈਣ-ਭਰਾ, ਦੋਸਤਾਂ ਜਾਂ ਰਿਸ਼ਤੇਦਾਰਾਂ ਦੇ ਘਰ ਹਨ। ਉਹ ਪਿਆਰ ਨਾਲ ਆਖਦੇ ਹਨ, 'ਇਹ ਵੀ ਤੇਰਾ ਆਪਣਾ ਹੀ ਘਰ ਹੈ।' ਉਹ ਝੂਠ ਨਹੀਂ ਬੋਲਦੇ ਪਰ 'ਆਪਣਾ ਘਰ' ਅਤੇ 'ਵੀ ਆਪਣਾ ਘਰ' ਵਿਚ ਜੋ ਫਰਕ ਹੈ, ਉਹ ਮੇਰੇ ਅਚੇਤ ਨੂੰ ਪਤਾ ਹੈ।

ਮਿੱਤਰਾਂ ਪਿਆਰਿਆਂ ਦੇ ਘਰਾਂ ਵਿਚ ਰਿਹਾ ਜਾ ਸਕਦਾ ਹੈ, ਪਰ ਇਕ ਅਰਸੇ ਤੋਂ ਵੱਧ ਨਹੀਂ। ਹਮੇਸ਼ਾ ਤਾਂ ਬੰਦਾ 'ਆਪਣੇ' ਘਰ ਵਿਚ ਹੀ ਰਹਿ ਸਕਦਾ ਹੈ।

ਕਿਤੇ ਵੀ ਰਹਿਣ ਦਾ ਮੁੱਲ ਦੇਣਾ ਪੈਂਦਾ ਹੈ। ਆਪਣੇ ਘਰ ਦਾ ਕਿਰਾਇਆ, ਕਰਜ਼ਾ ਜਾਂ ਟੈਕਸ ਦੇਣਾ ਹੁੰਦਾ ਹੈ। ਦੋਸਤਾਂ ਰਿਸ਼ਤੇਦਾਰਾਂ ਦੀ 'ਰਹਿਣ ਦੇਣ' ਦੀ ਮਿਹਰਬਾਨੀ ਦਾ ਮੁੱਲ ਮੋੜਨਾ ਹੁੰਦਾ ਹੈ, ਪਰ ਮੁੱਲ ਮੋੜ ਕੇ ਵੀ ਉਨ੍ਹਾਂ ਦਾ ਘਰ ਓਵੇਂ 'ਆਪਣਾ' ਨਹੀਂ ਹੁੰਦਾ, ਜਿਵੇਂ 'ਆਪਣਾ ਘਰ' ਆਪਣਾ ਹੁੰਦਾ ਹੈ।

ਪਰ ਇਹ ਵੀ ਸੱਚ ਹੈ ਕਿ ਜ਼ਿੰਦਗੀ ਵਿਚ ਕਿੰਨੀ ਹੀ ਵਾਰੀ ਮੈਨੂੰ ਆਪਣੇ ਨਾਲੋਂ ਦੋਸਤਾਂ ਦਾ ਘਰ ਵੱਧ ਆਪਣਾ ਲਗਦਾ ਰਿਹਾ ਹੈ।

ਕੁਝ ਅਰਥਾਂ ਵਿਚ ਦੋਸਤਾਂ ਦਾ ਘਰ ਵੱਧ 'ਆਪਣਾ' ਹੁੰਦਾ ਹੈ, ਕਈ ਤਰੀਕਿਆਂ ਨਾਲ ਆਪਣਾ ਘਰ ਵੱਧ 'ਆਪਣਾ'। ਉਹ ਘਰ ਕਿਹੜਾ ਤੇ ਕਿਥੇ ਹੈ, ਜੋ ਹਰ ਅਰਥ ਵਿਚ ਆਪਣਾ ਹੋਵੇ।

---

ਉਹ ਘਰ, ਜਿਥੋਂ ਮੈਨੂੰ ਕੋਈ ਨਾ ਕੱਢ ਸਕੇ, ਮੈਨੂੰ ਆਪਣਾ ਲਗਦਾ ਹੈ।

ਸ਼ਾਇਦ ਇਹੀ ਕਾਰਨ ਹੈ ਕਿ ਜਦੋਂ ਕੋਈ ਪੁੱਛਦਾ ਹੈ, 'ਕਿਥੇ ਜਾ ਰਿਹਾ ਹੈਂ' ਤਾਂ ਮੈਂ ਕਹਿੰਦਾ ਹਾਂ, 'ਘਰ ਜਾ ਰਿਹਾ ਹਾਂ'। ਪੰਜਾਬ ਆਪਣਾ ਘਰ ਲਗਦਾ ਹੈ। ਇਥੋਂ ਮੈਨੂੰ ਕੋਈ ਨਹੀਂ ਕੱਢ ਸਕਦਾ।

ਇਹ ਗੱਲ ਸੋਚਦਿਆਂ 'ਘਰ' ਦੇ ਅਰਥ ਬਦਲ ਰਹੇ ਹਨ। ਘਰ ਚਾਰ ਕੰਧਾਂ 'ਚੋਂ ਨਿਕਲ ਕੇ ਵੱਡੇ ਕਿਤੇ ਵਿਚ ਫੈਲਣ ਲੱਗਾ ਹੈ।

ਜਦ ਮੈਂ ਕੈਨੇਡਾ ਰਹਿੰਦਿਆਂ ਆਖਦਾ ਹਾਂ ਕਿ ਮੈਂ 'ਘਰ' ਜਾ ਰਿਹਾ ਹਾਂ, ਤਾਂ ਮੈਂ ਕਹਿ ਰਿਹਾ ਹਾਂ, ਕੈਨੇਡਾ ਮੇਰਾ ਘਰ ਨਹੀਂ।

ਕੈਨੇਡਾ ਰਹਿੰਦਿਆਂ ਪੰਦਰਾਂ ਸਾਲ ਹੋ ਜਾਣ ਦੇ ਬਾਵਜੂਦ ਕਿਤੇ ਅਚੇਤ ਵਿਚ ਇਹ ਗੱਲ ਬੈਠੀ ਹੋਈ ਹੈ, ਇਹ ਥਾਂ ਮੇਰੀ ਨਹੀਂ। ਮੇਰੇ ਅੰਦਰ ਇਥੋਂ ਕੱਢੇ ਜਾਣ ਦਾ ਅਣਦਿਸਦਾ ਡਰ ਹੈ। ਕਦੇ ਵੀ ਕਿਹਾ ਜਾ ਸਕਦਾ ਹੈ, ਤੂੰ ਬਾਹਰੋਂ ਆਇਆ ਸੀ...।





ਟੋਰਾਂਟੋ ਏਅਰਪੋਰਟ ਦੀ ਇਕ ਝਲਕ।

ਹਰ ਬੰਦਾ ਕਿਸੇ ਹੋਰ ਥਾਂ ਤੋਂ ਹੀ ਆਉਂਦਾ ਹੈ, ਪਰ 'ਪਹਿਲਾਂ' ਆਉਣ ਵਾਲੇ ਉਸ 'ਥਾਂ' ਨੂੰ 'ਆਪਣਾ' ਸਮਝਦੇ ਹਨ। 'ਪਿੱਛੋਂ' ਆਉਣ ਨਾਲ 'ਆਪਣੇ' ਹੋਣ ਦਾ ਹੱਕ ਗੁਆਚ ਜਾਂਦਾ ਹੈ। ਕੁਝ ਹਜ਼ਾਰ ਸਾਲ ਪਹਿਲਾਂ ਕੈਨੇਡਾ ਦੀ ਧਰਤੀ 'ਤੇ ਆ ਵੱਸੇ 'ਨੇਟਿਵ ਇੰਡੀਅਨ' ਲਈ ਇਹ ਥਾਂ ਗੋਰੇ ਦੀ ਨਹੀਂ। ਗੋਰੇ 'ਪਰਵਾਸੀ' ਨੇ ਉਸ ਕੋਲੋਂ 'ਉਸ ਦੀ' ਧਰਤੀ 'ਤੇ ਵਾਹੀ ਕਰਨ, ਮੱਛੀਆਂ ਫੜਨ, ਖੇਤੀ ਕਰਨ ਦਾ ਹੱਕ ਖੋਹ ਲਿਆ ਹੈ।

ਕੁਝ ਸੌ ਸਾਲ ਪਹਿਲਾਂ ਆਏ ਗੋਰੇ ਲਈ, ਕੁਝ ਮਹੀਨੇ ਪਹਿਲਾਂ ਆਇਆ ਹਿੰਦੁਸਤਾਨੀ 'ਬਾਹਰਲਾ' ਹੈ: ਕੈਨੇਡਾ ਉਸ ਦਾ 'ਘਰ' ਨਹੀਂ। ਜਦੋਂ ਡਾਕਟਰੇਟ ਦੀ ਡਿਗਰੀ ਕਰਨ 1991 ਵਿਚ ਕੈਨੇਡਾ ਗਿਆ ਮੈਨੂੰ ਸਿਰਫ ਦੋ ਮਹੀਨੇ ਹੋਏ ਸਨ, ਮੈਨੂੰ ਮੇਰੇ ਗਾਈਡ ਡਾ. ਮੈਕਡੌਨਲਡ ਨੇ ਆਖਿਆ,

"ਮੈਂ ਚਾਹੁੰਦਾ ਹਾਂ, ਤੂੰ ਡਿਗਰੀ ਕਰਕੇ ਵਾਪਸ ਹਿੰਦੁਸਤਾਨ ਚਲਾ ਜਾਵੇਂ। ਇਹ ਗਿਆਨ ਉਥੇ ਪੜ੍ਹਾਉਣ ਲਈ ਵਰਤ। ਹਿੰਦੁਸਤਾਨੀਆਂ ਦਾ ਕੈਨੇਡਾ ਆ ਕੇ ਰਹਿਣਾ ਮੈਨੂੰ ਪਸੰਦ ਨਹੀਂ। ਮੈਨੂੰ ਪਤਾ ਹੈ ਕਿ ਤੁਹਾਡੀ ਜ਼ਿੰਦਗੀ ਉਥੇ ਮੁਸ਼ਕਿਲ ਹੈ, ਪਰ ਕੁਝ ਹਜ਼ਾਰ ਲੋਕਾਂ ਨੂੰ ਕੈਨੇਡਾ ਲਿਆ ਕੇ ਅਸੀਂ ਸਾਰੇ ਮੁਲਕ ਦੀ ਸਮੱਸਿਆ ਨਹੀਂ ਹੱਲ ਕਰ ਸਕਦੇ। ਆਪਣੀਆਂ ਸਮੱਸਿਆਵਾਂ ਆਪੇ ਹੱਲ ਕਰੋ। ਅਸੀਂ ਮਦਦ ਲਈ ਤਿਆਰ ਹਾਂ, ਇੰਪੋਰਟ ਕਰਨ ਲਈ ਨਹੀਂ।"

"ਤੁਸੀਂ ਲੋਕ ਇਸ ਲਈ ਆਉਂਦੇ ਹੋ ਕਿ ਤੁਹਾਨੂੰ ਆਪਣਾ ਮੁਲਕ ਪਸੰਦ ਨਹੀਂ ਪਰ ਉਸ ਦੀ ਸੰਸਕ੍ਰਿਤੀ (ਸਭਿਆਚਾਰ) ਨਾਲ ਹੀ ਚੁੱਕੀ ਲਿਆਉਂਦੇ ਹੋ। ਮੈਂ ਇਸਾਈ ਹਾਂ। ਮੇਰੇ ਬੱਚੇ ਦੇ ਸਕੂਲ ਵਿਚ ਹੁੰਦੀ ਇਸਾਈ ਪ੍ਰਾਰਥਨਾ ਇਸ ਲਈ ਬੰਦ ਹੋ ਗਈ ਕਿ ਪਰਵਾਸੀ ਲੋਕਾਂ ਨੇ ਰੌਲਾ ਪਾਇਆ, ਉਹ ਦੂਜੇ ਧਰਮ ਦੇ ਹਨ, ਉਹ ਕਿਉਂ ਪ੍ਰਾਰਥਨਾ ਕਰਨ? ਮੈਂ ਆਪਣੇ ਮੁਲਕ ਵਿਚ ਇਸਾਈ ਧਰਮ ਨਹੀਂ ਪਾਲ ਸਕਦਾ ਤਾਂ ਕਿਥੇ ਜਾ ਕੇ ਪਾਲਾਂ? ਹਿੰਦੁਸਤਾਨ ਵਿਚ?"

ਉਹ ਕਹਿ ਰਿਹਾ ਹੈ: ਤੂੰ ਮੈਨੂੰ ਮੇਰੇ 'ਘਰ' ਵਿਚ ਮੇਰੀ ਮਰਜ਼ੀ ਨਾਲ ਨਹੀਂ ਰਹਿਣ ਦੇ ਰਿਹਾ। ਤੂੰ ਮੇਰਾ ਘਰ ਖੋਹ ਰਿਹਾ ਹੈਂ...।

ਮੈਨੂੰ ਲਗਦਾ ਹੈ: ਮੈਂ ਆਪਣੀ ਮਰਜ਼ੀ ਨਾਲ ਪ੍ਰਾਰਥਨਾ ਕਰਨੀ ਚਾਹੁੰਦਾ ਹਾਂ। ਜਿਥੇ ਮੈਂ ਆਪਣੀ ਮਰਜ਼ੀ ਨਾਲ ਨਾ ਰਹਿ ਸਕਾਂ, ਉਹ ਥਾਂ 'ਮੇਰਾ ਘਰ' ਕਿਵੇਂ ਹੋ ਸਕਦੀ ਹੈ? ਅਸੀਂ ਦੋ ਜਣੇ ਇਕੋ ਘਰ ਵਿਚ ਆਪੋ ਆਪਣੀ ਮਰਜ਼ੀ ਨਾਲ ਰਹਿਣ ਦੀ ਕੋਸ਼ਿਸ਼ ਕਰ ਰਹੇ ਹਾਂ।

'ਆਪਣੇ ਘਰ' ਦੀ ਪਰਿਭਾਸ਼ਾ ਫਿਰ ਬਦਲ ਰਹੀ ਹੈ।

'ਆਪਣਾ ਘਰ' ਉਹ ਹੈ, ਜਿਥੇ ਮੈਂ ਮਰਜ਼ੀ ਨਾਲ ਜੀਅ ਸਕਾਂ। ਜੋ ਮਰਜ਼ੀ ਖਾਵਾਂ ਪਕਾਵਾਂ, ਭਾਵੇਂ ਭੁੱਖਾ ਰਹਾਂ। ਕੱਪੜੇ ਪਾਵਾਂ ਜਾਂ ਨੰਗਾ ਫਿਰਾਂ। ਕੂਕਾਂ ਮਾਰਾਂ, ਚੁੱਪ ਰਹਾਂ, ਭਾਵੇਂ ਸ਼ਾਸਤਰੀ ਸੰਗੀਤ ਸੁਣਾਂ। ਜਿਸ ਨੂੰ ਜੀਅ ਕਰੇ ਸੱਦਾਂ, ਜੀਅ ਕਰੇ ਬੂਹਾ ਢੋਅ ਲਵਾਂ।

ਅਜਿਹੇ ਅਰਥਾਂ ਦਾ 'ਆਪਣਾ ਘਰ' ਤਾਂ ਸ਼ਾਇਦ ਕਿਧਰੇ ਨਹੀਂ ਹੁੰਦਾ। ਮਰਦ ਦੀ ਮਰਜ਼ੀ ਔਰਤ ਨਾਲੋਂ ਵੱਖਰੀ ਹੈ, ਬੱਚੇ ਦੀ ਮਾਂ-ਪਿਉ ਨਾਲੋਂ। ਘਰ ਦੇ ਜਾਨਵਰ ਦੀ ਮਰਜ਼ੀ ਬੰਦਿਆਂ ਨਾਲੋਂ ਵੱਖਰੀ ਹੈ।

ਦਸ ਹਜ਼ਾਰ ਸਾਲਾਂ ਦੀ ਯਾਤਰਾ ਮਗਰੋਂ ਵੀ ਮਨੁੱਖੀ ਸਭਿਅਤਾ ਅਜੇ ਅਜਿਹੇ ਮੁਕਾਮ ਤਾਈਂ ਨਹੀਂ ਅੱਪੜੀ, ਜਿਥੇ ਦੋ ਜਣੇ 'ਆਪੋ ਆਪਣੀ ਮਰਜ਼ੀ' ਨਾਲ 'ਇੱਕੋ ਛੱਤ' ਹੇਠਾਂ ਰਹਿ ਸਕਣ। ਸ਼ਾਇਦ ਇਹ ਵੀ ਕਾਰਨ ਹੈ ਕਿ ਧਰਤੀ ਉਤੇ ਘਰਾਂ ਦੀ ਇੰਨੀ ਤੰਗੀ ਹੈ। ਹਰ ਕਿਸੇ ਨੂੰ 'ਆਪਣਾ ਘਰ', 'ਆਪਣੀ ਮਰਜ਼ੀ ਦਾ ਘਰ' ਚਾਹੀਦਾ ਹੈ।

---

ਡਾਕਟਰ ਮੈਕਡੌਨਲਡ ਨੂੰ ਲਗਦਾ ਹੈ, ਮੈਂ ਉਸ ਦਾ 'ਘਰ' ਖੋਹ ਰਿਹਾ ਹਾਂ, ਪਰ ਹਰ ਗੋਰਾ ਬੰਦਾ ਇਉਂ ਨਹੀਂ ਸੋਚਦਾ। ਦੋ ਮਹੀਨੇ ਪਹਿਲਾਂ ਮਾਂਟਰੀਆਲ ਤੋਂ ਟੋਰਾਂਟੋ ਆਉਂਦਿਆਂ ਮੇਰੇ ਨਾਲ ਬੈਠੇ ਇਕ ਗੋਰੇ ਵਕੀਲ ਨੇ ਆਖਿਆ, "ਮੈਂ ਤੇਰੇ ਵਰਗੇ ਪਰਵਾਸੀਆਂ ਦਾ ਦੋ ਗੱਲਾਂ ਲਈ ਦੇਣਦਾਰ ਹਾਂ। ਪਹਿਲੀ, ਉਹ ਆਉਂਦੇ ਹਨ ਤਾਂ ਘਰ, ਕਾਰ, ਸਾਮਾਨ ਖਰੀਦਦੇ ਹਨ, ਜਿਸ ਨਾਲ ਕਾਰੋਬਾਰ ਤੁਰਦਾ ਹੈ। ਉਹ ਕਮਾਉਂਦੇ ਹਨ ਤਾਂ ਟੈਕਸ ਦਿੰਦੇ ਹਨ। ਇਸ ਨਾਲ ਸਰਕਾਰ ਚਲਦੀ ਹੈ, ਸਹੂਲਤਾਂ ਪੈਦਾ ਹੁੰਦੀਆਂ ਹਨ।"

"ਦੂਜੀ, ਅਮਰੀਕਾ ਧੱਕੇਸ਼ਾਹੀ ਨਾਲ ਸਭ ਨੂੰ ਖਾਸ ਤਰੀਕੇ ਨਾਲ ਜੀਣ ਲਈ ਮਜਬੂਰ ਕਰ ਰਿਹਾ ਹੈ। ਉਸ ਦੇ ਗੁਆਂਢ, ਪਰਛਾਵੇਂ ਅਤੇ ਆਰਥਕ ਤਾਕਤ ਹੇਠ ਕੈਨੇਡਾ ਦੇ ਅਮਰੀਕੀ ਕਾਲੋਨੀ ਬਣ ਜਾਣ ਦਾ ਡਰ ਹੈ।

ਅਮਰੀਕਾ ਵਿਚ ਹਰ ਬੰਦੇ ਨੂੰ ਆਪਣੀ ਪਛਾਣ ਭੁਲਾ ਕੇ 'ਅਮਰੀਕੀ' ਹੋ ਕੇ ਰਹਿਣ ਦੀ ਸ਼ਰਤ ਹੈ। ਕੈਨੇਡਾ ਆਉਂਦਾ ਪਰਵਾਸੀ ਆਪਣੇ ਸਭਿਆਚਾਰ ਦਾ ਰੰਗ ਸੰਭਾਲ ਕੇ ਰੱਖਦਾ ਹੈ। ਮੈਨੂੰ ਧਰਤੀ ਬਹੁ-ਰੰਗੀ ਚੰਗੀ ਲਗਦੀ ਹੈ। ਪਰਵਾਸੀਆਂ ਕਰਕੇ ਕੈਨੇਡਾ ਅਮਰੀਕਾ ਵਰਗਾ ਬਣਨ ਤੋਂ ਬਚਿਆ ਹੋਇਆ ਹੈ।"

ਉਸ ਗੋਰੇ ਬੰਦੇ ਨੂੰ ਮੇਰੇ ਕਰਕੇ 'ਆਪਣਾ ਘਰ' ਵਧ ਆਪਣਾ ਲਗਦਾ ਸੀ।


---

ਪਰ ਮੈਨੂੰ ਹਾਲੇ ਤਾਈਂ ਕੈਨੇਡਾ ਆਪਣਾ ਘਰ ਕਿਉਂ ਨਹੀਂ ਲਗਦਾ? ਕੀ ਮੈਂ ਆਪ ਵੀ ਇਹੀ ਸੋਚਦਾ ਹਾਂ ਕਿ ਮੈਂ 'ਬਾਹਰੋਂ' ਆਇਆ ਹਾਂ? ਕੀ ਮੈਂ ਵਾਰ-ਵਾਰ ਸੁਣੀ ਗੱਲ ਨੂੰ ਦਿਲ 'ਤੇ ਲਾ ਲਿਆ ਹੈ? ਇਹ ਸੋਚ ਕੇ ਮੈਂ ਉਨ੍ਹਾਂ ਦੀ ਹੀ ਪ੍ਰੋੜ੍ਹਤਾ ਅਤੇ ਮਦਦ ਕਰਦਾ ਹਾਂ, ਜੋ ਮੇਰੇ ਨਾਲ ਵਿਤਕਰਾ ਕਰਦੇ ਹਨ। ਮੈਂ ਆਪ ਨੂੰ ਹੀ ਘਰੋਂ ਕੱਢ ਰਿਹਾ ਹਾਂ।

ਕੀ ਮੈਨੂੰ ਆਪਣਾ ਆਪ ਇਸ ਲਈ 'ਬਾਹਰਲਾ' ਲਗਦਾ ਹੈ ਕਿ ਮੈਂ ਪੱਗ ਬੰਨ੍ਹਦਾ ਹਾਂ? ਦੂਜਿਆਂ ਤੋਂ ਵੱਖਰਾ ਨਜ਼ਰ ਆਉਂਦਾ ਹਾਂ? ਬੜੇ ਪਰਵਾਸੀ ਰਵਾਇਤੀ ਚਿੰਨ੍ਹਾਂ ਨੂੰ ਇਸੇ ਲਈ ਤਿਲਾਂਜਲੀ ਦਿੰਦੇ ਹਨ ਕਿ ਉਹ ਨਵੇਂ 'ਘਰ' ਦਾ ਹਿੱਸਾ ਬਣ ਸਕਣ। ਕੀ ਮਜਬੂਰ ਹੋ ਕੇ ਜੀਣ ਵਾਲੀ ਥਾਂ ਨੂੰ 'ਆਪਣਾ ਘਰ' ਸਮਝਿਆ ਜਾ ਸਕਦਾ ਹੈ?

ਮੈਂ ਸੋਚਦਾ ਹਾਂ, ਘਰ ਉਹ ਹੈ, ਜਿਥੇ ਮੈਂ ਆਪਣੀ ਮਰਜ਼ੀ ਨਾਲ ਰਹਿ ਸਕਾਂ। ਘਰ ਵਿਚ ਸਦਾ ਕੋਈ ਹੋਰ ਹੁੰਦਾ ਹੈ। ਬੰਦਾ ਨਹੀਂ ਤਾਂ ਜਾਨਵਰ ਹੁੰਦਾ ਹੈ। ਭਾਂਡੇ ਟੀਂਡੇ, ਕੱਪੜੇ, ਕਿਤਾਬਾਂ, ਸੰਗੀਤ ਆਦਿ ਤਾਂ ਹੁੰਦੇ ਹੀ ਹਨ। ਕੋਈ ਵੀ 'ਦੂਜਾ' ਹੋਏ, ਉਸ ਦੀ ਵੀ ਮਰਜ਼ੀ ਜਾਂ ਲੋੜ ਹੋਏਗੀ। ਘਰ ਵਿਚ ਪਈ ਕੁਰਸੀ ਨੂੰ ਕਿਸੇ ਥਾਂ 'ਤੇ ਰੱਖਣ, ਸਿੱਧੀ ਰੱਖਣ, ਝਾੜਨ ਪੂੰਝਣ ਦੀ ਲੋੜ ਹੈ।

ਮੇਰੀ ਮਰਜ਼ੀ ਸਿਰਫ ਉਦੋਂ ਹੋਏਗੀ, ਜਦੋਂ ਮੈਂ ਘਰ ਵਿਚ ਇਕੱਲਾ ਰਹਿੰਦਾ ਹੋਵਾਂ ਪਰ ਇਕੱਲੇ ਬੰਦੇ ਨਾਲ ਘਰ ਨਹੀਂ ਬਣਦਾ।



ਚਿੱਤਰਕਾਰ ਡੇਵਿਡ ਆਰਮਜ਼ ਦਾ ਮਸ਼ਹੂਰ ਚਿੱਤਰ: ਘਰ ਦੀ ਤਾਂਘ (ਦਿ ਲੌਂਗਿੰਗ ਫੌਰ ਹੋਮ)

ਘਰ ਦੀ ਪਰਿਭਾਸ਼ਾ ਫਿਰ ਬਦਲ ਰਹੀ ਹੈ। 'ਆਪਣਾ ਘਰ' ਉਹ ਨਹੀਂ, ਜਿਥੇ ਮੈਂ ਆਪਣੀ ਮਰਜ਼ੀ ਨਾਲ ਰਹਿ ਸਕਾਂ। ਘਰ ਉਹ ਹੈ, ਜਿਥੇ ਮੈਂ ਜਿਵੇਂ ਰਹਾਂ, ਜਿਵੇਂ ਹੋਵਾਂ, ਸਵੀਕਾਰ ਹੋਵਾਂ।

ਆਖਦੇ ਹਨ, ਘਰ ਮਾਂਵਾਂ ਨਾਲ ਹੁੰਦੇ ਹਨ। ਸ਼ਾਇਦ ਇਸੇ ਲਈ ਹੁੰਦੇ ਹਨ ਕਿ ਮਾਂਵਾਂ ਬੱਚਿਆਂ ਨੂੰ, ਜਿਵੇਂ ਉਹ ਹੁੰਦੇ ਹਨ, ਉਵੇਂ ਸਵੀਕਾਰ ਕਰਦੀਆਂ ਹਨ। ਬੱਚੇ ਦੀ ਗਲਤੀ ਜਾਂ ਬੁਰਾਈ ਨੂੰ ਅਸਵੀਕਾਰ ਕਰਦਿਆਂ ਵੀ ਬੱਚੇ ਦਾ ਸਵੀਕਾਰ ਕਾਇਮ ਰੱਖਦੀਆਂ ਹਨ।

ਜਦੋਂ ਮੈਂ ਕਿਸੇ ਨੂੰ, ਜਿਵੇਂ ਉਹ ਹੈ, ਸਵੀਕਾਰ ਨਹੀਂ ਕਰਦਾ ਤਾਂ ਮੈਂ ਉਸ ਕੋਲੋਂ ਉਸ ਦਾ 'ਘਰ' ਖੋਂਹਦਾ ਹਾਂ। ਇਹ ਕੋਈ ਵੀ ਹੋ ਸਕਦਾ ਹੈ-ਮੇਰਾ ਬੱਚਾ, ਮਿੱਤਰ, ਸਾਥੀ ਜਾਂ ਸੜਕ 'ਤੇ ਜਾਂਦਾ ਓਪਰਾ ਬੰਦਾ।

ਘਰ ਖੋਹਣ ਲਈ ਕਿਸੇ ਨੂੰ ਉਸ ਦੀ 'ਥਾਂ' ਤੋਂ ਕੱਢਣਾ ਜ਼ਰੂਰੀ ਨਹੀਂ, ਉਸ ਨੂੰ 'ਥਾਂ' ਨਾ ਦੇਣਾ ਹੀ ਉਸ ਨੂੰ ਨਿਥਾਵਾਂ ਕਰ ਦਿੰਦਾ ਹੈ। ਥਾਂ ਸਦਾ ਦਿਸਦੀ ਨਹੀਂ।

ਜਦੋਂ ਮੈਂ ਡਾਕਟਰ ਮੈਕਡੌਨਲਡ ਦੀ ਇਸਾਈ ਪ੍ਰਾਰਥਨਾ ਸਵੀਕਾਰ ਨਹੀਂ ਕਰਦਾ, ਮੈਂ ਉਸ ਨੂੰ ਬੇਘਰ ਕਰਦਾ ਹਾਂ। ਜਦੋਂ ਮੈਂ ਕਿਸੇ ਬਿਹਾਰੀ ਬੰਦੇ ਦਾ ਗਾੜ੍ਹਾ ਰੰਗ ਸਵੀਕਾਰ ਨਹੀਂ ਕਰਦਾ, ਮੈਂ ਉਸ ਨੂੰ ਨਿਥਾਵਾਂ ਕਰਦਾ ਹਾਂ, ਭਾਵੇਂ ਉਹ ਸਾਰੀ ਉਮਰ ਮੇਰੇ ਗੁਆਂਢ ਵਿਚ ਮਕਾਨ ਬਣਾ ਕੇ ਰਹੀ ਜਾਵੇ।

---

ਮੈਨੂੰ ਅਚੇਤ ਤੌਰ 'ਤੇ ਲਗਦਾ ਹੈ, ਮੈਂ 'ਬਾਹਰੋਂ' ਆਇਆ ਹਾਂ। ਮੇਰੇ ਜਾਣਕਾਰ ਪੰਜਾਬੀ ਸਿੱਖ ਦਾ ਬੇਟਾ, ਜੌਨ ਬਾਹਰੋਂ ਨਹੀਂ ਆਇਆ।

'ਜੌਨ' ਉਸ ਦਾ 'ਕੈਨੇਡੀਅਨ' ਨਾਂ ਹੈ, ਅਸਲੀ ਨਾਮ ਯੁਵਰਾਜ ਸਿੰਘ ਹੈ।

ਉਸ ਦਾ ਅੰਗਰੇਜ਼ੀ ਉਚਾਰਨ ਸ਼ੁੱਧ ਕੈਨੇਡੀਅਨ ਹੈ। ਯੂਨੀਵਰਸਿਟੀ ਵਿਚ ਪੜ੍ਹਦਾ ਹੈ। ਪੰਜਾਬੀ ਘੱਟ ਵੱਧ ਹੀ ਬੋਲਦਾ ਹੈ। ਮਾਸ ਬਿਨਾ ਰੋਟੀ ਨਹੀਂ ਖਾਂਦਾ। ਗੋਰਿਆਂ ਵਰਗੇ ਕੱਪੜੇ ਪਾਉਂਦਾ, ਆਈਸ ਹਾਕੀ ਅਤੇ ਬੇਸਬਾਲ ਚਾਅ ਨਾਲ ਦੇਖਦਾ ਹੈ। ਅੰਗਰੇਜ਼ੀ ਗਾਣੇ ਸ਼ੌਕ ਨਾਲ ਸੁਣਦਾ ਹੈ। ਜੌਨ ਸਭਿਅਕ ਅਤੇ ਜ਼ਿੰਮੇਵਾਰ ਮੁੰਡਾ ਹੈ। ਮੈਂ ਉਸ ਨੂੰ ਪੁੱਛਿਆ, 'ਤੇਰੇ ਦੋਸਤ ਕਿਹੜੇ ਹਨ?' ਬੋਲਿਆ, 'ਮੇਰੇ ਵਰਗੇ ਦੇਸੀ ਮੁੰਡੇ।'

ਦੇਸੀ ਦਾ ਅਰਥ ਕੈਨੇਡੀਅਨ ਨਹੀਂ। ਏਥੇ ਜੰਮ ਪਲ ਕੇ ਵੀ ਕੈਨੇਡਾ ਜੌਨ ਦਾ 'ਦੇਸ' ਨਹੀਂ ਬਣਿਆ। ਮੈਂ ਪੁੱਛਿਆ, 'ਗੋਰੇ ਲੜਕਿਆਂ ਨਾਲ ਦੋਸਤੀ ਨਹੀਂ ਹੁੰਦੀ?'

'ਮੇਰਾ ਰੰਗ ਪੱਕਾ ਹੈ। ਉਹ ਸਾਨੂੰ ਆਪਣੇ ਵਿਚ ਨਹੀਂ ਰਲਾਉਂਦੇ।'

'ਤੂੰ ਕਿਥੇ ਰਹਿਣਾ ਚਾਹੇਂਗਾ?'

'ਇੰਗਲੈਂਡ ਜਾਂ ਬੰਬਈ ਵਿਚ!'

'ਕੀ ਕੈਨੇਡਾ ਤੈਨੂੰ ਆਪਣਾ ਘਰ ਨਹੀਂ ਲਗਦਾ?'

'ਨਹੀਂ। ਮੇਰੇ ਚਾਹੁਣ ਨਾਲ ਕੋਈ ਮੇਰਾ ਤਾਂ ਨਹੀਂ ਹੋ ਜਾਂਦਾ...।'

ਕੈਨੇਡੀਅਨ ਕਾਨੂੰਨ ਮੁਤਾਬਕ ਉਹ 'ਜਨਮ-ਜਾਤ' ਕੈਨੇਡੀਅਨ ਹੈ। 'ਜਨਮ-ਸਿੱਧ' ਵੱਡਾ ਹੱਕ ਹੈ। ਜਨਮ ਦੇਣ ਕਰਕੇ ਹੀ ਮਾਂ ਮੇਰੀ ਹੈ। ਜਨਮ ਹੋਣ ਕਰਕੇ ਮੇਰੀ ਜਨਮ-ਤਿਥੀ ਹੈ, ਜਨਮ-ਭੂਮੀ ਹੈ, ਮਾਂ-ਬੋਲੀ ਹੈ, ਮੇਰਾ ਸੁਭਾਵਕ ਮੁਲਕ ਹੈ ਪਰ ਜੌਨ ਦੀ 'ਬਾਹਰਲਾ' ਹੋਣ ਦੀ ਭਾਵਨਾ ਕੈਨੇਡਾ ਜੰਮ ਪਲ ਕੇ ਵੀ ਮੌਜੂਦ ਹੈ।

ਜੌਨ ਕੈਨੇਡਾ ਰਹਿਣ ਵਾਲੀ ਦੂਜੀ ਪੁਸ਼ਤ ਹੈ। ਜੌਨ ਵਿਚੋਂ ਪੰਜਾਬੀ ਨਾਂ ਅਤੇ ਬੋਲੀ ਲਗਭਗ ਗੁਆਚ ਗਏ ਹਨ। "ਘਰਿ ਘਰਿ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ॥" ਕੁਝ ਰਿਸ਼ਤੇ ਅਤੇ ਇਤਿਹਾਸ ਹਾਲੇ ਬਚਿਆ ਹੈ।

ਸਮਾਜ ਵਿਗਿਆਨੀਆਂ ਮੁਤਾਬਕ ਚਾਰ ਪੁਸ਼ਤਾਂ ਵਿਚ ਬੰਦੇ ਦੂਜੇ ਸਭਿਆਚਾਰ ਵਿਚ ਪੂਰੀ ਤਰ੍ਹਾਂ ਘੁਲ ਮਿਲ ਜਾਂਦੇ ਹਨ। ਜੌਨ ਦੇ ਪੋਤਰਿਆਂ ਵਿਚੋਂ ਪੰਜਾਬ ਪੂਰੀ ਤਰ੍ਹਾਂ ਮਨਫੀ ਹੋ ਜਾਣ ਦੀ ਸੰਭਾਵਨਾ ਹੈ। ਫਿਰ ਕੈਨੇਡਾ ਉਨ੍ਹਾਂ ਦਾ 'ਘਰ' ਹੋਏਗਾ। ਉਹੀ ਥਾਂ, ਜੋ ਉਨ੍ਹਾਂ ਦੇ ਬਜ਼ੁਰਗਾਂ ਲਈ 'ਆਪਣਾ ਘਰ' ਨਹੀਂ ਸੀ।

ਕਾਮਾਗਾਟਾਮਾਰੂ ਵਾਲੇ ਬਾਬਾ ਗੁਰਦਿੱਤ ਸਿੰਘ ਲਈ ਕੈਨੇਡਾ ਓਨਾ 'ਆਪਣਾ' ਨਹੀਂ ਸੀ, ਜਿੰਨਾ ਜੌਨ ਦੇ ਮਾਤਾ ਪਿਤਾ, ਜਾਂ ਜੌਨ ਲਈ ਹੈ। ਇਹ 'ਆਪਣਾਪਨ' ਪੁਸ਼ਤਾਂ ਅਤੇ ਕਿਸ਼ਤਾਂ ਵਿਚ ਵਧਦਾ ਹੈ, ਕਮਾਉਣਾ ਪੈਂਦਾ ਹੈ। ਹਰ ਪੁਸ਼ਤ ਆਪਣਾ 'ਪਰਾਇਆਪਨ' ਅਤੇ 'ਨਵੇਂ ਘਰ' ਨੂੰ 'ਆਪਣਾ' ਕਰਨ ਦੇ ਯਤਨਾਂ ਦਾ ਫਲ ਵੀ ਅਗਲੀ ਪੁਸ਼ਤ ਨੂੰ ਦਿੰਦੀ ਹੈ।

ਜਦੋਂ ਮੈਂ ਬੱਚਿਆਂ ਨੂੰ ਆਪਣੇ ਅੰਦਰਲਾ ਕੈਨੇਡਾ ਵਿਚ 'ਪਰਾਇਆ' ਹੋਣ ਦਾ ਅਹਿਸਾਸ

(ਬਾਕੀ ਅਗਲੇ ਸਫੇ 'ਤੇ)

ਦਿੰਦਾ ਹਾਂ, ਮੈਂ ਉਨ੍ਹਾਂ ਨੂੰ, ਉਨ੍ਹਾਂ ਦੀ 'ਆਪਣੀ' ਜੰਮਣ ਭੌਂ ਕੈਨੇਡਾ ਦੀ ਸੁੰਦਰ ਧਰਤੀ ਤੋਂ ਥੋੜ੍ਹਾ ਜਿਹਾ ਓਪਰਾ ਕਰ ਦਿੰਦਾ ਹਾਂ। ਮੈਂ ਉਨ੍ਹਾਂ ਨੂੰ ਥੋੜ੍ਹਾ ਜਿਹਾ ਬੇਘਰ ਕਰ ਦਿੰਦਾ ਹਾਂ।

ਮੇਰਾ ਚੇਤਨ ਮਨ ਕਹਿੰਦਾ ਹੈ, "ਕੈਨੇਡਾ ਦੀ ਧਰਤੀ ਵੀ ਤਾਂ ਸੁੰਦਰ ਹੈ! ਇਹ ਤੈਨੂੰ ਆਪਣੀ ਕਿਉਂ ਨਹੀਂ ਜਾਪਦੀ? ਤੈਨੂੰ ਅੰਬ, ਟਾਹਲੀ, ਪਿੱਪਲ ਜਾਂ ਕਿੱਕਰ ਹੀ ਕਿਉਂ ਯਾਦ ਆਉਂਦੇ ਹਨ? ਤੈਨੂੰ ਮੇਪਲ, ਬਰਚ ਜਾਂ ਕ੍ਰਿਸਮਸ ਰੁੱਖ ਕਿਉਂ ਚੰਗੇ ਨਹੀਂ ਲਗਦੇ? ਤੂੰ ਪਿਛਲੇ ਦੇ ਹੇਰਵੇ ਤੋਂ ਮੁਕਤ ਕਿਉਂ ਨਹੀਂ ਹੁੰਦਾ?"

ਉਹ ਇਹ ਵੀ ਪੁੱਛਦਾ ਹੈ, "ਇਸ ਧਰਤੀ ਤੇ ਇਸ ਦੇ ਪਾਣੀਆਂ, ਪੰਛੀਆਂ, ਰੁੱਖਾਂ ਨੂੰ ਅਣਗੌਲਿਆ ਕਰਕੇ, ਇਸ ਨੂੰ ਆਪਣਾ ਨਾ ਮੰਨ ਕੇ, ਕੀ ਤੂੰ ਇਸ ਨਾਲ ਅਨਿਆਂ ਨਹੀਂ ਕਰ ਰਿਹਾ? ਤੈਨੂੰ ਇਹ ਸ਼ਿਕਾਇਤ ਕਰਨ ਦਾ ਕੀ ਹੱਕ ਹੈ ਕਿ ਇਸ ਧਰਤੀ ਦੇ ਗੋਰੇ ਵਸਨੀਕ ਤੇਰੇ ਨਾਲ ਵਿਤਕਰਾ ਕਰਦੇ ਹਨ? ਜਿਸ 'ਘਰ' ਨੂੰ ਤੂੰ ਆਪਣਾ ਨਹੀਂ ਮੰਨਦਾ, ਉਹ ਤੈਨੂੰ ਆਪਣਾ ਕਿਉਂ ਮੰਨੇ?"

ਮੈਂ ਧਰਤੀ 'ਤੇ ਰਹਿੰਦਾ ਹਾਂ। ਧਰਤੀ ਮੇਰੇ 'ਤੇ ਰਹਿੰਦੀ ਹੈ। ਧਰਤੀ ਮੇਰੀ ਥਾਂ ਹੈ। ਮੈਂ ਧਰਤੀ ਦੀ 'ਥਾਂ' ਹਾਂ। ਸਵੀਕਾਰ ਨਾ ਕਰਕੇ ਮੈਂ ਇਸ ਧਰਤੀ ਨੂੰ, ਇਸ 'ਥਾਂ' ਨੂੰ ਵੀ ਨਿਥਾਂਵੀਂ ਕਰ ਰਿਹਾ ਹਾਂ।

---

ਮੈਂ ਏਦਾਂ ਕਿਉਂ ਕਰਦਾ ਹਾਂ? ਇਹ ਜਾਣਨ ਲਈ ਮੈਂ ਬੁੱਧ ਕੋਲ ਜਾਂਦਾ ਹਾਂ। ਉਹ ਆਖਦਾ ਹੈ, "ਤੂੰ ਅਚੇਤ ਜੀਂਦਾ ਹੈਂ। ਅਚੇਤ ਮਨ ਸੰਸਕਾਰ ਹੈ, ਅਰਥਾਤ ਚੇਤਾ। ਹਰ ਬੀਤੀ ਨਿੱਕੀ ਵੱਡੀ ਘਟਨਾ ਦਾ ਤੇਰੇ ਅੰਦਰ ਚੇਤਾ ਪਿਆ ਹੈ। ਜੋ ਘਟਨਾ ਵਾਰ-ਵਾਰ ਦੁਹਰਾਈ ਜਾਂਦੀ ਹੈ, ਉਸ ਦਾ ਚੇਤਾ ਲੀਹ ਬਣ ਜਾਂਦਾ ਹੈ।"

"ਮਨ ਵਾਸਤੇ ਲੀਹ 'ਤੇ ਤੁਰਨਾ ਆਸਾਨ ਹੈ। ਜੇ ਤੁਰਨ ਨੂੰ ਲੀਹ ਨਾ ਮਿਲੇ ਤਾਂ ਮਨ ਗੁਆਚਿਆ ਮਹਿਸੂਸ ਕਰਦਾ ਹੈ। ਇਸੇ ਲਈ ਤੈਨੂੰ ਪਰਦੇਸ ਵਿਚ ਰਹਿਣਾ ਗੁਆਚਣ ਸਮਾਨ ਲਗਦਾ ਹੈ।"

"ਤੇਰੇ ਕੋਲ ਚੋਣ ਹੈ, ਤੂੰ ਲੀਹ 'ਤੇ ਹੀ ਤੁਰਨਾ ਹੈ ਜਾਂ ਨਵਾਂ ਰਾਹ ਲੱਭਣਾ ਹੈ? ਕਰਮ ਚੇਤੇ ਵਿਚੋਂ ਕਰਨਾ ਹੈ, ਜਾਂ ਕਰਮ ਕਰਨ ਦਾ ਤਰੀਕਾ ਇਸੇ ਪਲ ਮੁੜ ਚੁਣਨਾ ਹੈ?"

"ਬੱਚੇ ਵਰਗਾ ਹੋ ਜਾ। ਦੁਖ ਹੋਵੇ, ਰੋ ਪੈਂਦਾ ਹੈ; ਸੁਖ ਹੋਵੇ ਹੱਸ ਪੈਂਦਾ ਹੈ। ਪਿਛਲੇ ਪਲ ਦਾ ਚੇਤਾ ਸੰਭਾਲ ਕੇ ਨਹੀਂ ਰੱਖਦਾ। ਸ਼ੀਸ਼ੇ ਵਰਗਾ ਹੋ ਜਾ: ਜੋ ਸਾਹਮਣੇ ਹੈ, ਉਸ ਦਾ ਪ੍ਰਤੀਬਿੰਬ ਸੰਪੂਰਨ ਬਣਦਾ ਹੈ, ਪਰ ਸ਼ੀਸ਼ਾ ਕਿਸੇ ਪ੍ਰਤੀਬਿੰਬ ਨੂੰ ਸੰਭਾਲ ਕੇ ਨਹੀਂ ਰੱਖਦਾ।"

"ਇਸ ਰੁੱਖ ਨੂੰ ਦੇਖ, ਮਾਣ, ਪਰ ਇਸ ਦਾ ਚੇਤਾ ਨਾ ਸੰਭਾਲ। ਤਾਂ ਹੀ ਅਗਲਾ ਰੁੱਖ ਪੂਰੀ ਤਰ੍ਹਾਂ ਦੇਖ ਸਕੇਂਗਾ। ਪਿਛਲੇ ਰੁੱਖ ਵਿਚ ਨਾ ਜੀ। ਪਿਛਲੇ ਵੇਲੇ ਵਿਚ ਨਾ ਜੀਅ। ਜੀਵਨ ਤਾਂ 'ਹੁਣ' ਵਾਪਰ ਰਿਹਾ ਹੈ।"

---

ਮੈਥੋਂ ਇੰਜ ਕੀਤਾ ਨਹੀਂ ਜਾਂਦਾ। ਮੈਥੋਂ ਆਪਣੀ ਜੜ੍ਹ ਹਰ ਪਲ ਪੁੱਟ ਕੇ ਅਗਲੇ ਪਲ ਵਿਚ ਨਹੀਂ ਲਾਈ ਜਾਂਦੀ। ਉਹ ਘਰ, ਜਿਥੇ ਮੈਂ ਜੰਮਿਆ ਪਲਿਆ, ਆਪਣੇ ਵਿਚੋਂ ਮਨਫੀ ਨਹੀਂ ਕੀਤਾ ਜਾਂਦਾ। ਆਪਣੇ ਵਿਚੋਂ ਮੇਰਾ ਮੈਂ, ਹੁਣ ਤੱਕ ਦਾ ਜਮ੍ਹਾਂ ਨਿਚੋੜ, ਕੱਢਿਆ ਨਹੀਂ ਜਾਂਦਾ।

ਮੈਂ ਕਹਿੰਦਾ ਹਾਂ, ਮੈਨੂੰ ਨਵਾਂ 'ਮੈਂ' ਮਿਲੇ ਤਾਂ ਪਿਛਲੇ ਮੈਂ ਨੂੰ ਕੱਢਾਂ! ਬੁੱਧ ਆਖਦਾ ਹੈ, ਤੂੰ ਆਪਣੇ ਵਿਚੋਂ ਪਿਛਲਾ 'ਮੈਂ' ਕੱਢੇਂ ਤਾਂ ਤੈਨੂੰ ਨਵੇਂ 'ਮੈਂ' ਦੀ ਪ੍ਰਾਪਤੀ ਹੋਵੇ! ਭਾਂਡਾ ਖਾਲੀ ਹੋਵੇ ਤਾਂ ਉਸ ਵਿਚ ਕੁਝ ਪਵੇ!

ਬੁੱਧ ਸੱਚਾ ਹੈ, ਪਰ ਮੈਥੋਂ ਉਹਦਾ ਸੱਚ ਜੀਵਿਆ ਨਹੀਂ ਜਾਂਦਾ। ਇਸ ਬਿੰਦੂ ਤੋਂ ਅਸੀਂ ਨਿੱਖੜ ਜਾਂਦੇ ਹਾਂ। ਮੈਂ ਹੋਰ ਰਾਹ ਲੱਭਦਾ ਹਾਂ।

ਮੈਂ ਵਿਧੀ ਲੱਭਦਾ ਹਾਂ, ਜਿਸ ਨਾਲ ਮੇਰੇ ਅੰਦਰ ਵੱਸਿਆ ਘਰ, ਹਰ ਨਵੇਂ ਘਰ ਨੂੰ ਆਪਣੇ ਗੁਆਂਢ ਵਿਚ ਥਾਂ ਦੇਵੇ, ਜਾਂ ਉਹ ਨਵੇਂ ਘਰ ਵਿਚ ਸ਼ਾਮਲ ਹੋ ਜਾਵੇ। ਇਉਂ ਇਹ ਘਰ ਵਿਕਾਸ ਕਰਦਾ ਰਹੇ।

ਜੀਵਨ ਵਿਚ ਇਵੇਂ ਹੀ ਤਾਂ ਵਾਪਰਦਾ ਹੈ। ਮਾਤਾ ਪਿਤਾ ਮੁੱਕਦੇ ਹਨ, ਬੱਚਾ ਪੈਦਾ ਹੁੰਦਾ ਹੈ ਪਰ ਪਿਛਲਾ ਸਰੀਰ ਲੋਪ ਨਹੀਂ ਹੁੰਦਾ, ਉਸ ਦੇ ਗੁਣ ਨਵੇਂ ਵਿਚ ਸਮਾ ਜਾਂਦੇ ਹਨ। ਜੀਵਨ ਨਿਰੰਤਰਤਾ ਹੈ, ਮੁਕਾਮ ਨਹੀਂ। ਇਹ ਯਾਤਰਾ ਹੈ, ਸਿਰਫ ਇਕ ਥਾਂਏਂ ਗੱਡਿਆ ਘਰ ਨਹੀਂ।

---

ਮੈਂ ਆਪ ਹੀ ਤਾਂ ਕੈਨੇਡਾ ਆਉਣ ਦੀ ਇਹ ਯਾਤਰਾ ਚੁਣੀ ਸੀ, ਪੜ੍ਹਨ ਲਈ। ਮੇਰੇ ਵਰਗੇ ਕਿੰਨੇ ਹੀ ਲੋਕ ਪਰਦੇਸ ਜਾ ਰਹੇ ਹਨ। ਬਹੁਤ ਸਾਰੇ ਵੱਸੇ ਵਸਾਏ ਘਰਾਂ ਨੂੰ ਛੱਡ ਕੇ ਜਾ ਰਹੇ ਹਨ। ਜਾਣ ਵਾਲਿਆਂ ਦੇ ਆਪੋ ਆਪਣੇ ਕਾਰਨ ਹਨ। ਵਧੇਰੇ ਲੋਕ ਆਉਣ ਵਾਲੇ ਵੇਲੇ ਤੋਂ ਡਰੇ ਹੋਏ ਹਨ। ਕਈ ਭ੍ਰਿਸ਼ਟਾਚਾਰ ਅਤੇ ਪ੍ਰਦੂਸ਼ਣ ਤੋਂ ਦੁਖੀ ਹਨ। ਕੁਝ ਲਈ ਰੋਟੀ ਦਾ ਵਸੀਲਾ ਨਹੀਂ। ਕਿਸੇ ਨੂੰ ਸਰਕਾਰੀ ਜਾਂ ਅਤਿਵਾਦੀ ਖੌਫ ਹੈ। ਬਹੁਤ ਸਾਰੇ ਸਿਰਫ ਇਸੇ ਲਈ ਜਾ ਰਹੇ ਹਨ ਕਿਉਂਕਿ ਦੂਜੇ ਜਾ ਰਹੇ ਹਨ। ਅਜਿਹੇ ਲੋਕਾਂ ਨੂੰ ਪਤਾ ਨਹੀਂ, ਉਹ ਕਿਥੇ ਪਹੁੰਚਣਗੇ ਪਰ ਉਹ ਦੂਜਿਆਂ ਤੋਂ 'ਪਛੜਨਾ' ਨਹੀਂ ਚਾਹੁੰਦੇ।

ਪੰਜਾਬ ਵਿਚ ਰਹਿੰਦੇ ਹਰ ਬੰਦੇ ਨੂੰ ਤਾਂ ਨਹੀਂ ਪਰ ਆਮ ਬੰਦੇ ਨੂੰ ਲਗਦਾ ਹੈ, ਜੇ ਉਹ ਕੈਨੇਡਾ-ਅਮਰੀਕਾ ਨਹੀਂ ਗਿਆ ਤਾਂ ਪਛੜਿਆ ਹੋਇਆ ਹੈ।

ਪਛੜਨ ਦਾ ਅਰਥ ਥਾਉਂ ਥਾਂਈਂ ਬਦਲਦਾ ਰਹਿੰਦਾ ਹੈ। ਪੰਦਰਾਂ ਸਾਲ ਕੈਨੇਡਾ ਰਹਿ ਕੇ ਮੈਂ ਮਕਾਨ ਨਾ ਖਰੀਦਿਆ, ਉਥੇ ਰਹਿੰਦੇ ਵਧੇਰੇ ਪੰਜਾਬੀਆਂ ਦੇ ਮਾਪਦੰਡ ਮੁਤਾਬਕ ਮੈਂ ਵੀ 'ਪਛੜਿਆ' ਬੰਦਾ ਸਾਂ।

ਨੌਕਰੀ, ਪਤਨੀ, ਮਕਾਨ ਅਤੇ ਬੱਚਾ 'ਵੱਸੇ ਹੋਣ' ਦੇ ਚਿੰਨ੍ਹ ਹਨ। ਪੰਜ ਵਰ੍ਹੇ, ਜਦੋਂ ਮੈਂ ਕਿਰਾਏ ਦੇ ਕਮਰੇ ਜਾਂ ਮਕਾਨ ਵਿਚ ਚੈਨ ਨਾਲ ਇਕੱਲਾ ਰਹਿੰਦਾ ਸਾਂ, ਜਾਣਕਾਰਾਂ ਰਿਸ਼ਤੇਦਾਰਾਂ ਨੂੰ ਮੈਂ 'ਉਜੜਿਆ' ਲਗਦਾ ਸਾਂ। ਹੁਣ ਜਦੋਂ ਪਤਨੀ ਅਤੇ ਪਿਤਾ ਮੇਰੇ ਨਾਲ ਖਰੀਦੇ ਹੋਏ ਮਕਾਨ ਵਿਚ ਰਹਿੰਦੇ ਹਨ, ਉਨ੍ਹਾਂ ਮੁਤਾਬਕ ਮੈਂ 'ਵੱਸ' ਗਿਆ ਹਾਂ।

ਮੈਨੂੰ ਹੁਣ ਵੀ ਚੈਨ ਹੈ, ਪਰ ਉਨ੍ਹਾਂ ਵਾਸਤੇ ਇਹ (ਚੈਨ) 'ਵੱਸੇ' ਹੋਣ ਦੀ ਸ਼ਰਤ ਨਹੀਂ। ਉਹ ਜਦੋਂ ਮੈਨੂੰ ਚੈਨ ਨਾਲ ਇਕੱਲੇ ਰਹਿੰਦੇ ਨੂੰ 'ਉਜੜਿਆ' ਸਮਝਦੇ ਸਨ, ਉਦੋਂ ਉਹ ਖਰੀਦੇ ਹੋਏ ਘਰ ਅੰਦਰ ਆਪਣੇ ਸਾਥੀ ਜਾਂ ਸਾਥਣ ਨਾਲ ਅੱਤ ਦੇ ਕਲੇਸ਼ ਵਿਚ ਰਹਿੰਦਿਆਂ ਜਿਉਂਦਿਆਂ ਆਪਣੇ ਆਪ ਨੂੰ 'ਵੱਸਿਆ' ਸਮਝਦੇ ਸਨ।

ਮੈਨੂੰ ਨਹੀਂ ਲੱਗਿਆ, ਮੈਂ ਜ਼ਿੰਦਗੀ ਵਿਚ ਕਦੀ ਉਜਾੜਿਆ ਸਾਂ। ਮੇਰੇ ਨਾਲ ਮੇਰੀਆਂ ਕਿਤਾਬਾਂ, ਸੰਗੀਤ, ਤਸਵੀਰਾਂ, ਡਾਇਰੀਆਂ, ਸੁਪਨੇ, ਖਿਆਲ, ਫਿਕਰ ਅਤੇ ਅਨੁਭਵ ਸਦਾ ਰਹੇ। ਮੇਰੇ ਲਈ ਉਹ ਬੰਦਿਆਂ ਜਿੰਨੇ ਹੀ ਜਿਉਂਦੇ ਜਾਗਦੇ ਹਨ। ਜੇ ਉਹ ਮੇਰੇ ਨਾਲ ਨਾ ਰਹਿ ਜਾਣ ਤਾਂ ਬੰਦਿਆਂ ਵਿਚ ਘਿਰਿਆ ਹੋਇਆ ਵੀ ਮੈਂ ਮੋਇਆ ਮਹਿਸੂਸ ਕਰਾਂ।

ਮੈਂ ਕਈ ਵਾਰੀ ਇਕੱਲਾ ਮਹਿਸੂਸ ਕਰਦਾ ਸਾਂ, ਪਰ ਉਜੜਿਆ ਨਹੀਂ। ਉਜੜਿਆ ਬੰਦਾ ਇਕੱਲਾ ਹੁੰਦਾ ਹੈ। 'ਵੱਸਿਆ' ਬੰਦਾ ਵੀ ਇਕੱਲਾ ਹੋ ਸਕਦਾ ਹੈ। ਇਕੱਲਾ ਬੰਦਾ ਹਮੇਸ਼ਾ ਉਜੜਿਆ ਨਹੀਂ ਹੁੰਦਾ। ਬਹੁਤੇ ਬੰਦਿਆਂ ਨੂੰ ਕਰਜ਼ੇ ਅਤੇ ਮੁਰੰਮਤ ਜਿਹੀਆਂ ਬੇਚੈਨੀਆਂ ਦੇ ਬਾਵਜੂਦ ਖਰੀਦਿਆ ਮਕਾਨ 'ਘਰ' ਲਗਦਾ ਹੈ: ਕਿਰਾਏ ਦਾ ਮਕਾਨ ਸਦਾ ਘਰ ਵਰਗਾ ਨਹੀਂ ਜਾਪਦਾ। ਸ਼ਾਇਦ ਘਰ ਦੇ 'ਆਪਣੇ' ਹੋਣ ਵਿਚ ਉਸ ਦਾ ਕਿਰਾਏ ਦਾ ਹੋਣਾ ਰੁਕਾਵਟ ਪਾਉਂਦਾ ਹੈ।

ਜਿਸ 'ਤੇ ਸਾਡਾ ਕਬਜ਼ਾ ਹੋਵੇ, ਅਸੀਂ ਉਸ ਨੂੰ ਹੀ 'ਆਪਣਾ' ਗਿਣਦੇ ਹਾਂ। 'ਆਪਣੇਪਨ' ਦੀ ਇਹ ਸਭ ਤੋਂ ਬੇਗਾਨੀ ਪਰਿਭਾਸ਼ਾ ਹੈ।

ਸ਼ਾਇਦ ਇਸੇ ਮਾਨਸਿਕਤਾ ਕਰਕੇ ਹੀ ਪੰਜਾਬੀ ਬੋਲੀ ਵਿਚ ਅੰਗਰੇਜ਼ੀ ਦੇ ਸ਼ਬਦ 'ਬਿਲੌਂਗ' ਲਈ ਕੋਈ ਸਹੀ ਸ਼ਬਦ ਨਹੀਂ। ਜਦੋਂ ਮੈਂ ਕਿਸੇ ਨੂੰ ਬਿਲੌਂਗ ਕਰਦਾ ਹਾਂ ਤਾਂ ਉਦੋਂ ਵੀ ਉਸ ਨਾਲ ਜੁੜਿਆ ਹੁੰਦਾ ਹਾਂ, ਜਦੋਂ ਉਹ 'ਮੇਰਾ' ਨਹੀਂ ਹੁੰਦਾ।

ਕੀ ਅਜਿਹੀ ਮਾਨਸਿਕਤਾ ਕਰਕੇ ਹੀ ਕੈਨੇਡਾ ਮੈਨੂੰ 'ਆਪਣਾ' ਨਹੀਂ ਲਗਦਾ? ਪੰਦਰਾਂ ਸਾਲ ਕੈਨੇਡਾ ਰਹਿ ਕੇ ਵੀ ਮੈਂ 'ਆਪਣਾ ਮਕਾਨ' ਨਹੀਂ ਸੀ ਖਰੀਦਿਆ। ਕੀ ਮੈਨੂੰ ਵੀ ਖਰੀਦ ਵਿਚੋਂ ਹੀ ਆਪਣਾਪਨ ਲੱਭਦਾ ਹੈ?

ਮਕਾਨ ਖਰੀਦਣ ਵਾਲਾ ਆਖਦਾ ਹੈ, ਉਹ 'ਘਰ' ਖਰੀਦਣ ਲੱਗਾ ਹੈ। ਖਰੀਦੀ ਥਾਂ 'ਤੇ ਮਕਾਨ ਉਸਾਰਨ ਨਾਲ ਹੀ 'ਘਰ' ਨਹੀਂ ਬਣ ਜਾਂਦਾ; ਪਰ ਜਿਸ ਨੂੰ ਅਸੀਂ 'ਆਪਣਾ ਘਰ' ਆਖਦੇ ਹਾਂ, ਉਸ ਦੀ ਥਾਂ, ਉਸ ਦੀ ਹਰ ਇੱਟ ਖਰੀਦੀ ਹੁੰਦੀ ਹੈ। ਉਹ ਦਿਨ ਨਹੀਂ ਰਹੇ, ਜਦੋਂ ਬੰਦਾ ਧਰਤੀ ਦੇ ਕਿਸੇ ਹਿੱਸੇ 'ਤੇ ਵੀ ਕੁਟੀਆ ਪਾ ਕੇ ਰਹਿ ਸਕਦਾ ਸੀ। ਹੁਣ ਹਰ ਥਾਂ ਕਿਸੇ ਸਰਕਾਰ ਜਾਂ ਠੇਕੇਦਾਰ ਦੀ ਹੈ।

ਖਰੀਦ, ਮੰਡੀ ਦਾ ਹਿੱਸਾ ਹੈ। ਇਹ ਮੇਰੀ ਤ੍ਰਾਸਦੀ ਹੈ ਕਿ ਮੈਂ 'ਆਪਣੇ ਘਰ' ਵਿਚ ਲੁਕ ਕੇ ਵੀ ਮੰਡੀ ਤੋਂ ਮੁਕਤ ਨਹੀਂ ਹੋ ਸਕਦਾ।

ਖਰੀਦੇ ਹੋਏ ਘਰ ਵਿਚੋਂ ਸਰਕਾਰ ਮੈਨੂੰ ਕੱਢ ਸਕਦੀ ਹੈ, ਡਾਕੇ ਮੱਲ ਸਕਦੇ ਹਨ, ਬੈਂਕ ਕਬਜ਼ਾ ਕਰ ਲੈਂਦਾ ਹੈ। ਖਰੀਦ ਕੇ ਵੀ 'ਆਪਣਾ ਘਰ' ਪੱਕੀ ਤਰ੍ਹਾਂ ਮੇਰਾ ਆਪਣਾ ਨਹੀਂ ਹੁੰਦਾ।

ਕਰੋੜਾਂ ਮੀਲਾਂ ਵਿਸ਼ਾਲ ਧਰਤੀ 'ਤੇ ਮੇਰੇ ਕੋਲ ਰਹਿਣ ਦਾ ਕੋਈ ਪੱਕਾ ਟਿਕਾਣਾ ਨਹੀਂ। ਮੈਂ ਉਨ੍ਹਾਂ ਪੰਛੀਆਂ ਵਰਗਾ ਹੀ ਬੇਵਸ ਹਾਂ ਜਿਨ੍ਹਾਂ ਦੇ ਆਲ੍ਹਣੇ ਉਜੜ ਗਏ, ਜਦੋਂ ਮੈਂ 'ਆਪਣਾ' ਘਰ ਉਸਾਰਨ ਲਈ ਰੁੱਖ ਵੱਢ ਦਿੱਤੇ; ਉਨ੍ਹਾਂ ਜਾਨਵਰਾਂ ਵਰਗਾ ਜਿਨ੍ਹਾਂ ਦੇ ਘੁਰਨੇ ਮੇਰੇ ਘਰ ਨੂੰ ਥਾਂ ਦੇਣ ਲਈ ਢਹਿ ਗਏ।

ਸਿਰਫ ਜਿਉਂਦੇ ਜੀਵ ਹੀ ਨਹੀਂ, ਮੇਰੇ ਘਰ ਵਾਲੀ ਥਾਂ 'ਤੇ ਕਈ ਪੱਥਰ ਵੀ ਪਏ ਸਨ। ਇਹ ਥਾਂ ਉਨ੍ਹਾਂ ਦਾ ਵੀ 'ਘਰ' ਸੀ। ਸ੍ਰਿਸ਼ਟੀ ਵਿਚ ਪੈਦਾ ਹੋਈ ਹਰ ਚੀਜ਼ ਨੂੰ ਥਾਂ ਚਾਹੀਦੀ ਹੈ; ਇਹ ਉਸ ਦਾ ਹੱਕ ਹੈ। ਮੇਰਾ ਹੁਣ ਦਾ ਘਰ ਕਈਆਂ ਨੂੰ ਬੇਘਰ ਕਰਕੇ ਬਣਿਆ ਹੈ। ਕਿਸੇ ਹੋਰ ਦੀ ਖਾਤਰ ਮੈਨੂੰ ਵੀ ਬੇਘਰ ਹੋਣਾ ਪੈ ਸਕਦਾ ਹੈ।

ਅਜਿਹੇ ਪਲ ਵਿਚ ਇਹੋ ਲਗਦਾ ਹੈ, 'ਰਹਣੁ ਕਿਥਾਊ ਨਾਹਿ...॥'

ਜੇ ਮਕਾਨ ਖਰੀਦਣ ਦੇ ਬਾਵਜੂਦ ਮੈਨੂੰ ਇਉਂ ਲਗਦਾ ਹੈ, ਤਾਂ ਉਨ੍ਹਾਂ ਨਿਥਾਂਵਿਆਂ ਦਾ ਕੀ ਅਹਿਸਾਸ ਹੈ, ਜਿਨ੍ਹਾਂ ਕੋਲ ਧਰਤੀ 'ਤੇ ਨਾ ਥਾਂ ਖਰੀਦਣ ਦੀ ਸਮੱਰਥਾ ਹੈ, ਨਾ ਮੱਲ ਸਕਣ ਦੀ ਤਾਕਤ! ਉਹ ਜਿਥੇ ਵੀ ਟਿਕਦੇ ਹਨ, ਉਥੋਂ ਕੱਢੇ ਜਾਂਦੇ ਹਨ। ਉਨ੍ਹਾਂ ਦੀ ਗਿਣਤੀ ਕਈ ਕਰੋੜ ਹੈ।

ਇਹ ਸੋਚ ਕੇ ਲਗਦਾ ਹੈ ਕਿ ਧਰਤੀ ਰਹਿਣ ਦੀ ਨਹੀਂ, ਨਿਥਾਂਵੇਂ ਹੋਣ ਦੀ ਥਾਂ ਹੈ...।

ਇਹ ਜੀਵਨ ਏਦਾਂ ਹੋਵੇ ਕਿ ਧਰਤੀ 'ਤੇ ਰਹਿੰਦੇ ਹਰ ਜਿਉਂਦੇ ਜੀਵ ਅਤੇ ਹਰ ਅਣਜਿਉਂਦੀ ਚੀਜ਼ ਕੋਲ ਆਪਣਾ 'ਘਰ' ਹੋਵੇ; ਤੇ ਇਹ ਘਰ ਬਿਨਾ ਕਿਸੇ ਨੂੰ ਬੇਘਰ ਕੀਤਿਆਂ ਬਣਿਆ ਹੋਵੇ।

ਅਜਿਹਾ ਘਰ ਕਿਵੇਂ ਮਿਲ ਸਕਦਾ ਹੈ, ਜੇ ਧਰਤੀ ਉਤਲੀ ਹਰ ਥਾਂ 'ਤੇ ਕੁਝ ਨਾ ਕੁਝ, ਕੋਈ ਨਾ ਕੋਈ ਰਹਿ ਰਿਹਾ ਹੈ?

ਸ਼ਾਇਦ ਓਵੇਂ ਹੀ ਮਿਲ ਸਕਦਾ ਹੈ, ਜਿਵੇਂ ਮਨ ਵਿਚ ਖਿਆਲ ਆ ਜਾਂਦਾ ਹੈ, ਜਿਵੇਂ ਹਿਰਦੇ ਵਿਚ ਪ੍ਰੇਮ ਉਤਰ ਆਉਂਦਾ ਹੈ, ਜਿਵੇਂ ਕੁੱਖ ਵਿਚ ਬੱਚਾ।

---

ਮੇਰਾ 'ਪਹਿਲਾ ਘਰ' ਮੇਰੀ ਮਾਂ ਦੀ ਕੁੱਖ ਸੀ।

ਸਿਆਣੇ ਆਖਦੇ ਹਨ, ਬੰਦਾ ਸਾਰੀ ਉਮਰ ਇਸੇ ਘਰ ਨੂੰ ਲੱਭਦਾ ਫਿਰਦਾ ਹੈ। ਇਸ 'ਘਰ' ਜਿਹਾ ਨਿੱਘ, ਸ਼ਾਂਤੀ, ਚੁੱਪ, ਆਰਾਮ ਕਿਧਰੇ ਨਹੀਂ ਹੁੰਦਾ। ਇਸ ਵਿਚ ਰਹਿੰਦਿਆਂ ਭੋਜਨ ਜਾਂ ਸੁਰੱਖਿਆ ਲਈ ਕੋਈ ਉਦਮ ਨਹੀਂ ਕਰਨਾ ਪੈਂਦਾ। ਇਸ ਘਰ ਵਿਚ ਉਨੀਂਦਰਾ ਜਾਂ ਫਿਕਰ ਨਹੀਂ ਹੁੰਦੇ।

ਬੰਦਾ ਸਾਰੀ ਉਮਰ ਇਸੇ ਘਰ ਨੂੰ 'ਬਾਹਰ' ਰਚਣ ਦੇ ਆਹਰ ਕਰਦਾ ਹੈ।

ਕੁੱਖ ਵਿਚੋਂ ਨਿਕਲ ਕੇ ਮੈਨੂੰ 'ਆਪਣੇ ਘਰ' ਦੀ ਸੋਝੀ ਕਦੋਂ ਆਈ ਸੀ? ਬੱਚਿਆਂ ਲਈ 'ਘਰ' ਕੀ ਹੁੰਦਾ ਹੈ?

ਬੱਚੇ ਜਿਥੇ ਹੋਣ, ਉਥੇ ਹੀ ਸੌਂ ਜਾਂਦੇ ਹਨ। ਮਿੱਤਰਾਂ ਦੇ ਘਰੀਂ ਖੇਡਦਿਆਂ ਉਥੇ ਹੀ ਰੋਟੀ ਖਾ ਲੈਂਦੇ ਹਨ। ਉਨ੍ਹਾਂ ਖਿਡੌਣਿਆਂ, ਵਸਤਾਂ, ਉਸੇ ਘਰ ਨੂੰ ਆਪਣਾ ਮੰਨਣ ਲੱਗ ਪੈਂਦੇ ਹਨ। ਉਹ ਜਿਥੇ ਹਨ, ਉਥੇ ਹੀ 'ਘਰ' ਬਣ ਜਾਂਦਾ ਹੈ।

ਜਦ ਉਹ ਓਦਰ ਕੇ 'ਆਪਣਾ ਘਰ' ਲੱਭਦੇ ਹਨ ਤਾਂ ਬਹੁਤ ਵਾਰੀ 'ਥਾਂ' ਨੂੰ ਨਹੀਂ ਲਭਦੇ। ਮਾਂ ਜਾਂ ਪਿਤਾ ਨੂੰ ਲੱਭਦੇ ਹਨ। ਉਨ੍ਹਾਂ ਦੇ ਲਾਗੇ ਹੁੰਦਿਆਂ ਸਾਰ ਹੀ ਟਿਕ ਜਾਂਦੇ ਹਨ। ਮਾਂ ਜਾਂ ਪਿਤਾ ਉਨ੍ਹਾਂ ਲਈ 'ਘਰ' ਹੈ।

ਮੈਂ ਅਲ੍ਹੜ ਬੱਚੇ ਵਰਗਾ ਕਿਉਂ ਨਹੀਂ ਹੋ ਕੇ ਰਹਿੰਦਾ? ਸ਼ਾਇਦ ਇਸ ਲਈ ਕਿ ਮਾਂ ਤੇ ਪਿਤਾ ਸਦਾ ਮੇਰੇ ਕੋਲ ਨਹੀਂ ਰਹਿ ਸਕਦੇ।

---

ਮੈਨੂੰ ਆਪਣੇ ਮਿੱਤਰ ਦੀ ਡਾਢੇ ਸੁਭਾਅ ਵਾਲੀ ਦਾਦੀ ਚੇਤੇ ਆ ਰਹੀ ਹੈ। ਆਖਦੇ ਸਨ, ਉਸ ਦੀ ਹਵੇਲੀ ਵਿਚ ਉਹਦੇ ਹੁਕਮ ਬਿਨਾ ਵਾਅ ਵੀ ਨਹੀਂ ਵਗਦੀ।

ਪਿਛਲੇ ਦਿਨੀਂ ਦਾਦੀ ਨੂੰ ਲਕਵਾ ਹੋ ਗਿਆ। ਅੱਧਾ ਸਰੀਰ ਮਾਰਿਆ ਗਿਆ। ਦਾਦੀ ਦੀ ਹਵੇਲੀ ਸੁੰਗੜ ਗਈ। ਸਿਰਫ ਮੰਜੇ ਤੱਕ ਹੀ ਰਹਿ ਗਈ। ਇਸ ਬਦਲੇ ਹੋਏ 'ਘਰ' ਦਾ ਨਾ ਕੋਈ ਬੂਹਾ ਸੀ, ਨਾ ਡਿਉਢੀ, ਨਾ ਵਿਹੜਾ। ਕੱਪੜੇ ਅਲਮਾਰੀਆ 'ਚੋਂ ਨਿਕਲ ਇਕੋ ਗੰਢ ਜੋਗੇ ਰਹਿ ਗਏ। ਰੱਜੇ ਪੁੱਜੇ ਘਰ ਵਿਚ ਬੈਠੀ ਦਾਦੀ ਆਖਦੀ, 'ਵਾਹਿਗੁਰੂ ਚੱਕ ਲੈ ਹੁਣ ਤਾਂ!"

ਦਾਦੀ ਕੋਲ 'ਆਪਣਾ ਘਰ' ਸੀ, ਪਰ ਇਸ ਘਰ ਵਿਚ ਉਹ ਆਪ ਹੀ ਨਹੀਂ ਰਹਿਣਾ ਚਾਹੁੰਦੀ। ਉਹ ਇਥੋਂ ਉਜੜ ਜਾਣਾ ਚਾਹੁੰਦੀ ਸੀ।

---

ਜੋ ਲੋਕ ਸਦਾ ਲਈ ਉਜੜ ਜਾਂਦੇ ਹਨ, ਤਿੰਨ ਮਹੀਨੇ ਪਹਿਲਾਂ ਮੇਰੇ ਨਾਲ ਕੰਮ ਕਰਨ ਆਏ ਨਵੇਂ ਬੰਦੇ ਨੇ ਦੱਸਿਆ, "ਮੈਂ ਐਸਟੋਨੀਆ ਮੁਲਕ ਦਾ ਹਾਂ। ਇਹ ਨਿੱਕੀ ਜਿਹੀ ਬਾਲਟਿਕ ਰਿਆਸਤ ਹੈ। ਸਾਡਾ ਇਤਿਹਾਸ ਹਜ਼ਾਰ ਵਰ੍ਹੇ ਪੁਰਾਣਾ ਹੈ। ਸਿਵਾਏ ਪਹਿਲੀ ਅਤੇ ਦੂਜੀ ਵੱਡੀ ਜੰਗ ਦੇ ਦਰਮਿਆਨ ਵਾਲੇ ਵੀਹ ਕੁ ਸਾਲਾਂ ਦੇ, ਸਾਡੇ 'ਤੇ ਸਦਾ ਕਿਸੇ ਨਾ ਕਿਸੇ ਨੇ ਕਬਜ਼ਾ ਕਰੀ ਰੱਖਿਆ। ਇਟਲੀ, ਪੁਰਤਗਾਲ, ਰੂਸ, ਜਰਮਨੀ-ਅਸੀਂ ਹਰ ਕਿਸੇ ਦੇ ਗੁਲਾਮ ਰਹੇ। ਦੂਜੀ ਵੱਡੀ ਜੰਗ ਵਿਚ ਚਾਰ ਵਾਰੀ ਸਾਡੇ ਮਾਲਕ ਬਦਲੇ-ਕਦੀ ਜਰਮਨ, ਕਦੀ ਰੂਸੀ। ਜੰਗ ਖਤਮ ਹੋਣ ਵੇਲੇ ਜਦੋਂ ਪਤਾ ਲੱਗਾ ਕਿ ਹੁਣ ਸਾਡੇ 'ਤੇ ਮਾਰਸ਼ਲ ਸਟਾਲਿਨ ਹੀ ਰਾਜ ਕਰੇਗਾ, ਅੱਧੇ ਲੋਕ ਮੁਲਕ ਛੱਡ ਗਏ। ਤੁਸੀਂ ਕਿਵੇਂ ਕਿਸੇ ਮੁਲਕ ਨੂੰ 'ਆਪਣਾ ਘਰ' ਕਹਿ ਸਕਦੇ ਹੋ, ਜੇ ਤੁਸੀਂ ਇਸ ਦੇ ਮਾਲਕ ਨਹੀਂ?"

ਮੇਰਾ ਉਸ ਨੂੰ ਦੱਸਣ 'ਤੇ ਜੀਅ ਕੀਤਾ: ਮੇਰੇ ਹਿੰਦੁਸਤਾਨ 'ਤੇ ਹੁਣ ਕੋਈ ਬਾਹਰਲਾ ਰਾਜ ਨਹੀਂ ਕਰਦਾ ਪਰ ਆਮ ਲੋਕ ਅਜੇ ਵੀ ਇਸ ਦੇ ਮਾਲਕ ਨਹੀਂ। ਹਾਲੇ ਵੀ ਇਹ ਸਾਡਾ 'ਆਪਣਾ ਘਰ' ਨਹੀਂ ਹੋਇਆ।

# ਬਾਬਾ ਨਾਨਕ

*(ਗੁਰੂ ਨਾਨਕ ਦੇਵ ਜੀ ਦੇ 550ਵੇਂ ਜਨਮ ਪੁਰਬ ਨੂੰ ਸਮਰਪਿਤ)*

**-ਸੇਵਾ ਸਿੰਘ ਨੂਰਪੁਰੀ**

ਜਦੋਂ ਆਉਂਦਾ ਹੈ ਇਸ ਸੰਸਾਰ ਉਤੇ,
ਬੱਚਾ ਆਮ ਜਿਹਾ ਬਰਖੁਰਦਾਰ ਹੁੰਦਾ।

ਬੰਦਾ ਜਨਮ ਤੋਂ ਕਦੇ ਨਹੀਂ ਰੱਬ ਹੁੰਦਾ,
ਰੱਬ ਵਰਗਾ ਉਹਦਾ ਕਿਰਦਾਰ ਹੁੰਦਾ।

ਜਦੋਂ ਵਿਚਰਦਾ ਹੈ ਉਹ ਜੱਗ ਅੰਦਰ,
ਸੱਚ, ਹੱਕ, ਨਿਆਂ, ਇਮਾਨਦਾਰ ਹੁੰਦਾ।

ਦੀਨ ਦੁਖੀ ਲਈ ਦਇਆਵਾਨ ਹੋਵੇ,
ਸੇਵਾ ਭਾਵ ਦਿਲ 'ਚ ਪਿਆਰ ਹੁੰਦਾ।

ਨਿਭਾਵੇ ਘਰ ਗ੍ਰਿਹਸਥ ਦੀ ਜਿੰਮੇਵਾਰੀ,
ਪੜ੍ਹੇ-ਲਿਖੇ ਤੇ ਗਿਆਨ ਭੰਡਾਰ ਹੁੰਦਾ।

ਫਿਰ ਵੀ ਰਹੇ ਸਦਾ ਉਦਾਸ ਜੱਗ ਤੋਂ,
ਕਰੇ ਗੋਸ਼ਟੀਆਂ ਪਰਬਤੋਂ ਪਾਰ ਹੁੰਦਾ।

ਤੁਰ ਜਾਵੇ ਲੰਬੀਆਂ ਉਦਾਸੀਆਂ 'ਤੇ,
ਸੋਧ ਧਰਤ ਕਰਦਾ ਪਰਉਪਕਾਰ ਹੁੰਦਾ।

ਮਾਇਆ ਵਿਚ ਹੁੰਦੇ ਵੀ ਨਿਰਲੇਪ ਰਹੇ,
ਉਂਜ ਕਰਦਾ ਹੈ ਸਾਰੇ ਕਾਰੋਬਾਰ ਹੁੰਦਾ।

ਕਰੇ ਦਸਾਂ ਨਹੁੰਆਂ ਦੀ ਕਿਰਤ ਨਾਲੇ,
ਸਬਰ ਸੰਤੋਖ, ਜਪਦਾ ਕਰਤਾਰ ਹੁੰਦਾ।

ਖਾਵੇ ਆਪ ਤੇ ਵੰਡੇ ਲੋੜਵੰਦਾਂ ਤਾਈਂ,
ਹੁਕਮ ਆਇਆ ਧੁਰੋਂ ਨਿਰੰਕਾਰ ਹੁੰਦਾ।

ਜਾਤ ਪਾਤ, ਉਚ ਨੀਚ ਦਾ ਭੇਦ ਨਹੀਂ,
ਦੇਖਦਾ ਸਭ ਧਰਮਾਂ ਨੂੰ ਇੱਕਸਾਰ ਹੁੰਦਾ।

ਗੁਣਗਾਨ ਸਿਫਤ ਸਾਲਾਹ ਹਰ ਵੇਲੇ,
ਨਾਮ ਲੈ ਕੇ ਰੱਬ ਦਾ ਤਾਬਿਆਦਾਰ ਹੁੰਦਾ।

ਇੱਦਾਂ ਦਾ ਹੋਰ ਕੋਈ ਨਹੀਂ ਹੋ ਸਕਦਾ,
'ਕੱਲਾ ਬਾਬਾ ਨਾਨਕ ਨਿਰੰਕਾਰ ਹੁੰਦਾ।

# ਸੰਪਾਦਕ ਦੀ ਡਾਕ

## ਸੱਚ ਦੀ ਸੱਦ

**ਸੰਪਾਦਕ ਸਾਹਿਬ,**

ਪੰਜਾਬ ਟਾਈਮਜ਼ ਦੇ 3 ਅਗਸਤ 2019 ਦੇ ਅੰਕ ਵਿਚ ਡਾ. ਗੁਰਬਖਸ਼ ਸਿੰਘ ਭੰਡਾਲ ਨੇ ਆਪਣੇ ਲੇਖ 'ਸੱਚ ਦੀ ਸੱਦ' ਵਿਚ ਸੱਚ ਬਾਰੇ ਕਈ ਕੋਣਾਂ ਤੋਂ ਗੱਲ ਕੀਤੀ ਹੈ। ਸੱਚ ਕਹਿਣਾ, ਸੱਚ ਸੁਣਨਾ, ਸੱਚ 'ਤੇ ਟਿਕਣਾ, ਸੱਚ ਨੂੰ ਸੱਚ ਮੰਨਣਾ ਬਹੁਤ ਕਠਿਨ ਅਭਿਆਸ ਹੁੰਦਾ ਹੈ। ਸੱਚ ਕੌੜਾ ਤਾਂ ਹੁੰਦਾ ਹੀ ਹੈ, ਸੱਚ ਬਾਰੇ ਲਿਖਣ ਲਈ ਵੀ ਲੇਖਕ ਨੂੰ ਦਬੰਗ ਹੋਣਾ ਪੈਂਦਾ ਹੈ। ਬਿਲਕੁਲ ਬੇਬਾਕ! ਸੱਚ ਦਰਪਣ ਹੁੰਦਾ ਹੈ, ਕਦੇ ਲਾਵੇ ਵਾਂਗ ਫੁੱਟਦਾ ਹੈ। ਦੇਰ-ਅਵੇਰ ਪ੍ਰਗਟ ਹੋ ਕੇ ਹੀ ਰਹਿੰਦਾ ਹੈ। ਅਜਿਹੇ ਸਮੇਂ ਵਧੇਰੇ ਆਉਂਦੇ ਹਨ, ਜਦੋਂ ਝੂਠ/ਕੂੜ ਦਾ ਬੋਲਬਾਲਾ ਰਹਿੰਦਾ ਹੈ, ਪਰ ਬੱਦਲ ਬਹੁਤਾ ਸਮਾਂ ਟਿਕਦੇ ਨਹੀਂ। ਸੱਚ ਦੀਆਂ ਕਿਰਨਾਂ ਕੁਝ ਵਕਫੇ ਬਾਅਦ ਨਿਕਲ ਹੀ ਆਉਂਦੀਆਂ ਹਨ। ਸੱਚ ਦੀ ਉਮਰ ਲੰਮੀ ਹੁੰਦੀ ਹੈ। ਸੱਚ ਸਦੀਵੀ ਹੁੰਦਾ ਹੈ। ਸੱਚ ਬੰਧਨ ਸਵੀਕਾਰ ਨਹੀਂ ਕਰਦਾ। ਆਜ਼ਾਦ ਹੁੰਦਾ ਹੈ। ਵਿਰਲਾ ਟਾਵਾਂ ਹੀ ਹੁੰਦਾ ਹੈ, ਜੋ ਸੱਚ ਦੇ ਪੱਖ ਵਿਚ ਭੁਗਤਦਾ ਹੈ। ਸੱਚ ਕਹਿਣ ਦੀ ਬੇਬਾਕੀ ਡਾ. ਭੰਡਾਲ ਦੇ ਲੇਖ ਵਿਚੋਂ ਝਲਕਦੀ ਹੈ। ਉਸ ਦੀ ਸ਼ਬਦ ਚੋਣ, ਨਵੇਂ ਸ਼ਬਦਾਂ ਦੀ ਘਾੜਤ ਤੇ ਵਾਰਤਕ ਸ਼ੈਲੀ ਵਿਚਲਾ ਕਾਵਿਕ ਮੁਹਾਵਰਾ ਪ੍ਰਭਾਵਿਤ ਕਰਦਾ ਹੈ।

'ਕੱਟੜਪੰਥੀ ਦਹਿਸ਼ਤ: ਬਾਕੀ ਸਭ ਖੈਰ ਹੈ...' ਲੇਖ ਵਿਚ ਜਤਿੰਦਰ ਪਨੂੰ ਨੇ ਘੱਟ ਗਿਣਤੀਆਂ ਉਪਰ ਛਾਏ ਦਹਿਸ਼ਤ ਦੇ ਘਿਨਾਉਣੇ ਬੱਦਲਾਂ ਦੀ ਗੱਲ ਮਿਸਾਲਾਂ ਸਹਿਤ ਕੀਤੀ ਹੈ। ਪਨੂੰ ਸਮਕਾਲ ਵਿਚ ਵਾਪਰਦੀਆਂ ਘਟਨਾਵਾਂ, ਵਰਤਾਰਿਆਂ, ਮਨੁੱਖੀ ਚਰਿੱਤਰ ਆਦਿ ਦੀ ਗੱਲ ਬਾਖੂਬੀ ਕਰਦਾ ਹੈ ਤੇ ਮਨੁੱਖ ਨੂੰ ਸੁਚੇਤ ਰਹਿਣ ਲਈ ਕਹਿੰਦਾ ਹੈ।

ਡਾ. ਗੁਰਿੰਦਰ ਕੌਰ ਯੂਨਾਈਟਿਡ ਨੇਸ਼ਨਜ਼ ਦੀ ਗਲੋਬਲ ਇਨਵਾਇਰਮੈਂਟਲ ਆਉਟਲੁਕ ਦੀ ਛੇਵੀਂ ਰਿਪੋਰਟ ਦੇ ਆਧਾਰ 'ਤੇ ਦੱਸਦੀ ਹੈ ਕਿ ਧਰਤੀ ਅਤੇ ਮਨੁੱਖ ਦੀ ਸਿਹਤ ਦਾ ਬਚਾਓ ਕਿਵੇਂ ਕੀਤਾ ਜਾ ਸਕਦਾ ਹੈ। ਸੁਝਾਏ ਗਏ ਨੁਕਤੇ ਵਿਸ਼ੇਸ਼ ਧਿਆਨ ਦੀ ਮੰਗ ਕਰਦੇ ਹਨ।

**-ਡਾ. ਪ੍ਰਿਤਪਾਲ ਸਿੰਘ ਮਹਿਰੋਕ**
**ਫੋਨ: 91-98885-10185**

## ਗੁਰੂ ਨਾਨਕ ਦੇਵ ਜੀ ਦੀਆਂ ਖੜਾਵਾਂ?

ਪਹਿਲੀ ਅਗਸਤ ਦੇ ਅਖਬਾਰਾਂ ਵਿਚ ਖਬਰ ਛਪੀ ਹੈ ਕਿ ਗੁਜਰਾਤ ਦੇ ਕੱਛ ਜਿਲੇ ਵਿਚਲੇ ਪਿੰਡ ਲਖਪਤ ਵਿਚ ਗੁਰੂ ਨਾਨਕ ਦੇਵ ਜੀ ਦੀਆਂ ਖੜਾਵਾਂ ਉਦਾਸੀਆਂ ਦੇ ਗੁਰਦੁਆਰੇ ਵਿਚ ਪਈਆਂ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਵਫਦ ਉਹ ਖੜਾਵਾਂ ਲੈਣ ਗੁਜਰਾਤ ਵੱਲ ਰਵਾਨਾ ਹੋ ਗਿਆ ਹੈ, ਕਮੇਟੀ ਨੇ ਵਫਦ ਦੀ ਫੋਟੋ ਛਾਪੀ ਹੈ। 550ਵੇਂ ਪ੍ਰਕਾਸ਼ ਪੁਰਬ ਮੌਕੇ ਸੰਗਤ ਨੂੰ ਇਨ੍ਹਾਂ ਖੜਾਵਾਂ ਦੇ ਦੀਦਾਰ ਨਗਰ ਕੀਰਤਨਾਂ ਵਿਚ ਕਰਵਾਏ ਜਾਣਗੇ।

ਗੁਰਮਤਿ ਦਾ ਵਿਦਿਆਰਥੀ ਹੋਣ ਸਦਕਾ ਮੈਂ ਸਿੱਖ ਸਾਹਿਤ ਦਾ ਅਧਿਅਨ ਕਰਦਾ ਰਿਹਾ ਹਾਂ। ਕਿਸੇ ਭਰੋਸੇਯੋਗ ਪੁਰਾਤਨ ਲਿਖਤ ਵਿਚ ਹਵਾਲਾ ਨਹੀਂ ਮਿਲਦਾ ਕਿ ਗੁਰੂ ਨਾਨਕ ਦੇਵ ਜੀ ਨੇ ਖੜਾਵਾਂ ਪਹਿਨੀਆਂ ਹੋਣ ਜਾਂ ਮਾਲਾ ਫੇਰੀ ਹੋਵੇ।

ਖੜਾਵਾਂ ਰੋਕ, ਖੜੋਤ, ਠਹਿਰਾਓ ਦਾ ਚਿੰਨ੍ਹ ਹਨ। ਸਾਧੂਆਂ, ਸਨਿਆਸੀਆਂ ਦੇ ਬੋਲ, ਤੋਰ, ਹਰ ਵਿਹਾਰ ਵਿਚ ਸੰਜਮ ਹੋਣਾ ਲੋੜੀਂਦਾ ਹੈ, ਜਿਸ ਕਾਰਨ ਖੜਾਵਾਂ ਪਹਿਨਣੀਆਂ ਉਚਿਤ ਸਮਝੀਆਂ ਗਈਆਂ। ਗੁਰੂ ਨਾਨਕ ਦੇਵ ਜੀ ਸਮਾਜਕ, ਮਾਨਸਿਕ, ਰੂਹਾਨੀ ਖੜੋਤ ਤੋੜਨ ਲਈ ਆਏ ਸਨ। ਉਨ੍ਹਾਂ ਨੇ ਏਸ਼ੀਆ ਦੀ ਯਾਤਰਾ ਕਰਨੀ ਸੀ, ਯਾਤਰਾ ਸਮਾਪਤ ਕੀਤੀ ਤਾਂ ਖੇਤੀ ਕਰਨੀ ਸੀ। ਖੇਤੀ ਕਰਦੇ ਕਿਸੇ ਕਿਸਾਨ ਦੇ ਪੈਰਾਂ ਵਿਚ ਖੜਾਵਾਂ ਪਹਿਨੀਆਂ ਦੇਖੀਆਂ? ਸ਼੍ਰੋਮਣੀ ਕਮੇਟੀ ਤੋਂ ਸਾਰਥਕ ਕੰਮਾਂ ਦੀ ਉਮੀਦ ਸੀ।

**-ਡਾ. ਹਰਪਾਲ ਸਿੰਘ ਪੰਨੂ**
**ਕੇਂਦਰੀ ਯੂਨੀਵਰਸਿਟੀ, ਬਠਿੰਡਾ।**

ਕਹਾਣੀ

# ਓਹ ਹੋਰ ਸੀ

"ਰੱਬ ਰੱਬ ਕਰੋ ਜੀ! ਰਹਿਮ ਕਰੋ ਮੇਰੇ ਹਾਲ 'ਤੇ। ਜੀਅ ਲੈਣ ਦਿਓ ਮੈਨੂੰ ਚੱਜ ਨਾਲ। ਕਿਥੇ ਰਾਜਾ ਭੋਜ ਤੇ ਕਿੱਥੇ ਗੰਗੂ ਤੇਲੀ! ਅਜਿਹੀਆਂ ਜੱਗੋਂ ਬਾਹਰੀਆਂ ਫਿਲਮਾਂ ਵਿਚ ਹੁੰਦੀਆਂ।"


"ਲੈ ਇਹਦੇ ਵਿਚ ਕੀ ਮਾੜੀ ਗੱਲ ਆ। ਤੂੰ ਟਰਾਈ ਤਾਂ ਕਰ!"

"ਚੜ੍ਹ ਜਾ ਬੱਚਾ ਸੂਲੀ 'ਤੇ, ਰੱਬ ਭਲੀ ਕਰੂ! ਉਹੀਓ ਗੱਲ ਕੀਤੀ ਨਾ ਤੁਸੀਂ!"

"ਬਿਲਕੁਲ ਨਹੀਂ, ਤੂੰ ਸੋਚ ਵੀ ਕਿੱਦਾਂ ਲਿਆ, ਅਸੀਂ ਕਦੇ ਅਜਿਹੀ ਗੱਲ ਕਰਾਂਗੇ ਜਿਸ ਨਾਲ ਤੇਰਾ ਨੁਕਸਾਨ ਹੋਵੇ, ਨਾ ਨਾ, ਵੀਰ ਮੇਰੇ, ਅਜਿਹੀ ਗੱਲ ਭੁੱਲ ਕੇ ਵੀ ਚਿਤ ਵਿਚ ਨਾ ਲਿਆਵੀਂ।"

"ਇਹ ਮੈਂ ਜਾਣਦਾਂ, ਤੁਸੀਂ ਦੋਸਤ ਹੋ ਮੇਰੇ, ਪਰ ਕਦੇ ਕਦੇ ਤੁਹਾਡੀ ਗੱਲ ਸੁਣ ਕੇ ਲਗਦਾ, ਕਿਤੇ ਮੈਨੂੰ ਬਣਾ ਤਾਂ ਨਹੀਂ ਰਹੇ!"

"ਇਹਦਾ ਤਾਂ ਵਰਕਾ ਈ ਪਾੜ ਦੇ, ਇਹ ਨਾ ਕਦੇ ਹੋਇਆ ਤੇ ਨਾ ਹੋਣਾ!" ਪਹਿਲੇ ਨੇ ਕਿਹਾ।



**ਅਸ਼ੋਕ ਵਾਸਿਸ਼ਠ**
ਫੋਨ: 91-98106-28570

"ਫਿਕਰ ਨਾ ਕਰ ਤੂੰ।" ਦੂਜਾ ਬੋਲਿਆ।

"ਮੈਨੂੰ ਲੱਗਦੈ, ਤੁਸੀਂ ਕੁਝ ਜ਼ਿਆਦਾ ਈ ਸੀਰੀਅਸ ਹੋ ਗਏ ਓਂ, ਇਕ ਖਿਆਲ ਆਇਆ ਸੀ ਮਨ ਵਿਚ, ਉਹ ਤੁਹਾਡੇ ਨਾਲ ਸਾਂਝਾ ਕਰ ਲਿਆ, ਬਸ ਗੱਲ ਖਤਮ, ਹੁਣ ਕੰਮ ਦੀ ਗੱਲ ਕਰੋ।" ਜੀਤ ਨੇ ਗੱਲ ਖਤਮ ਕਰਦਿਆਂ ਕਿਹਾ।

"ਯਾਰ ਅਖਬਾਰ ਵਿਚ ਛਪਿਐ, ਤੇਰੀ ਚਹੇਤੀ ਸੰਗੀਤਕਾਰ ਆ ਰਹੀ ਐ, ਉਹਦਾ ਪ੍ਰੋਗਰਾਮ ਆ।" ਪਹਿਲੇ ਨੇ ਦੱਸਿਆ।

"ਕੌਣ? ਮੀਤਾ ਸ਼ਰਮਾ!" ਜੀਤ ਨੇ ਕਾਹਲੀ ਨਾਲ ਪੁੱਛਿਆ।

"ਹਾਂ ਉਹੀ!" ਪਹਿਲੇ ਨੇ ਕਿਹਾ।

"ਹਾਏ ਰੱਬ ਜੀ, ਬੜੀ ਚੰਗੀ ਖਬਰ ਸੁਣਾਈ ਏ। ਬੱਲਿਆ ਜਿਉਂਦਾ ਰਹਿ, ਨਹੀਂ ਰੀਸਾਂ ਤੇਰੀਆਂ।" ਜੀਤ ਖੁਸ਼ੀ ਵਿਚ ਉਛਲ ਪਿਆ।

"ਲੈ, ਹੁਣ ਛਾਲਾਂ ਮਾਰਦੈ, ਜਦ ਅਸੀਂ ਕਿਹਾ ਸੀ ਤਾਂ ਚਾਰੇ ਖੁਰ ਚੁੱਕੀ ਫਿਰਦਾ ਸੀ।" ਦੂਜੇ ਨੇ ਮਸ਼ਕਰੀ ਕੀਤੀ।

"ਤੁਸੀਂ ਘੁੰਮਾ ਫਿਰਾ ਕੇ ਗੱਲ ਕਰ ਰਹੇ ਸੀ, ਸਿੱਧੀ ਤਰ੍ਹਾਂ ਕਰਦੇ ਤਾਂ ਮੈਨੂੰ ਹੋਰ ਚੰਗਾ ਲੱਗਦਾ।" ਜੀਤ ਸੰਗੀਤ ਪ੍ਰੇਮੀ ਸੀ। ਇਕ ਪ੍ਰੋਗਰਾਮ ਸਮੇਂ ਉਸ ਨੇ ਮੀਤ ਸ਼ਰਮਾ ਦੀ ਕਲਾ ਦਾ ਅਨੰਦ ਮਾਣਿਆ ਸੀ। ਇਹ ਗੱਲ ਪੁਰਾਣੀ ਹੈ, ਪਰ ਜੀਤ ਲਈ ਨਹੀਂ, ਉਸ ਲਈ ਤਾਂ ਇਹ ਕੱਲ੍ਹ ਦੀ ਗੱਲ ਸੀ, ਉਹ ਮੀਤਾ ਸ਼ਰਮਾ ਦੀ ਕਲਾ ਦਾ ਦੀਵਾਨਾ ਹੁੰਦਾ ਤਾਂ ਗੱਲ ਹੋਰ ਹੁੰਦੀ, ਪਰ ਉਹ ਤਾਂ ਹੌਲੀ ਹੌਲੀ ਉਸ ਦਾ ਈ ਦੀਵਾਨਾ ਬਣ ਚੁਕਾ ਸੀ। ਰਾਤ-ਦਿਨ ਉਸੇ ਦੇ ਸੁਪਨੇ ਦੇਖਦਾ, ਕਹਿੰਦੇ ਨੇ ਇਸ਼ਕ-ਮੁਸ਼ਕ ਛੁਪਾਇਆਂ ਨਹੀਂ ਛੁਪਦਾ, ਭਾਵੇਂ ਇਹ ਇਕਤਰਫਾ ਈ ਕਿਉਂ ਨਾ ਹੋਵੇ! ਜੀਤ ਦਾ ਵੀ ਇਹੋ ਹਾਲ ਸੀ। ਉਹਦੇ ਯਾਰ-ਬੇਲੀ ਸਭ ਜਾਣਦੇ ਸਨ। ਇਸ ਲਈ ਕਦੇ ਕਦੇ ਹਾਸਾ ਮਜਾਕ ਕਰ ਲੈਂਦੇ ਸਨ। ਅੱਜ ਵੀ ਇਹੋ ਕੁਝ ਹੋਇਆ।

ਮੀਤਾ ਸ਼ਰਮਾ ਮੱਧ ਪ੍ਰਦੇਸ਼ ਦੀ ਰਹਿਣ ਵਾਲੀ ਸੀ। ਉਸ ਨਾਲ ਮੇਲ ਹੋਣਾ ਸੰਭਵ ਨਹੀਂ ਸੀ, ਪਰ ਦੀਵਾਨਗੀ ਜਦ ਬੰਦੇ ਦੇ ਸਿਰ 'ਤੇ ਸਵਾਰ ਹੋ ਜਾਂਦੀ ਹੈ ਤਾਂ ਵੱਡੇ ਵੱਡੇ ਦੀ ਅਕਲ ਨੂੰ ਜਿੰਦਰੇ ਵੱਜ ਜਾਂਦੇ ਨੇ। ਜੀਤ ਸਭ ਜਾਣਦਿਆਂ ਵੀ ਇਹੋ ਕਿਆਸ ਕਰਦਾ, 'ਮੀਤਾ ਸ਼ਰਮਾ ਉਸ ਦੀ ਹੈ, ਉਸ ਦੀ ਰਹੇਗੀ, ਉਹ ਤਾਂ ਹਰ ਸਮੇਂ ਉਸ ਦੇ ਅੰਗ-ਸੰਗ ਰਹਿੰਦੀ ਹੈ', ਉਸ ਨੂੰ ਇਹੋ ਜਾਪਦਾ। ਜੀਤ ਨੇ ਕਾਰਡ ਪੜ੍ਹਿਆ, ਪ੍ਰੋਗਰਾਮ ਵਿਚ ਇਕ ਹਫਤਾ ਰਹਿੰਦਾ ਸੀ। ਇਥੇ ਜਰੂਰ ਜਾਣਾ, ਉਸ ਨੇ ਮਨ ਹੀ ਮਨ ਫੈਸਲਾ ਕੀਤਾ।

"ਪ੍ਰੋਗਰਾਮ ਦੀ ਤਰੀਕ ਯਾਦ ਰੱਖੀਂ, ਨਹੀਂ ਤਾਂ ਸਾਡੀ ਯਹੀ ਤਹੀ ਫੇਰਦਾ ਰਹੇਂਗਾ, ਅਖੇ ਪਹਿਲਾਂ ਕਿਉਂ ਨਹੀਂ ਦੱਸਿਆ।" ਪਹਿਲੇ ਨੇ ਟਕੋਰ ਲਾਈ।

"ਤੂੰ ਘਾਬਰ ਨਾ ਪਿਆਰੇ, ਮੈਨੂੰ ਤਰੀਕ ਉਂਜ ਈ ਯਾਦ ਹੋ ਗਈ ਹੈ, ਇਕ ਦਿਨ ਪਹਿਲਾਂ ਚੇਤਾ ਕਰਾ ਦਿਆਂਗਾ, ਆਖਰ ਯਾਰ ਏਂ ਸਾਡਾ, ਏਨਾ ਤਾਂ ਅਸੀਂ ਕਰ ਈ ਸਕਦੇ ਆਂ।" ਦੂਜੇ ਨੇ ਥਾਪੜਾ ਦਿੰਦਿਆਂ ਕਿਹਾ।

ਜੀਤ ਨੇ ਕਿਥੇ ਭੁੱਲਣਾ ਸੀ। ਉਹ ਤਾਂ ਦਿਨ ਗਿਣ ਰਿਹਾ ਸੀ। ਰੋਜ਼ ਮਨ ਵਿਚ ਉਚਰਦਾ ਪੰਜ, ਚਾਰ, ਤਿੰਨ, ਦੋ ਦਿਨ ਰਹਿ ਗਏ ਨੇ। ਉਸ ਚਾਈਂ ਚਾਈਂ ਪ੍ਰੋਗਰਾਮ ਦੀ ਟਿਕਟ ਖਰੀਦੀ, ਤੇ ਉਸ ਪਲ ਦੀ ਇੰਤਜਾਰ ਕਰਨ ਲੱਗਾ।

"ਟਿਕਟ ਸਾਂਭ ਕੇ ਰੱਖੀਂ, ਕਿਤੇ ਇਧਰ-ਉਧਰ ਨਾ ਹੋ ਜਾਵੇ, ਨਹੀਂ ਤਾਂ ਹੱਥ ਮਲਦਾ ਰਹਿ ਜਾਵੇਂਗਾ, ਤੇ ਤੇਰੀ ਮੀਤਾ ਸ਼ਰਮਾ ਪ੍ਰੋਗਰਾਮ ਕਰਕੇ ਉਡ ਜਾਵੇਗੀ।" ਯਾਰਾਂ ਦੋਸਤਾਂ ਨੇ ਕਿਹਾ ਤਾਂ ਉਹ ਚਾਂਬਲ ਗਿਆ, "ਜੇ ਕਹੇਂ ਤਾਂ ਤੁਹਾਡੇ ਲਈ ਵੀ ਲੈ ਆਵਾਂ?"

"ਨਾ ਬਈ ਨਾ, ਮੈਨੂੰ ਤਾਂ ਊਈਂ ਸੰਗੀਤ ਦੀ ਸਮਝ ਨਹੀਂ। ਜੇ ਥੋੜ੍ਹੀ ਬਹੁਤੀ ਹੁੰਦੀ ਵੀ ਤਾਂ ਮੈਂ ਉਥੇ ਜਾ ਕੇ ਕੀ ਕਰਨਾ ਸੀ, ਹੋਰ ਥੋੜ੍ਹੇ ਕੰਮ ਨੇ, ਤੇ ਨਾਲੇ ਤੇਰੀ ਯਾਰੀ ਐ, ਤੂੰ ਜੰਮ ਜੰਮ ਜਾਹ, ਸਾਡਾ ਕੀ ਕੰਮ!" ਪਹਿਲੇ ਨੇ ਸਾਫਗੋਈ ਤੋਂ ਕੰਮ ਲੈਂਦਿਆਂ ਕਿਹਾ।

ਦੂਜੇ ਦਾ ਜਵਾਬ ਵੀ ਇਹੋ ਜਿਹਾ ਹੀ ਸੀ।

ਜੀਤ ਯਾਰਾਂ ਦੋਸਤਾਂ ਤੋਂ ਵਿਹਲਾ ਹੋ ਘਰ ਪੁਜਾ। ਬੇਬੇ ਵਿਹੜੇ ਵਿਚ ਬੈਠੀ ਸੀ। ਉਹ ਕੁਝ ਸੋਚ ਰਹੀ ਸੀ। ਜੀਤ ਉਹਦੇ ਸਾਹਮਣੇ ਜਾ ਖਲੋਤਾ, ਪਰ ਮਾਂ ਨੇ ਉਸ ਨੂੰ ਗੌਲਿਆ ਨਹੀਂ, ਇਹਨੂੰ ਕੀ ਹੋਇਐ।

"ਬੇਬੇ!" ਉਸ ਪੁਕਾਰਿਆ।

"ਪੁੱਤਰ ਜੀਤ, ਤੂੰ ਆ ਗਿਐਂ?"

"ਹਾਂ ਮਾਂ!"

"ਖਬਰ ਚੰਗੀ ਨਹੀਂ!"

"ਕੀ ਹੋਇਐ?"

"ਤੇਰੀ ਭੈਣ ਦਾ ਫੋਨ ਆਇਆ ਸੀ, ਤੇਰਾ ਜੀਜਾ ਠੀਕ ਨਹੀਂ!"

"ਕੀ ਕਹਿੰਦੀ ਸੀ ਉਹ?"

"ਕਹਿੰਦੀ ਸੀ, ਮੈਥੋਂ 'ਕੱਲੀ ਤੋਂ ਸਾਂਭ ਨਹੀਂ ਹੁੰਦਾ, ਤੁਸੀਂ ਜੀਤ ਨੂੰ ਭੇਜ ਦਿਓ!"

"ਕਦ ਜਾਣੈ?"

"ਕਦ ਨਹੀਂ, ਤੂੰ ਤਿਆਰ ਹੋ, ਮੈਂ ਰੋਟੀ ਲਾਹੁੰਦੀ ਆਂ, ਖਾ ਕੇ ਤੁਰ ਜਾਈਂ!"

"ਪਰ ਮਾਂ?"

"ਹਫਤੇ-ਦਸ ਦਿਨ ਦੀ ਗੱਲ ਆ, ਪਰ ਪੁਰ ਨਹੀਂ ਕਰੀਦਾ। ਨਾਲੇ ਦੁੱਖ-ਸੁੱਖ ਵਿਚ ਭੈਣ-ਭਾਈ ਨਹੀਂ ਬਹੁੜਨਗੇ ਤਾਂ ਹੋਰ ਕੌਣ ਬਹੁੜੂ! ਚਲ ਪੁੱਤ ਮੇਰਾ, ਛੇਤੀ ਕਰ!" ਮਾਂ ਉਸ ਦੀ ਪਿੱਠ ਥਾਪੜਦੀ ਰਸੋਈ ਵਿਚ ਚਲੀ ਗਈ।

ਜੀਤ ਨੇ ਕਮੀਜ ਦੀ ਜੇਬ ਵਿਚ ਹੱਥ ਪਾਇਆ, ਪ੍ਰੋਗਰਾਮ ਦੀ ਟਿਕਟ ਦੇਖੀ, ਪ੍ਰੋਗਰਾਮ ਦੋ ਦਿਨ ਬਾਅਦ ਸੀ। ਦੋ-ਤਿੰਨ ਦਿਨ ਤਾਂ ਅਸੀਂ ਰੁਕ ਈ ਸਕਦੇ ਆਂ, ਪਰ ਮਾਂ ਨੂੰ ਕਿੱਦਾਂ ਸਮਝਾਇਆ ਜਾਵੇ, ਕੁਝ ਸਮਝ ਨਹੀਂ ਆ ਰਿਹਾ ਸੀ। ਕਿਉਂ ਨਾ ਇਸ ਬਾਰੇ ਸਿੱਧੀ ਭੈਣ ਨਾਲ ਈ ਗੱਲ ਕਰ ਲਵਾਂ। ਗੱਲ ਕੀਤੀ। ਦੂਜੇ ਪਾਸਿਓਂ ਪੈਂਦੀ ਸੱਟੇ ਭੈਣ ਪੁੱਛਣ ਲੱਗੀ, "ਜੀਤ ਕਦ ਆ ਰਿਹੈਂ ਤੂੰ?"

"ਤੇਰਾ ਹੁਕਮ ਸਿਰ ਮੱਥੇ, ਜੇ ਕਹੇਂ ਤਾਂ ਮੈਂ ਤਿੰਨ ਦਿਨਾਂ ਤਕ ਆ ਜਾਵਾਂ, ਕੋਈ ਜਰੂਰੀ ਕੰਮ ਹੈ, ਮੇਰਾ ਰੁਕਣਾ ਜਰੂਰੀ ਹੈ, ਜਦ ਤਕ ਤੂੰ ਕਿਸੇ ਤਰ੍ਹਾਂ ਸਾਰ ਲੈ।" ਉਸ ਭੈਣ ਨੂੰ ਕਈ ਤਰਕ ਦਿੱਤੇ, ਸਮਝਾਉਣ ਦਾ ਯਤਨ ਕੀਤਾ, ਪਈ ਤਿੰਨ-ਚਾਰ ਦਿਨਾਂ ਪਿਛੋਂ ਉਹ ਆ ਜਾਵੇਗਾ, ਪਰ ਭੈਣ ਨਾ ਮੰਨੀ।

ਗੱਲ ਵੱਧਦੀ ਦੇਖ ਮਾਂ ਨੇ ਬਚਾਓ ਕੀਤਾ, "ਦੇਖ ਐਵੇਂ ਅੜੀ ਨਾ ਕਰ, ਇਹ ਮੰਨ ਤਾਂ ਗਿਆ ਏ, ਚਾਰ ਦਿਨਾਂ ਨੂੰ ਕਿਹੜੇ ਗੋਡੇ ਨੇ, ਇਹ ਆ ਜਾਊ, ਤੂੰ ਫਿਕਰ ਨਾ ਕਰ!" ਮਾਂ ਧੀ ਨੂੰ ਕਹਿ ਰਹੀ ਸੀ।

---

ਸ਼ਹਿਰ ਦਾ ਸਭ ਤੋਂ ਖੂਬਸੂਰਤ ਆਡੀਟੋਰੀਅਮ। ਨੌਜਵਾਨਾਂ ਤੇ ਮੁਟਿਆਰਾਂ ਦੀਆਂ ਟੋਲੀਆਂ ਚੌਰਾਹੇ ਦੀਆਂ ਵੱਖ ਵੱਖ ਸੜਕਾਂ ਤੋਂ ਉਸ ਵੱਲ ਵੱਧ ਰਹੀਆਂ ਸਨ। ਇਕੱਲੇ-ਦੁਕੱਲੇ ਲੋਕ ਵੀ ਆ ਰਹੇ ਸਨ। ਕਿਸੇ ਨੂੰ ਛੇਤੀ ਤੋਂ ਛੇਤੀ ਉਥੇ ਪੁੱਜਣ ਦੀ ਕਾਹਲ ਸੀ ਤੇ ਕੋਈ ਆਪਣੀ ਮੌਜ ਵਿਚ ਮਜੇ ਨਾਲ ਜਾ ਰਿਹਾ ਸੀ। ਬਜੁਰਗਾਂ ਦੀ ਗਿਣਤੀ ਵੀ ਘੱਟ ਨਹੀਂ ਸੀ।

ਸ਼ਹਿਰ ਦੇ ਪ੍ਰਮੁੱਖ ਚੌਕਾਂ, ਸੜਕਾਂ ਜਾਂ ਵਿਸ਼ੇਸ਼ ਸਥਾਨਾਂ 'ਤੇ ਲੱਗੇ ਗਾਇਕਾ ਦੇ ਵੱਡੇ-ਵੱਡੇ ਕੱਟ ਆਊਟ ਆਉਂਦੇ-ਜਾਂਦੇ ਦੀ ਖਿੱਚ ਦਾ ਕੇਂਦਰ ਪਿਛਲੇ ਕਈ ਦਿਨਾਂ ਤੋਂ ਬਣੇ ਹੋਏ ਸਨ। ਰਾਹ ਤੁਰੇ ਜਾਂਦੇ ਲੋਕ ਉਸ ਦੀ ਸੁੰਦਰ ਛਵੀ ਦੇਖ ਕੁਝ ਪਲਾਂ ਲਈ ਠਹਿਰ ਜਾਂਦੇ, ਪਰ ਜਦ ਪਿਛੋਂ ਗੱਡੀਆਂ ਦੇ ਹਾਰਨ ਵੱਜਣ ਲੱਗਦੇ ਤਾਂ ਮਜਬੂਰਨ ਅੱਗੇ ਵਧਣਾ ਪੈਂਦਾ। ਉਹ ਅੱਗੇ ਵਧਦੇ ਜਾਂਦੇ ਵੀ ਗਾਇਕਾ ਦੇ ਖਿਆਲਾਂ ਵਿਚ ਗਵਾਚੇ ਰਹਿੰਦੇ।

ਆਡੀਟੋਰੀਅਮ ਦੇ ਸਾਹਮਣੇ ਮੇਲੇ ਵਰਗਾ ਦ੍ਰਿਸ਼ ਸੀ। ਸੰਗੀਤ ਪ੍ਰੇਮੀਆਂ ਦੀ ਭੀੜ ਲੱਗੀ ਹੋਈ ਸੀ। ਪ੍ਰੋਗਰਾਮ ਸ਼ੁਰੂ ਹੋਣ ਵਿਚ ਕੁਝ ਸਮਾਂ ਬਾਕੀ ਸੀ। ਲੋਕਾਂ ਦੀ ਭੀੜ ਨੂੰ ਇੰਤਜ਼ਾਰ ਸੀ, ਕਦੋਂ ਆਡੀਟੋਰੀਅਮ ਦੇ ਦਰਵਾਜੇ ਖੁਲ੍ਹਣ, ਉਹ ਅੰਦਰ ਜਾਣ। ਮੌਜੀ ਸੁਭਾਅ ਦੇ ਯਾਰ-ਬੇਲੀ ਇੰਤਜ਼ਾਰ ਦੀਆਂ ਘੜੀਆਂ ਹੱਸ ਹੱਸ ਗਿਣ ਰਹੇ ਸਨ।

"ਲੈ ਬਈ, ਹੁਣ ਦਰਵਾਜਾ ਖੁੱਲ੍ਹਾ ਕਿ ਖੁੱਲ੍ਹਾ।" ਇਕ ਨਾਲ ਖਲੋਤੇ ਦੋਸਤ ਦੇ ਕੂਹਣੀ ਮਾਰਦਾ ਕਹਿ ਰਿਹਾ ਸੀ।

"ਅਜੇ ਕੁਝ ਸਮਾਂ ਹੋਰ ਲੱਗੂ।" ਦੂਜਾ ਕਹਿ ਰਿਹਾ ਸੀ।

"ਓ ਜਾਣ ਦੇ ਤੂੰ, ਇਥੇ ਉਡੀਕ ਕਰਦਿਆਂ ਦੀ ਜਾਨ ਨਿਕਲੀ ਪਈ ਆ, ਤੇ ਤੂੰ ਕਹਿ ਰਿਹਾਂ, ਅਜੇ ਕੁਝ ਸਮਾਂ ਲੱਗੂ।" ਤੀਜਾ ਵਿਚ ਬੋਲ ਪਿਆ।

"ਤੁਸੀਂ ਤਾਂ ਏਦਾਂ ਕਹਿੰਦੇ ਹੋ ਜਿੱਦਾਂ ਮੇਰੇ ਕਹਿਣ 'ਤੇ ਈ ਆਡੀਟੋਰੀਅਮ ਦੇ ਦਰ ਖੁਲ੍ਹਣੇ ਨੇ।" ਦੂਜੇ ਨੇ ਹੌਲੀ ਜਿਹੇ ਕਿਹਾ।

"ਨਾ ਇਹੋ ਜਿਹੀ ਵੀ ਕੋਈ ਗੱਲ ਨਹੀਂ, ਚੱਲ ਛੱਡ ਦਰਵਾਜੇ ਜਦ ਖੁਲ੍ਹਣੇ ਹੋਣਗੇ ਖੁਲ੍ਹ ਜਾਣਗੇ, ਤੂੰ ਦੱਸ ਚਾਹ ਪੀਣੀ ਆ।" ਚੌਥਾ ਬੋਲਿਆ।

"ਨਾ ਭਾ ਜੀ, ਜੇ ਦਰ ਖੁਲ੍ਹ ਗਏ ਤਾਂ ਪਿੱਛੇ ਰਹਿ ਜਾਵਾਂਗੇ, ਚਾਹ ਦੀ ਬਾਅਦ ਵਿਚ ਦੇਖੀ ਜਾਊ।" ਜਵਾਬ ਪਹਿਲੇ ਨੇ ਦਿੱਤਾ।

ਨੌਜਵਾਨਾਂ ਦਾ ਹਾਸਾ ਕਦੇ ਉਚਾ ਹੋ ਜਾਂਦਾ, ਕਦੇ ਮੱਧਮ, ਪਰ ਗੱਲਾਂ ਦਾ ਸਿਲਸਿਲਾ ਲਗਾਤਾਰ ਜਾਰੀ ਸੀ ਤੇ ਉਹ ਵੀ ਇਕ ਲੈਅ ਵਿਚ। ਉਨ੍ਹਾਂ ਵਿਚੋਂ ਇਕ-ਦੋ ਜਣੇ ਵਿਚ ਵਿਚਾਲੇ ਆਡੀਟੋਰੀਅਮ ਦੇ ਗੇਟ ਵੱਲ ਝਾਤ ਮਾਰ ਲੈਂਦੇ। ਸਭ ਕਾਹਲੇ ਸਨ, ਕਦ ਗੇਟ ਖੁਲ੍ਹੇ, ਕਦ ਉਹ ਅੰਦਰ ਜਾਣ।

ਇਕ ਬਜੁਰਗ ਔਰਤ ਵਾਰ ਵਾਰ ਆਪਣਾ ਪਰਸ ਫੋਲ ਰਹੀ ਸੀ, ਇਕ-ਅੱਧ ਵਾਰ ਉਸ ਆਪਣੀ ਟਿਕਟ ਕੱਢ ਕੇ ਦੇਖੀ, ਕਿਤੇ ਘਰ ਤਾਂ ਨਹੀਂ ਰਹਿ ਗਈ। ਕਈ ਲੋਕ ਆਡੀਟੋਰੀਅਮ ਦੇ ਬਾਹਰ ਖੁਲ੍ਹੇ ਰੈਸਟੋਰੈਂਟਾਂ ਦੀ ਰੌਣਕ ਵਧਾ ਰਹੇ ਸਨ। ਚਾਹਾਂ ਪੀਂਦੇ, ਗੱਲਾਂ ਕਰਦੇ, ਇਕ ਦੂਜੇ ਨਾਲ ਹਾਸਾ ਮਜ਼ਾਕ ਕਰਦੇ ਨੌਜਵਾਨ ਇਨ੍ਹਾਂ ਪਲਾਂ ਨੂੰ ਵੀ ਮਾਣ ਰਹੇ ਸਨ।

ਉਡੀਕ ਦੇ ਪਲ ਖਤਮ ਹੋਏ, ਗੇਟ ਖੁਲ੍ਹ ਗਏ, ਹਰ ਇਕ ਨੂੰ ਅੰਦਰ ਜਾਣ ਦੀ ਕਾਹਲ ਸੀ। ਥੋੜ੍ਹੀ ਦੇਰ ਧੱਕਾ-ਮੁੱਕੀ ਹੋਈ, ਫਿਰ ਸਭ ਸ਼ਾਂਤ ਹੋ ਗਿਆ।

"ਬੱਲਿਆ, ਤੂੰ ਨਹੀਂ ਗਿਆ।" ਪਹਿਲੇ ਨੇ ਸਾਹਮਣੇ ਰੈਸਟੋਰੈਂਟ ਵਿਚ ਬੈਠੇ ਦੂਜੇ ਦੋਸਤ ਨੂੰ ਪੁੱਛਿਆ।

"ਮੈਂ ਤਾਂ ਜਾਣਾ ਈ ਨਹੀਂ ਸੀ, ਨਾ ਮੈਨੂੰ ਸੰਗੀਤ ਦੀ ਸਮਝ ਐ, ਬੋਰ ਹੋਣ ਨਾਲੋਂ ਚੰਗੈ, ਇਥੇ ਬੈਠ ਕੇ ਚਾਹ ਦਾ ਅਨੰਦ ਮਾਣੀਏ। ਤੂੰ ਆਪਣੀ ਸੁਣਾ, ਤੂੰ ਕਿਉਂ ਨਹੀਂ ਗਿਆ?" ਦੂਜੇ ਨੇ ਆਪਣੀ ਸਫਾਈ ਦਿੰਦਿਆਂ ਪਹਿਲੇ ਨੂੰ ਪੁੱਛਿਆ।

"ਇਹਦਾ ਹਾਲ ਵੀ ਤੇਰੇ ਵਾਲਾ ਈ ਐ!" ਤੀਜੇ ਨੇ ਦੱਸਿਆ।

"ਇਹਨੂੰ ਮੇਰੀ ਨਾਲਾਇਕੀ ਸਮਝੋ ਜਾਂ ਕੁਝ ਹੋਰ, ਪਰ ਸੱਚ ਤਾਂ ਇਹੋ ਈ ਐ, ਮੇਰੇ ਪੱਲੇ ਕੁਝ ਨਹੀਂ ਪੈਂਦਾ, ਸਭ ਸਿਰ ਉਪਰ ਦੀ ਲੰਘ ਜਾਂਦਾ! ਇਕ ਵਾਰ ਦੀ ਗੱਲ ਆ, ਕਿਸੇ ਦੇ ਚੁੱਕੇ ਚੁਕਾਏ ਸੰਗੀਤ ਦੇ ਪ੍ਰੋਗਰਾਮ ਵਿਚ ਚਲਾ ਗਿਆ, ਫਿਲਮੀ ਗਾਣਾ ਹੁੰਦਾ ਤਾਂ ਅਨੰਦ ਮਾਣਦਾ, ਪਰ ਇਹ ਰਾਗ ਆਪਣੀ ਸਮਝ ਤੋਂ ਪਰ੍ਹੇ ਦੀ ਚੀਜ਼ ਐ!" ਪਹਿਲੇ ਨੇ ਗੱਲ ਸਾਫ ਕਰ ਦਿੱਤੀ।

"ਕੋਈ ਆਦਮੀ ਸਭ ਕੁਝ ਸਮਝਦਾ ਹੋਵੇ, ਇਹ ਹੋ ਈ ਨਹੀਂ ਸਕਦਾ, ਪਰ ਯਾਰ ਜੀਤ ਤਾਂ ਅਨੰਦ ਮਾਣਦਾ ਹੋਣਾ?" ਚੌਥਾ ਪੁੱਛ ਰਿਹਾ ਸੀ।

"ਆਹੋ ਜੀ, ਉਸ ਨੇ ਤਾਂ ਅਨੰਦ ਮਾਣਨਾ ਈ ਐ, ਦੇਖੀਂ ਪ੍ਰੋਗਰਾਮ ਮਗਰੋਂ ਕਿੱਦਾਂ ਉਛਲਦਾ ਆਊ, ਉਹਦੀ ਖੁਸ਼ੀ ਡੁੱਲ੍ਹ ਡੁੱਲ੍ਹ ਪੈਣੀ ਐ!"

ਪ੍ਰੋਗਰਾਮ ਖਤਮ ਹੋਇਆ, ਲੋਕ ਹੌਲੀ ਹੌਲੀ ਬਾਹਰ ਨਿਕਲਣ ਲੱਗੇ। ਉਹ ਖੁਸ਼ ਸਨ। ਥੋੜ੍ਹੀ ਦੇਰ ਪਿਛੋਂ ਜੀਤ ਬਾਹਰ ਆਇਆ, ਉਹਦੇ ਚਿਹਰੇ 'ਤੇ ਖੁਸ਼ੀ ਨਹੀਂ ਸੀ, ਉਹ ਚੁੱਪ ਚੁਪੀਤਾ ਤੁਰਿਆ ਆ ਰਿਹਾ ਸੀ।

"ਇਹਨੂੰ ਕੀ ਹੋਇਆ, ਆਪਣੀ ਚਹੇਤੀ ਗਾਇਕਾ ਨੂੰ ਦੇਖਣ-ਸੁਣਨ ਗਿਆ ਸੀ, ਇਹਦੀ ਚਾਹ ਪੂਰੀ ਹੋ ਗਈ ਏ, ਇਹਨੂੰ ਤਾਂ ਖੁਸ਼ ਹੋਣਾ ਚਾਹੀਦਾ ਸੀ, ਪਰ ਇਹ...।"

ਏਨੇ ਨੂੰ ਜੀਤ ਉਨ੍ਹਾਂ ਕੋਲ ਆ ਕੇ ਖਲੋ ਗਿਆ।

"ਕਿਉਂ ਬਾਈ ਜਵਾਨਾ, ਦੇਖ ਆਇਐਂ ਆਪਣੀ ਚਹੇਤੀ ਗਾਇਕਾ ਨੂੰ?" ਸਾਰਿਆਂ ਇਕੋ ਸਾਹੇ ਪੁੱਛਿਆ।

"ਉਹ ਹੋਰ ਸੀ!" ਉਹ ਨਿੰਮੋਝੂਣਾ ਹੋ ਕੇ ਬੈਠ ਗਿਆ।

"ਨਾ ਤੈਨੂੰ ਹੁਣ ਪਤਾ ਲੱਗਾ, ਸ਼ਹਿਰ ਦੇ ਚੌਕਾਂ ਵਿਚ ਏਨੇ ਦਿਨ ਤੋਂ ਕੱਟ ਆਊਟ ਲੱਗੇ ਨੇ, ਤੈਂ ਦੇਖੇ ਨਹੀਂ ਸੀ!" ਪਹਿਲੇ ਨੇ ਕਾਹਲੀ ਨਾਲ ਪੁੱਛਿਆ।

"ਮੇਰਾ ਉਧਰ ਧਿਆਨ ਈ ਨਹੀਂ ਗਿਆ, ਦੇਖ ਲੈਂਦਾ ਤਾਂ ਚੰਗਾ ਹੁੰਦਾ; ਫੇਰ ਨਾਂ ਇਕ ਸੀ, ਇਸ ਲਈ ਵੀ ਮੈਂ ਗੌਲਿਆ ਨਹੀਂ!" ਉਹ ਬੁਦਬੁਦਾਇਆ। ਉਸ ਪਾਸ ਕਹਿਣ ਲਈ ਹੋਰ ਕੁਝ ਨਹੀਂ ਸੀ।

## ਮਿੰਨੀ ਕਹਾਣੀ

# ਠੋਕਰ

"ਮੈਂ ਕਿਸੇ ਨਾਲੋਂ ਘੱਟ ਹਾਂ, ਜਵਾਨ ਹਾਂ, ਖੂਬਸੂਰਤ ਹਾਂ। ਬਰਾਬਰ ਕਮਾਉਂਦੀ ਹਾਂ, ਕਿਉਂ ਕਿਸੇ ਦੀ ਈਨ ਮੰਨਾਂ।" ਡਾ. ਸੁਲੇਖਾ ਨੇ ਆਪਣੇ ਪਤੀ ਨੂੰ ਮੋੜਵਾਂ ਜਵਾਬ ਦਿੱਤਾ।

"ਹਾਂ...ਹਾਂ ਅਸੀਂ ਬਰਾਬਰ ਕਮਾਉਂਦੇ ਹਾਂ, ਮੈਂ ਕਦੋਂ ਮੁਕਰਦਾਂ, ਪਰ ਅਸੀਂ ਕਮਾਉਣਾ ਹੀ ਸਿੱਖਿਆ, ਸਮਾਉਣਾ ਨਹੀਂ। ਕਦੇ ਓਪਰੇਸ਼ਨ ਥੀਏਟਰ ਤੋਂ ਬਾਹਰ ਝਾਕ ਕੇ ਵੇਖਿਆ? ਜੇ ਔਰਤ ਰੋ ਰੋ ਅਰਜੋਈਆਂ ਕਰ ਰਹੀ ਹੁੰਦੀ ਹੈ ਤਾਂ ਮਰਦ ਵੀ ਸਿੱਲੀਆਂ ਅੱਖਾਂ ਨਾਲ ਪਤਾ ਨਹੀਂ ਕਿੰਨੀਆਂ ਮੂਕ ਅਰਦਾਸਾਂ ਕਰ ਰਹੇ ਹੁੰਦੇ ਆ। ਮਰੀਜ਼ ਨੂੰ ਬਾਹਰ ਨਿਕਲਦਿਆਂ ਹੀ ਕਿਵੇਂ ਭੱਜ ਕੇ ਦੇਖਦੇ ਆ, ਉਨ੍ਹਾਂ 'ਚ ਆਪਣਾਪਨ ਹੁੰਦਾ, ਦੂਸਰੇ ਦਾ ਦਰਦ ਆਪਣੇ ਤਨ 'ਤੇ ਮਹਿਸੂਸ ਕਰਦੇ ਆਂ, ਪਰ ਅਸੀਂ...।" ਬੋਲਦਿਆਂ-ਬੋਲਦਿਆਂ ਡਾ. ਰਾਜਨ ਹਫ ਕੇ ਸੋਫੇ 'ਤੇ ਬੈਠ ਗਿਆ।

ਦੋਨੋਂ ਜੀਅ ਸਫਲ ਸਰਜਨ ਤੇ ਸ਼ਹਿਰ ਦੇ ਮਸ਼ਹੂਰ ਡਾਕਟਰ ਹਨ, ਪਰ ਦੋਹਾਂ ਦਾ ਰਿਸ਼ਤਾ ਹਮੇਸ਼ਾ ਨੋਕ-ਝੋਕ ਤੇ ਲੜਾਈ ਝਗੜੇ ਵਾਲਾ ਬਣਿਆ ਹੋਇਆ ਹੈ।

ਸੁਲੇਖਾ ਦੀ ਸ਼ਾਦੀ ਤਿੰਨ ਕੁ ਸਾਲ ਪਹਿਲਾਂ ਹੋਈ ਸੀ, ਪਰ ਰਾਜਨ ਦੇ ਦੋ ਬੱਚੇ ਪਹਿਲੀ ਪਤਨੀ 'ਚੋਂ ਹਨ, ਜਿਸ ਦੀ ਇੱਕ ਹਾਦਸੇ ਵਿਚ ਮੌਤ ਹੋ ਗਈ ਸੀ।

ਸੁਲੇਖਾ ਦਾ ਕਿੱਸਾ ਵੀ ਅਜੀਬ ਹੈ। ਐਮ. ਬੀ. ਬੀ. ਐਸ. ਪਿਛੋਂ ਮਾਂ ਸ਼ਾਦੀ ਕਰਨਾ ਚਾਹੁੰਦੀ ਸੀ, ਪਰ ਉਸ ਦੀ ਜਿੱਦ ਹੋਰ ਉਚੇਰੀ ਪੜ੍ਹਾਈ ਕਰਨ ਦੀ ਸੀ। ਐਮ. ਡੀ. ਕਰਨ ਪਿਛੋਂ ਵੀ ਕੋਈ ਰਿਸ਼ਤਾ ਫਿੱਟ ਨਹੀਂ ਸੀ ਆ ਰਿਹਾ। ਪਿਉ ਵੱਡੇ ਅਫਸਰ ਅਤੇ ਅਮੀਰ ਘਰਾਣੇ ਵਿਚ ਵਿਆਹ ਕਰਨਾ ਚਾਹੁੰਦਾ ਸੀ, ਪਿਉ ਨੂੰ ਠੀਕ ਲਗਦਾ ਤਾਂ ਸੁਲੇਖਾ ਨੂੰ ਪਸੰਦ ਨਾ ਆਉਂਦਾ। ਇਸੇ ਖਿੱਚ-ਧੂਹ ਵਿਚ ਉਮਰ ਨਿਕਲ ਗਈ। ਆਖਰ ਸਭ ਪਾਸਿਉਂ ਹਾਰ ਰਾਜਨ ਨਾਲ ਸ਼ਾਦੀ ਕਰਨੀ ਪਈ। ਇਹ ਸ਼ਾਦੀ ਵੀ ਕੰਡਿਆਂ ਦੀ ਸੇਜ ਬਣ ਗਈ।

ਸੁਲੇਖਾ ਬੱਚਿਆਂ ਨਾਲ ਕਿਸੇ ਵੀ ਤਰ੍ਹਾਂ ਸਮਝੌਤਾ ਨਹੀਂ ਸੀ ਕਰ ਰਹੀ। ਰਾਜਨ ਨਾਲ ਵੀ ਉਸ ਦੀ ਅਣਬਣ ਰਹਿਣ ਲੱਗੀ। ਰਾਜਨ ਨੇ ਬੜਾ ਨਿਉਂ ਕੇ ਕੱਟਣ ਅਤੇ ਸਮਝਾਉਣ ਦੀ ਕੋਸ਼ਿਸ਼ ਕੀਤੀ, ਪਰ ਅਸਫਲ ਰਿਹਾ। ਅਖੀਰ ਸੁਲੇਖਾ ਸਭ ਕੁਝ ਛੱਡ ਛਡਾ ਕੇ ਹੋਸਟਲ ਰਹਿਣ ਲੱਗੀ। ਮਾਂ-ਬਾਪ ਨੇ ਘਰ ਆਉਣ ਲਈ ਕਿਹਾ, ਪਰ ਉਹ ਨਾ ਗਈ। ਕੁਝ ਦੇਰ ਬਾਅਦ ਕਿਰਾਏ 'ਤੇ ਕੋਠੀ ਲੈ ਉਥੇ ਸ਼ਿਫਟ ਹੋ ਗਈ।

ਇਕੱਲ ਉਸ ਨੂੰ ਵੱਢ ਵੱਢ ਖਾਂਦੀ, ਜਿੱਥੇ ਪਤੀ ਨਾਲ ਰਹਿੰਦਿਆਂ ਆਪਣੇ ਲਈ ਸਮਾਂ ਨਾ ਮਿਲਣ ਦੀ ਸ਼ਿਕਾਇਤ ਰਹਿੰਦੀ ਸੀ, ਹੁਣ ਕਰਨ ਲਈ ਕੁਝ ਨਾ ਸੁੱਝਦਾ। ਸਿਰਫ ਆਪਣੇ ਖਿਆਲਾਂ ਅਤੇ ਪੁਰਾਣੀਆਂ ਯਾਦਾਂ ਨੂੰ ਫਰੋਲਦੀ ਰਹਿੰਦੀ।

"ਬੀਬੀ ਜੀ, ਮੈਂ ਅਗਲੇ ਮਹੀਨੇ ਤੋਂ ਕੰਮ 'ਤੇ ਨਹੀਂ ਆਉਣਾ। ਤੁਸੀਂ ਕੋਈ ਹੋਰ ਬੁੜ੍ਹੀ ਲੱਭ ਲਵੋ ਜਾਂ ਫਿਰ ਮੈਂ ਵੇਖਾਂ ਕਿਸੇ ਨੂੰ।" ਕੰਮ ਵਾਲੀ ਨੇ ਚਾਹ ਫੜਾਉਂਦਿਆਂ ਉਸ ਨੂੰ ਸੁਨੇਹਾ ਦਿੱਤਾ।

"ਕਿਉਂ! ਕੀ ਹੋਇਆ?" ਉਹ ਇਕਦਮ ਸੋਚਾਂ 'ਚੋਂ ਬਾਹਰ ਆਈ।

"ਕੁੜੀ ਦਾ ਵਿਆਹ ਅਗਲੇ ਮਹੀਨੇ।" ਬੀਬੀ ਨੇ ਸੰਖੇਪ ਜਿਹਾ ਉਤਰ ਦਿੱਤਾ।

"ਵਿਆਹ! ਕੁੜੀ ਤਾਂ ਅਜੇ ਛੋਟੀ ਜਿਹੀ ਲੱਗਦੀ ਏ, ਤੇ ਵਿਆਹ...।" ਸੁਲੇਖਾ ਇਕਦਮ ਬੋਲੀ।

"ਨਹੀਂ ਜੀ, ਸੁੱਖ ਨਾਲ ਵੀਹਾਂ ਦੀ ਹੋਣ ਵਾਲੀ ਹੈ। ਗਰੀਬ ਘਰ 'ਚ ਕੁੜੀਆਂ ਕਿੱਥੇ ਰੱਖੀਆਂ ਜਾਂਦੀਆਂ। ਨਾਲੇ ਛੋਟੀ ਉਮਰੇ ਵਿਆਹੀਆਂ ਦਾ ਲਗਾਓ ਵੱਧ ਹੁੰਦਾ, ਪੱਕੀ ਉਮਰ 'ਚ ਤਾਂ...।" ਬੀਬੀ ਗੱਲ ਅਧੂਰੀ ਛੱਡ ਚੁੱਪ ਹੋ ਗਈ। ਸੁਲੇਖਾ ਸੋਚਣ ਲੱਗੀ, "ਲਗਾਓ ਜਾਂ ਪਿਆਰ ਦਾ ਉਮਰ ਨਾਲ ਵੀ ਸਬੰਧ ਹੈ! ਸ਼ਾਇਦ ਇਸੇ ਕਰਕੇ ਉਨ੍ਹਾਂ ਦੀ ਸ਼ਾਦੀ...।" ਬੀਬੀ ਕਹਿ ਕੇ ਜਾ ਚੁਕੀ ਸੀ, ਜਦੋਂ ਸੁਲੇਖਾ ਨੂੰ ਕੁਝ ਪੁਛਣ ਦੱਸਣ ਦਾ ਖਿਆਲ ਆਇਆ।

ਇੱਕ ਦਿਨ ਬੈਠਿਆਂ ਬੈਠਿਆਂ ਉਸ ਨੇ ਮਨੋਵਿਗਿਆਨੀ ਡਾ. ਵਿਨੀਤਾ ਨੂੰ ਵੀ ਇਸ ਸਬੰਧੀ ਪੁੱਛ ਲਿਆ।

"ਹਾਂ, ਛੋਟੀ ਉਮਰ ਵਿਚ ਲੋਕ ਮਨੋਵਿਗਿਆਨਕ ਤੌਰ 'ਤੇ ਵੱਧ ਜੁੜ ਜਾਂਦੇ ਹਨ, ਜਦੋਂ ਕਿ ਪ੍ਰੌੜ ਆਦਮੀ ਦੇ ਖਿਆਲ ਖਿੰਡਣ ਲੱਗਦੇ ਹਨ ਤੇ ਉਹ ਉਸ ਤਰ੍ਹਾਂ ਨਹੀਂ ਸੋਚ ਸਕਦਾ। ਅਸੀਂ ਇੱਕ ਉਮਰ ਪਿਛੋਂ ਪੇਸ਼ੇਵਰ ਹੋ ਜਾਂਦੇ ਹਾਂ।" ਡਾ. ਵਿਨੀਤਾ ਨੇ ਸਪੱਸ਼ਟ ਕੀਤਾ।

ਹੁਣ ਸੁਲੇਖਾ ਨੂੰ ਇਹ ਗੱਲ ਆਪਣੀ ਵਿਆਹੁਤਾ ਜ਼ਿੰਦਗੀ ਵਿਚਲੀਆਂ ਕਮੀਆਂ 'ਚੋਂ ਇੱਕ ਪ੍ਰਮੁੱਖ ਗੱਲ ਲੱਗੀ। ਆਪਣੇ ਨਿੱਜੀ ਅਨੁਭਵਾਂ ਵਿਚ ਵੀ ਉਸ ਨੇ ਮਰੀਜਾਂ ਅਤੇ ਉਨ੍ਹਾਂ ਦੇ ਰਿਸ਼ਤੇਦਾਰ ਖਾਸ ਕਰ ਪਤੀ-ਪਤਨੀ ਨੂੰ ਨੇੜੇ ਤੋਂ ਵੇਖਿਆ ਤਾਂ ਰਾਜਨ ਦੀਆਂ ਗੱਲਾਂ ਉਸ ਨੂੰ ਸੱਚੀਆਂ ਲੱਗੀਆਂ। ਲੋਕ ਸਾਥੀ ਦੀ ਜ਼ਿੰਦਗੀ ਲਈ ਉਸ ਅੱਗੇ ਕਿਵੇਂ ਤਰਲੇ ਮਿੰਨਤਾਂ ਕਰਦੇ, ਭਾਵੇਂ ਉਹ ਰੱਬ ਨਹੀਂ, ਇੱਕ ਡਾਕਟਰ ਸੀ। ਕਦੇ ਕਦੇ ਉਸ ਨੂੰ ਇਨ੍ਹਾਂ ਲੋਕਾਂ ਦੀ ਸਮਰਪਣ ਭਾਵਨਾ ਦੇਖ ਕੇ ਈਰਖਾ ਵੀ ਹੁੰਦੀ। ਅੱਜ ਹਸਪਤਾਲ ਤੋਂ ਮੁੜਦਿਆਂ ਉਸ ਦੀ ਕਾਰ ਕੋਠੀ ਜਾਣ ਦੀ ਥਾਂ ਹੋਰ ਗਲੀਆਂ ਵੱਲ ਮੁੜ ਗਈ। ਸਭ ਕੁਝ ਆਪਣੇ ਆਪ ਵਾਪਰ ਰਿਹਾ ਸੀ, ਉਸ ਨੂੰ ਕੁਝ ਵੀ ਪਤਾ ਨਾ ਚੱਲਿਆ, ਕਦੋਂ ਉਸ ਦੇ ਪੈਰ ਆਪਣੇ ਉਸ ਪੁਰਾਣੇ ਘਰ ਅੱਗੇ ਬਰੇਕ 'ਤੇ ਜਾ ਪਹੁੰਚੇ। ਘਰ ਦੀ ਹਾਲਤ ਵੀ ਉਸ ਦੀ ਜ਼ਿੰਦਗੀ ਵਰਗੀ ਸੀ। ਹਰਾ ਘਾਹ, ਫੁੱਲ ਬੂਟੇ-ਸਭ ਸੁੱਕ ਚੁਕੇ ਸਨ। ਉਸ ਦੀ ਅਤੇ ਰਾਜਨ ਦੇ ਨਾਂ ਦੀਆਂ ਪਲੇਟਾਂ ਉਖੜ ਕੇ ਲਟਕ ਰਹੀਆਂ ਸਨ। ਆਪ ਮੁਹਾਰੇ ਹੰਝੂ ਉਸ ਦੀਆਂ ਅੱਖਾਂ 'ਚੋਂ ਡਲਕ ਪਏ। ਰਾਜਨ ਕਿੱਥੇ ਹੋਵੇਗਾ? ਉਹ ਵੀ ਘਰ ਨੂੰ ਛੱਡ ਕੇ ਜਾ ਚੁਕਾ? ਸ਼ਾਇਦ ਉਸ ਨੇ ਕਿਸੇ ਹੋਰ ਨਾਲ ਨਵਾਂ ਘਰ ਵਸਾ ਲਿਆ ਹੋਵੇ।

"ਬੇਟੇ, ਡਾ. ਸਾਹਿਬ ਨੂੰ ਲੱਭਦੇ ਹੋ?" ਸਾਹਮਣੇ ਗਲੀ ਵਿਚ ਰੱਖੇ ਖੋਖੇਨੁਮਾ ਦੁਕਾਨ ਵਾਲਾ ਬਜੁਰਗ ਪੁੱਛਣ ਲੱਗਾ।

"ਹਾਂ ਹਾਂ! ਕੀ ਡਾ. ਸਾਹਿਬ ਇੱਥੇ ਆਉਂਦੇ ਆ?" ਉਹ ਪਤਾ ਨਹੀਂ ਕਿਉਂ ਪੁੱਛ ਬੈਠੀ।

"ਹਾਂ! ਬਸ ਕਦੇ ਕਦਾਈਂ। ਗੇਟ ਖੋਲ੍ਹ ਘਰ ਵਿਚ ਗੇੜਾ ਦਿੰਦੇ ਆ, ਸੁੱਕੇ ਬੂਟਿਆਂ ਨੂੰ ਵੇਖ ਹੌਕਾ ਭਰ ਮੁੜ ਪੈਂਦੇ ਆ, ਕਮਰੇ ਤਾਂ ਸ਼ਾਇਦ ਹੀ ਕਦੇ ਖੋਲ੍ਹੇ ਹੋਣ। ਕਈ ਵਾਰ ਤਾਂ ਗੇਟ ਕੋਲ ਹੀ ਖੜ੍ਹ ਕੇ ਮੁੜ ਜਾਂਦੇ ਆ।" ਬਜੁਰਗ ਨੇ ਡੂੰਘਾ ਸਾਹ ਲਿਆ।

"ਉਨ੍ਹਾਂ ਦਾ ਕੋਈ ਪਤਾ ਟਿਕਾਣਾ?" ਸੁਲੇਖਾ ਨੇ ਨਾ ਚਾਹੁੰਦਿਆਂ ਵੀ ਪੁੱਛ ਲਿਆ। ਬਜੁਰਗ ਨੇ ਜਵਾਬ ਵਿਚ ਸਿਰਫ ਸਿਰ ਫੇਰਿਆ। ਮੁੜਨ ਲੱਗਿਆਂ ਸੁਲੇਖਾ ਠੋਕਰ ਖਾ ਕੇ ਡਿੱਗਦੀ ਡਿੱਗਦੀ ਮਸਾਂ ਬਚੀ।

"ਬੇਟੇ ਧਿਆਨ ਨਾਲ, ਸੱਟ ਲੱਗ ਜਾਣੀ ਸੀ।" ਬਜੁਰਗ ਨੇ ਉਸ ਨੂੰ ਸਾਵਧਾਨ ਕੀਤਾ।

"ਕੋਈ ਨਹੀਂ ਜੀ, ਜ਼ਿੰਦਗੀ ਸ਼ਾਇਦ ਠੋਕਰਾਂ ਖਾਣ ਲਈ ਹੀ ਬਣੀ ਹੈ।" ਸੱਚ ਉਸ ਦੇ ਮੂੰਹ 'ਤੇ ਆ ਗਿਆ।

"ਪੁੱਤਰ! ਠੋਕਰ ਖਾਣ ਪਿਛੋਂ ਹੀ ਇਨਸਾਨ ਧਰਤੀ ਵੱਲ ਵੇਖਦਾ। ਇੱਕ ਵਾਰ ਠੋਕਰ ਖਾਣ ਪਿਛੋਂ ਸੰਭਲ ਜਾਣਾ ਚਾਹੀਦਾ, ਮੁੜ ਨਾ ਲੱਗੇ।" ਬਜੁਰਗ ਸ਼ਾਇਦ ਉਸ ਬਾਰੇ ਜਾਣ ਚੁਕਾ ਸੀ।

*-ਗੁਰਮੀਤ ਸਿੰਘ ਮਰਾੜ੍ਹ*
*ਫੋਨ: 91-95014-00397*

# ਪੰਜਾਬੀ ਡਾਇਸਪੋਰਾ: ਬਦਲਦੇ ਸਮੀਕਰਨ

## ਵਿਚਾਰ ਚਰਚਾ

ਪਰਵਾਸ ਤੇ ਪਰਵਾਸੀ ਸਿੱਕੇ ਦੇ ਉਹ ਦੋ ਪਹਿਲੂ ਹਨ, ਜੋ ਅਲੱਗ ਨਹੀਂ ਹੋ ਸਕਦੇ, ਪਰ ਇਨ੍ਹਾਂ ਦੀਆਂ ਸਥਿਤੀਆਂ ਤੇ ਪ੍ਰਸਥਿਤੀਆਂ ਨਿਰੰਤਰ ਬਦਲਦੀਆਂ ਰਹਿੰਦੀਆਂ ਹਨ। ਪੰਜਾਬੀਆਂ ਦੇ ਪਰਵਾਸ ਦਾ ਇਤਿਹਾਸ ਸ਼ੁਰੂ ਵਿਚ ਬਹੁਤ ਮੁਸ਼ਕਿਲਾਂ ਭਰਿਆ ਰਿਹਾ ਹੈ। ਆਰਥਕਤਾ ਨੂੰ ਮਰਕਜ਼ ਬਣਾ ਕੇ ਗਏ ਪੰਜਾਬੀ ਪਰਵਾਸ ਦੇ ਸੰਤਾਪ ਨੂੰ ਬੁਰੀ ਤਰ੍ਹਾਂ ਹੰਢਾਉਂਦੇ ਰਹੇ ਹਨ। ਵਿਦੇਸ਼ੀ ਧਰਤੀ ਦੇ ਸਿਸਟਮ (ਆਰਥਕ, ਰਾਜਨੀਤਕ, ਸਭਿਆਚਾਰਕ) ਤੋਂ ਕੋਰੇ ਇਹ ਲੋਕ ਆਪਣੀ ਤੇ ਪਰਾਈ ਧਰਤੀ ਦੇ ਦਵੰਦ ਵਿਚ ਪਿਸਦੇ ਰਹੇ। ਵਿਦੇਸ਼ੀਆਂ ਵਲੋਂ ਮਾਨਸਿਕ ਪੱਧਰ 'ਤੇ ਲਤਾੜੇ ਗਏ ਤੇ ਆਰਥਕਤਾ ਸੁਧਾਰਨ ਲਈ ਨਸਲੀ ਵਿਤਕਰੇ ਦੀ ਮਾਰ ਸਹਿੰਦੇ ਇਹ ਨਿਰੰਤਰ ਆਪਣੇ ਕੰਮ ਵਿਚ ਮਗਨ ਰਹੇ।

ਸਮਾਂ ਬਦਲਣ ਨਾਲ ਇਕਜੁੱਟਤਾ ਨਾਲ ਨਸਲੀ ਵਿਤਕਰੇ ਖਿਲਾਫ ਲੜ ਕੇ ਆਪਣਾ ਇਕ ਵੱਖਰਾ ਮੁਕਾਮ ਹਾਸਿਲ ਕੀਤਾ, ਨਾਲ ਹੀ ਦੂਜੀ ਪੀੜ੍ਹੀ (ਪੜ੍ਹੇ-ਲਿਖੇ ਵਰਗ) ਲਈ ਰਾਹ ਸੁਖਾਲਾ ਕੀਤਾ। ਦੂਜੀ ਪੀੜ੍ਹੀ ਦਾ ਭੂ-ਹੇਰਵੇ ਅਤੇ ਹੋਂਦ ਦੀ ਤਲਾਸ਼ ਵਰਗੇ ਮਸਲਿਆਂ ਨਾਲ ਜੂਝਣਾ ਤੇ ਉਸ ਸੰਘਰਸ਼ ਵਿਚ ਪਰਵਾਸੀ ਸਾਹਿਤ ਦਾ ਆਗਮਨ ਕਵਿਤਾ ਰੂਪ ਵਿਚ ਹੋਣਾ।



ਡਾ. ਹਰਜੋਤ ਕੌਰ
ਫੋਨ: 91-99887-80443
harjotkaur0022@gmail.com

"ਪਰਵਾਸੀ ਪੰਜਾਬੀ ਲੇਖਕਾਂ ਨੇ ਆਤਮ-ਅਭਿਵਿਅਕਤੀ ਲਈ ਸਾਹਿਤ ਸਿਰਜਣਾ ਕੀਤੀ। ਸਾਹਿਤ ਸਿਰਜਣਾ ਦਾ ਇਹ ਅਨੁਭਵ ਉਨ੍ਹਾਂ ਦੇ ਪਰਵਾਸੀ ਜੀਵਨ ਦੀਆਂ ਵਿਹਾਰਕ ਉਲਝਣਾਂ ਅਤੇ ਵਿਭਿੰਨ ਹਾਲਾਤ ਵਿਚ ਪੈਦਾ ਹੋਇਆ। ਇਹ ਹਾਲਾਤ ਭਿੰਨ-ਭਿੰਨ ਦੇਸ਼ਾਂ ਵਿਚ ਗਏ ਪਰਵਾਸੀਆਂ ਦੇ ਆਪੋ-ਆਪਣੇ ਹਨ। ਇਸ ਲਈ ਹੀ ਵੱਖ-ਵੱਖ ਖਿੱਤਿਆਂ ਵਿਚ ਰਚੇ ਗਏ ਸਾਹਿਤ ਵਿਚ ਵੀ ਭਿੰਨਤਾ ਨਜ਼ਰ ਪੈਂਦੀ ਹੈ, ਪਰ ਉਨ੍ਹਾਂ ਨੂੰ ਪਰਦੇਸਾਂ ਵਿਚ ਮਾਨਸਿਕ ਤੌਰ 'ਤੇ ਇਕੋ ਜਿਹੇ ਸੰਤਾਪ 'ਚੋਂ ਹੀ ਗੁਜ਼ਰਨਾ ਪਿਆ। ਇਕ ਪਾਸੇ ਆਪਣੇ ਮੂਲ ਭਾਈਚਾਰੇ ਤੋਂ ਦੂਰੀ ਦੀ ਸਥਿਤੀ ਅਤੇ ਦੂਜੇ ਪਾਸੇ ਆਪਣੀ ਸੰਤਾਨ ਦਾ ਪੱਛਮੀ ਸੰਸਕ੍ਰਿਤੀ ਦਾ ਅੰਗ ਬਣਨ ਦੀ ਚੇਸ਼ਟਾ।" *1

ਇਥੇ ਪੰਜਾਬੀ ਪਰਵਾਸੀਆਂ ਦੇ ਮਸਲਿਆਂ ਵਿਚ ਬਦਲਾਓ ਦਾ ਨਵਾਂ ਦੌਰ ਅਰੰਭ ਹੁੰਦਾ। ਆਪਣੀ ਨਵੀਂ ਤੀਸਰੀ ਪੀੜ੍ਹੀ ਦੀ ਮੁਖ਼ਾਲਫਤ। ਇਥੋਂ ਭਾਸ਼ਾ ਤੇ ਸਾਹਿਤ ਸਬੰਧੀ ਮਸਲੇ ਉਭਰ ਕੇ ਸਾਹਮਣੇ ਆਉਂਦੇ ਹਨ। ਸਵਰਨ ਚੰਦਨ ਇਸ ਸਬੰਧੀ ਆਪਣਾ ਮਤ ਰੱਖਦਾ ਹੈ, "ਉਹ ਅੰਤਰਮੁਖੀ ਤੇ ਜਟਿਲ ਵੀ ਹੈ। ਉਹਦੀ ਹੋਂਦ ਨੂੰ ਸਮਝਣਾ ਸੌਖਾ ਨਹੀਂ। ਇਹ ਸੱਚ ਹੈ ਕਿ ਜਦੋਂ ਵੀ ਕੋਈ ਸਮੂਹ ਪਰਵਾਸ ਭੋਗਦਾ ਹੈ, ਉਸ ਸਮੂਹ ਦੀ ਦੂਜੀ ਪੁਸ਼ਤ ਕਿਤੇ ਵਧੇਰੇ ਤ੍ਰਸਤ ਹੁੰਦੀ ਹੈ। ਪਹਿਲੀ ਪੀੜ੍ਹੀ ਕੋਲ ਖਲੋਣ ਲਈ ਇਕ ਜ਼ਮੀਨ ਹੁੰਦੀ ਹੈ, ਆਪਣੇ ਦੇਸ਼ ਦੀ ਭਾਸ਼ਾ ਤੇ ਸਭਿਆਚਾਰ ਦੀ ਜ਼ਮੀਨ, ਪਰ ਦੂਜੀ ਪੁਸ਼ਤ ਅਜਿਹੀ ਸੰਕ੍ਰਾਂਤੀ 'ਚੋਂ ਨਿਕਲ ਰਹੀ ਹੁੰਦੀ ਹੈ ਕਿ ਉਹਦੇ ਲਈ ਸਵੈ-ਪਛਾਣ ਦਾ ਮਸਲਾ ਹੀ ਧਮਾਕਾਖੇਜ਼ ਹੋ ਨਿਬੜਦਾ ਹੈ।" *2

ਸਾਡੇ ਇਸ ਮਜ਼ਮੂਨ ਦਾ ਮੁੱਖ ਮਰਕਜ਼ ਹੈ, ਪਰਵਾਸੀ ਧਰਤੀ (ਬਰਤਾਨੀਆ) 'ਤੇ ਪਰਵਾਸੀ ਪੰਜਾਬੀ ਸਾਹਿਤ ਤੇ ਭਾਸ਼ਾ ਦੀ ਸਥਿਤੀ ਕੀ ਹੈ? ਉਸ ਦਾ ਅਧਿਅਨ ਵਿਸ਼ਲੇਸ਼ਣ ਕਰਕੇ ਜੋ ਪ੍ਰਸ਼ਨ ਉਠ ਰਹੇ ਹਨ, ਉਨ੍ਹਾਂ ਦੇ ਜੁਆਬ ਤਲਾਸ਼ਣੇ ਤੇ ਸਾਰਥਕ ਸਿੱਟੇ ਪ੍ਰਸਤੁਤ ਕਰਨੇ ਹਨ। ਪੰਜਾਬੀਆਂ ਦਾ ਵਿਦੇਸ਼ਾਂ 'ਚ ਪਰਵਾਸ ਬਰਤਾਨੀਆ ਤੋਂ ਹੀ ਸ਼ੁਰੂ ਹੁੰਦਾ ਹੈ, ਇਸ ਲਈ ਇਸ ਮਜ਼ਮੂਨ ਲਈ ਅਸੀਂ ਬਰਤਾਨੀਆ ਨੂੰ ਹੀ ਆਧਾਰ ਬਣਾ ਰਹੇ ਹਾਂ। ਸਭ ਤੋਂ ਪਹਿਲਾਂ ਜੇ ਗੱਲ ਕੀਤੀ ਜਾਵੇ ਭਾਸ਼ਾ ਦੀ ਤਾਂ ਬਰਤਾਨੀਆ ਵਿਚ ਪੰਜਾਬੀ ਭਾਸ਼ਾ ਦੀ ਜੋ ਸਥਿਤੀ ਹੈ, ਉਸ ਦਾ ਪੰਜਾਬ ਵਿਚਲੀ ਪੰਜਾਬੀ ਵੱਲੋਂ ਨਾਲੋਂ ਕੋਈ ਬਹੁਤਾ ਫਰਕ ਵੇਖਣ ਵਿਚ ਨਹੀਂ ਆਉਂਦਾ। ਜਿਵੇਂ ਪੰਜਾਬ ਵਿਚ ਪੰਜਾਬੀ ਭਾਸ਼ਾ ਦੀ ਸਥਿਤੀ ਵੱਧ ਸੰਤੋਸ਼ਜਨਕ ਨਹੀਂ, ਉਵੇਂ ਵਿਦੇਸ਼ਾਂ ਵਿਚ ਵੀ ਇਸ ਦੇ ਮਿਆਰ ਦਾ ਪੱਧਰ ਹੇਠਲਾ ਹੀ ਹੈ। ਦੇਖਿਆ ਜਾਵੇ ਤਾਂ ਪੰਜਾਬੀ ਭਾਸ਼ਾ ਘੱਟ ਗਿਣਤੀ ਦੀ ਭਾਸ਼ਾ ਹੈ, ਸਗੋਂ ਵਿਦੇਸ਼ਾਂ ਵਿਚ ਇਹ ਪਹਿਲੀ ਤੇ ਦੂਜੀ ਪੀੜ੍ਹੀ ਦੀ ਭਾਸ਼ਾ ਹੈ। ਇਸ ਪੀੜ੍ਹੀ ਦੇ ਮੁੱਕਣ ਨਾਲ ਇਹ ਭਾਸ਼ਾ ਦੀ ਹੋਂਦ 'ਤੇ ਖਤਰਾ ਆ ਜਾਣਾ ਹੈ। ਭਾਸ਼ਾ ਦੀ ਸਿੱਖਿਆ ਸੁਹਜ ਮੁੱਲਾਂ 'ਤੇ ਨਹੀਂ, ਆਰਥਕਤਾ 'ਤੇ ਨਿਰਭਰ ਕਰਦੀ ਹੈ। ਸੁਹਜ ਮੁੱਲ ਕੇਵਲ ਬਹੁ-ਗਿਣਤੀ ਦੇ ਸਮਾਜ ਦੇ ਹੀ ਗੁਣ ਹੁੰਦੇ ਹਨ। ਇਸ ਸਬੰਧੀ ਹੇਠਾਂ ਦੱਸੀ ਧਾਰਨਾ ਇਸ ਕਥਨ ਦੀ ਪੁਸ਼ਟੀ ਕਰਦੀ ਹੈ,

"ਇੰਗਲੈਂਡ ਜਾਂ ਯੂਰਪ ਵਿਚ ਘੱਟ ਗਿਣਤੀਆਂ ਦੀਆਂ ਮਾਤਰੀ ਭਾਸ਼ਾਵਾਂ ਨੂੰ ਹੌਲੀ-ਹੌਲੀ ਖੋਰਾ ਲੱਗਣਾ ਤਾਂ ਸਮਝ ਵਿਚ ਆਉਂਦਾ ਹੈ, ਪਰ ਪੂਰਬੀ ਤੇ ਪੱਛਮੀ ਪੰਜਾਬ ਵਿਚ ਅਜਿਹਾ ਵਾਪਰ ਜਾਣਾ ਸਮਝ ਨਹੀਂ ਆਉਂਦਾ।" *3

ਜੇ ਦੇਖਿਆ ਜਾਵੇ ਤਾਂ ਇਸ ਖੜੋਤ ਦਾ ਮੁੱਖ ਕਾਰਨ ਮੰਡੀ ਮਾਨਸਿਕਤਾ ਦੀ ਸਰਦਾਰੀ ਕਿਸੇ ਸਮਾਜ ਦੀ ਭਾਸ਼ਾ ਦਾ ਹੀ ਨੁਕਸਾਨ ਨਹੀਂ ਕਰਦੀ, ਉਸ ਦੇ ਸਾਹਿਤ, ਸਭਿਆਚਾਰ ਤੇ ਕਲਾਵਾਂ ਦਾ ਨੁਕਸਾਨ ਵੀ ਕਰਦੀ ਹੈ। ਭਾਸ਼ਾ ਦੀ ਬੋਲੀ ਕਿਸੇ ਸਭਿਆਚਾਰ ਨੂੰ ਪ੍ਰੋਤਸਾਹਿਤ ਕਰਨ ਵਾਲਾ ਉਹ ਵਾਹਕ ਹੈ, ਜਿਸ ਤੋਂ ਬਿਨਾ ਇਕ ਪੀੜ੍ਹੀ ਆਪਣਾ ਸਭਿਆਚਾਰ ਦੂਜੀ ਪੀੜ੍ਹੀ ਨੂੰ ਸੌਂਪ ਹੀ ਨਹੀਂ ਸਕਦੀ। ਬੋਲੀ ਦੇ ਗੁਆਚ ਜਾਣ ਨਾਲ ਸਭਿਆਚਾਰ ਵੀ ਗੁਆਚ ਜਾਂਦਾ ਹੈ ਅਤੇ ਸਭਿਆਚਾਰ ਦੇ ਗੁਆਚਣ ਦਾ ਅਰਥ ਹੈ, ਸਬੰਧਿਤ ਕੌਮ ਦਾ ਪੂਰਾ ਸਫਾਇਆ।

ਪੰਜਾਬੀ ਭਾਸ਼ਾ/ਬੋਲੀ ਨਾਲ ਇਤਿਹਾਸ ਵਿਚ ਜੋ ਕੁਝ ਵਾਪਰਦਾ ਰਿਹਾ, ਉਸ ਨੇ ਇਸ ਦੀ ਹੋਂਦ 'ਤੇ ਸਵਾਲੀਆ ਨਿਸ਼ਾਨ ਲਾ ਦਿੱਤਾ ਹੈ। ਪੰਜਾਬੀ ਭਾਸ਼ਾ ਬੁਰੀ ਤਰ੍ਹਾਂ ਪੰਜਾਬ ਵਿਚਲੇ ਫਿਰਕੂ ਵਿਰੋਧਾਂ ਦਾ ਸ਼ਿਕਾਰ ਹੋ ਕੇ ਰਸਾਤਲ 'ਤੇ ਪਹੁੰਚਦੀ ਗਈ ਹੈ। ਇਸ ਦੇ ਨਾਲ ਘਟੀਆ ਸਿਆਸਤਦਾਨਾਂ ਵਲੋਂ ਵੀ ਇਸ ਦੇ ਮਿਆਰ ਨੂੰ ਨੀਵਾਂ ਕੀਤਾ ਗਿਆ ਹੈ।

"ਵਿਸ਼ਵੀਕਰਨ ਦੀ ਮੰਡੀ ਸਭਿਅਤਾ ਨੇ ਪੰਜਾਬੀ ਭਾਸ਼ਾ ਦੇ ਪੈਰਾਂ ਹੇਠੋਂ ਬਚਦੀ ਧਰਤੀ ਵੀ ਖਿੱਚ ਲਈ ਹੈ।" *4

ਪੰਜਾਬ ਦੀ ਸਿਆਸਤ ਨੇ ਜਿੱਥੇ ਪੰਜਾਬੀ ਭਾਸ਼ਾ ਨੂੰ ਖੋਰਾ ਲਾਇਆ, ਉਥੇ ਇੰਗਲੈਂਡ ਦੇ ਹਾਕਮ ਰਾਜ ਨੇ ਗੁਲਾਮ ਰਹੇ ਲੋਕਾਂ ਨੂੰ ਵੀ ਭਾਸ਼ਾਈ ਪੱਧਰ ਉਪਰ ਖੜ੍ਹਾ ਨਹੀਂ ਰਹਿਣ ਦਿੱਤਾ। ਪਹਿਲੀ ਪੀੜ੍ਹੀ ਦਾ ਆਰਥਕ ਮਸਲੇ ਨਾਲ ਜੂਝਣਾ, ਦੂਜੀ ਦਾ ਹੋਂਦ ਦੀ ਤਲਾਸ਼ ਵਿਚ ਭਟਕਣਾ ਅਤੇ ਤੀਜੀ ਦਾ ਆਪਣੇ ਮੂਲ ਦੀ ਹੋਂਦ ਦੇ ਪ੍ਰਸ਼ਨ ਨਾਲ ਦਰਪੇਸ਼ ਸਮੱਸਿਆਵਾਂ, ਤਣਾਅ ਨੂੰ ਝੱਲਣਾ-ਇਸ ਸਭ ਵਿਚ ਭਾਸ਼ਾ ਦਾ ਰੂਪ ਸਿਰਫ ਬਹੁਤ ਘੱਟ ਬੋਲਣ (ਉਹ ਵੀ ਬਹੁਤ ਹੱਦ ਤਕ ਗਲਤ ਉਚਾਰਨ) ਅਤੇ ਲਿਖਤ ਰੂਪ ਵਿਚ ਤੀਜੀ ਪੀੜ੍ਹੀ ਦਾ ਕੋਰੀ ਇਨਕਾਰੀ ਹੋਣਾ। ਇਹ ਪੰਜਾਬੀ ਪਰਵਾਸੀਆਂ ਦੇ ਭਾਸ਼ਾ ਤੇ ਸਾਹਿਤ ਉਪਰ ਮਾਰੂ ਪ੍ਰਭਾਵ ਪਾਉਂਦੀ ਹੈ। ਇਸ ਮਾਰੂ ਪ੍ਰਭਾਵ ਤੇ ਹੋਰ ਦਰਪੇਸ਼ ਸਮੱਸਿਆਵਾਂ ਨੂੰ ਪਰਵਾਸੀ ਪੰਜਾਬੀ ਸਾਹਿਤ ਰੂਪਾਂ ਰਾਹੀਂ ਰੂਪਮਾਨ ਕਰ ਰਿਹਾ ਹੈ।

### ਪਰਵਾਸ

ਪਹਿਲੀ ਪੀੜ੍ਹੀ- (ਪਰਵਾਸ ਦਾ ਅਰੰਭ ਤੇ ਨਿਰੋਲ ਆਰਥਕਤਾ 'ਤੇ ਆਧਾਰਤ) ਭੂ-ਹੇਰਵੇ ਤੋਂ ਗ੍ਰਸਤ

ਦੂਜੀ ਪੀੜ੍ਹੀ- (ਪਰਵਾਸੀ ਪੰਜਾਬੀਆਂ ਦਾ ਪੜ੍ਹਿਆ-ਲਿਖਿਆ ਵਰਗ) ਨਸਲੀ ਵਿਤਕਰੇ ਤੇ ਪੀੜੀ ਪਾੜ੍ਹੇ ਤੋਂ ਤਣਾਓ ਗ੍ਰਸਤ

ਤੀਜੀ ਪੀੜ੍ਹੀ- (ਮੂਲ ਤੋਂ ਪੰਜਾਬੀ ਪਰ ਨਾਗਰਿਕਤਾ ਵਿਦੇਸ਼ੀ) ਸਵੈ-ਹੋਂਦ ਦੇ ਸਵਾਲ ਨਾਲ ਜੂਝਦੀ

ਚੌਥੀ ਪੀੜ੍ਹੀ- (ਜੈਵਿਕ ਪੱਧਰ 'ਤੇ ਪੰਜਾਬੀ, ਜਨਮ ਪੱਧਰ ਤੋਂ ਵਿਦੇਸ਼ੀ) ਪੰਜਾਬੀ ਮੂਲ ਤੋਂ ਕੋਰੀ ਇਨਕਾਰੀ।

ਇਸ ਸਭ ਵਿਕਾਸ ਪੜਾਅ ਦੇ ਵਿਚ ਪਹਿਲੀ ਪੀੜ੍ਹੀ ਤੋਂ ਪੰਜਾਬੀ ਭਾਸ਼ਾ ਦੂਜੀ ਪੀੜ੍ਹੀ ਤਕ ਰਹਿੰਦੀ ਹੈ, ਪਰ ਤੀਜੀ ਪੀੜ੍ਹੀ ਦਾ ਬਚਪਨ ਤੋਂ ਉਥੇ ਰਹਿਣ ਕਾਰਨ ਆਪਣੇ ਮੂਲ (ਇਥੇ ਆ ਕੇ ਉਹ ਆਪਣੇ ਮਾਂ-ਬਾਪ ਦੇ ਪੈਸੇ ਕਮਾਉਣ ਦੇ ਚੱਕਰ ਵਿਚ ਸਹੀ ਤਰਬੀਅਤ ਨਹੀਂ ਲੈ ਸਕੀ ਤੇ ਪਰਿਵਾਰ ਤੋਂ ਬਾਗੀ ਹੋ ਗਈ) ਤੋਂ ਦੂਰ ਹੋ ਗਈ। ਇਸ ਦਾ ਪ੍ਰਭਾਵ ਬਹੁਤ ਖਤਰਨਾਕ ਰੂਪ ਵਿਚ ਸਾਹਮਣੇ ਆਇਆ।

"ਇਸ ਪ੍ਰਕਾਰ ਦੀ ਦੋਹਰੀ ਸੀਮਾਵਰਤੀ ਮਾਨਸਿਕਤਾ ਪਰਵਾਸੀ ਚੇਤਨਾ ਦੇ ਇਕ ਅਹਿਮ ਅੰਗ ਦੇ ਰੂਪ ਵਿਚ ਉਭਰਨ ਲੱਗਦੀ ਹੈ। ਇਕ ਪਾਸੇ ਅੰਤਰ ਸਭਿਆਚਾਰਕ ਪ੍ਰਸੰਗ ਵਿਚ ਵਿਅਕਤੀ ਤੇ ਪ੍ਰਬੰਧ (Individual & System) ਦਾ ਦਵੰਦ ਆਪਣੀ ਖੌਫਨਾਕ ਹੋਂਦ ਉਭਾਰਦਾ ਹੈ। ਪਰਵਾਸੀ ਮਨੁੱਖ ਦੀ ਆਤਮ ਪਛਾਣ ਸਥਾਪਤੀ ਦੀ ਇਹ ਬਹੁਪੱਧਰੀ ਕਾਰਣਸ਼ੀਲਤਾ ਕਹਾਣੀ ਵਿਚ ਵਾਰ-ਵਾਰ ਉਭਰਦੀ ਹੈ। ਪਾਠ-ਸਭਿਆਚਾਰਕ ਦਵੰਦ ਨੂੰ ਰੂਪਮਾਨ ਕਰਨ ਵਾਲੇ ਸਿਰਜਣਾਤਮਕ ਸਰੋਕਾਰ ਮੁੱਖ ਤੌਰ 'ਤੇ ਪੱਛਮ ਦੇ ਬਸਤੀਵਾਦੀ, ਸਾਮਰਾਜੀ, ਪੂੰਜੀਵਾਦੀ, ਉਪਭੋਗੀ, ਮੰਡੀਵਾਦੀ ਤੇ ਖੁੱਲ੍ਹੇ-ਡੁੱਲ੍ਹੇ ਕਾਮ ਸਬੰਧਾਂ ਦੀ ਪਰਿਕਰਮਾ ਕਰਦੇ ਹਨ। ਪਰਵਾਸੀ ਵਿਅਕਤੀ ਪਦਾਰਥਕ ਬਹੁਲਤਾ ਹਾਸਿਲ ਕਰਕੇ ਵੀ ਆਤਮਕ ਤੌਰ 'ਤੇ ਅੰਦਰੋਂ ਖਾਲੀ, ਸੱਖਣਾ, ਖੰਡਿਤ ਤੇ ਹੀਣਾ ਮਹਿਸੂਸ ਕਰਦਾ ਹੈ।" *5

ਪੰਜਾਬੀ ਭਾਸ਼ਾ ਦਾ ਸਿਰਫ ਉਸ ਕੋਲ ਉਚਾਰਨ ਰੂਪ ਹੀ ਰਹਿ ਗਿਆ, ਬਾਕੀ ਉਹ ਲਿਖਤ ਰੂਪ ਤੋਂ ਕੋਰੀ ਹੈ। ਦੂਜੀ ਪੀੜ੍ਹੀ ਕੋਲ ਹੀ ਸਾਹਿਤ ਹੈ, ਜਿਸ ਰਾਹੀਂ ਉਸ ਨੇ ਪਹਿਲੀ ਪੀੜ੍ਹੀ ਦੇ ਬੁਰੇ ਹਾਲ ਤੇ ਨਸਲੀ ਵਿਤਕਰੇ ਤੋਂ ਤੰਗ ਆਈ ਮਾਨਸਿਕਤਾ, ਵਿਰੋਧ ਨੂੰ ਸਾਹਿਤ ਰੂਪ ਦੀ ਤਰਜਮਾਨੀ ਰਾਹੀਂ ਅਭਿਵਿਅਕਤ ਕੀਤਾ, ਪਰ ਇਹ ਸਾਹਿਤ ਕੁਝ ਹੱਦ ਤੱਕ ਤੀਜੀ ਪੀੜ੍ਹੀ ਪੜ੍ਹ ਰਹੀ ਹੈ, ਬਾਕੀ ਇਹ ਪਰਵਾਸੀ ਪੰਜਾਬੀ ਸਾਹਿਤ ਪਰਵਾਸੀਆਂ ਦਾ ਦੂਜਾ ਵਰਗ ਲਿਖ ਰਿਹਾ ਹੈ ਤੇ ਪੜ੍ਹ ਵੀ ਉਹੀ ਰਿਹਾ ਹੈ। ਚੌਥੀ ਪੀੜ੍ਹੀ ਪੰਜਾਬੀ ਹੋਣ ਤੋਂ ਇਨਕਾਰੀ ਹੈ, ਇਸ ਲਈ ਪੰਜਾਬੀ ਭਾਸ਼ਾ ਤੇ ਸਾਹਿਤ ਨਾਲ ਉਸ ਦਾ ਕੋਈ ਨਾਤਾ ਹੀ ਨਹੀਂ ਰਹਿ ਜਾਂਦਾ।

ਪਰਵਾਸੀ ਸਾਹਿਤ ਦੀ ਗੱਲ ਕਰੀਏ ਤਾਂ ਉਸ ਦੀ ਸਥਿਤੀ 'ਤੇ ਵੀ ਕੁਝ ਖਤਰਾ ਮੰਡਰਾ ਰਿਹਾ ਹੈ। ਆਪਣੇ ਜਜ਼ਬਾਤ ਦੀ ਪੇਸ਼ਕਾਰੀ ਉਹ ਸੂਖਮ ਕਲਾ ਕਵਿਤਾ ਦੇ ਰੂਪ ਵਿਚ ਵਧੇਰੇ ਕਰ ਰਿਹਾ ਹੈ; ਪਰ ਇੱਥੇ ਸਵਾਲ ਇਹ ਹੈ ਕਿ ਉਸ ਲਿਖੇ ਜਾ ਰਹੇ ਸਾਹਿਤ ਨੂੰ ਉਥੇ ਪੜ੍ਹਨ ਵਾਲੇ ਕਿੰਨੇ ਪ੍ਰਤੀਸ਼ਤ ਲੋਕ ਹਨ? ਜੋ ਸਾਹਿਤ ਲਿਖਿਆ ਜਾ ਰਿਹਾ ਹੈ, ਉਸ ਦਾ ਮਿਆਰ ਕੀ ਹੈ? ਜੋ ਸੈਮੀਨਾਰ, ਕਾਨਫਰੰਸਾਂ ਆਦਿ ਕਰਵਾਏ ਜਾਂਦੇ ਹਨ, ਉਹ ਕਿਸ ਪੱਧਰ ਤਕ ਪੰਜਾਬੀ ਭਾਸ਼ਾ, ਸਾਹਿਤ ਨੂੰ ਬਚਾਉਣ ਵਿਚ ਕਾਮਯਾਬ ਹੋ ਰਹੇ ਹਨ? ਇਹ ਕੁਝ ਅਜਿਹੇ ਪ੍ਰਸ਼ਨ ਹਨ, ਜਿਨ੍ਹਾਂ ਦੇ ਹੱਲ ਤਲਾਸ਼ਣ ਲਈ ਹੀ ਇਹ ਖੋਜ ਪੱਤਰ ਹੋਂਦ ਵਿਚ ਆਇਆ ਹੈ।

ਵਿਦੇਸ਼ਾਂ ਵਿਚ ਰਚਿਆ ਜਾਂਦਾ ਬਹੁਤਾ ਪੰਜਾਬੀ ਸਾਹਿਤ ਵਿਦੇਸ਼ਾਂ ਵਿਚ ਪੜ੍ਹਿਆ ਹੀ ਨਹੀਂ ਜਾਂਦਾ, ਸਗੋਂ ਉਹ ਪੰਜਾਬ ਵਿਚ ਵਧੇਰੇ ਪਾਠਕ ਪ੍ਰਾਪਤ ਕਰਦਾ ਹੈ। ਇਥੋਂ ਦੇ ਕਾਲਜ, ਯੂਨੀਵਰਸਿਟੀਆਂ, ਖੋਜ ਕੇਂਦਰਾਂ ਆਦਿ ਵਿਚ ਇਸ 'ਤੇ ਵਧੇਰੇ ਚਰਚਾ, ਗੋਸ਼ਟੀ ਹੁੰਦੀ ਰਹਿੰਦੀ ਹੈ। ਵਿਦੇਸ਼ਾਂ ਵਿਚ ਅਗਲੀ ਪੀੜ੍ਹੀ ਇਸ ਨੂੰ ਪੜ੍ਹਨ ਤੋਂ ਅਸਮਰੱਥ ਹੈ।

"ਇੰਗਲੈਂਡ ਵਿਚ ਪੰਜਾਬੀ ਭਾਸ਼ਾ, ਪੰਜਾਬੀ ਸਭਿਆਚਾਰ ਦਾ ਭਵਿੱਖ ਬੇਹੱਦ ਧੁੰਦਲਾ ਹੈ।" *6

ਕਿਸੇ ਵੀ ਭਾਸ਼ਾ ਦੇ ਵਿਕਾਸ ਤੇ ਉਨਤੀ ਨੂੰ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਸਮਝਣ ਅਤੇ ਇਸੇ ਹੀ ਸੰਦਰਭ ਵਿਚ ਪੰਜਾਬੀ ਭਾਸ਼ਾ ਦੀ ਉਨਤੀ ਨੂੰ ਵੇਖਣਾ ਲਾਜ਼ਮੀ ਹੈ, ਜੇ ਅਜਿਹਾ ਨਹੀਂ ਹੁੰਦਾ ਤਾਂ ਸਧਾਰਨ ਪੰਜਾਬੀ ਨੂੰ ਆਪਣੀ ਬਿਮਾਰ ਮਾਨਸਿਕਤਾ ਨਾਲ ਵਰਗਲਾ ਦੇਣ ਵਾਲੇ ਬੜੇ ਲੋਕ ਬੈਠੇ ਹਨ।

ਪਹਿਲੀ ਪੀੜ੍ਹੀ ਦੇ ਲੋਕ ਰਹੇ ਨਹੀਂ, ਦੂਜੀ ਪੀੜ੍ਹੀ ਇਸ ਮਸਲੇ ਨਾਲ ਜੂਝ ਰਹੀ ਹੈ। ਪੰਜਾਬੀ ਦੀਆਂ ਅਖਬਾਰਾਂ ਦੀ ਛਪਣ ਗਿਣਤੀ ਵੀ ਘੱਟ ਰਹੀ ਹੈ, ਤੇ ਪੰਜਾਬੀ ਦੀਆਂ ਪੁਸਤਕਾਂ ਵੀ ਅਣਗੌਲੀਆਂ ਪਈਆਂ ਰਹਿੰਦੀਆਂ ਹਨ। ਇਸ ਲਈ ਸਾਡੇ ਸ਼ੁਭ-ਸ਼ੁਭ ਸੋਚਣ ਅਤੇ ਕਰਨ ਦੇ ਬਾਵਜੂਦ ਪੰਜਾਬੀ ਭਾਸ਼ਾ ਹੀ ਨਹੀਂ, ਬਾਕੀ ਦੀਆਂ ਭਾਰਤੀ ਭਾਸ਼ਾਵਾਂ ਦਾ ਭਵਿੱਖ ਵੀ ਧੁੰਦਲਾ ਹੋ ਰਿਹਾ ਹੈ।

ਪੰਜਾਬੀ ਭਾਸ਼ਾ ਤੇ ਸਾਹਿਤ ਨੂੰ ਬਚਾਉਣ ਲਈ ਕਈ ਸਾਹਿਤ ਸੰਸਥਾਵਾਂ ਹੋਂਦ ਵਿਚ ਆਈਆਂ ਅਤੇ ਸਮੇਂ ਸਮੇਂ ਸੈਮੀਨਾਰ, ਕਾਨਫਰੰਸਾਂ ਹੁੰਦੇ ਰਹਿੰਦੇ ਹਨ। ਸਾਹਿਤ ਕਿਸੇ ਵੀ ਸਮਾਜ ਦੇ ਜੀਵਨ ਦੇ ਵੱਖ ਵੱਖ ਭਾਗ ਸਮਾਜਕ, ਰਾਜਨੀਤਕ, ਆਰਥਕ ਸੰਗਠਨਾਂ ਤੇ ਵਿਚਾਰਾਂ ਨੂੰ ਆਪਸ ਵਿਚ ਜੋੜ ਕੇ ਅੱਗੇ ਵਧਣ ਦਾ ਕੰਮ ਬੜੇ ਸੁਚੇਤ ਪੱਧਰ 'ਤੇ ਕਰਦਾ ਹੈ। ਸਮਾਜਕ ਵਿਕਾਸ ਦੇ ਵੱਖ-ਵੱਖ ਪੜਾਵਾਂ ਤੇ ਇਸ ਦੀ ਭੂਮਿਕਾ ਵੀ ਵੱਖ ਹੀ ਹੁੰਦੀ ਹੈ। ਸਾਹਿਤ ਸਮਾਜ ਦੀ ਤਸਵੀਰ ਪੇਸ਼ ਕਰਦਾ ਹੈ। ਇਸ 'ਚ ਪੱਤਰਕਾਰੀ ਦੀ ਅਹਿਮ ਭੂਮਿਕਾ ਹੈ।

ਪਰਵਾਸੀ ਪੰਜਾਬੀ ਪੱਤਰਕਾਰੀ ਦੀ ਵਿਦੇਸ਼ੀ ਧਰਤੀ ਉਪਰਲੇ ਪੰਜਾਬੀ ਸਮਾਜ, ਜਨ-ਜੀਵਨ, ਸਭਿਆਚਾਰ ਅਤੇ ਮਨੋਵਿਗਿਆਨ ਦੀ ਹੀ ਉਪਜ ਹੈ। ਪੰਜਾਬ ਵਿਚ ਸਮੇਂ ਸਮੇਂ 'ਤੇ ਆਏ ਰਾਜਨੀਤਕ, ਧਾਰਮਿਕ, ਸਮਾਜਕ ਆਦਿ ਪਰਿਵਰਤਨ ਦਾ ਪ੍ਰਭਾਵ ਵਿਦੇਸ਼ੀ ਪੰਜਾਬੀ ਪੱਤਰਕਾਰੀ 'ਤੇ ਵੀ ਨਿਰੰਤਰ ਪੈਂਦਾ ਰਿਹਾ ਹੈ। ਦਰਸ਼ਨ ਸਿੰਘ ਤਾਤਲਾ ਦੀ ਇਸ ਸਬੰਧੀ ਧਾਰਨਾ ਹੈ,

"ਸਾਹਿਤ ਦੀ ਪਰੰਪਰਾ ਤੋਰਨ ਵਿਚ ਇਥੋਂ ਦੀ ਪੰਜਾਬੀ ਪੱਤਰਕਾਰੀ ਦਾ ਵੱਡਾ ਹਿੱਸਾ ਹੈ। 1965 ਤੋਂ ਲਗਾਤਾਰ ਚਲ ਰਹੇ ਦੋ ਹਫਤਾਵਾਰੀ ਅਖਬਾਰ 'ਦੇਸ਼ ਪ੍ਰਦੇਸ਼' ਅਤੇ 'ਪੰਜਾਬ ਟਾਈਮਜ਼' ਨੇ ਦਰਜਨਾਂ ਲੇਖਕਾਂ ਨੂੰ ਉਤਸ਼ਾਹਿਤ ਕੀਤਾ ਹੈ। ਖਾਸ ਕਰਕੇ 'ਦੇਸ਼ ਪ੍ਰਦੇਸ਼' ਨੇ ਪਹਿਲੇ ਦੋ ਦਹਾਕਿਆਂ ਵਿਚ ਸਾਹਿਤਕ ਪਿੜ ਨੂੰ ਬੰਨਣ ਵਿਚ ਪ੍ਰਮੁੱਖ ਭੂਮਿਕਾ ਨਿਭਾਈ ਹੈ। 1990 ਵਿਚ ਕੋਈ ਪੰਜ ਹਫਤਾਵਾਰੀ ਅਖਬਾਰ, ਦੋ ਤਿੰਨ ਮਾਸਿਕ ਰਸਾਲੇ ਪੰਜਾਬੀ ਜੁਬਾਨ ਦਾ ਆਮ ਹੋਣ ਅਤੇ ਪੰਜਾਬੀ ਪ੍ਰਤੀ ਚੇਤਨਾ ਦਾ ਨਿੱਗਰ ਫਰਜ਼ ਅਦਾ ਕਰ ਰਹੇ ਹਨ। ਅਖਬਾਰਾਂ ਦਾ ਹੋਣਾ ਇਸ ਗੱਲ ਦੀ ਵੀ ਸੂਚਨਾ ਹੈ ਕਿ ਪੰਜਾਬੀ ਭਾਈਚਾਰੇ ਦੀ ਹੁਣ ਗਿਣਤੀ ਮਿਣਤੀ ਇੰਨੀ ਹੈ ਕਿ ਇਸ ਦੇ ਭਾਸ਼ਾਈ ਪ੍ਰਗਟਾਅ ਲਈ ਲੋੜੀਂਦੀ ਮਾਇਕ ਸਮੱਗਰੀ ਇਸ਼ਤਿਹਾਰ ਰਾਹੀਂ ਉਪਲਬਧ ਹੈ।" *7

ਪਰਵਾਸੀ ਪੰਜਾਬੀ ਸਾਹਿਤ ਤੇ ਪੰਜਾਬੀ ਭਾਸ਼ਾ ਨੂੰ ਵਿਦੇਸ਼ੀ ਧਰਤੀ 'ਤੇ ਪ੍ਰਫੁਲਿਤ ਕਰਨ ਲਈ, ਆਪਣੀ ਨਵੀਂ ਪੀੜ੍ਹੀ ਨੂੰ ਇਸ ਤੋਂ ਜਾਣੂ ਕਰਵਾਉਣ ਲਈ ਪੰਜਾਬੀ ਭਾਸ਼ਾ/ਸਾਹਿਤ ਨੂੰ ਪਿਆਰ ਕਰਨ ਵਾਲੀਆਂ ਸਾਹਿਤਕ ਸੰਸਥਾਵਾਂ ਹੋਂਦ ਵਿਚ ਆਈਆਂ ਹਨ। ਇਹ ਸਮੇਂ ਸਮੇਂ ਇਸ ਸਮੱਸਿਆ ਨਾਲ ਨਜਿੱਠਣ ਲਈ ਕਈ ਤਰ੍ਹਾਂ ਦੇ ਅਹਿਮ ਸੈਮੀਨਾਰ, ਕਾਨਫਰੰਸਾਂ ਕਰਵਾ ਰਹੀਆਂ ਹਨ; ਪਰ ਇਸ ਵਿਚ ਮੁੱਖ ਕੰਮ ਕਰਨ ਦੀ ਇਹ ਲੋੜ ਹੈ ਕਿ ਸਭ ਤੋਂ ਪਹਿਲਾਂ ਪੰਜਾਬੀ ਪਰਿਵਾਰ ਆਪਣੇ ਬੱਚਿਆਂ ਨੂੰ ਬਚਪਨ ਤੋਂ ਨੈਤਿਕ ਸਿੱਖਿਆ ਦੇਣ ਦੇ ਨਾਲ ਨਾਲ ਆਪਣੇ ਸਭਿਆਚਾਰ, ਇਤਿਹਾਸ, ਅਤੇ ਮਾਤ ਭਾਸ਼ਾ ਤੋਂ ਜਾਣੂ ਕਰਵਾਉਣ। ਇਸ ਦੀ ਸ਼ੁਰੂਆਤ ਪਰਿਵਾਰ ਤੋਂ ਹੋਵੇ ਤਾਂ ਬਹੁਤ ਵਧੀਆ ਹੈ। ਇਸ ਪਿਛੋਂ ਰਚੇ ਗਏ ਪੰਜਾਬੀ ਪਰਵਾਸੀ ਸਾਹਿਤ ਦਾ ਅਧਿਐਨ, ਵਿਸ਼ਲੇਸ਼ਣ ਕਰਨ ਲਈ ਆਲੋਚਕ ਵੀ ਕੁਝ ਹੱਦ ਤਕ ਪਰਵਾਸੀ ਪੰਜਾਬੀ ਹੋਣੇ ਚਾਹੀਦੇ ਹਨ। ਪਰਵਾਸੀ ਪੰਜਾਬੀ ਸਾਹਿਤਕਾਰ ਆਪਣੀ ਰਚਨਾ ਵਿਚ ਜੋ ਸਮੱਸਿਆਵਾਂ ਉਥੋਂ ਦੀਆਂ ਪੇਸ਼ ਕਰ ਰਿਹਾ ਹੈ ਤਾਂ ਉਸ ਨੂੰ ਆਪਣੀ ਨਵੀਂ ਪੀੜ੍ਹੀ ਦਾ ਮੁਖਾਤਿਬ ਹੋਣਾ ਬਹੁਤ ਜ਼ਰੂਰੀ ਹੈ। ਆਪਣੀ ਰਚਨਾ ਦਾ ਅਧਿਐਨ ਕਰਾਉਣ ਲਈ ਪੰਜਾਬ ਦੇ ਆਲੋਚਕ, ਸਾਹਿਤਕਾਰ ਲੱਭਣ ਦੀ ਥਾਂ ਪਰਵਾਸੀ ਧਰਤੀ 'ਤੇ ਉਸ ਦਾ ਪ੍ਰਚਲਨ ਕਰਨ ਦੀ ਵਧੇਰੇ ਲੋੜ ਹੈ। ਇਸ ਦੇ ਨਾਲ ਹੀ ਉਹ ਪਰਵਾਸੀ ਪੰਜਾਬੀ ਸਾਹਿਤ ਦੇ ਵਿਕਾਸ ਕ੍ਰਮ ਵਿਚ ਆਪਣਾ ਯੋਗਦਾਨ ਪਾ ਸਕਦੇ ਹਨ।

ਇਸ ਖੋਜ ਮਜ਼ਮੂਨ ਵਿਚ ਬਰਤਾਨੀਆ ਵਿਚ ਪਰਵਾਸੀ ਪੰਜਾਬੀ ਸਾਹਿਤ ਤੇ ਭਾਸ਼ਾ ਦੀ ਸਥਿਤੀ ਦਾ ਅਧਿਐਨ, ਵਿਸ਼ਲੇਸ਼ਣ ਕਰਨ ਉਪਰੰਤ ਜੋ ਸਾਹਿਤਕ ਸੂਤਰ ਦ੍ਰਿਸ਼ਟੀਗੋਚਰ ਹੁੰਦੇ ਹਨ, ਉਹ ਇਸ ਪ੍ਰਕਾਰ ਹਨ:

(ੳ) ਪਰਵਾਸੀ ਤੇ ਪੰਜਾਬੀ ਪਰਵਾਸੀ ਦਾ ਇਤਿਹਾਸ ਕਾਫੀ ਪੁਰਾਣਾ ਹੈ। ਪਹਿਲਾ ਪਰਵਾਸੀ ਪੰਜਾਬੀ ਮਹਾਰਾਜਾ ਦਲੀਪ ਸਿੰਘ ਸੀ। ਉਸ ਤੋਂ ਬਾਅਦ ਇਹ ਪ੍ਰਚਲਨ ਸ਼ੁਰੂ ਹੋਇਆ। ਮਹਾਰਾਜੇ ਤੋਂ ਬਰਤਾਨੀਆ ਵਿਚ ਉਸ ਦੀ ਭਾਸ਼ਾ, ਸਭਿਆਚਾਰ, ਮੂਲ ਹੋਂਦ ਸਭ ਖੋਹ ਲਿਆ ਗਿਆ। ਜੇ ਇਤਿਹਾਸ ਦੇਖੀਏ ਤਾਂ ਗਵਾਹੀ ਇਥੋਂ ਹੀ ਮਿਲ ਜਾਂਦੀ ਹੈ ਕਿ ਪਰਵਾਸੀ ਧਰਤੀ 'ਤੇ ਪੰਜਾਬੀਆਂ ਨੇ ਆਪਣਾ ਕੀ ਕੁਝ ਗਵਾਇਆ ਹੈ?

(ਅ) ਪਰਵਾਸੀ ਪੰਜਾਬੀਆਂ ਦਾ ਦੂਜਾ ਵਰਗ ਆਪਣੀ ਨਵੀਂ ਪੀੜ੍ਹੀ ਤੇ ਉਸ ਤੋਂ ਅਗਲੀ ਪੀੜ੍ਹੀ ਦਾ ਆਪਣੀ ਮੂਲ ਭਾਸ਼ਾ ਤੋਂ ਦੂਰ ਹੋਣ ਦੇ ਤਣਾਓ 'ਚ ਗੁਜ਼ਰ ਰਿਹਾ ਹੈ।

(ੲ) ਪੰਜਾਬੀ ਸਾਹਿਤ ਦੀ ਜੇ ਗੱਲ ਕੀਤੀ ਜਾਵੇ ਤਾਂ ਹੁਣ ਪਰਵਾਸੀ ਪੰਜਾਬੀ ਸਾਹਿਤ ਨੂੰ ਵਾਚਣ ਲਈ ਪਰਵਾਸੀ ਪੰਜਾਬੀ ਆਲੋਚਕਾਂ ਦੀ ਵੱਧ ਲੋੜ ਹੈ।

(ਸ) ਵਿਦੇਸ਼ਾਂ ਵਿਚ ਵੱਸਦੇ ਪੰਜਾਬੀ ਪਰਿਵਾਰ ਬਚਪਨ ਤੋਂ ਆਪਣੇ ਮੂਲ ਇਤਿਹਾਸ, ਭਾਸ਼ਾ ਦੀ ਜਾਣਕਾਰੀ ਬੱਚਿਆਂ ਨੂੰ ਦੇਣ ਤਾਂ ਜੋ ਆਪਣੇ ਸਭਿਆਚਾਰ ਨਾਲ ਜੁੜੇ ਰਹਿ ਸਕਣ।

(ਹ) ਸਾਹਿਤਕ ਸੰਸਥਾਵਾਂ ਵਲੋਂ ਕੀਤੇ ਜਾ ਰਹੇ ਉਪਰਾਲੇ ਜ਼ਿਕਰਯੋਗ ਹਨ।

(ਕ) ਸਮੁੱਚੇ ਰੂਪ ਵਿਚ ਪਰਵਾਸੀ ਧਰਤੀ ਬਰਤਾਨੀਆ ਵਿਚ ਕੁਝ ਸਾਹਿਤਕਾਰ ਪੰਜਾਬੀ ਸਾਹਿਤ ਪ੍ਰਤੀ ਨਿਰੰਤਰ ਵਿਕਾਸ 'ਚ ਆਪਣਾ ਯੋਗਦਾਨ ਪਾ ਰਹੇ ਹਨ, ਪਰ ਫਿਰ ਵੀ ਪੰਜਾਬੀ ਭਾਸ਼ਾ ਤੇ ਸਾਹਿਤ ਦੀ ਹੋਂਦ 'ਤੇ ਸਵਾਲੀਆ ਨਿਸ਼ਾਨ ਲੱਗੇ ਹੋਏ ਹਨ।

### ਹਵਾਲੇ/ਟਿੱਪਣੀਆਂ

1. ਡਾ. ਐਸ. ਪੀ. ਸਿੰਘ, ਪਰਵਾਸੀ ਪੰਜਾਬੀ ਸਾਹਿਤ, ਪੰਨਾ 3 ਤੇ 4
2. ਸਵਰਨ ਚੰਦਨ, ਬਰਤਾਨਵੀ ਪੰਜਾਬੀ ਜਨ ਜੀਵਨ ਤੇ ਸਾਹਿਤ, ਪੰਨਾ 77
3. ਉਹੀ, ਪ੍ਰਵਚਨ ਜਨਵਰੀ-ਮਾਰਚ 2007, ਪੰਨਾ 15
4. ਉਹੀ, ਪੰਨਾ 14
5. ਡਾ. ਸੁਖਵਿੰਦਰ ਸਿੰਘ ਰੰਧਾਵਾ, ਸੰਵਾਦ ਦਰ ਸੰਵਾਦ (ਸੰਪਾਦਕ ਮੋਹਨ ਤਿਆਗੀ), ਪੰਨਾ 15
6. ਸਵਰਨ ਚੰਦਨ, ਬਰਤਾਨਵੀ ਪੰਜਾਬੀ ਜਨ ਜੀਵਨ ਤੇ ਸਾਹਿਤ, ਪੰਨਾ 77
7 ਦਰਸ਼ਨ ਸਿੰਘ ਤਾਤਲਾ, ਬਰਤਾਨੀਆ ਵਿਚ ਪੰਜਾਬੀ ਭਾਸ਼ਾ, ਪੰਨਾ 12-13

## ਮਿਨੀ ਕਹਾਣੀ

# ਸ਼ਗਨਾਂ ਦਾ ਡੱਬਾ

"ਜਿਹੋ ਜਿਹਾ ਡੱਬਾ, ਉਹੋ ਜਿਹਾ ਸ਼ਗਨ ਪਾਉਣਾ। ਐਵੇਂ ਨਾ ਵੱਖੀਆਂ ਪਟਾ ਲਵੀਂ।" ਰਿਸ਼ਤੇਦਾਰੀ ਵਿਚੋਂ ਵਿਆਹ ਦੇ ਕਾਰਡ ਨਾਲ ਆਏ ਡੱਬੇ ਵਿਚਲੀ ਸਾਧਾਰਨ ਜਿਹੀ ਮਠਿਆਈ ਵੇਖ ਘਰ ਵਾਲੀ ਨੇ ਭਵਾਂ ਚੜ੍ਹਾ ਲਈਆਂ ਸਨ।

"ਕੋਈ ਨਾ, ਫਿਰ ਕੀ ਹੋਇਆ? ਕੁੜੀ ਦਾ ਵਿਆਹ ਐ। ਮੁੰਡੇ ਵਾਲਿਆਂ ਦੇ ਸੌ ਨਖਰੇ ਤੇ ਮੰਗਾਂ ਹੁੰਦੀਆਂ। ਪੈਲੇਸ ਦਾ ਖਰਚਾ ਤੇ ਫਸਲਵਾੜੀ ਦੀ ਕਮਾਈ-ਸੌ ਗੱਲਾਂ ਸੋਚਣੀਆਂ ਪੈਂਦੀਆਂ।" ਮੈਂ ਗੱਲ ਠੰਢੀ ਪਾਉਣ ਲਈ ਕਿਹਾ।

ਮੈਂ ਆਪਣੇ ਰਿਸ਼ਤੇਦਾਰਾਂ ਨੂੰ ਚੰਗੀ ਤਰ੍ਹਾਂ ਜਾਣਦਾ, ਵਿਚਾਰੇ ਦਿਲ ਦੇ ਨਹੀਂ ਮਾੜੇ। ਸਾਧਾਰਨ ਕਿਸਾਨ ਪਰਿਵਾਰ ਹੈ। ਜਦੋਂ ਵੀ ਜਾਣਾ, ਚਾਅ ਚੜ੍ਹ ਜਾਣਾ ਉਨ੍ਹਾਂ ਨੂੰ। ਵਿਹੜੇ ਵਿਚਲੀ ਨਿੰਮ, ਜਿੱਥੇ ਸਾਰਾ ਟੱਬਰ ਛਾਂਵੇਂ ਬੈਠਦਾ ਸੀ, ਸਾਡੇ ਲਈ ਪੱਖਾ ਲਾਉਣਾ। ਭੂਆ ਨੇ ਬੜੇ ਪਿਆਰ ਨਾਲ ਕਹਿਣਾ, "ਪੁੱਤ, ਬਾਹਰ ਦੀ ਤਾਜ਼ੀ ਹਵਾ ਲਵੋ, ਸ਼ਹਿਰ 'ਚ ਤਾਂ ਤੁਸੀਂ ਗੁੱਠੀਆਂ ਜਿਹੀਆਂ 'ਚ ਵੜੇ ਰਹਿੰਦੇ ਹੋ।"

ਉਥੇ ਸ਼ਹਿਰ ਵਾਂਗੂੰ ਸਬਜ਼ੀ-ਭਾਜੀ ਨਹੀਂ ਮਿਲਦੀ, ਪਰ ਉਨ੍ਹਾਂ ਇਧਰੋਂ-ਉਧਰੋਂ ਝੱਟ ਹੀ ਸਾਰਾ ਇੰਤਜ਼ਾਮ ਕਰ ਲੈਣਾ। ਤਿੱਖੜ ਦੁਪਹਿਰੇ ਤੰਦੂਰ 'ਤੇ ਤਾਜ਼ੀ-ਤਾਜ਼ੀ ਰੋਟੀ ਬਣਾ ਖਵਾਉਣੀ। ਜਿੰਨਾ ਚਿਰ ਰਹਿਣਾ, ਸਾਰਾ ਟੱਬਰ ਦੁਆਲੇ ਬੈਠਾ ਰਹਿੰਦਾ।

"ਮੁੰਡੇ ਵਾਲਿਆਂ ਲਈ ਤਾਂ ਬਥੇਰਾ ਕੁਝ ਕਰਨਗੇ, ਸਾਡੇ ਵਾਰੀ ਪੈਸੇ ਮੁੱਕ'ਗੇ।" ਘਰ ਵਾਲੀ ਅਜੇ ਵੀ ਡੱਬੇ ਦੀ ਮਠਿਆਈ ਤੱਕ ਸਿਮਟੀ ਹੋਈ ਸੀ। ਮੈਂ ਸੋਚ ਰਿਹਾ ਸਾਂ, ਉਹ ਵੀ ਦਿਨ ਸਨ, ਜਦੋਂ ਵਿਆਹਾਂ 'ਚ ਰਿਸ਼ਤੇਦਾਰ ਤੇ ਜਾਣ-ਪਛਾਣ ਵਾਲੇ ਮਦਦ ਦੇ ਰੂਪ ਵਿਚ ਨਿਉਂਦਾ ਪਾਉਂਦੇ ਸਨ ਤੇ ਵਿਆਹ ਦਾ ਸਾਰਾ ਕੰਮ ਸੰਭਾਲਦੇ ਸਨ। ਪਹਿਲਾਂ ਬਰਾਤ ਨੂੰ ਰੋਟੀ ਖਵਾਉਣੀ, ਫਿਰ ਆਪ ਖਾਣੀ। ਬਰਾਤ ਦੀ ਸੇਵਾ ਸਭ ਦੀ ਜਿੰਮੇਵਾਰੀ ਹੁੰਦੀ ਸੀ। ਹੁਣ ਤਾਂ ਸਭ ਬਰਾਤੀ ਬਣ ਪਹੁੰਚਦੇ ਹਨ। ਰੋਟੀ ਪਾਣੀ ਵੇਲੇ ਸੌ ਨਖਰੇ। ਸਭ ਕੁਝ ਬੈਰਿਆਂ ਹੱਥ। ਕਿੱਥੇ ਗਈ ਸਾਡੀ ਉਹ ਸਾਂਝ।

"ਪੈਣਾ ਨਹੀਂ! ਇੱਥੇ ਹੀ ਬੈਠੇ ਰਹਿਣਾ?" ਘਰ ਵਾਲੀ ਦੀ ਆਵਾਜ਼ ਵਿਚੋਂ ਮਠਿਆਈ ਦੀ ਕੁੜੱਤਣ ਸਪਸ਼ਟ ਦਿਸ ਰਹੀ ਸੀ। ਡੱਬਾ ਉਸੇ ਤਰ੍ਹਾਂ ਮੇਜ਼ 'ਤੇ ਪਿਆ ਸੀ, ਸਭ ਦੀ ਨਾਪਸੰਦ ਬਣ ਕੇ। ਮੇਰੇ ਭਰਾ ਦੇ ਘਰ ਵੀ ਇਵੇਂ ਹੀ ਪਿਆ ਹੋਵੇਗਾ। ਸ਼ਾਇਦ ਸਭ ਘਰਾਂ ਵਿਚ, ਜਿੱਥੇ ਜਿੱਥੇ ਗਿਆ ਹੋਵੇਗਾ। ਸਾਰਾ ਸਮਾਜ ਹੀ ਤਾਂ ਅਜਿਹੀ ਤੱਕੜੀ ਵਾਲਾ ਹੋ ਗਿਆ ਹੈ।

-ਗੁਰਮੀਤ ਸਿੰਘ ਮਰਾੜ੍ਹ
ਫੋਨ: 91-95014-00397

# ਤੰਗ ਦਾ ਖਲਾਰਾ

ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353

ਤੰਗ ਸ਼ਬਦ ਪੰਜਾਬੀ ਵਿਚ ਕੁਝ ਇਕ ਅਰਥਾਂ ਦਾ ਧਾਰਨੀ ਹੈ। ਇਸ ਦੀ ਮੁੱਖ ਅਤੇ ਮੁਢਲੀ ਵਰਤੋਂ ਤਾਂ ਭੀੜਾ ਦੇ ਮਾਅਨਿਆਂ ਵਿਚ ਹੀ ਹੈ, ਜਿਵੇਂ ਤੰਗ ਗਲੀ, ਤੰਗ ਪੁਲ, ਤੰਗ ਘਾਟੀ ਆਦਿ ਵਿਚ। ਇਸ ਦੇ ਨਾਲ ਲਗਦਾ ਇਹ ਕੱਸਿਆ, ਘੁਟਵਾਂ ਜਾਂ ਫਸਵਾਂ ਹੋਇਆ ਹੋਣ ਦੇ ਅਰਥਾਂ ਵਿਚ ਵੀ ਖੂਬ ਚਲਦਾ ਹੈ। ਮਿਸਾਲ ਵਜੋਂ ਤੰਗ ਸਲਵਾਰ, ਤੰਗ ਜੁੱਤੀ, ਤੰਗ ਮੁਹਰੀ ਆਦਿ। ਉਂਜ ਤਾਂ ਦੋਹਾਂ ਅਰਥਾਂ ਵਿਚ ਬਹੁਤਾ ਫਰਕ ਨਹੀਂ, ਪਰ ਧਿਆਨ ਨਾਲ ਵਾਚੀਏ ਤਾਂ ਪਤਾ ਲਗਦਾ ਹੈ ਕਿ ਦੂਜੇ ਅਰਥਾਂ ਵਿਚ ਕੋਈ ਸ਼ੈਅ ਮਨੁੱਖ ਨੂੰ ਤਕਲੀਫ ਦਿੰਦੀ ਹੈ,



ਜਿਵੇਂ ਤੰਗ ਜੁੱਤੀ ਨਾਲ ਚਮਰਸ ਹੋ ਜਾਂਦਾ ਹੈ। ਕਹਿ ਲਵੋ ਕਿ ਇਸ ਪ੍ਰਸੰਗ ਵਿਚ ਤੰਗ ਕੁਝ ਵਧੇਰੇ ਹੀ ਤੰਗ ਹੈ। ਇਥੋਂ ਇਸ ਸ਼ਬਦ ਦੀ ਲਾਖਣਿਕ ਵਰਤੋਂ ਦਾ ਪਸਾਰਾ ਹੁੰਦਾ ਹੈ।

ਅਸਲ ਵਿਚ ਇਹ ਲਾਖਣਿਕ ਵਰਤੋਂ ਵੀ ਔਖਾ, ਦੁਖੀ, ਹੈਰਾਨ ਪ੍ਰੇਸ਼ਾਨ, ਦਿੱਕ ਆਦਿ ਦੇ ਭਾਵਾਂ ਵਿਚ ਹੁੰਦੀ ਹੈ। ਤੰਗ ਸ਼ਬਦ ਦੀ ਇਹੀ ਵਰਤੋਂ ਅੱਜ ਕਲ ਸਭ ਤੋਂ ਵੱਧ ਹੈ, ਜਿਵੇਂ ਕਰਜ਼ੇ ਤੋਂ ਤੰਗ ਆ ਕੇ ਕਿਸਾਨ ਨੇ ਖੁਦਕਸ਼ੀ ਕਰ ਲਈ; ਪੁਲਿਸ ਆਮ ਲੋਕਾਂ ਨੂੰ ਤੰਗ ਕਰਦੀ ਹੈ। ਇਸ ਤੋਂ ਅੱਗੇ ਇਸ ਸ਼ਬਦ ਦੀ ਮੁਹਾਵਰਈ ਵਰਤੋਂ ਦਾ ਰਾਹ ਖੁਲ੍ਹਦਾ ਹੈ। ਕੁਝ ਗਿਣ ਲਈਏ-ਤੰਗ ਆ ਜਾਣਾ, ਤੰਗ ਪੈਣਾ, ਤੰਗ ਹੱਥ, ਤੰਗ ਦਸਤੀ, ਤੰਗਹਾਲੀ, ਹੱਥ ਤੰਗ ਹੋਣਾ, ਤੰਗ ਦਿਲ, ਤੰਗ ਦਿਮਾਗ, ਤੰਗ ਨਜ਼ਰ, ਜੁੱਤੀ ਤੰਗ, ਜਵਾਈ ਨੰਗ ਆਦਿ। ਗੁਰੂ ਅਰਜਨ ਦੇਵ ਨੇ ਤੰਗ ਤੋਂ ਤੰਗ ਕਰਨ ਵਾਲਾ, ਤਕਲੀਫਦੇਹ ਦੇ ਅਰਥਾਂ ਵਿਚ ਤੰਗਨਾ ਵਿਸ਼ੇਸ਼ਣ ਵਰਤਿਆ, ਜੋ ਅੱਜ ਕਲ ਪ੍ਰਚਲਿਤ ਨਹੀਂ, 'ਸਿਮਰਿ ਸਿਮਰਿ ਸੁਆਮੀ ਮਨੁ ਜੀਵੈ ਪੰਚ ਦੂਤ ਤਜਿ ਤੰਗਨਾ॥' ਅਰਥਾਤ ਨਾਮ ਸਿਮਰ ਕੇ ਦੁਖੀ ਕਰਨ ਵਾਲੇ ਪੰਜ ਵਿਕਾਰਾਂ ਤੋਂ ਛੁਟਕਾਰਾ ਹੋ ਜਾਂਦਾ ਹੈ। ਦੂਜੇ ਪਾਸੇ ਗੁਰੂ ਨਾਨਕ ਸਾਹਿਬ ਨੇ ਇਸ ਦਾ ਕ੍ਰਿਆਵੀ ਵਿਸ਼ੇਸ਼ਣ ਵੀ ਬਣਾਇਆ ਹੈ, "ਵਿਣੁ ਨਾਵੈ ਕੂੜਿਆਰੁ ਅਉਖਾ ਤੰਗੀਐ॥"

ਤੰਗ ਤੋਂ ਬਣੇ ਭਾਵਵਾਚਕ ਨਾਂਵ ਤੰਗੀ ਕਦੇ ਵੀ ਪਦਾਰਥਕ ਵਸਤਾਂ ਦੇ ਭੀੜੇ ਹੋਣ ਦੇ ਅਰਥਾਂ ਵਿਚ ਨਾ ਹੋ ਕੇ ਆਮ ਆਰਥਕ ਪੱਖੋਂ ਘੱਟ ਵਿਤ ਵਾਲਾ ਹੋਣ ਦੇ ਅਰਥਾਂ ਵਿਚ ਹੀ ਵਰਤਿਆ ਜਾਂਦਾ ਹੈ। ਮਿਸਾਲ ਵਜੋਂ, ਅਸੀਂ ਇਹ ਨਹੀਂ ਕਹਿ ਸਕਦੇ ਕਿ ਪੁਲ ਦੀ ਤੰਗੀ ਕਰਕੇ ਦੋ ਵਾਹਨ ਇਕੱਠੇ ਨਹੀਂ ਚੱਲ ਸਕਦੇ ਜਾਂ ਜੁੱਤੀ ਦੀ ਤੰਗੀ ਕਰਕੇ ਪੈਰਾਂ ਵਿਚ ਚਮਰਸ ਹੋ ਗਿਆ ਹੈ। ਪੁਲ ਦੀ ਤੰਗੀ ਤੋਂ ਤਾਂ ਪੁਲ ਦੇ ਅਭਾਵ ਕਾਰਨ ਹੋ ਰਹੀ ਤਕਲੀਫ ਦੇ ਭਾਵ ਹੀ ਲਏ ਜਾਣਗੇ। 'ਤੰਗੀ ਜਾਂ ਤੰਗੀ ਤੁਰਸ਼ੀ ਵਿਚ ਹੋਣਾ' ਦਾ ਮਤਲਬ ਹੈ, ਵਸੀਲਿਆਂ ਦਾ ਘਟ ਹੋਣਾ। ਘੁਟਣ ਦੀ ਅਵਸਥਾ ਵਿਚ ਤਕਲੀਫ ਹੀ ਹੁੰਦੀ ਹੈ।

ਤੰਗ ਸ਼ਬਦ ਭਾਰਤੀ ਭਾਸ਼ਾਵਾਂ ਵਿਚ ਫਾਰਸੀ ਵਲੋਂ ਆਇਆ ਹੈ। ਪੰਜਾਬੀ ਮੁਹਾਵਰਿਆਂ ਜਾਂ ਉਕਤੀਆਂ ਵਿਚ ਇਸ ਸ਼ਬਦ ਦੀ ਵਰਤੋਂ ਲਗਭਗ ਬਰਾਬਰ ਦੀ ਫਾਰਸੀ ਵਰਤਨੀ ਦਾ ਹੀ ਅਨੁਵਾਦ ਹੈ, ਜਿਵੇਂ ਤੰਗ ਦਸਤ ਤੋਂ ਤੰਗ ਹੱਥ ਆਦਿ। ਤੰਗ ਉਚਾਰ ਦੇ ਕੁਝ ਸਥਾਨ-ਨਾਮ ਵੀ ਮਿਲਦੇ ਹਨ ਜਿਵੇਂ ਅਫਗਾਨਿਸਤਾਨ ਦੇ ਇਕ ਸਥਾਨ ਦਾ ਇਹੋ ਨਾਂ ਹੈ। ਹੋ ਸਕਦਾ ਹੈ ਕਿ ਇਹ ਕਿਸੇ ਤੰਗ ਲਾਂਘੇ ਕੋਲ ਹੋਵੇ। ਕਸ਼ਮੀਰ ਵਿਚ ਗੁਲਮਰਗ ਦੇ ਨੇੜੇ ਇਕ ਕਸਬੇ ਦਾ ਨਾਂ ਤੰਗਮਰਗ ਹੈ। ਕਸ਼ਮੀਰ ਯਾਤਰਾ ਦੌਰਾਨ ਮੈਂ ਇਹ ਥਾਂ ਦੇਖੀ ਹੈ, ਇਹ ਇਕ ਤੰਗ ਘਾਟੀ ਹੈ, ਜੋ ਗੁਲਮਰਗ ਵੱਲ ਨੂੰ ਲਿਜਾਂਦੀ ਹੈ। ਮਰਗ ਸ਼ਬਦ ਮਾਰਗ ਵਾਲਾ ਹੀ ਹੈ।

ਫਾਰਸੀ ਵਿਚ ਤੰਗ ਲਫਜ਼ ਨਾਲ ਲੱਗ ਕੇ ਕਈ ਹੋਰ ਸੰਯੁਕਤ ਸ਼ਬਦ ਬਣਦੇ ਹਨ, ਜਿਵੇਂ ਤੰਗਾਤੰਗ (ਖਚਾਖਚ), ਤੰਗ ਆਸਤੀਨ (ਕਮੀਜ਼ ਆਦਿ ਦੀ ਤੰਗ ਬਾਜੂ), ਤੰਗ ਆਗੋਸ਼ (ਘੁਟਵੀਂ



ਜੱਫੀ), ਤੰਗਬਖਤ (ਮੰਦਭਾਗਾ), ਤੰਗਤਾਬ (ਬੇਤਾਬ)। ਤੰਗ ਸ਼ਬਦ ਵਿਚ ਨੇੜਤਾ ਦਾ ਭਾਵ ਨਿਕਲਣਾ ਸਹਿਜ ਹੈ, ਐਨ ਇਸੇ ਤਰ੍ਹਾਂ ਜਿਵੇਂ ਅੰਗਰੇਜ਼ੀ ਕਲੋਜ਼ ਦਾ ਮਤਲਬ ਨੇੜੇ ਵੀ ਹੈ ਤੇ ਤੰਗ ਜਾਂ ਘੁਟਵਾਂ ਵੀ। ਫਾਰਸੀ ਉਕਤੀ 'ਤੰਗ ਆਮਦਨ' ਦਾ ਮਤਲਬ ਹੈ, ਨੇੜੇ ਆਉਣਾ। ਵਾਰਸ ਸ਼ਾਹ ਨੇ ਇਸ ਤਰ੍ਹਾਂ ਦੀ ਵਰਤੋਂ ਕੀਤੀ ਹੈ,

ਕਿਲਾਅਦਾਰ ਨੂੰ ਮੋਰਚੇ ਤੰਗ ਢੁੱਕੇ,
ਸ਼ਬਖੂਨ ਤੇ ਤਿਆਰ ਹੋ ਸਜਿਆ ਈ।
ਥੜਾ ਪਵੇ ਜਿਉਂ ਧਾੜ ਨੂੰ ਸ਼ੀਂਹ ਛੁੱਟੇ,
ਉਠ ਬੋਤੀਆਂ ਦੇਮਨੇ ਗਜਿਆ ਈ।

ਪਲੈਟਸ ਅਨੁਸਾਰ ਤੰਗ ਸ਼ਬਦ ਦਾ ਜ਼ੰਦ ਰੂਪ ਤੰਗਿਸਤਾ ਅਤੇ ਪਹਿਲਵੀ ਤੰਗ ਹੀ ਹੈ। ਇਹ ਹਿੰਦ-ਇਰਾਨੀ ਸ਼ਬਦ ਹੈ, ਮਤਲਬ ਇਸ ਦਾ ਸੰਸਕ੍ਰਿਤ ਨਾਲ ਸਜਾਤੀ ਸਬੰਧ ਹੈ। ਇਸ ਦਾ ਸੰਸਕ੍ਰਿਤ ਭਰਾ ਹੈ, ਤੰਚ। ਇਸ ਦਾ ਇਕ ਰੁਪਾਂਤਰ ਤੰਜ ਵੀ ਹੈ। ਇਸ ਭਾਸ਼ਾ ਵਿਚ ਇਸ ਦੇ ਅਰਥ ਹਨ-ਸੰਕੁਚਤ ਹੋਣਾ, ਸੁੰਗੜਨਾ। ਅਸਲ ਵਿਚ ਇਸ ਸ਼ਬਦ ਵਿਚ ਦੁਧ ਦੇ ਜੰਮਣ ਦੇ ਭਾਵ ਵੀ ਹਨ। ਦੁਧ ਜੰਮਣ ਦੀ ਪ੍ਰਕ੍ਰਿਆ ਦੌਰਾਨ ਦੁਧ ਦੇ ਅੰਸ਼ ਇਕੱਠੇ, ਇਕ ਦੂਜੇ ਦੇ ਨਾਲ ਨਾਲ ਜੁੜ ਜਾਂਦੇ ਹਨ ਜਾਂ ਕਹਿ ਲਵੋ ਸੁੰਗੜ ਜਾਂਦੇ ਹਨ। ਇਸ ਸ਼ਬਦ ਦੇ ਅੱਗੇ 'ਆ' ਅਗੇਤਰ ਲੱਗ ਕੇ ਆਤੰਚਮਨ ਸ਼ਬਦ ਬਣਦਾ ਹੈ, ਜਿਸ ਦਾ ਅਰਥ ਹੈ, ਦੁਧ ਜਮਾਉਣ ਵਾਲਾ ਜੰਮਣ ਜਾਂ ਜਾਗ। ਇਹ ਸ਼ਬਦ ਦਹੀਂ ਲਈ ਵੀ ਵਰਤਿਆ ਜਾਂਦਾ ਹੈ, ਕਿਉਂਕਿ ਦਹੀਂ ਹੀ ਦੁਧ ਦਾ ਜਾਗ ਹੁੰਦਾ ਹੈ।

ਸੰਸਕ੍ਰਿਤ ਵਿਚ ਇਸ ਦਾ ਇੱਕ ਹੋਰ ਰੁਪਾਂਤਰ ਤਕਮਨ ਵੀ ਹੈ, ਜਿਸ ਵਿਚ ਸੁੰਗੜਨ ਦੇ ਭਾਵ ਹਨ। ਇਸ ਦਾ ਇਕ ਹੋਰ ਰੂਪ ਤੰਕ ਹੈ, ਜਿਸ ਦਾ ਅਰਥ ਬੀਮਾਰੀ, ਤਕਲੀਫ, ਦੁਖ ਹੈ। ਤੰਕ ਵਿਚ ਸਹਾਰਨਾ, ਬਰਦਾਸ਼ਤ ਕਰਨਾ ਦੇ ਭਾਵ ਹਨ। ਸਪੱਸ਼ਟ ਹੈ ਕਿ ਦੁਖ ਦਰਦ ਨੂੰ ਹੀ ਸਹਾਰਿਆ, ਝੱਲਿਆ ਜਾਂ ਬਰਦਾਸ਼ਤ ਕੀਤਾ ਜਾਂਦਾ ਹੈ। ਸੰਸਕ੍ਰਿਤ ਵਿਚ ਇਸ ਦਾ ਅਗਲਾ ਰੂਪ ਤੰਗ ਵੀ ਮਿਲਦਾ ਹੈ, ਜਿਸ ਦਾ ਅਰਥ ਕਸ਼ਟਮਈ ਜੀਵਨ ਹੈ। ਤੰਕ ਸ਼ਬਦ ਅੱਗੇ ਆ ਅਗੇਤਰ ਲੱਗ ਕੇ ਆਤੰਕ ਬਣਦਾ ਹੈ, ਜਿਸ ਦਾ ਸੰਸਕ੍ਰਿਤ ਵਿਚ ਅਰਥ ਡਰ, ਭੈਅ ਹੈ, ਪਰ ਅਸੀਂ ਇਸ ਨੂੰ ਹੋਰ ਅੱਗੇ ਵਧਾ ਕੇ ਦਹਿਸ਼ਤ ਦੇ ਅਰਥਾਂ ਵਿਚ ਵਰਤਣ ਲੱਗ ਪਏ ਹਾਂ।

ਇਕ ਦਿਨ ਕੁਝ ਪੜ੍ਹਦਿਆਂ ਪੰਜਾਬੀ ਮੁਹਾਵਰਾ 'ਢਿੰਬਰੀ ਟੈਟ ਕਰਨਾ' ਸਾਹਮਣੇ ਆਇਆ। ਇਸ ਦਾ ਮਤਲਬ ਹੁੰਦਾ ਹੈ, ਕਿਸੇ ਨੂੰ ਦਿੱਕ ਕਰਨਾ। ਇਹ ਲਗਭਗ 'ਸ਼ਿਕੰਜੇ ਵਿਚ ਕੱਸਣਾ' ਜਿਹਾ ਹੀ ਹੈ। ਜਾਣੋਂ ਕਿਸੇ ਨੂੰ ਘੇਰ ਲੈਣਾ ਜਾਂ ਏਨਾ ਜਕੜ ਦੇਣਾ ਕਿ ਵਿਚੋਂ ਨਿਕਲਣ ਦਾ ਕੋਈ ਰਸਤਾ ਨਾ ਮਿਲੇ। ਟੈਟ ਸ਼ਬਦ ਅੰਗਰੇਜ਼ੀ ਟਾਇਟ ਦਾ ਹੀ ਪੰਜਾਬੀ ਤਦਭਵ ਹੈ। ਪੰਜਾਬੀ 'ਆਇ' ਜਿਹੀ ਧੁਨੀ ਸਹਿਜੇ ਬੋਲ ਨਹੀਂ ਸਕਦੇ। ਹੋਰ ਮਿਸਾਲਾਂ ਹਨ: ਲਾਇਟ=ਲੈਟ; ਸਾਇਨ=ਸੈਨ; ਲਾਇਕ=ਲੈਕ; ਪਾਇਲ=ਪੈਲ।

'ਢਿੰਬਰੀ ਟੈਟ ਕਰਨਾ' ਪੜ੍ਹ ਕੇ ਮਨ ਵਿਚ ਅੰਗਰੇਜ਼ੀ ਸ਼ਬਦ Tight ਬਾਰੇ ਜਾਣਨ ਦੀ ਉਤਸੁਕਤਾ ਪੈਦਾ ਹੋਈ। ਕੁਝ ਨਿਰੁਕਤਕਾਰਾਂ ਦਾ ਵਿਚਾਰ ਹੈ ਕਿ ਟਾਇਟ ਸ਼ਬਦ ਫਾਰਸੀ ਵਾਲੇ ਤੰਗ ਦਾ ਸਜਾਤੀ ਹੈ ਤੇ ਇਸ ਤਰ੍ਹਾਂ ਇਹ ਭਾਰੋਪੀ ਖਾਸੇ ਵਾਲਾ ਹੈ। ਤੰਗ, ਘੁਟਵਾਂ, ਭੀੜਾ ਆਦਿ ਦੇ ਅਰਥਾਂ ਵਾਲਾ ਅਤੇ Tight ਦੇ ਹੇਜਿਆਂ ਵਾਲਾ ਇਹ ਅੰਗਰੇਜ਼ੀ ਸ਼ਬਦ ਇਸ ਰੂਪ ਵਿਚ ਅੰਗਰੇਜ਼ੀ ਵਿਚ 15ਵੀਂ ਸਦੀ ਦੇ ਸ਼ੁਰੂ ਵਿਚ ਰਿਕਾਰਡ ਕੀਤਾ ਗਿਆ। ਇਸ ਸ਼ਬਦ ਦਾ ਪ੍ਰਾਕ-ਜਰਮੈਨਿਕ ਰੂਪ ਸੀ, Thinhta ਜਿਸ ਵਿਚ ਤੰਗ, ਸੰਘਣਾ, ਸਥੂਲ ਦੇ ਭਾਵ ਸਨ। ਇਸ ਤੋਂ ਹੋਰ ਜਰਮੈਨਿਕ ਭਾਸ਼ਾਵਾਂ ਵਿਚ ਵੀ ਮਿਲਦੇ-ਜੁਲਦੇ ਸ਼ਬਦ ਬਣੇ ਹਨ। ਵਿਦਵਾਨਾਂ ਨੇ ਇਸ ਦਾ ਭਾਰੋਪੀ ਮੂਲ Tenk ਕਲਪਿਆ ਹੈ, ਜੋ ਸਥੂਲ ਹੋਣ, ਸੰਘਣਾ ਹੋਣ, ਜੰਮਣ ਆਦਿ ਦੇ ਅਰਥਾਂ ਦਾ ਧਾਰਨੀ ਹੈ। ਲਿਥੂਏਨੀਅਨ Tankus ਇਸੇ ਤੋਂ ਵਿਗਸਿਆ, ਜਿਸ ਦਾ ਅਰਥ ਵੀ ਤੰਗ, ਭੀੜਾ, ਜੁੜਵਾਂ ਹੈ।

ਧਿਆਨ ਦਿਓ, ਅੰਗਰੇਜ਼ੀ ਟਾਈਟ ਅਤੇ ਫਾਰਸੀ ਵਲੋਂ ਤੰਗ ਸ਼ਬਦਾਂ ਵਿਚ ਅਰਥਾਂ ਪੱਖੋਂ ਢੇਰ ਸਾਂਝ ਹੈ। ਅੰਗਰੇਜ਼ੀ Tight ਦਾ ਇਕ ਅਰਥ ਧੁੱਤ, ਟੁੰਨ, ਟੱਲੀ ਹੁੰਦਾ ਹੈ। ਫਾਰਸੀ ਵਿਚ ਇਸ ਲਈ ਤੰਗ-ਜਾਮ ਸ਼ਬਦ ਹੈ। ਸ਼ਬਦਾਂ ਦੀ ਕੀ ਖੇਡ



ਹੈ ਕਿ ਇਥੇ ਸ਼ਰਾਬ ਦੀ ਤੰਗੀ/ਘਾਟ ਵੱਲ ਨਹੀਂ, ਸਗੋਂ ਇਸ ਦੀ ਵੱਧ ਮਾਤਰਾ ਵੱਲ ਸੰਕੇਤ ਹੈ! ਹੋਰ ਅੱਗੇ ਫਾਰਸੀ 'ਤੰਗ ਤੰਗ' ਦਾ ਮਤਲਬ ਹੈ-ਕਈ, ਅਨੇਕ।

# ਖੂਨੀ ਵਿਸਾਖੀ ਤੇ ਆਜ਼ਾਦ ਹਿੰਦੁਸਤਾਨ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ

Sandhugulzar@yahoo.com

ਹਿੰਦੁਸਤਾਨ (ਪਾਕਿਸਤਾਨ ਤੇ ਬੰਗਲਾਦੇਸ਼ ਸਮੇਤ) ਨੂੰ ਸੁਤੰਤਰਤਾ ਪ੍ਰਾਪਤ ਕੀਤਿਆਂ 72 ਸਾਲ ਹੋ ਗਏ ਹਨ ਤੇ 2019 ਦੀ ਵਿਸਾਖੀ ਵਾਲੇ ਦਿਨ ਜੱਲ੍ਹਿਆਂ ਵਾਲੇ ਬਾਗ ਦਾ ਸਾਕਾ ਵਾਪਰਿਆਂ ਸੌ ਸਾਲ। ਆਮ ਜਨਤਾ ਦੀ ਧਾਰਨਾ ਹੈ ਕਿ ਸੁਤੰਤਰਤਾ ਦੀ ਨੀਂਹ ਉਸ ਇਤਿਹਾਸਕ ਸਾਕੇ ਨੇ ਰੱਖੀ, ਜੋ ਜਨਰਲ ਡਾਇਰ ਦੀ ਅੰਨੇਵਾਹ ਗੋਲੀਬਾਰੀ ਕਾਰਨ ਪੰਜਾਬੀਆਂ ਵਲੋਂ ਮਨਾਈ ਜਾ ਰਹੀ ਵਿਸਾਖੀ ਵਾਲੇ ਦਿਨ ਵਾਪਰਿਆ। ਇਹ ਸਾਕਾ ਤਤਕਾਲੀ ਅੰਗਰੇਜ਼ ਗਵਰਨਰ ਸਰ ਮਾਈਕਲ ਓਡਵਾਇਰ ਦੀ ਕਾਲੀ ਕਰਤੂਤ ਦਾ ਨਤੀਜਾ ਸੀ। ਗੋਲੀ ਚਲਾਉਣ ਵਾਲਾ ਜਨਰਲ ਡਾਇਰ ਸੀ। ਉਸ ਨੇ 11 ਅਪਰੈਲ ਵਾਲੇ ਦਿਨ ਸ਼ਹਿਰ ਵਾਸੀਆਂ ਨੂੰ ਭੈਭੀਤ ਕਰਨ ਲਈ ਪੂਰੇ ਸ਼ਹਿਰ ਵਿਚ ਫੌਜੀ ਮਾਰਚ ਕੀਤਾ, ਜਿਸ ਕਾਰਨ ਲੋਕ ਮਨਾਂ ਵਿਚ ਆਜ਼ਾਦੀ ਦੀ ਭਾਵਨਾ ਦਬਣ ਦੀ ਥਾਂ ਭੜਕ ਪਈ। ਇਹ ਮਾਰਚ ਹਿੰਦੁਸਤਾਨੀਆਂ ਵਲੋਂ 13 ਅਪਰੈਲ ਨੂੰ ਕੀਤੇ ਜਾਣ ਵਾਲੇ ਸਮਾਗਮ ਦਾ ਮੂਲ ਕਾਰਨ ਸੀ।

ਜਨਰਲ ਡਾਇਰ ਨੇ ਡੇਢ ਸੌ ਹਥਿਆਰਬੰਦ ਸਿਪਾਹੀਆਂ ਨੂੰ ਵਿਸਾਖੀ ਮਨਾ ਰਹੇ ਹਿੰਦੁਸਤਾਨੀਆਂ ਉਤੇ ਬਿਨਾ ਕੋਈ ਚਿਤਾਵਨੀ ਦਿੱਤਿਆਂ ਸੂਰਜ ਛਿਪਣ ਤੋਂ ਛੇ ਮਿੰਟ ਪਹਿਲਾਂ ਗੋਲੀ ਚਲਾਉਣ ਦਾ ਹੁਕਮ ਕਰ ਦਿੱਤਾ। ਗੋਲੀ ਉਦੋਂ ਤੱਕ ਲਗਾਤਾਰ ਚਲਦੀ ਰਹੀ, ਜਦੋਂ ਤੱਕ ਸਿਪਾਹੀਆਂ ਦੇ ਕਾਰਤੂਸ ਖਤਮ ਨਹੀਂ ਹੋ ਗਏ। ਗੋਰੀ ਸਰਕਾਰ ਵਲੋਂ ਨਿਯੁਕਤ ਕੀਤੇ ਗਏ ਹੰਟਰ ਕਮਿਸ਼ਨ ਦੀ ਰਿਪੋਰਟ ਅਨੁਸਾਰ ਵੀ 337 ਵਿਅਕਤੀ ਤੇ 42 ਬਾਲਕ ਮਾਰੇ ਗਏ (ਜਿਨ੍ਹਾਂ ਵਿਚ ਇਕ ਡੇਢ ਮਹੀਨੇ ਦਾ ਬੱਚਾ ਵੀ ਸੀ) ਤੇ 1500 ਜ਼ਖਮੀ ਹੋ ਗਏ। ਸਿਪਾਹੀਆਂ ਨੇ ਇਸ ਗੱਲ ਉਤੇ ਵੀ ਖਾਸ ਪਹਿਰਾ ਦਿੱਤਾ ਕਿ ਕਿਸੇ ਸ਼ਹੀਦ ਦੀ ਲਾਸ਼ ਜੱਲ੍ਹਿਆਂ ਵਾਲੇ ਬਾਗ ਤੋਂ ਬਾਹਰ ਨਾ ਜਾਵੇ ਤੇ ਨਾ ਕੋਈ ਜ਼ਖਮੀ ਨੂੰ ਬਚਾਉਣ ਦਾ ਯਤਨ ਹੋਵੇ। ਫੇਰ 14 ਅਪਰੈਲ ਦੀ ਸਵੇਰ ਟਿਕ-ਟਿਕੀਆਂ ਲਾ ਕੇ ਸਕੂਲੀ ਬੱਚਿਆਂ ਤੇ ਅਖੌਤੀ ਅਪਰਾਧੀਆਂ ਦੇ ਨੰਗੇ ਪਿੰਡਿਆਂ ਉਤੇ ਬੈਂਤ ਮਰਵਾਏ ਤਾਂ ਜੋ ਸ਼ਹਿਰ ਵਾਸੀ ਇਸ ਸਾਕੇ ਦੀ ਸੂਹ ਬਾਹਰ ਨਾ ਕੱਢਣ।

ਆਜ਼ਾਦੀ ਪਿਛੋਂ ਭਾਰਤੀ ਬੁਧੀਜੀਵੀਆਂ ਤੇ ਸਿਆਸੀ ਮਾਹਿਰਾਂ ਨੇ ਇਸ ਖੂਨੀ ਸਾਕੇ ਨੂੰ ਸੁਤੰਤਰਤਾ ਦਾ ਨੀਂਹ ਪੱਥਰ ਗਰਦਾਨਦਿਆਂ, ਇਸ ਥਾਂ ਕੌਮੀ ਯਾਦਗਾਰ ਸਥਾਪਤ ਕੀਤੀ ਤੇ ਬਾਗ ਦੀ ਜ਼ਮੀਨ ਵਿਚ ਲੰਮੀ ਲਾਟ, ਛੋਟੇ ਛੋਟੇ ਲੈਂਪਾਂ ਤੇ ਪੱਥਰ ਬੱਤੀਆਂ ਸਮੇਤ ਬਾਗ ਵਿਚਲੇ ਉਸ 100 ਫੁੱਟ ਲੰਮੇ ਤੇ 60 ਫੁੱਟ ਚੌੜੇ ਥੜ੍ਹੇ ਨੂੰ ਵੀ ਸ਼ਿੰਗਾਰਿਆ, ਜਿਸ 'ਤੇ ਖਲੋ ਕੇ ਜਨਰਲ ਡਾਇਰ ਨੇ ਗੋਲੀਬਾਰੀ ਦਾ ਹੁਕਮ ਦਿੱਤਾ ਸੀ।

ਯਾਦਗਾਰ ਦੀ ਸਥਾਪਤੀ ਤੋਂ ਪਹਿਲਾਂ ਦੋ ਵੱਡੀਆਂ ਗੱਲਾਂ ਹੋਈਆਂ। ਪਹਿਲੀ ਇਹ ਕਿ 13 ਮਾਰਚ 1940 ਨੂੰ ਕੈਕਸਟਨ ਹੋਟਲ, ਲੰਡਨ ਵਿਚ ਹੋ ਰਹੀ ਮੀਟਿੰਗ ਸਮੇਂ ਊਧਮ ਸਿੰਘ ਮਾਈਕਲ ਓਡਵਾਇਰ ਨੂੰ ਆਪਣੀ ਗੋਲੀ ਦਾ ਸ਼ਿਕਾਰ ਬਣਾ ਕੇ (ਜਨਰਲ ਡਾਇਰ 23 ਜੂਨ 1927 ਆਪਣੀ ਮੌਤ ਮਰ ਚੁਕਾ ਸੀ) 31 ਜੁਲਾਈ 1940 ਨੂੰ ਫਾਂਸੀ ਦਾ ਰੱਸਾ ਚੁੰਮ ਕੇ ਸ਼ਹੀਦੀ ਪਾ ਚੁਕਾ ਸੀ। ਇਧਰ ਪੰਜਾਬੀ ਨਾਵਲਕਾਰ ਨਾਨਕ ਸਿੰਘ ਨੇ ਖੂਨੀ ਵਿਸਾਖੀ ਨਾਂ ਦੀ ਰਚਨਾ (ਪੈਂਫਲਟ) ਕੀਤੀ, ਜੋ ਪ੍ਰਕਾਸ਼ਿਤ ਹੁੰਦੇ ਸਾਰ ਏਦਾਂ ਵਿਕਣ ਲੱਗੀ ਕਿ ਗੋਰੀ ਸਰਕਾਰ ਨੂੰ ਤੁਰੰਤ ਜ਼ਬਤ ਕਰਨੀ ਪਈ। ਊਧਮ ਸਿੰਘ ਤੇ ਨਾਨਕ ਸਿੰਘ ਇਸ ਸਾਕੇ ਦੇ ਚਸ਼ਮਦੀਦ ਗਵਾਹ ਸਨ। ਸ਼ਹੀਦ ਊਧਮ ਸਿੰਘ ਉਸ ਸਮੇਂ 13 ਸਾਲ ਦਾ ਸੀ ਤੇ ਨਾਨਕ ਸਿੰਘ ਪੌਣੇ ਬਾਈ ਸਾਲ ਦਾ।

ਹਾਲਾਤ ਦੀ ਸਿਤਮਜ਼ਰੀਫੀ ਇਹ ਕਿ ਇਹ ਰਚਨਾ ਮਰਦੇ ਦਮ ਤੱਕ ਇਸ ਦੇ ਰਚਨਾਕਾਰ ਨੇ ਵੀ ਨਹੀਂ ਗੌਲੀ ਤੇ ਉਸ ਦੇ ਪਰਿਵਾਰ ਨੇ ਵੀ ਨਹੀਂ। ਕਿਸੇ ਕੋਲ ਇਸ ਰਚਨਾ ਦੀ ਕਾਪੀ ਵੀ ਨਹੀਂ ਸੀ। ਹੁਣ ਲਗਪਗ ਸੌ ਸਾਲ ਪਿਛੋਂ ਜੱਲ੍ਹਿਆਂ ਵਾਲੇ ਬਾਗ ਦੇ ਸਾਕੇ ਦੀ ਸੌ ਸਾਲਾ ਵਰ੍ਹੇ ਗੰਢ ਮਨਾਉਣ ਦੇ ਸੰਦਰਭ ਵਿਚ ਲੇਖਕ ਦੇ ਪੋਤਰੇ ਨਵਦੀਪ ਸੂਰੀ ਨੇ ਅਣਥਕ ਯਤਨਾਂ ਰਾਹੀਂ ਇਸ ਰਚਨਾ ਨੂੰ ਲਭਿਆ ਹੀ ਨਹੀਂ, ਸਗੋਂ ਅੰਗਰੇਜ਼ੀ



ਖੂਨੀ ਵਿਸਾਖੀ
ਜਲ੍ਹਿਆਂ ਵਾਲੇ ਬਾਗ ਵਿੱਚ
ਜਨਰਲ
ਡਾਇਰ ਦੇ ਫ਼ਾਇਰ
ਕ੍ਰਿਤ
ਭਾਈ ਨਾਨਕ ਸਿੰਘ ਕਰਤਾ 'ਸਤਿਗੁਰ ਮਹਿਮਾ'
ਪ੍ਰਕਾਸ਼ਕ
ਭਾਈ ਨਾਨਕ ਸਿੰਘ ਕ੍ਰਿਪਾਲ ਸਿੰਘ ਪੁਸਤਕਾਂ ਵਾਲੇ ਬਜ਼ਾਰ ਮਾਈ ਸੇਵਾਂ ਅੰਮ੍ਰਿਤਸਰ

ਪੁਸਤਕ 'ਖੂਨੀ ਵਿਸਾਖੀ' ਦਾ ਟਾਈਟਲ

ਭਾਸ਼ਾ ਵਿਚ ਅਨੁਵਾਦ ਕਰਕੇ ਪੁਸਤਕ ਰੂਪ ਦਿੱਤਾ ਹੈ, ਜਿਸ ਵਿਚ ਅਨੁਵਾਦਤ ਤੁਕਾਂ ਦੇ ਸਾਹਮਣੇ ਪੰਨੇ ਉਤੇ ਰਚਨਾ ਨੂੰ ਦੇਵਨਾਗਰੀ ਅਖਰਾਂ ਵਿਚ ਵੀ ਛਪਵਾਇਆ ਹੈ ਤਾਂ ਕਿ ਪੰਜਾਬੀ ਲਿਪੀ ਤੇ ਭਾਸ਼ਾ ਤੋਂ ਅਣਜਾਣ ਪਾਠਕ ਇਸ ਦਾ ਮੁੱਲ ਪਾ ਸਕਣ।

ਨਵਦੀਪ ਸੂਰੀ ਨਾਨਕ ਸਿੰਘ ਦਾ ਪੋਤਰਾ ਹੈ ਤੇ ਕੁਲਵੰਤ ਸਿੰਘ ਸੂਰੀ ਦਾ ਪੁੱਤਰ, ਜੋ 1983 ਤੋਂ ਭਾਰਤੀ ਵਿਦੇਸ਼ ਸੇਵਾ ਦਾ ਮੈਂਬਰ ਹੈ। ਉਹਦੇ ਵਲੋਂ ਸੰਪਾਦਤ 'ਖੂਨੀ ਵਿਸਾਖੀ' ਦਾ ਅੰਗਰੇਜ਼ੀ ਰੂਪ (ਪੰਨੇ 128, ਮੁੱਲ 399 ਰੁਪਏ) ਹਾਰਪਰ ਵਾਲਿਆਂ ਨੇ ਛਾਪਿਆ ਹੈ ਤੇ ਪੰਜਾਬੀ ਐਡੀਸ਼ਨ (ਪੰਨੇ 152, ਮੁਲ 275 ਰੁਪਏ) ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ ਨੇ। ਦੋਹਾਂ ਐਡੀਸ਼ਨਾਂ ਵਿਚ ਪੜ੍ਹਨਯੋਗ ਤੇ ਦੁਰਲਭ ਲੇਖ 'ਪੜਦਾਦੇ ਦੀਆਂ ਕਰਤੂਤਾਂ' (The Sins of the Great-Grandfather) ਹੈ। ਇਹ ਲੇਖ ਲਿਖਣ ਵਾਲਾ ਜਸਟਿਨ ਰੌਲਟ ਹੈ, ਜੋ ਰੌਲਟ ਐਕਟ ਤਿਆਰ ਕਰਨ ਵਾਲੇ ਸਰ ਸਿਡਨੀ ਰੌਲਟ ਦਾ ਪੜਪੋਤਰਾ ਹੈ। ਬਾਗ ਵਾਲਾ ਸਾਕਾ ਰੌਲਟ ਐਕਟ ਦੀ ਦੇਣ ਸੀ। ਏਥੇ ਸਾਕੇ ਨੂੰ ਦੁਹਰਾਉਣ ਦੀ ਲੋੜ ਨਹੀਂ, ਪਰ ਇਹ ਦੱਸਣਾ ਬਣਦਾ ਹੈ ਕਿ ਜੇ ਲੇਖਕ ਦੇ ਪਰਿਵਾਰ ਵਿਚ ਨਵਦੀਪ ਸੂਰੀ ਜਨਮ ਨਾ ਲੈਂਦਾ ਤਾਂ ਅੱਜ 'ਖੂਨੀ ਵਿਸਾਖੀ' ਅੰਗਰੇਜ਼ੀ ਭਾਸ਼ਾ ਤੇ ਦੇਵਨਾਗਰੀ ਲਿਪੀ ਦੇ ਜਾਣੂਆਂ ਤੱਕ ਤਾਂ ਕੀ, ਗੁਰਮੁਖੀ ਜਾਨਣ ਵਾਲੇ ਪੰਜਾਬੀਆਂ ਤੱਕ ਵੀ ਨਹੀਂ ਸੀ ਪਹੁੰਚਣੀ।

'ਖੂਨੀ ਵਿਸਾਖੀ' ਵਿਚ ਡਾਇਰ ਦੇ ਫੌਜੀ ਮਾਰਚ, ਡਾ. ਕਿਚਲੂ ਤੇ ਸਤਿਆਪਾਲ ਦੀ ਰਿਹਾਈ ਦੀ ਮੰਗ ਵਿਸਾਖੀ ਵਾਲੇ ਜਲਸੇ ਦੀ ਵਿਉਂਤਬੰਦੀ, ਨਿਹੱਥੀ ਜਨਤਾ ਉਤੇ ਗੋਲੀਬਾਰੀ ਆਦਿ ਦੇ ਵੇਰਵੇ ਤੇ ਪੇਸ਼ਕਾਰੀ ਲੇਖਕ ਦੀ ਪਹੁੰਚ ਤੇ ਧਾਰਨਾ 'ਤੇ ਮੋਹਰ ਲਾਉਂਦੇ ਹਨ। ਉਸ ਨੇ ਸਭ ਘਟਨਾਵਾਂ ਨੂੰ ਨਿਪੁੰਨਤਾ ਵਾਲੀ ਲੜੀ ਵਿਚ ਪਰੋਇਆ ਹੈ। ਨਾ ਹੀ ਕਿਸੇ ਘਟਨਾ ਨੂੰ ਅਖੋਂ ਉਹਲੇ ਹੋਣ ਦਿੱਤਾ ਹੈ ਤੇ ਨਾ ਹੀ ਕਿਧਰੇ ਬੇਲੋੜਾ ਵਿਸਥਾਰ ਕੀਤਾ ਹੈ। ਮੇਰੇ ਵਰਗਿਆਂ ਨੂੰ ਇਸ ਰਚਨਾ ਵਿਚ, 'ਨਾਨਕ ਸਿੰਘ ਤਕਦੀਰ ਨੂੰ ਕੌਣ ਰੋਕੇ' ਜਾਂ 'ਨਾਨਕ ਸਿੰਘ ਪਰ ਲਿਖੇ ਨੂੰ ਕੌਣ ਮੋੜੇ' ਆਦਿ ਤੁਕਾਂ ਥੋੜ੍ਹਾ ਖਟਕਦੀਆਂ ਹਨ, ਪਰ ਅਸੀਂ ਇਹ ਭੁੱਲ ਜਾਂਦੇ ਹਾਂ ਕਿ ਇਹ ਲੇਖਕ ਦੀ ਕਾਵਿਕ ਮਜਬੂਰੀ ਹੈ। ਨਹੀਂ ਤਾਂ ਹੇਠ ਲਿਖੀਆਂ ਤੁਕਾਂ ਵੀ ਇਸੇ ਰਚਨਾ ਵਿਚ ਮਿਲਦੀਆਂ ਹਨ:

1. ਨਾਨਕ ਸਿੰਘ ਪਰ ਉਨ੍ਹਾਂ ਨੂੰ ਕੌਣ ਰੋਕੇ
ਜਿਹੜੇ ਮੁਲਕ ਪਰ ਹੋਣ ਕੁਰਬਾਨ ਚੱਲੇ।
2. ਨਾਨਕ ਸਿੰਘ ਇਹ ਮੋਏ ਨਹੀਂ ਮੂਲ ਯਾਰੋ
ਸਗੋਂ ਮੋਏ ਵੀ ਇਨ੍ਹਾਂ ਜਿਵਾ ਦਿੱਤੇ।

'ਖੂਨੀ ਵਿਸਾਖੀ' ਦਾ ਪੰਜਾਬੀ ਐਡੀਸ਼ਨ 13 ਅਪਰੈਲ 2019 ਨੂੰ ਨਵੀਂ ਦਿੱਲੀ ਵਿਚ ਜਾਰੀ ਕੀਤਾ ਗਿਆ ਸੀ ਤੇ ਅੰਗਰੇਜ਼ੀ ਰੂਪ 18 ਅਪਰੈਲ ਨੂੰ ਅਬੂ ਧਾਬੀ ਵਿਚ।

**ਅੰਤਿਕਾ: 'ਖੂਨੀ ਵਿਸਾਖੀ' ਵਿਚ ਦਰਜ 'ਟਿਕ-ਟਿਕੀ' ਵਰਨਣ**

ਹਾਇ ਲਿਖਦਿਆਂ ਡਿਗਦੀ ਕਲਮ ਹੱਥੋਂ,
ਰੋਮ ਰੋਮ ਸੁਣ ਕੇ ਖੜ੍ਹੇ ਹੋਣ ਲਗ ਪਏ।
ਛੋਟੀ ਉਮਰ ਦੇ ਆਜਿਜ਼ਾਂ ਬੱਚਿਆਂ ਨੂੰ,
ਫੜ ਕੇ ਮੱਛੀਆਂ ਵਾਂਗ ਤੜਫੌਣ ਲਗ ਪਏ।
ਨਾਲ ਟਿਕ ਟਿਕੀ ਬੰਨ੍ਹ ਨਿਆਣਿਆਂ ਨੂੰ,
ਬੈਂਤ ਮਾਰ ਕੇ ਖੱਲ ਲਾਹੁਣ ਲੱਗ ਪਏ।
ਮਾਸ ਤੂੰਬਿਆਂ ਵਾਂਗ ਉਡੌਣ ਲੱਗ ਪਏ,
ਲਹੂ ਨਾਲ ਇਸ਼ਨਾਨ ਕਰੌਣ ਲੱਗ ਪਏ।

# 'ਸ਼ਹਿਜ਼ਾਦਾ ਸਲੀਮ' ਤੇ 'ਪੁਣਛ ਦਾ ਰਖਵਾਲਾ' ਵਾਇਆ ਧਨਵੀਰ

ਭਾਰਤੀ ਸਿਨੇਮਾ ਦੀਆਂ ਸਭ ਤੋਂ ਮਕਬੂਲ ਫਿਲਮਾਂ ਦਾ ਨਾਮ ਲਈਏ ਤਾਂ 'ਮੁਗਲ-ਏ-ਆਜ਼ਮ' ਸਭ ਤੋਂ ਪਹਿਲੀ ਕਤਾਰ ਵਿਚ ਆਉਂਦੀ ਹੈ। 'ਮੁਗਲ-ਏ-ਆਜ਼ਮ' ਦਾ ਜ਼ਿਕਰ ਆਉਂਦਿਆਂ ਹੀ ਇਸ ਫਿਲਮ ਦਾ ਪ੍ਰਮੁੱਖ ਕਿਰਦਾਰ ਸ਼ਹਿਜ਼ਾਦਾ ਸਲੀਮ ਯਾਦ ਆਉਂਦਾ ਹੈ ਤੇ ਨਾਲ ਹੀ ਯਾਦ ਆਉਂਦਾ ਹੈ ਅਦਾਕਾਰ ਦਲੀਪ ਕੁਮਾਰ। ਇਸ ਫਿਲਮ ਨੂੰ ਸੰਗੀਤਮਈ ਨਾਟਕ ਵਿਚ ਤਬਦੀਲ

**ਗੁਰਤੇਜ ਸਿੰਘ ਕੱਟੂ**
**ਫੋਨ: 91-98155-94197**

ਕਰਕੇ ਫਿਰੋਜ਼ ਅੱਬਾਸ ਖਾਨ ਨੇ ਨਵਾਂ ਕੀਰਤੀਮਾਨ ਸਥਾਪਤ ਕੀਤਾ ਹੈ। ਢਾਈ ਘੰਟਿਆਂ ਦੀ ਮੰਤਰ-ਮੁਗਧ ਪੇਸ਼ਕਾਰੀ ਵਾਲਾ ਇਹ ਸੰਗੀਤਮਈ ਨਾਟਕ ਅੱਜ ਤੱਕ ਦਾ ਭਾਰਤ ਦਾ ਸਭ ਤੋਂ ਵੱਡਾ ਸੰਗੀਤਮਈ ਨਾਟਕ ਹੈ। ਇਹ ਬਰੌਡਵੇਅ ਦੇ ਖੇਤਰ ਵਿਚ 2017 ਦੇ ਸਾਰੇ ਅਵਾਰਡ ਆਪਣੇ ਨਾਂ ਕਰ ਚੁਕਾ ਹੈ; ਤੇ ਇਸ ਸੰਗੀਤਮਈ ਨਾਟਕ ਦਾ ਸ਼ਹਿਜ਼ਾਦਾ ਸਲੀਮ ਹੈ, ਧਨਵੀਰ ਸਿੰਘ। ਪੂਰੇ ਭਾਰਤ ਵਿਚੋਂ ਵੱਡੇ ਪੱਧਰ 'ਤੇ ਹੋਈਆਂ ਆਡੀਸ਼ਨਾਂ ਪਿਛੋਂ ਧਨਵੀਰ ਦਾ ਚੁਣੇ ਜਾਣਾ ਉਸ ਦੀ ਅਦਾਕਾਰੀ ਦਾ ਪ੍ਰਮਾਣ ਹੈ।

ਇਸ ਤੋਂ ਪਹਿਲਾਂ ਧਨਵੀਰ 92.7 ਬਿੱਗ ਐਫ. ਐਮ. ਰੇਡੀਓ ਦਾ ਪੰਜਾਬ ਅਤੇ ਹਰਿਆਣਾ ਦੇ ਕਰੀਬ ਸਾਰੇ ਸਟੇਸ਼ਨਾਂ ਦਾ ਰੇਡੀਓ ਜੌਕੀ ਰਹਿ ਚੁਕਾ ਹੈ ਤੇ ਸਰੋਤਿਆਂ ਦੇ ਜ਼ਿਹਨ 'ਚ ਧਨਵੀਰ ਦੀ ਅਵਾਜ਼ ਗੂੰਜਣ ਲੱਗਦੀ ਹੈ, ਜਦ ਉਹ ਆਖਦਾ ਹੈ, "ਤੁਸੀਂ ਸੁਣ ਰਹੇ ਓ ਆਪਣੇ ਦੋਸਤ ਦਿਲ ਤੋਂ ਦੇਸੀ ਧਨਵੀਰ ਨੂੰ...।"

ਧਨਵੀਰ ਦਾ ਜਨਮ ਸਕੂਲ ਆਫ ਪੋਇਟਰੀ ਦੇ ਨਾਂ ਨਾਲ ਜਾਣੇ ਜਾਂਦੇ ਸ਼ਹਿਰ ਬਰਨਾਲਾ ਵਿਖੇ ਹੋਇਆ। ਐਸ. ਡੀ. ਕਾਲਜ ਪੜ੍ਹਦਿਆਂ ਹੀ ਧਨਵੀਰ ਸਿਰਜਣਾਤਮਕ ਗਤੀਵਿਧੀਆਂ ਵਿਚ



ਮੋਹਰੀ ਰਿਹਾ ਹੈ। ਉਸ ਦੇ ਅੰਦਰ ਕਲਾ ਤੇ ਸਿਰਜਣਾ ਦੀ ਕਮਾਲ ਦੀ ਲਗਨ ਹੈ ਤੇ ਇਸੇ ਕਲਾ ਨੂੰ ਤਰਾਸ਼ਣ ਲਈ ਉਹ ਦਿਨ-ਰਾਤ ਮਿਹਨਤ ਕਰ ਰਿਹਾ ਹੈ।

ਅੱਜ ਕੱਲ੍ਹ ਧਨਵੀਰ 'ਪੁਣਛ ਦੇ ਰਖਵਾਲੇ' (Savior of Poonch) ਵਜੋਂ ਸਤਿਕਾਰ ਨਾਲ ਯਾਦ ਕੀਤੇ ਜਾਂਦੇ ਬ੍ਰਿਗੇਡੀਅਰ ਪ੍ਰੀਤਮ ਸਿੰਘ ਦੇ ਜੀਵਨ 'ਤੇ ਬਣ ਰਹੀ ਦਸਤਾਵੇਜ਼ੀ 'ਦ ਸੇਵੀਅਰ: ਬ੍ਰਿਗੇਡੀਅਰ ਪ੍ਰੀਤਮ ਸਿੰਘ' ਵਿਚ ਮੁੱਖ ਕਿਰਦਾਰ ਵਜੋਂ ਆ ਰਿਹਾ ਹੈ। 'ਆਈ ਪਿਕਚਰ ਪ੍ਰੋਡਕਸ਼ਨਜ਼' ਦੇ ਬੈਨਰ ਹੇਠ ਬਣ ਰਹੀ ਫਿਲਮ ਦੇ ਨਿਰਮਾਤਾ ਸ. ਕਰਨਵੀਰ ਸਿੰਘ ਸਿਬੀਆ ਅਤੇ ਨਿਰਦੇਸ਼ਕ ਪਰਮਜੀਤ ਸਿੰਘ ਕੱਟੂ ਹਨ। ਤਕਨੀਕੀ ਪੱਖੋਂ, ਬਜਟ ਪੱਖੋਂ ਅਤੇ ਅਦਾਕਾਰਾਂ ਪੱਖੋਂ ਇਹ ਫਿਲਮ ਆਪਣੇ ਆਪ ਵਿਚ ਬਹੁਤ ਵਿਸ਼ੇਸ਼ ਹੈ।

ਬ੍ਰਿਗੇਡੀਅਰ ਪ੍ਰੀਤਮ ਸਿੰਘ ਦੂਜੇ ਵਿਸ਼ਵ ਯੁੱਧ ਦੌਰਾਨ ਛੇ ਮਹੀਨੇ ਮੌਤ ਨੂੰ ਮਾਤ ਦੇ ਕੇ ਸਿੰਘਾਪੁਰ-ਜਾਪਾਨੀ ਫੌਜ 'ਚੋਂ ਬਚ ਕੇ ਭਾਰਤ ਪਹੁੰਚੇ, ਇਸ ਬਦਲੇ ਉਨ੍ਹਾਂ ਨੂੰ ਬਰਤਾਨਵੀ ਫੌਜ ਦਾ ਵੱਕਾਰੀ ਮੈਡਲ 'ਮਿਲਟਰੀ ਕਰਾਸ' ਮਿਲਿਆ। ਉਨ੍ਹਾਂ ਨੇ ਬਹੁਤ ਹੀ ਖਤਰਨਾਕ ਹਾਲਾਤ ਵਿਚ ਪੁਣਛ ਨੂੰ ਬਚਾਇਆ, ਪਰ ਅਖੀਰ ਉਨ੍ਹਾਂ ਦਾ ਕੋਰਟ ਮਾਰਸ਼ਲ ਕਰ ਦਿੱਤਾ ਗਿਆ।

ਬ੍ਰਿਗੇਡੀਅਰ ਪ੍ਰੀਤਮ ਸਿੰਘ ਦਾ ਜੀਵਨ ਪਹਾੜੀ ਪਗਡੰਡੀ ਵਾਂਗ ਹੈ, ਜਿਸ ਵਿਚ ਕਈ ਵਲ-ਵਲੇਵੇ ਹਨ। ਇਕ ਪਾਸਾ ਪਹਾੜੀ ਚੋਟੀ ਵਾਂਗ ਸਿਖਰ ਤੇ ਦੂਜਾ ਡੂੰਘੀ ਖਾਈ ਵਾਂਗ ਗੁੰਮਸੁਮ। ਜਿਵੇਂ ਵੀਹਵੀਂ ਸਦੀ ਮਨੁੱਖੀ ਇਤਿਹਾਸ ਵਿਚ ਅਦਭੁੱਤ ਪ੍ਰਾਪਤੀਆਂ ਤੇ ਤਬਾਹਕੁਨ ਘਟਨਾਵਾਂ ਨਾਲ ਭਰਪੂਰ ਹੈ, ਉਸੇ ਤਰ੍ਹਾਂ ਹੀ ਬ੍ਰਿਗੇਡੀਅਰ ਪ੍ਰੀਤਮ ਸਿੰਘ ਦਾ ਜੀਵਨ ਹੈ, ਜੋ ਹੈਰਾਨ ਕਰਦਾ ਜਾਂਦਾ ਹੈ।

ਧਨਵੀਰ ਇਕ ਪਾਸੇ ਮੁੱਖ ਕਿਰਦਾਰ ਸ਼ਹਿਜ਼ਾਦਾ ਸਲੀਮ ਦੀ ਭੂਮਿਕਾ ਵਿਚ ਜਾਨ ਪਾ ਰਿਹਾ ਹੈ ਤੇ ਦੂਜੇ ਪਾਸੇ ਬ੍ਰਿਗੇਡੀਅਰ ਪ੍ਰੀਤਮ ਸਿੰਘ ਦੇ ਬਹੁਤ ਹੀ ਚੁਣੌਤੀ ਭਰੇ ਕਿਰਦਾਰ ਨੂੰ ਜੀਵੰਤ ਕਰ ਰਿਹਾ ਹੈ। ਧਨਵੀਰ ਤੋਂ ਸਿਨੇਮਾ ਨੂੰ ਬਹੁਤ ਆਸਾਂ ਹਨ।

# ਸਿੱਧੂ ਮੂਸੇਵਾਲਾ ਦੀ 'ਤੇਰੀ ਮੇਰੀ ਜੋੜੀ'

ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਵੀ ਹੁਣ ਬਤੌਰ ਅਦਾਕਾਰਾ ਫਿਲਮਾਂ ਵਿਚ ਆਪਣੀ ਸ਼ੁਰੂਆਤ ਕਰਨ ਜਾ ਰਿਹਾ ਹੈ ਤੇ ਛੇਤੀ ਹੀ ਪੰਜਾਬੀ ਫਿਲਮ 'ਤੇਰੀ ਮੇਰੀ ਜੋੜੀ' ਵਿਚ ਨਜ਼ਰ ਆਵੇਗਾ। 13 ਸਤੰਬਰ ਨੂੰ ਰਿਲੀਜ਼ ਹੋ ਰਹੀ ਇਸ ਫਿਲਮ ਸਦਕਾ ਸਿੱਧੂ ਦੀ ਚਰਚਾ ਪਿਛਲੇ ਕੁਝ ਹਫਤਿਆਂ ਤੋਂ ਲਗਾਤਾਰ ਹੋ ਰਹੀ ਹੈ। ਨਿਰਮਾਤਾ ਹਰਮਨ ਸੂਦ ਅਤੇ ਨਿਰਦੇਸ਼ਕ ਅਦਿਤਯ ਸੂਦ ਦੀ ਇਸ ਫਿਲਮ ਵਿਚ ਸਿੱਧੂ ਮੂਸੇਵਾਲਾ ਨਾ ਸਿਰਫ ਗੀਤ ਗਾਉਂਦਾ ਨਜ਼ਰ ਆਵੇਗਾ, ਸਗੋਂ ਦਰਸ਼ਕਾਂ ਨੂੰ ਉਸ ਦੀ ਦਮਦਾਰ ਅਦਾਕਾਰੀ ਵੀ ਦੇਖਣ ਨੂੰ ਮਿਲੇਗੀ।

ਕੁਝ ਦਿਨ ਪਹਿਲਾਂ ਆਏ ਫਿਲਮ ਦੇ ਟੀਜ਼ਰ ਵਿਚ ਸਿੱਧੂ ਮੂਸੇਵਾਲ ਕਾਲੇ ਕੱਪੜਿਆਂ ਵਿਚ ਘੋੜੇ 'ਤੇ ਸਵਾਰ ਨਜ਼ਰ ਆ ਰਿਹਾ ਹੈ। ਉਸ ਦੀ ਲੁੱਕ ਜਿਉਣਾ ਮੌੜ ਵਰਗੀ ਬਣਾਈ ਗਈ ਹੈ। ਉਸ ਦੇ ਨਾਲ ਹੀ ਬਾਲੀਵੁੱਡ ਅਦਾਕਾਰ ਸ਼ਕਤੀ ਕਪੂਰ ਵੀ ਨਜ਼ਰ ਆ ਰਿਹਾ ਹੈ। ਜ਼ਿਕਰਯੋਗ ਹੈ ਕਿ ਸਿੱਧੂ ਸਿੱਧੂਵਾਲ ਇਸ ਵੇਲੇ ਪੰਜਾਬੀ ਦਾ ਅਜਿਹਾ ਚਰਚਿਤ ਗਾਇਕ ਤੇ ਗੀਤਕਾਰ ਹੈ, ਜੋ ਬਿਨਾ ਕਿਸੇ ਮਿਊਜ਼ਿਕ ਕੰਪਨੀ ਦੇ ਸਹਿਯੋਗ ਤੋਂ ਨਿੱਜੀ ਤੌਰ 'ਤੇ ਆਪਣੇ ਗੀਤ ਕੱਢ ਰਿਹਾ ਹੈ। ਪੰਜਾਬੀ ਫਿਲਮਾਂ ਵਿਚ ਵੀ ਉਸ ਦੇ ਗੀਤਾਂ ਦੀ ਵੱਡੀ ਮੰਗ ਹੈ, ਪਰ ਫਿਲਹਾਲ ਉਹ ਇਸ ਪਾਸੇ ਕੋਈ ਦਿਲਚਸਪ ਨਹੀਂ ਦਿਖਾ ਰਿਹਾ।

ਨਾਮਵਰ ਯੂਟਿਊਬਰ ਸੈਮੀ ਗਿੱਲ ਅਤੇ ਕਿੰਗ ਬੀ. ਚੌਹਾਨ ਦੀ ਬਤੌਰ ਅਦਾਕਾਰ ਇਸ ਪਹਿਲੀ ਫੀਚਰ ਫਿਲਮ ਵਿਚ ਟੈਲੀਵਿਜ਼ਨ ਤੇ ਫੈਸ਼ਨ ਇੰਡਸਟਰੀ ਦਾ ਨਾਮਵਰ ਚਿਹਰਾ ਮੋਨਿਕਾ ਸ਼ਰਮਾ ਮੁੱਖ ਭੂਮਿਕਾ ਵਿਚ ਨਜ਼ਰ ਆਵੇਗੀ। ਦਿੱਗਜ ਅਦਾਕਾਰ ਯੋਗਰਾਜ ਸਿੰਘ ਦਾ ਛੋਟਾ ਸੁਪੱਤਰ ਵੀ ਇਸ ਫਿਲਮ ਵਿਚ ਨਜ਼ਰ ਆਵੇਗਾ।



ਸ਼ਾਹੀ ਸ਼ਹਿਰ ਪਟਿਆਲਾ, ਚੰਡੀਗੜ੍ਹ, ਲੁਧਿਆਣਾ ਅਤੇ ਮੁੰਬਈ ਵਿਚ ਫਿਲਮਾਈ ਗਈ ਇਹ ਫਿਲਮ ਕਾਮੇਡੀ, ਰੁਮਾਂਸ ਅਤੇ ਪਰਿਵਾਰਕ ਡਰਾਮੇ ਦਾ ਖੂਬਸੂਰਤ ਸੁਮੇਲ ਹੈ। ਫਿਲਮ ਦੀ ਕਹਾਣੀ ਦੇ ਨਾਲ ਨਾਲ ਇਸ ਫਿਲਮ ਦਾ ਮਿਊਜ਼ਿਕ ਵੀ ਪੰਜਾਬੀ ਸਰੋਤਿਆਂ ਦੀ ਪਸੰਦ ਬਣੇਗਾ।

'ਅਦਿਤਯ ਸੂਦ ਫਿਲਮਜ਼' ਦੇ ਬੈਨਰ ਹੇਠ ਬਣੀ ਨਿਰਮਾਤਾ ਹਰਮਨ ਸੂਦ ਦੀ ਇਸ ਫਿਲਮ ਦੀ ਕਹਾਣੀ ਰਿਸ਼ਤਿਆਂ ਦੀ ਕਹਾਣੀ ਹੈ। ਇਸ ਤੋਂ ਪਹਿਲਾਂ ਅਦਿਤਯ ਸੂਦ 'ਗੁੜ ਨਾਲੋਂ ਇਸ਼ਕ ਮਿੱਠਾ' ਅਤੇ 'ਓਏ ਹੋਏ ਪਿਆਰ ਹੋ ਗਿਆ' ਵਰਗੀਆਂ ਚਰਚਿਤ ਫਿਲਮਾਂ ਦਾ ਨਿਰਦੇਸ਼ਨ ਕਰ ਚੁਕਾ ਹੈ।

***-ਅਕਸ ਮਹਿਰਾਜ***
***ਫੋਨ: 91-94788-84200***

# ਹਾਸਰਸ ਭਰਪੂਰ ਪਰਿਵਾਰਕ ਫਿਲਮ 'ਨੌਕਰ ਵਹੁਟੀ ਦਾ'

ਬਾਲੀਵੁੱਡ ਅਤੇ ਟੀ. ਵੀ. ਖੇਤਰ ਵਿਚ ਸਰਗਰਮ ਰਹੇ ਰੋਹਿਤ ਕੁਮਾਰ ਹੁਣ ਬਤੌਰ ਨਿਰਮਾਤਾ ਪੰਜਾਬੀ ਫਿਲਮ 'ਨੌਕਰ ਵਹੁਟੀ ਦਾ' ਦੇ ਨਾਲ ਪੰਜਾਬੀ ਫਿਲਮ ਇੰਡਸਟਰੀ ਵੱਲ ਆਇਆ ਹੈ। 23 ਅਗਸਤ ਨੂੰ ਰਿਲੀਜ਼ ਹੋ ਰਹੀ ਇਸ ਫਿਲਮ ਬਾਰੇ ਨਿਰਮਾਤਾ ਰੋਹਿਤ ਕੁਮਾਰ




***ਰੋਹਿਤ ਕੁਮਾਰ ਅਦਾਕਾਰ ਬਿੰਨੂੰ ਢਿੱਲੋਂ ਅਤੇ ਕੁਲਰਾਜ ਰੰਧਾਵਾ ਨਾਲ***

ਨੇ ਕਿਹਾ ਕਿ ਇਹ ਇਕ ਹਾਸਰਸ ਭਰਪੂਰ ਪਰਿਵਾਰਕ ਫਿਲਮ ਹੈ, ਜੋ ਦਰਸ਼ਕਾਂ ਦਾ ਹਰ ਪੱਖੋਂ ਮਨੋਰੰਜਨ ਕਰੇਗੀ।

ਫਿਲਮ ਵਿਚ ਮੁੱਖ ਭੂਮਿਕਾ 'ਚ ਅਦਾਕਾਰ ਬਿੰਨੂੰ ਢਿੱਲੋਂ ਅਤੇ ਖੂਬਸੂਰਤ ਅਦਾਕਾਰਾ ਕੁਲਰਾਜ ਰੰਧਾਵਾ ਨਜ਼ਰ ਆਉਣਗੇ। ਜ਼ਿਕਰਯੋਗ ਹੈ ਕਿ ਕੁਲਰਾਜ ਰੰਧਾਵਾ ਨੇ ਆਪਣੀ ਫਿਲਮ ਨਿਧੀ ਸਿੰਘ, ਜੋ 2016 ਵਿਚ ਰਿਲੀਜ਼ ਹੋਈ ਸੀ, ਤੋਂ ਬਾਅਦ ਪਾਲੀਵੁੱਡ ਵਿਚ ਹੁਣ ਵਾਪਸੀ ਕੀਤੀ ਹੈ। ਇਸ ਫਿਲਮ ਦਾ ਨਿਰਦੇਸ਼ਨ ਪੰਜਾਬੀ ਫਿਲਮ ਇੰਡਸਟਰੀ ਵਿਚ ਲਗਾਤਾਰ ਸੁਪਰਹਿੱਟ ਫਿਲਮਾਂ ਦੇਣ ਵਾਲੇ ਸਮੀਪ ਕੰਗ ਨੇ ਕੀਤਾ ਹੈ। ਬਿੰਨੂੰ ਢਿੱਲੋਂ, ਕੁਲਰਾਜ ਰੰਧਾਵਾ, ਉਪਾਸਨਾ ਸਿੰਘ, ਜਸਵਿੰਦਰ ਭੱਲਾ, ਗੁਰਪ੍ਰੀਤ ਘੁੱਗੀ, ਪ੍ਰੀਤ ਅਨੰਦ ਆਦਿ ਇਸ ਫਿਲਮ ਦੇ ਅਹਿਮ ਕਲਾਕਾਰ ਹਨ। ਰੋਹਿਤ ਕੁਮਾਰ ਨੇ ਸੰਜੀਵ ਕੁਮਾਰ, ਰੂਹੀ ਤ੍ਰੇਹਨ ਤੇ ਆਸ਼ੂ ਮੁਨੀਸ਼ ਸਾਹਨੀ ਨਾਲ ਮਿਲ ਕੇ ਇਹ ਫਿਲਮ ਬਣਾਈ ਹੈ। ਵੈਭਵ ਅਤੇ ਸ਼ੇਰਿਯਾ ਦੀ ਲਿਖੀ ਇਹ ਫਿਲਮ ਇੱਕ ਪਰਿਵਾਰਕ ਡਰਾਮੇ ਤੇ ਕਾਮੇਡੀ ਦਾ ਤੜਕਾ ਹੈ।

ਦਿੱਲੀ ਦੇ ਜੰਮਪਲ ਰੋਹਿਤ ਕੁਮਾਰ ਨੇ ਆਪਣੇ ਕਲਾ ਸਫਰ ਦੀ ਸ਼ੁਰੂਆਤ ਥੀਏਟਰ ਤੋਂ ਕੀਤੀ। ਇਕ ਬਾਲੀਵੁੱਡ ਫਿਲਮ 'ਸ਼ਾਦੀ ਤੇਰੀ, ਬਜਾਏਂਗੇ ਬੈਂਡ ਹਮ' ਦਾ ਵੀ ਨਿਰਮਾਣ ਕੀਤਾ ਹੈ। ਜਲਦ ਹੀ ਰੋਹਿਤ ਕੁਮਾਰ ਆਪਣੀ ਅਗਲੀ ਪੰਜਾਬੀ ਫਿਲਮ ਵੀ ਸ਼ੁਰੂ ਕਰੇਗਾ, ਜੋ ਗਿੱਪੀ ਗਰੇਵਾਲ ਤੇ ਬਿੰਨੂੰ ਢਿੱਲੋਂ ਨਾਲ ਹੋਵੇਗੀ।

***-ਹਰਜਿੰਦਰ ਸਿੰਘ ਜਵੰਦਾ***

# ਪੰਜਾਬੀ ਸਿਨਮੇ ਦਾ ਦਸਤਾਰਧਾਰੀ 'ਸਿੰਘਮ'

ਮਾਡਲਿੰਗ ਤੇ ਵੀਡਿਓ ਨਿਰਦੇਸ਼ਨ ਤੋਂ ਫਿਲਮਾਂ ਵੱਲ ਆਇਆ ਪਰਮੀਸ਼ ਵਰਮਾ ਅੱਜ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀਂ ਰਿਹਾ। ਪਿਛਲੇ ਸਮਿਆਂ 'ਚ ਉਸ ਦੀਆਂ ਬਤੌਰ ਨਾਇਕ ਆਈਆਂ ਫਿਲਮਾਂ ਨੇ ਉਸ ਨੂੰ ਸਟਾਰ ਕਲਾਕਾਰਾਂ ਦੀ ਕਤਾਰ ਵਿਚ ਲਿਆ ਖੜ੍ਹਾਇਆ ਹੈ। ਇਨ੍ਹੀਂ ਦਿਨੀਂ ਪਰਮੀਸ਼ ਵਰਮਾ ਆਪਣੀ ਨਵੀਂ ਫਿਲਮ 'ਸਿੰਘਮ' ਲੈ ਕੇ ਆ ਰਿਹਾ ਹੈ, ਜਿਸ ਵਿਚ ਉਹ ਪਹਿਲੀ ਵਾਰ ਦਸਤਾਰਧਾਰੀ ਪੁਲਿਸ ਅਫਸਰ ਦੇ ਕਿਰਦਾਰ 'ਚ ਨਜ਼ਰ ਆਵੇਗਾ। ਜ਼ਿਕਰਯੋਗ ਹੈ ਕਿ ਇਹ ਫਿਲਮ ਅਜੇ ਦੇਵਗਣ ਵਾਲੀ ਬਾਲੀਵੁੱਡ ਫਿਲਮ 'ਸਿੰਘਮ' ਦਾ ਹੀ ਪੰਜਾਬੀ ਰੀਮੇਕ ਹੈ। ਅਜੇ ਦੇਵਗਣ ਫਿਲਮਜ਼, ਗੁਲਸ਼ਨ ਕੁਮਾਰ ਟੀ-ਸੀਰਜ਼ ਦੀ ਪੇਸ਼ਕਸ ਅਤੇ ਏ ਪਨੋਰਮਾ ਸਟੂਡੀਓਜ਼ ਪ੍ਰੋਡਕਸ਼ਨ ਦੇ ਬੈਨਰ ਹੇਠ ਇਸ ਫਿਲਮ 'ਚ ਪਰਮੀਸ਼ ਨੇ ਇੱਕ ਜਾਂਬਾਜ਼ ਪੁਲਿਸ ਅਫਸਰ ਦਾ ਕਿਰਦਾਰ ਨਿਭਾਇਆ ਹੈ, ਜੋ ਸਮਾਜ ਵਿਰੋਧੀ ਅਨਸਰਾਂ ਨੂੰ ਗਿੱਚੀਓਂ ਫੜ ਸਲਾਖਾਂ ਪਿੱਛੇ ਦਿੰਦਾ ਹੈ।

ਫਿਲਮ ਦੀ ਕਹਾਣੀ ਪੰਜਾਬ ਦੀ ਪਿੱਠ ਭੂਮੀ ਨਾਲ ਜੁੜੀ ਹੋਈ ਹੈ, ਜੋ ਬੀਤੇ ਕੱਲ ਅਤੇ ਮੌਜੂਦਾ ਦੌਰ ਦੀ ਗੱਲ ਕਰਦੀ ਹੱਕ ਸੱਚ ਦੀ ਅਵਾਜ਼ ਬੁਲੰਦ ਕਰਦੀ ਹੈ। ਸਕਰੀਨ ਪਲੇਅ ਅਤੇ ਡਾਇਲਾਗ ਧੀਰਜ ਰਤਨ ਨੇ ਲਿਖੇ ਹਨ। ਨਿਰਦੇਸ਼ਕ ਨਵਨੀਅਤ ਸਿੰਘ ਹੈ। ਪਰਮੀਸ਼ ਦੀ ਇਹ ਫਿਲਮ ਐਕਸ਼ਨ ਅਤੇ ਰੁਮਾਂਸ ਦਾ ਸੁਮੇਲ ਹੈ। ਪਰਮੀਸ਼ ਵਰਮਾ, ਸੋਨਮ ਬਾਜਵਾ, ਕਰਤਾਰ ਚੀਮਾ, ਗੁਰਪੀਤ ਕੌਰ ਭੰਗੂ, ਸਰਦਾਰ ਸੋਹੀ, ਮਲਕੀਤ ਰੌਣੀ, ਰਾਜਵਿੰਦਰ ਸਮਰਾਲਾ, ਕ੍ਰਿਸ਼ਨ ਜੋਸ਼ੀ ਆਦਿ ਕਲਾਕਾਰਾਂ ਨੇ ਫਿਲਮ 'ਚ ਅਹਿਮ ਕਿਰਦਾਰ ਨਿਭਾਏ ਹਨ। ਫਿਲਮ ਦੇ ਨਿਰਮਾਤਾ ਭੂਸ਼ਨ ਕੁਮਾਰ, ਕ੍ਰਿਸ਼ਨ ਕੁਮਾਰ, ਕੁਮਾਰ ਮਾਂਗਟ ਪਾਠਕ ਤੇ ਅਭਿਸ਼ੇਕ ਪਾਠਕ ਹਨ ਤੇ ਆਸ਼ੂ ਮੁਨੀਸ਼ ਸਾਹਨੀ, ਸੰਜੀਵ ਜੋਸ਼ੀ ਵਿਨੋਦ ਭਾਂਨੂੰ ਸਾਹਲੀ ਇਸ ਦੇ ਸਹਿ ਨਿਰਮਾਤਾ ਹਨ। ਫਿਲਮ 9 ਅਗਸਤ ਨੂੰ ਰਿਲੀਜ਼ ਹੋਵੇਗੀ।

***-ਸੁਰਜੀਤ ਜੱਸਲ***






BTS Truck Shop Major & Minor Work
@ 39115 Maple Ave., Wayne, MI 48184

Hiring Owner operator & Drivers

Long and local route

Driver rate 45 to 55 cents per mile

Owner operator (Own truck/trailer & insurance) will be paid 92% after 8% dispatch. If company trailer used then will 80% gross.

Fuel discount: Pilot, Fly J, TA and Petro will pay 25 to 40 cents per gallon.

Direct deposit also available.

*For more information please contacts:*
Rusty Singh 734-233-8464
Dave Aujla 734-419-1408

ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ

ਪੰਜਾਬੀ ਢਾਬਾ

1480 N. State Road 1, Cambridge City, IN 47327

ਕੈਬਰਿਜ ਸਿਟੀ (ਇੰਡੀਆਨਾ) ਵਿਚ
ਪੰਜਾਬੀ ਢਾਬੇ ਲਈ

ਡਿਸ਼ਵਾਸ਼ਰ, ਹੈਲਪਰ, ਵੇਟਰ
ਅਤੇ ਕੁਕ ਚਾਹੀਦੇ ਹਨ

ਚੰਗੀ ਤਨਖਾਹ, ਖਾਣਾ ਮੁਫਤ ਤੇ ਹੋਰ ਸਹੂਲਤਾਂ

ਸੰਪਰਕ ਕਰੋ: ਮਨਜੀਤ ਨਾਗਰਾ
ਫੋਨ: 317-750-1900

Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ

One of the Fastest Growing City in America and Best School System...



- ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ
- 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ



Manjit Singh Nagra
*Realtor/Broker*
**Cell: 317-750-1900**
6979 Hillsdale Court
Indianapolis, Indiana 46250

ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ

Gurdeep (Garry) Chhokar
Realtor/Broker
**Cell: 317-500-1247**

Star Alliance BROKERAGE



We do all type of Home and Commercial Loan. Same day loan approval...